**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
Jassi Gill
CA DRE# 00966763

**Hardeep S.Rai**
ਇੰਮੀਗ੍ਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
SAN JOSE TEL: 408.280.1111 FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 22, May 28, 2011 | 20451 N Plum Grove Rd. Palatine, IL 60074 | Ph:847-359-0746, Fax:847-705-9388


## ਭਾਜਪਾ ਤੋਂ ਟੁੱਟ ਨਹੀਂ ਰਿਹਾ ਭ੍ਰਿਸ਼ਟਾਚਾਰ ਦਾ ਚੱਕਰਵਿਊ

### ਹੁਣ ਤੀਕਸ਼ਣ ਸੂਦ 'ਤੇ ਫੰਡਾਂ 'ਚ ਧਾਂਦਲੀ ਦੇ ਦੋਸ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਭਾਜਪਾ ਭ੍ਰਿਸ਼ਟਾਚਾਰ ਦੇ ਚੱਕਰਵਿਊ ਵਿਚ ਬੁਰੀ ਤਰ੍ਹਾਂ ਫਸ ਗਈ ਹੈ ਅਤੇ ਇਸ ਨੂੰ ਇਸ ਚੱਕਰਵਿਊ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਲੱਭ ਰਿਹਾ। ਭਾਜਪਾ ਦੇ ਸਾਬਕਾ ਮੰਤਰੀਆਂ ਮਨੋਰੰਜਨ ਕਾਲੀਆ ਤੇ ਸਵਰਨਾ ਰਾਮ ਅਤੇ ਮੁੱਖ ਪਾਰਲੀਮਾਨੀ ਸਕੱਤਰ ਰਾਜ ਖੁਰਾਣਾ 'ਤੇ ਲੱਗੇ ਦੋਸ਼ਾਂ ਨੂੰ ਲੈ ਕੇ ਭਾਜਪਾ ਅੰਦਰ ਉਠਿਆ ਜਵਾਰ ਭਾਟਾ ਅਜੇ ਸ਼ਾਂਤ ਹੋਣ ਦਾ ਨਾਂ ਨਹੀਂ ਲੈ ਰਿਹਾ।

ਹਾਈ ਕਮਾਨ ਵੱਲੋਂ ਪਾਰਟੀ ਦਾ ਵੱਕਾਰ ਬਚਾਉਣ ਲਈ ਕੁਝ ਸੀਨੀਅਰ ਮੰਤਰੀਆਂ ਤੋਂ ਅਸਤੀਫੇ ਲੈ ਕੇ ਮੰਤਰੀ ਮੰਡਲ ਵਿਚਲੀ ਆਪਣੀ ਟੀਮ ਦਾ ਪੁਨਰਗਠਨ ਕੀਤਾ ਗਿਆ ਸੀ ਪਰ ਇਸ ਦੇ ਬਾਵਜੂਦ ਪਾਰਟੀ ਵਿਚ ਉਥਲ-ਪੁਥਲ ਜਾਰੀ ਹੈ। ਡੇਢ ਕਰੋੜ ਰੁਪਏ ਦੇ ਰਿਸ਼ਵਤ ਕਾਂਡ 'ਚ ਪਾਰਟੀ




ਆਗੂਆਂ ਦੇ ਨਾਂ ਉਛਲਣ ਤੋਂ ਬਾਅਦ ਪਾਰਟੀ ਅੰਦਰ ਉਠੇ ਤੂਫਾਨ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਹੀ ਜਾ ਰਹੀ ਸੀ ਕਿ ਪੰਜਾਬ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਭਾਜਪਾ ਦੇ ਇਕ ਹੋਰ ਮੰਤਰੀ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾ ਦਿੱਤੇ ਹਨ। ਵਣ ਮਹਿਕਮੇ ਦੇ ਇਸ ਸੀਨੀਅਰ ਅਧਿਕਾਰੀ ਨੇ ਨਾ ਸਿਰਫ਼ ਮਹਿਕਮੇ ਵਿਚਲੇ ਭ੍ਰਿਸ਼ਟਾਚਾਰ ਬਾਰੇ ਟੇਪ ਜਨਤਕ ਕੀਤੀ ਹੈ ਸਗੋਂ ਗਵਰਨਰ, ਮੁੱਖ ਮੰਤਰੀ ਅਤੇ ਪੰਜਾਬ ਤੇ ਹਰਿਆਣਾ ਕੋਰਟ ਦੇ ਚੀਫ਼ ਜਸਟਿਸ ਨੂੰ ਸ਼ਿਕਾਇਤ ਵੀ ਕੀਤੀ ਹੈ।

ਉਧਰ ਭਾਜਪਾ ਦੇ ਸਾਬਕਾ ਟਰਾਂਸਪੋਰਟ ਮੰਤਰੀ ਮਾਸਟਰ ਮੋਹਣ ਲਾਲ ਨੇ ਪਾਰਟੀ ਪ੍ਰਧਾਨ ਵਿਰੁਧ ਝੰਡਾ ਚੁੱਕ ਲਿਆ ਹੈ। ਮਾਸਟਰ ਮੋਹਣ ਲਾਲ ਦੇ ਹਮਾਇਤੀਆਂ ਵੱਲੋਂ ਪੰਜਾਬ ਭਾਜਪਾ ਦੇ ਪ੍ਰਧਾਨ ਦੇ ਪੁਤਲੇ ਫੂਕਣ ਕਰਕੇ ਪਾਰਟੀ ਦੀਆਂ ਮੁਸ਼ਕਿਲਾਂ ਹੋਰ ਵਧ ਗਈਆਂ ਹਨ।

ਭਾਜਪਾ ਹਾਈ ਕਮਾਨ ਨੇ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਮਾਸਟਰ ਮੋਹਣ ਲਾਲ ਸਮੇਤ ਉਨ੍ਹਾਂ ਦੇ ਸੱਤ ਹਮਾਇਤੀ ਕੌਂਸਲਰਾਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰ ਦਿੱਤਾ ਹੈ। ਉਨ੍ਹਾਂ ਦੇ ਹਮਾਇਤੀ ਤਿੰਨ ਕੌਂਸਲਰ ਤਾਂ ਪਾਰਟੀ ਵਿਚੋਂ ਮੁਅੱਤਲ ਵੀ ਕਰ ਦਿੱਤੇ ਗਏ ਹਨ। ਉਧਰ, ਵਣ ਮੰਡਲ ਅਫ਼ਸਰ ਹੁਸ਼ਿਆਰਪੁਰ ਰਹਿ ਚੁੱਕੇ ਵਣ ਅਧਿਕਾਰੀ ਆਰ.ਆਰ. ਕੱਕੜ ਜੋ ਇਸ ਵੇਲੇ ਵਧੀਕ ਪ੍ਰਮੁੱਖ ਵਣਪਾਲ (ਵਿਕਾਸ) ਦਫ਼ਤਰ ਵਿਖੇ ਤਾਇਨਾਤ ਹਨ, ਨੇ ਆਪਣੇ ਪੱਤਰ 'ਚ ਜਿੱਥੇ ਵਣ ਵਿਭਾਗ ਵਿਚ ਵੱਡੀ ਘਪਲੇਬਾਜ਼ੀ ਦਾ ਜ਼ਿਕਰ ਕੀਤਾ ਹੈ, ਉਥੇ ਸਾਬਕਾ ਵਣ ਮੰਤਰੀ ਤੀਕਸ਼ਨ ਸੂਦ ਅਤੇ ਉਨ੍ਹਾਂ ਦੇ ਪੀ.ਏ. ਉਤੇ ਪੈਸੇ ਲੈ ਕੇ ਬਦਲੀਆਂ ਕਰਨ ਤੇ ਅਧਿਕਾਰੀਆਂ ਤੋਂ

(ਬਾਕੀ ਸਫਾ 6 'ਤੇ)

## ਬੀਬੀ ਸੁਰਿੰਦਰ ਕੌਰ ਬਾਦਲ ਸੁਰਗਵਾਸ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਤਨੀ ਬੀਬੀ ਸੁਰਿੰਦਰ ਕੌਰ ਬਾਦਲ ਦਾ ਲੰਮੀ ਬਿਮਾਰੀ ਪਿੱਛੋਂ 24 ਮਈ ਨੂੰ ਪੀ.ਜੀ.ਆਈ. ਵਿਚ ਦੇਹਾਂਤ ਹੋ ਗਿਆ। 73 ਸਾਲਾ ਬੀਬੀ ਬਾਦਲ ਕੈਂਸਰ ਤੋਂ ਪੀੜਤ ਸਨ ਤੇ ਸਿਹਤ



*ਸੁਰਿੰਦਰ ਕੌਰ ਬਾਦਲ*

ਜ਼ਿਆਦਾ ਖਰਾਬ ਹੋਣ ਕਾਰਨ 12 ਮਈ ਤੋਂ ਪੀ.ਜੀ.ਆਈ. ਵਿਚ ਦਾਖਲ ਸਨ। ਉਹ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਮਾਤਾ ਜੀ ਸਨ ਤੇ ਉਨ੍ਹਾਂ ਦੀ ਨੂੰਹ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ ਐਮ.ਪੀ. ਹਨ। ਬੀਬੀ ਬਾਦਲ ਦੀ ਦੇਹ ਨੂੰ ਫੋਰਟਿਸ ਹਸਪਤਾਲ ਦੀ ਵਾਤਾਅਨੁਕੂਲ

(ਬਾਕੀ ਸਫਾ 3 'ਤੇ)

## ਭ੍ਰਿਸ਼ਟਾਚਾਰ ਖ਼ਿਲਾਫ਼ ਜੰਗ ਜਾਰੀ ਰਹੇਗੀ:ਡਾ. ਮਨਮੋਹਨ ਸਿੰਘ

### ਸਰਕਾਰ ਦੇ ਦੋ ਸਾਲਾਂ ਦਾ ਲੇਖਾ-ਜੋਖਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਯੂ.ਪੀ.ਏ. ਦੀ ਚੇਅਰਪਰਸਨ ਨੇ ਯੂ.ਪੀ.ਏ. ਦੀ ਮੌਜੂਦਾ ਸਰਕਾਰ ਨੂੰ ਥਾਪੜਾ ਦਿੰਦਿਆਂ ਦਾਅਵਾ ਕੀਤਾ ਹੈ ਕਿ ਜਿੱਥੇ ਇਸ ਸਰਕਾਰ ਨੇ ਦੇਸ਼ ਨੂੰ ਸਿਆਸੀ ਸਥਿਰਤਾ, ਸਮਾਜਿਕ ਤਰੱਕੀ ਤੇ ਫਿਰਕੂ ਸਦਭਾਵਨਾ ਬਖਸ਼ੀ ਹੈ, ਉਥੇ ਆਰਥਿਕ ਵਿਕਾਸ ਨੂੰ ਵੀ ਬਿਹਤਰ ਲੀਹਾਂ 'ਤੇ ਲਿਆਂਦਾ ਹੈ। ਯੂ.ਪੀ.ਏ. ਦੀ ਸਰਕਾਰ ਦੇ ਦੋ ਵਰ੍ਹੇ ਪੂਰੇ ਹੋਣ 'ਤੇ ਇਸ ਗਠਜੋੜ ਵਿਚ ਭਾਈਵਾਲ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਤੇ ਸੰਸਦ ਮੈਂਬਰਾਂ ਲਈ ਰਾਤਰੀ ਭੋਜ ਮੌਕੇ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਇਰਾਦਾ ਇਸ ਸਾਲ ਪਾਰਲੀਮੈਂਟ ਵਿਚ ਖੁਰਾਕੀ ਅਧਿਕਾਰ ਬਿੱਲ ਪੇਸ਼ ਕਰਨ ਦਾ ਹੈ ਤਾਂ ਜੋ ਦੇਸ਼ ਦੇ ਹਰ ਨਾਗਰਿਕ ਲਈ ਖੁਰਾਕੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਭਰਪੂਰ ਯਤਨਾਂ ਦੇ ਬਾਵਜੂਦ ਦੇਸ਼ ਨੂੰ ਦਹਿਸ਼ਤਵਾਦ ਤੋਂ ਖਤਰਾ ਬਰਕਰਾਰ ਹੈ। ਇਸ ਖਤਰੇ ਦੇ ਟਾਕਰੇ ਲਈ ਸਾਨੂੰ ਇਕਮੁੱਠ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਮੰਨਿਆ ਕਿ ਸਰਕਾਰ ਨੂੰ ਕਈ ਵੰਗਾਰਾਂ ਦਰਪੇਸ਼ ਹਨ। ਸਭ ਤੋਂ ਵੱਡੀ ਵੰਗਾਰ ਮਹਿੰਗਾਈ ਦਰ ਨੂੰ ਕਾਬੂ ਵਿਚ ਰੱਖਦਿਆਂ ਕੌਮੀ ਵਿਕਾਸ ਦਰ ਦੀ ਨਿਰੰਤਰਤਾ ਬਰਕਰਾਰ ਰੱਖਣਾ ਤੇ ਇਸ ਨੂੰ ਹੋਰ ਉਚੇਚੇ ਪੱਧਰ ਤਕ ਲਿਜਾਣ ਦਾ ਯਤਨ ਕਰਨਾ ਹੈ। ਕੌਮਾਂਤਰੀ ਆਰਥਿਕ ਹਾਲਾਤ ਅਜੇ ਵੀ ਵਿਕਾਸਸ਼ੀਲ ਦੇਸ਼ਾਂ ਲਈ ਬਹੁਤੇ ਸਾਜ਼ਗਾਰ ਨਹੀਂ ਫਿਰ ਵੀ ਭਾਰਤ ਵਰਗੇ ਅਰਥਚਾਰੇ ਨੂੰ ਅੱਗੇ ਲੈ ਜਾਣ ਦੀ ਗੁੰਜਾਇਸ਼ ਮੌਜੂਦ ਹੈ।

ਸ੍ਰੀਮਤੀ ਸੋਨੀਆ ਗਾਂਧੀ ਨੇ ਆਪਣੀ


(ਬਾਕੀ ਸਫਾ 6 'ਤੇ)


**REAL ESTATE & HOME LOANS**
Low Interest Rate
3.5% Down Payment
Free Credit Report
Free Pre-Approval
Successful Shortsale
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja SWEETS & CATERING**
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Warmers
Chaffing Dishes
China & Silverware
Linen Rental
Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ
## "ਸਿੱਖਸ ਫਾਰ ਜਸਟਿਸ ਵੱਲੋਂ"
# ਸਿੱਖ ਨਸਲਕੁਸ਼ੀ
# ਇਨਸਾਫ ਕਾਨਫਰੰਸ
## ਜੂਨ 4, 2011 ਨੂੰ ਕੈਲੀਫੋਰਨੀਆ ਵਿੱਚ



**ਭਾਰਤ ਦੀ ਜ਼ਾਲਮ ਹਕੂਮਤ ਵੱਲੋਂ ਜੂਨ 1984 ਨੂੰ ਸ਼੍ਰੀ ਹਰਿਮੰਦਰ ਸਾਹਿਬ ਤੇ ਹਮਲਾ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਤੇ ਹਜ਼ਾਰਾ ਸਿੱਖਾਂ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ ਗਿਆ।**

## ਤੁਸੀਂ ਸਾਥ ਦੇਵੋ , ਅਸੀਂ ਵਚਨਬੱਧ ਹਾਂ

- ਜੂਨ 1984-ਨਵੰਬਰ 1984 ਸਿਖ ਕਤਲੇਆਮ ਨੂੰ ਸਿਖ ਨਸਲਕੁਸ਼ੀ ਵਜੋਂ ਮਾਨਤਾ ਦਿਵਾਉਣ ਲਈ
- 1984-1997 ਸਿਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ
- ਭਾਰਤੀ ਸਵਿਧਾਨ ਦੀ ਧਾਰਾ 25 ਵਿਚ ਸੋਧ ਕਰਵਾਉਣ ਲਈ

ਸ਼ਾਮ ਨੂੰ 5:00 ਵਜੇ ਤੋਂ ਸ਼ਾਮ 7:00 ਵਜੇ
4 ਜੂਨ 2011 ਦਿਨ ਸ਼ਨੀਵਾਰ
ਯੋਗਦਾਨ $125

ਰਾਜਾ ਸਵੀਟਸ ਐਂਡ ਇੰਡੀਅਨ ਕੁਜ਼ੀਨ
1275 ਵੈਸਟ ਵਿੰਟਨ ਐਵੀਨਯੂ
ਹੇਵਰਡ, ਕੈਲੀਫੋਰਨੀਆਂ
94545-1405

ਸਮਰਥਨ ਕਰਨ ਵਾਲੇ-
ਸਿਖ ਯੂਥ ਆਫ ਅਮਰੀਕਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ, ਅਖੰਡ ਕੀਰਤਨੀ ਜਥਾ, ਗੁਰਮਤਿ ਚੇਤਨਾ ਲਹਿਰ, ਦਮਦਮੀ ਟਕਸਾਲ, ਖਾਲਿਸਤਾਨ ਦੇ ਸ਼ਹੀਦ ਪ੍ਰਵਾਰ, ਕੈਲੇਫੋਰਨੀਆ ਗਤਕਾ ਦਲ , ਗੁਰਦੁਆਰਾ ਸਾਹਿਬ ਫਰੀਮੋਂਟ, ਗੁਰਦੁਅਰਾ ਸਾਹਿਬ ਸੈਨ ਹੋਜ਼ੇ, ਗੁਰਦੁਆਰਾ ਸਾਹਿਬ ਸਟਾਕਟਨ, ਗੁਰਦੁਆਰਾ ਸਾਹਿਬ ਅਲਸਬਰਾਂਟੇ, ਗੁਰਦੁਆਰਾ ਸਾਹਿਬ, ਫਰੀਮੌਂਟ-ਸਿਖ ਗੁਰਦੁਆਰਾ, ਸੇਨ ਹੋਜ਼ੇ-ਸਿਖ ਗੁਰਦੁਆਰਾ ਸਾਹਿਬ, ਸਟਾਕਟਨ-ਗੁਰਦੁਆਰਾ ਸਾਹਿਬ ਐਲ ਸੋਬਰਾਂਟੇ-ਗੁਰਦੁਆਰਾ ਸਾਹਿਬ, ਸੈਕਰਾਮੈਂਟੋ-ਸਿਖ ਸੈਂਟਰ ਆਫ ਪੈਸਿਫਿਕ ਕੋਸਟ, ਸੇਲਮਾ-ਪੈਸਿਫਿਕ ਖਾਲਸਾ ਦੀਵਾਨ ਸੁਸਾਇਟੀ,ਫਰੀਜ਼ਨੋ-ਸਿਖ ਟੈਂਪਲ, ਲਿਵਿੰਗਸਟਨ-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਆਫ ਲਾਸ ਏਂਜਲਸ, ਅਲਹਾਂਬਰਾ-ਸਿਖ ਟੈਂਪਲ ਤੁਰਲੌਕ-ਸਿਖ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ-ਗੁਰੂ ਨਾਨਕ ਸਿਖ ਸੁਸਾਇਟੀ, ਫਰੀਜ਼ਨੋ-ਗੁਰਦੁਆਰਾ ਨਾਨਕ ਪ੍ਰਕਾਸ਼, ਫਰੀਜ਼ਨੋ-ਗੁਰਦੁਆਰਾ ਨਾਨਕ ਪ੍ਰਕਾਸ਼ ਟਰੇਸੀ-ਗੁਰੂ ਰਾਮਦਾਸ ਆਸ਼ਰਮ ਲਾਸ ਏਂਜਲਸ-ਦ ਸਿਖ ਟੈਂਪਲ, ਲਾਸ ਏਂਜਲਸ-ਸਿਖ ਟੈਂਪਲ ,ਰਿਵਲਸਾਈਡ-ਸਿਖ ਟੈਂਪਲ, ਯੂਬਾ ਸਿਟੀ-ਸ੍ਰੀ ਗੁਰੂ ਨਾਨਕ ਸਿਖ ਟੈਂਪਲ, ਯੂਬਾ ਸਿਟੀ

ਡਾ: ਪ੍ਰਿਤਪਾਲ ਸਿੰਘ, ਸੁਖਵਿੰਦਰ ਸਿੰਘ (408-637-0014), ਸੁਖਦੇਵ ਸਿੰਘ ਬੈਨੀਵਾਲ, ਗੁਰਚਰਨ ਸਿੰਘ ਮਾਨ, ਕਰਨੈਲ ਸਿੰਘ ਖਾਲਸਾ, ਜਸਵੰਤ ਸਿੰਘ ਹੋਠੀ, ਜਸਜੀਤ ਸਿੰਘ, ਹਰਜਾਪ ਸਿੰਘ (510-551-4146), ਕੁਲਜੀਤ ਸਿੰਘ ਨਿੱਝਰ, ਦਰਸ਼ਨ ਸਿੰਘ ਸੰਧੂ, ਲਖਵੀਰ ਸਿੰਘ ਪਟਵਾਰੀ, ਜਸਬੀਰ ਸਿੰਘ ਦਿੱਲੀ (510-780-6023), ਹਰਪਾਲ ਸਿੰਘ, ਰਾਮ ਸਿੰਘ, ਦਰਸ਼ਨ ਸਿੰਘ ਮਾਨ, ਅਜੀਤ ਸਿੰਘ ਆਲੋਅਰਖ, ਮੋਹਿੰਦਰ ਸਿੰਘ- ਦਿੱਲੀ, ਬਲਵਿੰਦਰਪਾਲ ਸਿੰਘ ਖਾਲਸਾ, ਰਣਜੀਤ ਸਿੰਘ ਰਾਏ,ਬਲਬੀਰ ਸਿੰਘ ਢਿੱਲੋਂ, ਅਮਰੀਕ ਸਿੰਘ ਪੰਨੂੰ, ਜਗਜੀਤ ਸਿੰਘ (ਸੈਨ ਹੋਸੇ), ਨਵਜੋਤ ਕੌਰ (209-560-6768), ਹਰਵਿੰਦਰ ਸਿੰਘ (209-608-1469).

ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ 718.938.7801

SIKHS FOR JUSTICE
A HUMAN RIGHTS ADVOCACY GROUP

WWW.SIKHSFORJUSTICE.ORG
E: SUPPORT@SIKHSFORJUSTICE.ORG

SIKHS FOR JUSTICE
EMPIRE STATE BUILDING
350 FIFTH AVE., 59TH FLOOR
NEW YORK, NY 10118

# ਬਲਬੀਰ ਸਿੰਘ ਧਾਮੀ ਦੀ ਗੋਲੀ ਮਾਰ ਕੇ ਹੱਤਿਆ

**ਸੈਕਰਾਮੈਂਟੋ (ਬਿਊਰੋ):** ਇਥੇ ਐਲਕ ਗਰੂਵ ਇਲਾਕੇ 'ਚ ਬਿਜਨਸਮੈਨ ਬਲਵੀਰ ਸਿੰਘ ਧਾਮੀ (53 ਸਾਲ) ਦੀ ਉਸ ਦੇ ਘਰ 'ਚ ਹੀ ਕਿਸੇ ਅਣਪਛਾਤੇ ਬੰਦੇ ਨੇ 20 ਮਈ ਨੂੰ ਸਵੇਰੇ ਸਵਾ 10 ਵਜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਤੇ ਉਸ ਦੀ ਪਤਨੀ ਕੁਲਦੀਪ ਕੌਰ ਧਾਮੀ ਨੂੰ ਗੰਭੀਰ ਰੂਪ 'ਚ ਜ਼ਖ਼ਮੀ ਕਰ ਦਿੱਤਾ। ਸ੍ਰੀਮਤੀ ਕੁਲਦੀਪ ਕੌਰ ਹਸਪਤਾਲ ਵਿਚ ਜ਼ੇਰੇ ਇਲਾਜ਼ ਹਨ।

ਦੱਖਣੀ ਸੈਕਰਾਮੈਂਟੋ ਦੇ ਨਾਰਥ ਲਾਗੂਨਾ ਕਰੀਕ ਇਲਾਕੇ ਵਿਚ 7900 ਮਾਰਲਾ ਵੇਅ ਸਥਿਤ ਸ੍ਰੀ ਧਾਮੀ ਦੇ ਘਰ ਵਿਚ ਹੀ ਹੋਏ ਇਸ ਕਤਲ ਦੀ ਤਫਤੀਸ਼ ਜਾਂਚ ਅਧਿਕਾਰੀਆਂ ਵਲੋਂ ਸਰਗਰਮੀ ਨਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਹ ਕਤਲ ਨਫਰਤੀ ਹਿੰਸਾ ਦਾ ਨਤੀਜਾ ਜਾਂ ਸਾਧਾਰਨ ਕਤਲ ਨਹੀਂ ਜਾਪਦਾ। ਇਹ ਵੀ ਸ਼ਕ ਕੀਤਾ ਜਾ ਰਿਹਾ ਹੈ ਕਿ ਧਾਮੀ ਦਾ ਕਤਲ ਸੁਪਾਰੀ ਦੇ ਕੇ ਕਰਵਾਇਆ ਗਿਆ ਹੋ ਸਕਦਾ ਹੈ। ਪੁਲਿਸ ਅਨੁਸਾਰ ਕਾਤਲ ਦਰਮਿਆਨੇ ਕੱਦ-ਕਾਠ ਦਾ ਪੱਕੇ ਰੰਗ ਦਾ ਕੋਈ ਵਿਅਕਤੀ ਸੀ ਜੋ ਸੁਨਹਿਰੀ ਰੰਗ ਦੀ ਮੋਟਰ ਗਡੀ ਵਿਚ ਇਸ ਵਾਰਦਾਤ ਨੂੰ ਅੰਜਾਮ ਦੇਣ ਪਿਛੋਂ ਫਰਾਰ ਹੋ ਗਿਆ।

ਮਿਲੀ ਜਾਣਕਾਰੀ ਮੁਤਾਬਿਕ ਇਕ ਕਾਲੇ ਵਿਅਕਤੀ ਨੇ ਉਨ੍ਹਾਂ ਦੇ ਘਰ 'ਚ ਦਾਖ਼ਲ ਹੋ ਕੇ ਬਲਵੀਰ ਸਿੰਘ 'ਤੇ ਗੋਲੀਆਂ ਚਲਾਈਆਂ ਤੇ ਜਦੋਂ ਉਸ ਨੂੰ ਬਚਾਉਣ ਲਈ ਉਸ ਦੀ ਪਤਨੀ ਕੁਲਦੀਪ ਕੌਰ ਧਾਮੀ ਅੱਗੇ ਆਈ ਤਾਂ ਇਕ ਗੋਲੀ ਉਸ ਨੂੰ ਵੀ ਲੱਗ ਗਈ। ਇਸ ਮੌਕੇ ਉਨ੍ਹਾਂ ਦੀ ਬੇਟੀ ਕਿਰਨ ਘਰ ਸੁੱਤੀ ਪਈ ਸੀ ਜਿਸ ਦਾ ਚੀਖ਼-ਚਿਹਾੜਾ ਸੁਣ ਕੇ ਪੁਲਿਸ ਤੇ ਐਂਬੂਲੰਸ ਨੂੰ ਬੁਲਾਇਆ ਗਿਆ ਪਰ ਇਨੇ ਨੂੰ ਬਲਵੀਰ ਸਿੰਘ ਦੀ ਮੌਤ ਹੋ ਚੁੱਕੀ ਸੀ। ਕੁਲਦੀਪ ਕੌਰ ਧਾਮੀ ਨੂੰ ਕਾਈਜ਼ਰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦਾ ਆਪ੍ਰੇਸ਼ਨ ਕਰਕੇ ਗੋਲੀ ਕੱਢੀ ਗਈ।



*ਬਲਬੀਰ ਧਾਮੀ ਦੀ ਇਕ ਪੁਰਾਣੀ ਫੋਟੋ*

ਬਲਬੀਰ ਸਿੰਘ ਧਾਮੀ ਸੈਕਰਾਮੈਂਟੋ ਵਿਚ ਸਹੋਤਾ ਟਰੱਕ ਸਟਾਪ ਦਾ ਮਾਲਕ ਸੀ। ਸੰਨ 2007 ਵਿਚ ਉਸ ਨੂੰ ਡਰੱਗ ਦਾ ਧੰਦਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਉਪਰ ਅਮਰੀਕਾ ਤੋਂ ਕੈਨੇਡਾ ਨੂੰ ਇਕ ਮਿਲੀਅਨ ਡਾਲਰ ਤੋਂ ਵੱਧ ਦੀ ਕੋਕੀਨ ਸਮੱਗਲ ਕਰਨ ਦੇ ਦੋਸ਼ ਲਗੇ ਸਨ। ਜਾਂਚ ਏਜੰਸੀਆਂ ਅਨੁਸਾਰ ਧਾਮੀ ਦਾ ਨਾਂ ਐਲਕ ਗਰੂਵ ਤੋਂ ਲਾਸ ਏਂਜਲਸ ਅਤੇ ਕੈਨੇਡਾ ਤੱਕ ਡਰੱਗ ਢੋਣ ਦੇ ਧੰਦੇ ਵਿਚ ਬੋਲਦਾ ਸੀ। ਫੈਡਰਲ ਅਧਿਕਾਰੀਆਂ ਨੂੰ ਸ਼ੱਕ ਸੀ ਕਿ ਇਥੇ ਸਟਾਕਟਨ ਬੁਲੇਵਾਰਡ ਉਤੇ ਸਥਿਤ ਧਾਮੀ ਟਰੱਕਿੰਗ ਪਲਾਜ਼ਾ ਨੂੰ ਡਰੱਗ ਵੇਚਣ ਅਤੇ ਢੋਣ ਲਈ ਇਸਤੇਮਾਲ ਕੀਤਾ ਜਾਂਦਾ ਰਿਹਾ ਹੈ। ਉਦੋਂ ਧਾਮੀ ਦੇ ਪੁਤਰ ਅਮਨਦੀਪ ਨੇ ਇਸ ਸਾਰੇ ਮਾਮਲੇ ਨੂੰ ਬਕਵਾਸ ਦੱਸਦਿਆਂ ਕਿਹਾ ਸੀ ਕਿ ਇਹ ਦੋਸ਼ ਝੂਠੇ ਹਨ ਅਤੇ ਉਸ ਦਾ ਪਿਤਾ ਬਿਲਕੁਲ ਨਿਰਦੋਸ਼ ਹੈ। ਉਸ ਦਾ ਪਿਤਾ ਇਕ ਉਘਾ ਸਿੱਖ ਆਗੂ ਹੈ ਅਤੇ ਸਿੱਖੀ ਵਿਚ ਨਸ਼ਿਆਂ ਦੀ ਕੁਲ ਮਨਾਹੀ ਹੈ।

ਜਿਊਰੀ ਨੇ ਲੰਘੇ ਅਪਰੈਲ ਮਹੀਨੇ ਧਾਮੀ ਨੂੰ ਸਾਰੇ ਦੋਸ਼ਾਂ ਲਈ ਦੋਸ਼ੀ ਪਾਇਆ ਸੀ ਅਤੇ ਉਸ ਨੂੰ ਸਜ਼ਾ ਆਉਂਦੇ ਅਗਸਤ ਮਹੀਨੇ ਸੁਣਾਈ ਜਾਣੀ ਸੀ। ਉਹ ਜਮਾਨਤ 'ਤੇ ਰਿਹਾ ਹੋ ਕੇ ਆਇਆ ਹੋਇਆ ਸੀ।

ਧਾਮੀ ਦੀਆਂ ਮੁਸੀਬਤਾਂ ਵਿਚ ਉਸ ਸਮੇਂ ਹੋਰ ਵਾਧਾ ਹੋ ਗਿਆ ਸੀ ਜਦੋਂ 31 ਅਗਸਤ 2008 ਨੂੰ ਉਸਦੇ ਪੁਤਰ ਅਮਨਦੀਪ ਸਿੰਘ ਨੇ ਇਥੇ ਇਕ ਖੇਡ ਮੇਲੇ ਦੌਰਾਨ ਕਥਿਤ ਤੌਰ 'ਤੇ ਪਰਮਜੀਤ ਸਿੰਘ ਪੰਮਾ ਨਾਂ ਦੇ ਇਕ ਵਿਅਕਤੀ ਨੂੰ ਕਤਲ ਕਰ ਦਿਤਾ ਅਤੇ ਇਕ ਹੋਰ ਨੂੰ ਜਖਮੀ ਕਰ ਦਿਤਾ। ਇਹ ਵਾਰਦਾਤ ਆਪਸੀ ਧੜੇਬੰਦੀ ਦਾ ਨਤੀਜਾ ਸਮਝੀ ਜਾਂਦੀ ਹੈ। ਅਮਨਦੀਪ ਉਦੋਂ ਤੋਂ ਹੀ ਫਰਾਰ ਹੈ ਅਤੇ ਜਾਂਚ ਏਜੰਸੀਆਂ ਨੇ ਉਸ ਵਿਰੁਧ ਗ੍ਰਿਫਤਾਰੀ ਦੇ ਵਾਰੰਟ ਜਾਰੀ ਕੀਤੇ ਹੋਏ ਹਨ। ਇਸ ਵਾਰਦਾਤ ਦੇ ਸਿਲਸਿਲੇ ਵਿਚ ਇਕ ਸਮੇਂ ਸ਼ੈਰਿਫ ਮਹਿਕਮੇ ਨੇ ਅਮਨ ਦੇ ਪਿਤਾ ਧਾਮੀ ਅਤੇ ਉਸ ਦੇ ਪਰਿਵਾਰ ਦੇ ਹੋਰ ਕਈ ਜੀਅ ਗ੍ਰਿਫਤਾਰ ਕਰ ਲਏ ਸਨ ਜੋ ਬਾਅਦ ਵਿਚ ਰਿਹਾ ਕਰ ਦਿਤੇ ਗਏ। ਜਾਂਚ ਅਧਿਕਾਰੀਆਂ ਨੂੰ ਸ਼ੱਕ ਸੀ ਕਿ ਪਰਿਵਾਰ ਦੇ ਇਨ੍ਹਾਂ ਜੀਆਂ ਨੂੰ ਅਮਨਦੀਪ ਦੇ ਥਹੁ-ਟਿਕਾਣੇ ਦਾ ਪਤਾ ਸੀ ਅਤੇ ਉਨ੍ਹਾਂ ਜਾਣ-ਬੁਝ ਕੇ ਉਸ ਨੂੰ ਬਚ ਨਿਕਲਣ ਵਿਚ ਮਦਦ ਕੀਤੀ। ਜਾਂਚ ਏਜੰਸੀਆਂ ਦਾ ਸ਼ਕ ਹੈ ਕਿ ਅਮਨਦੀਪ ਪਹਿਲਾਂ ਕੈਨੇਡਾ ਅਤੇ ਉਥੋਂ ਇੰਡੀਆ ਖਿਸਕ ਗਿਆ ਹੈ।

ਭਾਵੇਂ ਇਸ ਗੱਲ ਦੇ ਕੋਈ ਸਿੱਧੇ ਸੰਕੇਤ ਪ੍ਰਾਪਤ ਨਹੀਂ ਹੋਏ ਪਰ ਸ਼ਕ ਜਾਹਰ ਕੀਤਾ ਜਾ ਰਿਹਾ ਹੈ ਕਿ ਇਸ ਵਾਰਦਾਤ ਦਾ ਸਬੰਧ ਡਰੱਗ ਦੇ ਧੰਦੇ ਅਤੇ ਪਰਮਜੀਤ ਪੰਮੇ ਦੇ ਕਤਲ ਨਾਲ ਹੋ ਸਕਦਾ ਹੈ।

ਬਲਵੀਰ ਸਿੰਘ ਧਾਮੀ ਪਿਛੋਂ ਪਿੰਡ ਕਾਲਾ ਬੱਕਰਾ ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਸੀ ਤੇ ਆਪਣੇ ਪਿੱਛੇ ਪਤਨੀ ਕੁਲਦੀਪ ਕੌਰ, ਦੋ ਬੇਟੀਆਂ ਤੇ ਇਕ ਬੇਟਾ ਛੱਡ ਗਿਆ ਹੈ। ਜ਼ਿਕਰਯੋਗ ਹੈ ਕਿ ਬਲਵੀਰ ਸਿੰਘ ਧਾਮੀ ਪਹਿਲਾਂ ਜਲੰਧਰ 'ਚ ਕਬੱਡੀ ਮੈਚਾਂ ਦੌਰਾਨ ਤੇ ਹੋਰ ਵੱਖ-ਵੱਖ ਖੇਡਾਂ ਤੇ ਟੂਰਨਾਮੈਂਟਾਂ ਦੌਰਾਨ ਵਧ-ਚੜ੍ਹ ਕੇ ਦਾਨ ਕਰਦਾ ਸੀ ਤੇ ਸਿੱਖ ਭਾਈਚਾਰੇ ਦੀਆਂ ਸਰਗਰਮੀਆਂ 'ਚ ਹਿੱਸਾ ਲੈਂਦਾ ਸੀ। ਧਾਮੀ ਗੁਰਦੁਆਰਾ ਬਰਾਡਸ਼ਾਅ ਦੀ ਪ੍ਰਬੰਧਕ ਕਮੇਟੀ ਵਿਚ ਵੀ ਕਾਫੀ ਸਰਗਰਮ ਰਿਹਾ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਘੇ ਕਬੱਡੀ ਪਰਮੋਟਰ ਸ. ਜੌਹਨ ਸਿੰਘ ਗਿੱਲ ਨੇ ਇਸ ਘਟਨਾ 'ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਇਸ ਵਾਰਦਾਤ ਲਈ ਜ਼ਿੰਮੇਵਾਰ ਦੋਸ਼ੀ ਨੂੰ ਸਜ਼ਾ ਲਾਜ਼ਮੀ ਮਿਲਣੀ ਚਾਹੀਦੀ ਹੈ।

ਬਲਵੀਰ ਸਿੰਘ ਦੇ ਵੱਡੇ ਭਰਾ ਹਰਭਜਨ ਸਿੰਘ ਧਾਮੀ ਦੀ ਕੁਦਰਤੀ ਮੌਤ ਹੋ ਗਈ ਸੀ। ਉਹ ਲੰਘੀ 8 ਮਈ ਨੂੰ ਪੋਰਟਲੈਂਡ ਲਈ ਟਰੱਕ ਲੋਡ ਕਰਕੇ ਗਿਆ ਸੀ ਤੇ ਟਰੱਕ 'ਚ ਸੁੱਤਾ ਹੀ ਰਹਿ ਗਿਆ। ਜਲੰਧਰ ਤੋਂ ਇਕ ਰਿਪੋਰਟ ਅਨੁਸਾਰ ਦੋ ਪੁੱਤਰਾਂ ਦੀ ਮੌਤ ਨਾਲ ਇਥੇ ਰਹਿੰਦੀ ਮਾਤਾ ਰੇਸ਼ਮ ਕੌਰ ਡੂੰਘੇ ਸਦਮੇ ਵਿਚ ਹੈ। ਰੇਸ਼ਮ ਕੌਰ ਨੇ ਆਪਣੇ ਵੱਡੇ ਪੁੱਤਰ ਹਰਭਜਨ ਸਿੰਘ ਦੇ ਸਸਕਾਰ 'ਤੇ ਜਾਣ ਲਈ ਅਮਰੀਕੀ ਵੀਜ਼ੇ ਲਈ ਅਪਲਾਈ ਕੀਤਾ ਸੀ ਪਰ ਉਸ ਨੂੰ ਵੀਜ਼ਾ ਨਹੀਂ ਮਿਲਿਆ।

## ਬੀਬੀ ਸੁਰਿੰਦਰ ਕੌਰ ਬਾਦਲ ਸੁਰਗਵਾਸ

ਐਂਬੂਲੈਂਸ ਵਿਚ ਪਿੰਡ ਬਾਦਲ ਨੂੰ ਰਵਾਨਾ ਕੀਤਾ ਗਿਆ। ਪੀ.ਜੀ.ਆਈ. ਤੋਂ ਐਂਬੂਲੈਂਸ ਨੂੰ ਤੋਰਨ ਸਮੇਂ ਲਾਲ ਬੱਤੀ ਵਾਲੀਆਂ 100 ਤੋਂ ਵੱਧ ਗੱਡੀਆਂ ਦਾ ਕਾਫਲਾ ਵੀ ਨਾਲ ਹੀ ਰਵਾਨਾ ਹੋਇਆ। ਬੀਬੀ ਬਾਦਲ ਦੇ ਪਤੀ ਪ੍ਰਕਾਸ਼ ਸਿੰਘ ਬਾਦਲ, ਪੁੱਤਰ ਸੁਖਬੀਰ ਸਿੰਘ ਬਾਦਲ, ਨੂੰਹ ਹਰਸਿਮਰਤ ਕੌਰ ਤੇ ਹੋਰ ਨੇੜਲੇ ਸਾਕ-ਸਬੰਧੀ ਐਂਬੂਲੈਂਸ ਵਿਚ ਬੈਠ ਕੇ ਨਾਲ ਹੀ ਗਏ।

ਸਾਲ 1959 ਵਿਚ ਜਦੋਂ ਬੀਬੀ ਸੁਰਿੰਦਰ ਕੌਰ ਸਹੁਰੇ ਪਿੰਡ ਬਾਦਲ ਵਿਚ ਵਿਆਹ ਕੇ ਆਈ ਸੀ ਤਾਂ ਉਸ ਵੇਲੇ ਪ੍ਰਕਾਸ਼ ਸਿੰਘ ਬਾਦਲ ਦਾ ਸਿਆਸੀ ਜੀਵਨ ਸਾਧਾਰਨ ਹੀ ਸੀ। ਉਸ ਦੇ ਆਉਣ ਤੋਂ ਬਾਅਦ ਹੀ ਸ. ਬਾਦਲ ਘਰੇਲੂ ਜ਼ਿੰਮੇਵਾਰੀ ਤੋਂ ਸੁਰਖੁਰੂ ਹੁੰਦੇ ਗਏ ਤੇ ਆਪਣੇ ਸਿਆਸੀ ਜੀਵਨ ਦੇ ਸਿਖਰ ਵੱਲ ਵਧਦੇ ਗਏ। ਪਿੰਡ ਵਿਚ ਸੋਗ 'ਤੇ ਬੈਠੇ ਬਜ਼ੁਰਗ ਬਲਵੰਤ ਸਿੰਘ ਹੁਸਨਰ ਦਾ ਕਹਿਣਾ ਸੀ ਕਿ ਉਸ ਨੂੰ ਉਹ ਵੇਲਾ ਯਾਦ ਹੈ ਜਦੋਂ ਪਾਸ਼ ਨੂੰ ਸੁਰਿੰਦਰ ਕੌਰ ਦਾ ਜੀਵਨ ਸਾਥੀ ਬਣਾਉਣ ਤੋਂ ਪਹਿਲਾਂ ਬੇਬੇ ਜਸਵੰਤ ਕੌਰ ਆਪਣੀ ਨੂੰਹ ਨੂੰ ਪਹਿਲੀ ਵਾਰ ਉਸ ਦੇ ਪੇਕੇ ਪਿੰਡ ਚੱਕ ਫਤਿਹ ਸਿੰਘ ਵਾਲਾ ਦੇਖਣ ਗਈ ਸੀ। ਉਸ ਮੌਕੇ ਲੋਕ ਪ੍ਰਸ਼ਾਸਨ ਦੀ ਐਮ.ਏ. ਇਸ ਕੁੜੀ ਦੀ ਬੋਲ-ਬਾਣੀ ਤੋਂ ਮਾਤਾ ਜਸਵੰਤ ਕੌਰ ਏਨੀ ਪ੍ਰਭਾਵਿਤ ਹੋਈ ਸੀ ਕਿ ਉਸ ਦੀ ਝੋਲੀ ਸ਼ਗਨ ਵੀ ਪਾ ਆਈ ਸੀ।

## ਬੀਬੀ ਬਾਦਲ ਦੇ ਚਲਾਣੇ 'ਤੇ ਅਫਸੋਸ ਦਾ ਪ੍ਰਗਟਾਵਾ

**ਸੈਨ ਹੋਜ਼ੇ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਧਰਮ ਪਤਨੀ ਬੀਬੀ ਸੁਰਿੰਦਰ ਕੌਰ ਬਾਦਲ ਦੇ ਅਕਾਲ ਚਲਾਣੇ ਉਤੇ ਸ਼੍ਰੋਮਣੀ ਅਕਾਲੀ ਦਲ, ਕੈਲੀਫੋਰਨੀਆ ਅਤੇ ਐਨ ਆਰ ਆਈ ਸਭਾ, ਅਮਰੀਕਾ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਦੋਹਾਂ ਜਥੇਬੰਦੀਆਂ ਵਲੋਂ ਪ੍ਰਭੂ ਚਰਨਾਂ ਵਿਚ ਅਰਦਾਸ ਕੀਤੀ ਗਈ ਕਿ ਉਹ ਬੀਬੀ ਬਾਦਲ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਅਤੇ ਸਮੁੱਚੇ ਬਾਦਲ ਪਰਿਵਾਰ ਤੇ ਅਕਾਲੀ ਦਲ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

ਯੂਬਾ ਸਿਟੀ ਤੋਂ ਅਕਾਲੀ ਦਲ, ਅਮਰੀਕਾ ਦੇ ਸਰਪ੍ਰਸਤ ਸ. ਦੀਦਾਰ ਸਿੰਘ ਬੈਂਸ ਅਤੇ ਪਾਰਟੀ ਆਗੂ ਸ. ਗੁਰਨਾਮ ਸਿੰਘ ਪੰਮਾ ਨੇ ਸਰਦਾਰਨੀ ਬਾਦਲ ਦੇ ਚਲਾਣੇ ਨੂੰ ਪੰਥ ਲਈ ਵੱਡਾ ਘਾਟਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬੀਬੀ ਬਾਦਲ ਦੀ ਆਤਮਾ ਦੀ ਸ਼ਾਂਤੀ ਨਮਿਤ ਗੁਰਦੁਆਰਾ ਲਾਈਵ ਓਕ ਵਿਚ ਇਕ ਸ਼ਰਧਾਂਜਲੀ ਸਮਾਗਮ ਆਉਂਦੇ ਐਤਵਾਰ ਨੂੰ ਕੀਤਾ ਜਾਏਗਾ। ਪਾਰਟੀ ਦੇ ਕਨਵੀਨਰ ਸ੍ਰੀ ਹੈਰੀ ਗਿੱਲ ਅਤੇ ਇਕ ਹੋਰ ਆਗੂ ਸ. ਪ੍ਰੀਤਮ ਸਿੰਘ ਗਰੇਵਾਲ ਨੇ ਵੀ ਬੀਬੀ ਬਾਦਲ ਦੇ ਚਲਾਣੇ 'ਤੇ ਅਫਸੋਸ ਪ੍ਰਗਟ ਕਰਦਿਆਂ ਪਰਮਾਤਮਾ ਅੱਗੇ ਅਰਦਾਸ ਕੀਤੀ ਹੈ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ।

# ਕਾਂਗਰਸ ਅਤੇ ਡੀ.ਐਮ.ਕੇ. ਵਿਚਾਲੇ ਦੂਰੀ ਵਧੀ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** 2-ਜੀ ਸਪੈਕਟ੍ਰਮ ਘਪਲੇ ਨੇ ਯੂ.ਪੀ.ਏ. ਦੇ ਭਾਈਵਾਲਾਂ ਕਾਂਗਰਸ ਅਤੇ ਡੀ.ਐਮ.ਕੇ. ਵਿਚਾਲੇ ਦੂਰੀਆਂ ਵਧਣੀਆਂ ਸ਼ੁਰੂ ਹੋ ਗਈਆਂ ਹਨ। ਇਸ ਘਪਲੇ ਦੇ ਦੋਸ਼ਾਂ 'ਚ ਘਿਰੀ ਡੀ.ਐਮ.ਕੇ. ਦੇ ਸੁਪਰੀਮੋ ਐਮ. ਕਰੁਨਾਨਿਧੀ ਦੀ ਧੀ ਤੇ ਸੰਸਦ ਮੈਂਬਰ ਕਨੀਮੋਝੀ ਨੂੰ ਜੇਲ੍ਹ ਭੇਜੇ ਜਾਣ ਤੋਂ ਬਾਅਦ ਡੀ.ਐਮ.ਕੇ. ਕੇਂਦਰ ਸਰਕਾਰ ਤੋਂ ਤੋੜ-ਵਿਛੋੜੇ ਦੇ ਰੌਅ 'ਚ ਹੈ। ਇਸ ਤੋਂ ਪਹਿਲਾਂ ਡੀ.ਐਮ.ਕੇ. ਦਾ ਸਾਬਕਾ ਕੇਂਦਰੀ ਦੂਰ ਸੰਚਾਰ ਮੰਤਰੀ ਏ. ਰਾਜਾ ਵੀ ਇਸ ਕੇਸ 'ਚ ਜੇਲ੍ਹ 'ਚ ਹੈ। ਇਸ ਭ੍ਰਿਸ਼ਟਾਚਾਰ ਦੇ ਤੂਫਾਨ ਨੇ ਹੀ ਤਾਮਿਲਨਾਡੂ ਵਿਧਾਨ ਸਭਾ ਚੋਣਾਂ 'ਚ ਡੀ.ਐਮ.ਕੇ. ਦੀ ਫੱਟੀ ਪੋਚੀ ਹੈ।

### ਕਰੁਣਾਨਿਧੀ ਦੀ ਧੀ ਕਨੀਮੋਝੀ ਨੂੰ ਜੇਲ੍ਹ ਭੇਜਿਆ



*ਗ੍ਰਿਫਤਾਰੀ ਤੋਂ ਬਾਅਦ ਕਨੀਮੋਝੀ*

ਸ੍ਰੀ ਕਰੁਨਾਨਿਧੀ ਇਸ ਗੱਲ ਨੂੰ ਲੈ ਕੇ ਦੁਖੀ ਹਨ ਕਿ ਸੀ.ਬੀ.ਆਈ. ਉਨ੍ਹਾਂ ਦੇ ਪਾਰਟੀ ਮੈਂਬਰਾਂ ਦੁਆਲੇ ਸ਼ਿਕੰਜਾ ਕੱਸਦੀ ਜਾ ਰਹੀ ਹੈ ਪਰ ਕੇਂਦਰ ਸਰਕਾਰ ਇਸ ਬਾਰੇ ਖਾਮੋਸ਼ ਹੈ। ਇਸ ਤੋਂ ਇਲਾਵਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਕਰੁਨਾਨਿਧੀ ਦੀ ਸਭ ਤੋਂ ਵੱਡੀ ਵਿਰੋਧੀ ਜੈਲਲਿਤਾ ਨੂੰ ਵਿਧਾਨ ਸਭਾ ਚੋਣਾਂ 'ਚ ਜਿੱਤ ਦੀ ਵਧਾਈ ਦੇਣ ਵਾਲੀ ਗੱਲ ਨੇ ਵੀ ਬਲਦੀ 'ਤੇ ਤੇਲ ਪਾਇਆ ਹੈ। ਕਾਂਗਰਸ ਦਾ ਵੀ ਇਸ ਮਾਮਲੇ 'ਚ ਹੁਣ ਤੱਕ ਸਖ਼ਤ ਰੁਖ਼ ਹੀ ਹੈ ਕਿਉਂਕਿ ਡੀ.ਐਮ.ਕੇ. ਦੇ ਮੰਤਰੀਆਂ ਤੇ ਸੰਸਦ ਮੈਂਬਰਾਂ ਨੇ ਉਸ ਦੀ ਸਾਫ਼ ਸਾਖ ਨੂੰ ਤਾਰ-ਤਾਰ ਕਰ ਦਿੱਤਾ ਹੈ।

ਸ੍ਰੀ ਕਰੁਨਾਨਿਧੀ ਨੇ 23 ਮਈ ਨੂੰ ਆਪਣੀ ਧੀ ਕਨੀਮੋਝੀ ਤੇ ਸਾਬਕਾ ਟੈਲੀਕਾਮ ਮੰਤਰੀ ਏ. ਰਾਜਾ ਤੇ ਪਰਿਵਾਰ ਵੱਲੋਂ ਚਲਾਏ ਜਾ ਰਹੇ ਕਲਾਇਨਗਰ ਟੀ.ਵੀ. ਦੇ ਐਮ.ਡੀ. ਸ਼ਰਦ ਕੁਮਾਰ ਨੂੰ ਉਚ ਸੁਰੱਖਿਆ ਵਾਲੀ ਤਿਹਾੜ ਜੇਲ੍ਹ 'ਚ ਮਿਲੇ ਅਤੇ ਤੁਰੰਤ ਵਾਪਸ ਚਲੇ ਗਏ। ਉਹ ਇਸ ਮੌਕੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੋਂ ਵੀ ਦੂਰ ਹੀ ਰਹੇ। ਸ੍ਰੀ ਕਰੁਨਾਨਿਧੀ ਦਾ ਕਹਿਣਾ ਹੈ ਕਿ ਉਹ ਆਪਣੀ ਧੀ ਕਨੀਮੋਝੀ ਦੀ ਗ੍ਰਿਫਤਾਰੀ ਤੋਂ ਬਹੁਤ ਦੁਖੀ ਹਨ। ਉਨ੍ਹਾਂ ਸੰਕੇਤ ਦਿੱਤਾ ਹੈ ਕਿ ਭਵਿੱਖ 'ਚ ਕਾਂਗਰਸ ਨਾਲ ਸਬੰਧ ਰੱਖਣ ਸਬੰਧੀ ਫੈਸਲਾ ਪਾਰਟੀ ਜਨਰਲ ਕੌਂਸਲ ਕਰੇਗੀ। ਪਹਿਲਾਂ ਏ. ਰਾਜਾ ਤੇ ਹੁਣ ਕਨੀਮੋਝੀ ਨੂੰ ਜੇਲ੍ਹ ਭੇਜਣ ਕਰਕੇ ਡੀ.ਐਮ.ਕੇ. ਦੀ ਲੀਡਰਸ਼ਿਪ ਵੀ ਕਾਂਗਰਸ ਤੋਂ ਕਾਫ਼ੀ ਔਖੀ ਹੈ। ਪਿਛਲੇ ਸਮੇਂ ਪੰਜ ਰਾਜਾਂ 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਤਾਂ ਆਪਣੀ ਸਮਰੱਥਾ ਅਨੁਸਾਰ ਪ੍ਰਦਰਸ਼ਨ ਕਰਨ 'ਚ ਕਾਮਯਾਬ ਰਹੀ ਪਰ ਡੀ.ਐਮ.ਕੇ. ਦਾ ਸਫਾਇਆ ਹੋ ਗਿਆ। ਇਸ ਲਈ ਡੀ.ਐਮ.ਕੇ. ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਕਾਂਗਰਸ ਨੇ ਭ੍ਰਿਸ਼ਟਾਚਾਰ ਦੇ ਸਾਰੇ ਦੋਸ਼ ਉਸ 'ਤੇ ਲੱਦ ਦਿੱਤੇ ਹਨ।

ਜ਼ਿਕਰਯੋਗ ਹੈ ਕਿ 2-ਜੀ ਸਪੈਕਟ੍ਰਮ ਘਪਲੇ ਦੇ ਮਾਮਲੇ 'ਚ ਕਈ ਦਿਨਾਂ ਤੋਂ ਬਚਦੀ ਆ ਰਹੀ ਡੀ.ਐਮ.ਕੇ. ਸੰਸਦ ਮੈਂਬਰ ਕਨੀਮੋਝੀ ਨੂੰ 20 ਮਈ ਨੂੰ ਗ੍ਰਿਫ਼ਤਾਰ ਕਰਕੇ ਤਿਹਾੜ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਦਿੱਲੀ ਦੀ ਵਿਸ਼ੇਸ਼ ਅਦਾਲਤ ਵੱਲੋਂ ਕਨੀਮੋਝੀ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰਨ ਤੋਂ ਬਾਅਦ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਓ.ਪੀ. ਸੈਣੀ ਨੇ ਫੈਸਲਾ ਕੀਤਾ ਕਿ ਕਨੀਮੋਝੀ ਨੂੰ ਜੇਲ੍ਹ ਵਿਚ ਬੰਦ ਨਾ ਕੀਤਾ ਗਿਆ ਤਾਂ ਉਹ ਇਸ ਮਾਮਲੇ ਨੂੰ ਪ੍ਰਭਾਵਿਤ ਕਰ ਸਕਦੀ ਹੈ। ਜਦੋਂ ਸੀ.ਬੀ.ਆਈ. ਦੇ ਜੱਜ ਨੇ ਫ਼ੈਸਲਾ ਸੁਣਾਇਆ ਤਾਂ ਕਨੀਮੋਝੀ ਸੁੰਨ ਹੋ ਕੇ ਰਹਿ ਗਈ ਤੇ ਉਸ ਨੂੰ ਉਸ ਦੇ ਪਤੀ ਅਰਵਿੰਦਨ ਸਮੇਤ ਪਰਿਵਾਰਕ ਮੈਂਬਰਾਂ ਨੇ ਹੌਂਸਲਾ ਦਿੱਤਾ। ਜਦੋਂ ਪੁਲੀਸ ਨੇ ਕਨੀਮੋਝੀ ਨੂੰ ਗ੍ਰਿਫ਼ਤਾਰ ਕੀਤਾ ਤਾਂ ਉਸ ਦੇ ਹੰਝੂ ਵਹਿ ਤੁਰੇ। ਵਿਸ਼ੇਸ਼ ਅਦਾਲਤ ਨੇ ਕਨੀਮੋਝੀ ਦੇ ਨਾਲ ਕਲਾਇਗਨਰ ਟੀ.ਵੀ. ਦੇ ਐਮ.ਡੀ. ਤੇ ਸੀ.ਈ.ਓ. ਸ਼ਰਦ ਕੁਮਾਰ ਦੀ ਜ਼ਮਾਨਤ ਵੀ ਰੱਦ ਕਰ ਦਿੱਤੀ। ਇਨ੍ਹਾਂ ਦੋਵਾਂ 'ਤੇ ਸਾਜ਼ਿਸ਼ ਰਚਣ ਤੇ ਰਿਸ਼ਵਤ ਲੈਣ ਦੇ ਦੋਸ਼ ਹਨ। ਇਨ੍ਹਾਂ ਨੇ ਕਲਾਇਗਨਰ ਟੀ.ਵੀ. ਲਈ ਡੀ.ਬੀ. ਰਿਐਲਿਟੀ ਕੋਲੋਂ 200 ਕਰੋੜ ਰੁਪਏ ਲਏ ਸਨ।

## ਕਰਨਾਟਕ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਰੱਦ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਰਨਾਟਕ ਦੇ ਰਾਜਪਾਲ ਹੰਸਰਾਜ ਭਾਰਦਵਾਜ ਦੀ ਉਹ ਵਿਸ਼ੇਸ਼ ਰਿਪੋਰਟ ਰੱਦ ਕਰ ਦਿੱਤੀ ਹੈ ਜਿਸ ਵਿਚ ਉਨ੍ਹਾਂ ਨੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਤੇ ਵਿਧਾਨ ਸਭਾ ਮੁਅੱਤਲ ਕਰਨ ਦੀ ਸਿਫਾਰਸ਼ ਕੀਤੀ ਸੀ। ਰਾਜਪਾਲ ਦੀ ਇਸ ਰਿਪੋਰਟ ਕਾਰਨ ਕਰਨਾਟਕ ਵਿਚ ਸਿਆਸੀ ਤਲਖ਼ੀ ਵਾਲਾ ਮਾਹੌਲ ਬਣਿਆ ਹੋਇਆ ਸੀ। ਉਧਰ ਭਾਜਪਾ ਨੇ ਇਸ ਨੂੰ ਲੋਕਤੰਤਰ ਦੀ ਜਿੱਤ ਕਰਾਰ ਦਿੰਦਿਆਂ ਭਾਰਦਵਾਜ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਹੈ ਪਰ ਕੇਂਦਰ ਸਰਕਾਰ ਨੇ ਦੋ ਟੂਕ ਜਵਾਬ ਦਿੰਦਿਆਂ ਕਿਹਾ ਹੈ ਕਿ ਸ੍ਰੀ ਭਾਰਦਵਾਜ ਨੂੰ ਹਟਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਰਿਪੋਰਟ ਰੱਦ ਕਰਨ ਦਾ ਫੈਸਲਾ ਕੇਂਦਰੀ ਕੈਬਨਿਟ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਸੀ.ਸੀ.ਪੀ.ਏ. ਦੀ ਮੀਟਿੰਗ ਨੇ ਲਿਆ। ਮੀਟਿੰਗ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਹੋਈ। ਫੈਸਲੇ ਦਾ ਰਸਮੀ ਐਲਾਨ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕੀਤਾ। ਉਂਜ ਰਿਪੋਰਟ ਰੱਦ ਕਰਨ ਦੇ ਬਾਵਜੂਦ ਸੀ.ਸੀ.ਪੀ.ਏ. ਨੇ ਗ੍ਰਹਿ ਮੰਤਰਾਲੇ ਨੂੰ ਕਿਹਾ ਕਿ ਉਹ ਰਾਜਪਾਲ ਵੱਲੋਂ ਰਿਪੋਰਟ ਵਿਚ ਉਠਾਏ ਮੁੱਦੇ ਕਰਨਾਟਕ ਸਰਕਾਰ ਦੇ ਧਿਆਨ ਵਿਚ ਲਿਆਏ।

## ਧੋਖੇਬਾਜ਼ ਵਿਦੇਸ਼ੀ ਲਾੜਿਆਂ ਦੇ ਪਾਸਪੋਰਟ ਜ਼ਬਤ ਕਰਨ ਲਈ ਹਵਾਈ ਅੱਡਿਆਂ 'ਤੇ ਚੌਕਸੀ

**ਚੰਡੀਗੜ੍ਹ:** ਪੰਜਾਬ ਦੀਆਂ ਕਈ ਲੜਕੀਆਂ ਨਾਲ ਧੋਖੇ ਨਾਲ ਦੂਜਾ ਵਿਆਹ ਕਰਵਾ ਕੇ ਦੌੜ ਜਾਣ ਵਾਲੇ 42 ਵਿਦੇਸ਼ੀ ਲਾੜਿਆਂ ਦੇ ਖ਼ਿਲਾਫ਼ ਜਲੰਧਰ ਸਥਿਤ ਖੇਤਰੀ ਪਾਸਪੋਟ ਦਫ਼ਤਰ ਨੇ ਹਵਾਈ ਅੱਡਿਆਂ ਲਈ ਅਲਰਟ ਜਾਰੀ ਕਰਵਾ ਦਿੱਤਾ ਹੈ ਤੇ ਇਸ ਤੋਂ ਇਲਾਵਾ ਮੁੜ ਪਾਸਪੋਰਟ ਨਾ ਬਣਾਉਣ ਦੇ ਮਾਮਲੇ ਵਿਚ ਵਿਦੇਸ਼ਾਂ ਵਿਚ ਸਥਿਤ ਭਾਰਤੀ ਦੂਤਘਰਾਂ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ।

ਇਸ ਬਾਰੇ ਪਾਸਪੋਰਟ ਅਫ਼ਸਰ ਪ੍ਰਣੀਤ ਸਿੰਘ ਨੇ ਦੱਸਿਆ ਕਿ ਚਾਰ ਮਹੀਨੇ ਪਹਿਲਾਂ ਦਫ਼ਤਰ ਵਿਚ ਲੜਕੀਆਂ ਨੂੰ ਧੋਖਾ ਦੇ ਕੇ ਦੂਜਾ ਵਿਆਹ ਕਰਵਾਉਣ ਵਾਲੇ ਵਿਦੇਸ਼ੀ ਲਾੜਿਆਂ ਖ਼ਿਲਾਫ਼ ਪਾਸਪੋਰਟ ਬਾਰੇ ਕਾਰਵਾਈ ਲਈ ਸੈਲ ਖੋਲ੍ਹਿਆ ਗਿਆ ਸੀ। ਇਸ ਸਬੰਧੀ 42 ਮਾਮਲਿਆਂ 'ਚ ਸਖ਼ਤ ਕਾਰਵਾਈ ਕੀਤੀ ਗਈ ਹੈ।

**Brand new convenience store for Sale/Lease in Indianapolis.**

**ਨਵਾਂ ਨਕੋਰ ਕਨਵੀਨੀਐਂਸ ਸਟੋਰ ਵਿਕਾਊ ਹੈ**

New convenience store having Walk in Cooler, Lottery, Money Order, ATM, Air machine and everything in place for the new owner. On one of the busiest streets in town, Corner lot, having good parking

**Store for sale with property $269000/-**
**For Lease $50000/- Rent $1200/-**
**CONTACT:Harry Singh**
**Ph:317-213-8408**

# ਵਿਜੀਲੈਂਸ ਵੱਲੋਂ ਮਨਪ੍ਰੀਤ ਦੇ ਹਮਾਇਤੀਆਂ 'ਤੇ ਸ਼ਿਕੰਜਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਹਮਾਇਤੀਆਂ ਖ਼ਿਲਾਫ਼ ਸਰਕਾਰ ਨੇ ਮੁੜ ਤੋਂ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਮਨਪ੍ਰੀਤ ਬਾਦਲ ਵੱਲੋਂ 'ਵੱਖਰੇ' ਰਾਹ 'ਤੇ ਤੁਰਨ ਤੋਂ ਬਾਅਦ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਪਿਤਾ ਗੁਰਦਾਸ ਸਿੰਘ ਬਾਦਲ ਦੇ ਸਹਾਇਕ ਜਗਦੀਪ ਸਿੰਘ, ਉਨ੍ਹਾਂ ਦੇ ਸਾਬਕਾ ਓ.ਐਸ.ਡੀ. ਚਰਨਜੀਤ ਸਿੰਘ ਬਰਾੜ ਤੇ ਜਗਤਾਰ ਸਿੰਘ ਢਿਲੋਂ, ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਜੈ ਜੀਤ ਸਿੰਘ ਜੌਹਲ ਵਿਰੁੱਧ ਕੇਸ ਦਰਜ ਕੀਤੇ ਹਨ। ਹੁਣ ਪੰਜਾਬ ਵਿਜੀਲੈਂਸ ਬਿਊਰੋ ਨੇ ਲੰਬੀ ਹਲਕੇ ਪਿੰਡ ਰੋੜਾਂਵਾਲੀ ਦੇ ਸਰਪੰਚ ਸਤਿੰਦਰਜੀਤ ਸਿੰਘ ਮੰਟਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਹੈ।



ਵਿਜੀਲੈਂਸ ਦੀ ਟੀਮ ਨੇ ਮਿੰਟਾ ਦੇ ਘਰ 'ਚ ਕਾਰਵਾਈ ਕਰਨ ਸਮੇਂ ਪਹਿਲਾਂ ਘਰ ਦੀ ਬਿਜਲੀ ਦਾ ਕੁਨੈਕਸ਼ਨ ਕਟਵਾ ਦਿੱਤਾ ਤੇ ਦੀਵਾਰ ਟੱਪ ਕੇ ਟੀਮ 'ਚ ਸ਼ਾਮਲ ਕਰਮਚਾਰੀ ਮਿੰਟਾ ਦੀ ਰਿਹਾਇਸ਼ ਵਿਚ ਦਾਖਲ ਹੋਏ। ਉਸ ਸਮੇਂ ਘਰ ਵਿਚ ਅਖੰਡ ਪਾਠ ਚੱਲ ਰਿਹਾ ਸੀ। ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਵਿਜੀਲੈਂਸ ਦੀ ਟੀਮ ਨੇ ਪਾਠੀਆਂ ਨਾਲ ਦੁਰਵਿਹਾਰ ਕੀਤਾ। ਮੁੱਖ ਮੰਤਰੀ ਦੇ ਭਰਾ ਗੁਰਦਾਸ ਸਿੰਘ ਬਾਦਲ ਤੇ ਮਨਪ੍ਰੀਤ ਸਿੰਘ ਹੁਰਾਂ ਦੀ ਸੱਜੀ ਬਾਂਹ ਵਾਂਗ ਵਿਚਰਦੇ ਮਿੰਟਾ ਦਾ ਅਕਾਲੀ ਦਲ ਛੱਡਣ ਤੋਂ ਪਹਿਲਾਂ ਵੀ ਸਰਕਾਰ 'ਚ ਅਜਿਹਾ ਰੁਤਬਾ ਸੀ ਕਿ ਉਹ ਹਮੇਸ਼ਾ ਕਈ-ਕਈ ਸਰਕਾਰੀ ਗੰਨਮੈਨਾਂ ਦੇ ਸੁਰੱਖਿਆ ਘੇਰੇ ਵਿਚ ਹੁੰਦੇ ਸਨ। ਉਸ ਦੇ ਕਹੇ ਨੂੰ ਮੋੜਨ ਦੀ ਵੱਡੇ-ਵੱਡੇ ਅਧਿਕਾਰੀਆਂ ਦੀ ਹਿੰਮਤ ਨਹੀਂ ਸੀ। ਪਿਛਲੇ ਡੇਢ ਕੁ ਦਹਾਕੇ 'ਚ ਵੱਡੇ ਪੱਧਰ 'ਤੇ ਆਰਥਿਕ ਤੇ ਸਮਾਜਿਕ ਤਰੱਕੀ ਕਰਨ ਵਾਲਾ ਸਤਿੰਦਰਜੀਤ ਸਿੰਘ ਮਿੰਟਾ ਫਿਰੋਜ਼ਪੁਰ ਜ਼ਿਲ੍ਹੇ ਵਿਚ ਰੇਤੇ ਦੇ ਠੇਕਿਆਂ ਨੂੰ ਲੈ ਕੇ ਚਰਚਾ ਵਿਚ ਰਹਿ ਚੁੱਕਾ ਹੈ। ਵਿਜੀਲੈਂਸ ਨੇ ਇਹ ਕਾਰਵਾਈ ਵਿਜੀਲੈਂਸ ਥਾਣਾ, ਫੇਜ਼-8, ਮੁਹਾਲੀ 'ਚ ਸਤਿੰਦਰਜੀਤ ਸਿੰਘ ਮੰਟਾ ਤੇ ਉਸ ਦੇ ਪਿਤਾ ਗੁਰਮੇਜ ਸਿੰਘ ਖ਼ਿਲਾਫ਼ ਭਾਰਤੀ ਦੰਡ ਵਿਧਾਨ ਦੀ ਧਾਰਾ 406/ 409/ 420/ 467/ 468/120ਬੀ ਤੇ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦਰਜ ਕੇਸ ਬਾਰੇ ਕੀਤੀ। ਵਿਜੀਲੈਂਸ ਨੇ ਇਹ ਕੇਸ ਪਿੰਡ ਰੋੜਾਂਵਾਲੀ ਦੇ ਵਸਨੀਕ ਮੇਜਰ ਸਿੰਘ ਦੀ ਸ਼ਿਕਾਇਤ ਨੂੰ ਆਧਾਰ ਬਣਾ ਕੇ ਦਰਜ ਕੀਤਾ ਹੈ। ਸ਼ਿਕਾਇਤ ਵਿਚ ਪਿੰਡ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਗਈਆਂ ਸਰਕਾਰੀ ਗਰਾਂਟਾਂ ਵਿਚ ਕਥਿਤ ਘਪਲੇਬਾਜ਼ੀ ਕਰਨ ਦਾ ਦੋਸ਼ ਲਾਇਆ ਗਿਆ ਸੀ। ਵਿਜੀਲੈਂਸ ਦੇ ਐਸ.ਪੀ. ਅਨਿਲ ਕੁਮਾਰ ਦੀ ਅਗਵਾਈ ਵਾਲੀ ਵਿਜੀਲੈਂਸ ਟੀਮ ਨੇ ਸਤਿੰਦਰਜੀਤ ਸਿੰਘ ਮਿੰਟਾ ਨੂੰ ਪਿੰਡ ਵਿਚਲੇ ਉਸ ਦੇ ਘਰੋਂ ਗ੍ਰਿਫ਼ਤਾਰ ਕੀਤਾ ਜਦੋਂਕਿ ਗੁਰਮੇਜ ਸਿੰਘ ਫਰਾਰ ਦੱਸਿਆ ਗਿਆ ਹੈ।

ਵਿਜੀਲੈਂਸ ਵੱਲੋਂ ਦਰਜ ਕੇਸ ਮੁਤਾਬਕ ਸਤਿੰਦਰਜੀਤ ਸਿੰਘ ਦੀ ਜਾਇਦਾਦ ਉਸ ਦੇ ਆਮਦਨ ਸਰੋਤਾਂ ਤੋਂ ਕਿਤੇ ਵੱਧ ਹੈ। ਉਸ ਦੀ ਪਤਨੀ ਦੇ ਨਾਂ ਪੈਟਰੋਲ ਪੰਪ ਹੈ ਜਦੋਂਕਿ ਦੋ ਗੈਸ ਏਜੰਸੀਆਂ ਅਨੁਸੂਚਿਤ ਜਾਤੀ ਦੇ ਰਾਖਵੇਂ ਕੋਟੇ ਵਿਚੋਂ ਦਲਿਤ ਵਿਅਕਤੀਆਂ ਦੇ ਨਾਂ 'ਤੇ ਲਈਆਂ ਹੋਈਆਂ ਹਨ। ਇਸ ਤੋਂ ਇਲਾਵਾ 5-6 ਲਗਜ਼ਰੀ ਕਾਰਾਂ ਤੇ ਤਿੰਨ ਆਲੀਸ਼ਾਨ ਕੋਠੀਆਂ ਹਨ ਜਿਨ੍ਹਾਂ ਦੀ ਕੀਮਤ ਕਰੋੜਾਂ ਰੁਪਏ ਵਿਚ ਹੈ। ਉਸ ਕੋਲ 9 ਏਕੜ ਤੋਂ ਵੱਧ ਜ਼ਮੀਨ ਵੀ ਹੈ।

## ਬਦਲਾਖੋਰੀ ਤਹਿਤ ਫਸਾਇਆ ਜਾ ਰਿਹੈ: ਮਨਪ੍ਰੀਤ

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਸਿਆਸੀ ਬਦਲਾਖੋਰੀ ਤਹਿਤ ਪੀ.ਪੀ.ਪੀ. ਆਗੂਆਂ 'ਤੇ ਕੇਸ ਦਰਜ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਦੋਵੇਂ ਬਾਦਲ ਬੀਬੀ ਸੁਰਿੰਦਰ ਕੌਰ ਬਾਦਲ ਦੀ ਸਿਹਤਯਾਬੀ ਲਈ ਅਰਦਾਸ ਕਰਨ ਦੀ ਬਜਾਏ ਪੀ.ਪੀ.ਪੀ. ਦੇ ਆਗੂਆਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦੇ ਮਨਸੂਬੇ ਘੜ ਰਹੇ ਹਨ।



ਆਪਣੇ ਪਿਤਾ ਗੁਰਦਾਸ ਸਿੰਘ ਬਾਦਲ ਦੇ ਨੇੜਲੇ ਸਾਥੀ ਦੀ ਗ੍ਰਿਫ਼ਤਾਰੀ ਬਾਰੇ ਉਨ੍ਹਾਂ ਕਿਹਾ ਕਿ ਜਦੋਂ ਤੋਂ ਉਨ੍ਹਾਂ ਨੇ ਹੁਕਮਰਾਨ ਪਾਰਟੀ ਤੋਂ ਵੱਖ ਹੋ ਕੇ ਆਪਣਾ ਵੱਖਰਾ ਰਸਤਾ ਚੁਣਿਆ ਹੈ ਉਦੋਂ ਤੋਂ ਹੀ ਉਨ੍ਹਾਂ ਦੇ ਕਰੀਬੀ ਸਹਿਯੋਗੀਆਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਬੀਤੇ ਚਾਰ ਸਾਲ ਸਤਿੰਦਰਜੀਤ ਸਿੰਘ ਮੰਟਾ ਲੰਬੀ ਹਲਕੇ ਵਿਚ ਮੁੱਖ ਮੰਤਰੀ ਤੇ ਉਪ-ਮੁੱਖ ਮੰਤਰੀ ਦੇ ਸੰਗਤ ਦਰਸ਼ਨ ਕਰਵਾਉਂਦਾ ਰਿਹਾ, ਉਸ ਸਮੇਂ ਤਾਂ ਉਹ ਚੰਗਾ ਸੀ ਤੇ ਜਦੋਂ ਉਹ ਪੀ.ਪੀ.ਪੀ. ਵਿਚ ਸਰਗਰਮ ਹੋ ਗਿਆ ਤਾਂ ਉਹ ਹੁਣ ਦੋਸ਼ੀ ਬਣ ਗਿਆ। ਉਨ੍ਹਾਂ ਕਿਹਾ ਇਸ ਗੱਲ ਦੀ ਹੈਰਾਨੀ ਹੁੰਦੀ ਹੈ ਕਿ ਕੁਝ ਪੁਲਿਸ ਅਫ਼ਸਰ ਇਸ ਤਰੀਕੇ ਨਾਲ ਕੰਮ ਕਰ ਰਹੇ ਹਨ ਜਿਵੇਂ ਉਨ੍ਹਾਂ ਨੇ ਭਾਰਤ ਦੇ ਸੰਵਿਧਾਨ ਦੀ ਨਹੀਂ ਬਲਕਿ ਸੁਖਬੀਰ ਦੇ ਹੁਕਮ ਮੰਨਣ ਦੀ ਸਹੁੰ ਚੁੱਕੀ ਹੋਵੇ। ਉਨ੍ਹਾਂ ਕਿਹਾ ਕਿ ਪੀ.ਪੀ.ਪੀ. ਅਜਿਹੇ ਅਫ਼ਸਰਾਂ ਦੀ ਸੂਚੀ ਤਿਆਰ ਕਰ ਰਹੀ ਹੈ ਜਿਨ੍ਹਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਲਿਆ ਕੇ ਸਜ਼ਾ ਦਿਵਾਈ ਜਾਵੇਗੀ।

**ਪਠਾਨਕੋਟ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਸੱਤਾ ਵਿਚ ਆਉਣ 'ਤੇ ਰਾਜ ਦੀਆਂ ਸੜਕਾਂ 'ਤੇ ਦੌੜਨ ਵਾਲੀਆਂ ਗੱਡੀਆਂ 'ਤੇ ਲਾਲ ਬੱਤੀਆਂ ਨਹੀਂ ਦਿਸਣਗੀਆਂ ਤੇ ਨਾ ਹੀ ਸਿਆਸੀ ਆਗੂਆਂ ਨਾਲ ਗੰਨਮੈਨਾਂ ਦੀ ਫੌਜ ਹੋਵੇਗੀ। ਇਹ ਪ੍ਰਗਟਾਵਾ ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨੇ ਇਥੇ ਵਰਕਰਾਂ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਲੋਕਾਂ ਨੇ ਸਾਥ ਦਿੱਤਾ ਤਾਂ ਪੰਜਾਬ ਵਿਚ ਐਸਾ ਪ੍ਰਬੰਧ ਉਸਾਰਿਆ ਜਾਵੇਗਾ ਕਿ ਮੁੱਖ ਮੰਤਰੀ ਖੁਦ ਗੱਡੀ ਚਲਾ ਕੇ ਲੋਕਾਂ ਕੋਲ ਜਾਇਆ ਕਰੇਗਾ। ਥਾਣਿਆਂ ਵਿਚ ਰੋਸਟਰ ਸਿਸਟਮ ਲਾਗੂ ਹੋਵੇਗਾ ਤੇ ਥਾਣਿਆਂ ਦਾ ਮਾਲਕ ਐਸ.ਐਚ.ਓ. ਨਹੀਂ ਹੋਵੇਗਾ, ਅੱਠ-ਅੱਠ ਘੰਟਿਆਂ ਬਾਅਦ ਹਰੇਕ ਥਾਣੇਦਾਰ ਇੰਚਾਰਜ ਹੋਵੇਗਾ।

# ਬੇਅੰਤ ਸਿੰਘ ਦੇ ਪਰਿਵਾਰ ਵੱਲੋਂ ਕੈਪਟਨ ਦੀ ਹਮਾਇਤ

**ਚੰਡੀਗੜ੍ਹ:** ਪੰਜਾਬ ਦੇ ਅਹੁਦੇਦਾਰਾਂ ਦੀ ਸੂਚੀ ਕਾਰਨ ਪੈਦਾ ਹੋਏ ਵਿਵਾਦ ਬਾਰੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦਾ ਪਰਿਵਾਰ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਹਮਾਇਤ 'ਤੇ ਆ ਗਿਆ ਹੈ ਜਿਸ ਨਾਲ ਕੈਪਟਨ ਧੜੇ ਨੂੰ ਤਕੜਾ ਸਹਾਰਾ ਮਿਲਿਆ ਹੈ। ਬੇਅੰਤ ਸਿੰਘ ਦੇ ਪਰਿਵਾਰ ਨੇ ਕੈਪਟਨ ਅਮਰਿੰਦਰ ਦੀ ਅਗਵਾਈ ਤੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਮਨਜ਼ੂਰ ਕੀਤੀ ਪੰਜਾਬ ਇਕਾਈ ਦੀ ਸੂਚੀ 'ਤੇ ਆਪਣਾ ਵਿਸ਼ਵਾਸ ਦੁਹਰਾਉਂਦਿਆਂ ਦੋਸ਼ ਲਾਇਆ ਹੈ ਕਿ ਕੁਝ ਆਗੂ ਅਹੁਦੇਦਾਰਾਂ ਦੀ ਸੂਚੀ ਦੀ ਨੁਕਤਾਚੀਨੀ ਕਰਨ ਵੇਲੇ ਉਨ੍ਹਾਂ ਦਾ ਨਾਂ ਘੜੀਸ ਕੇ ਆਪਣੇ ਨਿੱਜੀ ਹਿੱਤ ਪਾਲ ਰਹੇ ਹਨ। ਮਰਹੂਮ ਬੇਅੰਤ ਸਿੰਘ ਦੇ ਪੁੱਤਰ ਤੇ ਸਾਬਕਾ ਮੰਤਰੀ ਤੇਜ ਪ੍ਰਕਾਸ਼ ਸਿੰਘ, ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਤੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਰਵਨੀਤ ਸਿੰਘ

**ਚੋਣਾਂ ਸਮੇਂ ਤੋਂ ਪਹਿਲਾਂ ਹੋਣ ਦੇ ਆਸਾਰ: ਕੈਪਟਨ**



ਬਿੱਟੂ ਤੇ ਯੂਥ ਆਗੂ ਗੁਰਕੀਰਤ ਸਿੰਘ ਕੋਟਲੀ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਮਨਜ਼ੂਰ ਸੂਚੀ ਨੂੰ ਸਵੀਕਾਰ ਕਰਦਿਆਂ ਇਸ ਬਾਰੇ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਜਾਣੂ ਕਰਵਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਪਾਰਟੀ ਵਿਅਕਤੀਗਤ ਹਿੱਤਾਂ ਤੋਂ ਉਪਰ ਹੈ ਤੇ ਸਾਰਿਆਂ ਨੂੰ ਪ੍ਰਦੇਸ਼ ਕਾਂਗਰਸ ਕਮੇਟੀ ਦੀ ਸੂਚੀ ਦਾ ਸਵਾਗਤ ਕਰਦਿਆਂ ਕੈਪਟਨ ਦੀ ਅਗਵਾਈ ਕਬੂਲਣੀ ਚਾਹੀਦੀ ਹੈ ਤਾਂ ਜੋ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ-ਭਾਜਪਾ ਸਰਕਾਰ ਨੂੰ ਬਾਹਰ ਦਾ ਰਸਤਾ ਦਿਖਾਇਆ ਜਾ ਸਕੇ।

ਇਸੇ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਹੋ ਸਕਦੀਆਂ ਹਨ ਕਿਉਂਕਿ ਅਜਿਹੇ ਠੋਸ ਸੰਕੇਤ ਮਿਲ ਰਹੇ ਹਨ।

ਕਾਂਗਰਸ ਭਵਨ ਵਿਚ ਨਵ-ਨਿਯੁਕਤ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਸਮੂਹ ਜ਼ਿਲ੍ਹਾ ਪ੍ਰਧਾਨਾਂ ਨੂੰ ਅਗਾਮੀ ਵਿਧਾਨ ਸਭਾ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਕੈਪਟਨ ਨੇ ਕਿਹਾ ਕਿ ਜ਼ਿਲ੍ਹਾ ਪ੍ਰਧਾਨਾਂ ਦੇ ਮੋਢਿਆਂ 'ਤੇ ਵੱਡੀ ਜ਼ਿੰਮੇਵਾਰੀ ਹੈ ਕਿਉਂਕਿ ਉਨ੍ਹਾਂ ਦੀ ਸਫਲਤਾ ਦਾ ਸਿੱਧਾ ਅਸਰ ਅਗਾਮੀ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਕਾਰਗੁਜ਼ਾਰੀ 'ਤੇ ਪੈਣਾ ਹੈ। ਉਨ੍ਹਾਂ ਜ਼ਿਲ੍ਹਾ ਪ੍ਰਧਾਨਾਂ ਨੂੰ ਪਾਰਟੀ ਵਰਕਰਾਂ ਤੇ ਅਕਾਲੀ ਸਰਕਾਰ ਵੱਲੋਂ ਕੀਤੇ ਤਸ਼ੱਦਦ ਦੇ ਸਮੁੱਚੇ ਰਿਕਾਰਡ ਨੂੰ ਇਕੱਠਾ ਕਰਨ ਲਈ ਕਿਹਾ। ਇਸ ਬਾਰੇ ਜ਼ਿਲ੍ਹਾ ਪ੍ਰਧਾਨਾਂ ਵੱਲੋਂ ਕੀਤੀ ਮੰਗ 'ਤੇ ਪ੍ਰਤੀਕਿਰਿਆ ਦਿੰਦਿਆਂ ਉਨ੍ਹਾਂ ਕਿਹਾ ਕਿ ਰਾਜ ਵਿਚ ਕਾਂਗਰਸ ਸਰਕਾਰ ਬਣਨ ਦੀ ਸੂਰਤ ਵਿਚ ਉੱਚ ਪੱਧਰੀ ਕਮਿਸ਼ਨ ਦਾ ਨਿਰਮਾਣ ਕੀਤਾ ਜਾਵੇਗਾ ਜੋ ਬੇਕਸੂਰ ਕਾਂਗਰਸੀ ਵਰਕਰਾਂ 'ਤੇ ਲੋਕਾਂ ਖਿਲਾਫ਼ ਅਕਾਲੀ-ਭਾਜਪਾ ਸਰਕਾਰ ਵੱਲੋਂ ਕੀਤੇ ਗਏ ਜ਼ੁਲਮਾਂ ਦੇ ਮਾਮਲਿਆਂ ਦੀ ਜਾਂਚ ਕਰੇਗਾ।

ਉਨ੍ਹਾਂ ਨੌਜਵਾਨ ਵੋਟਰਾਂ ਨੂੰ ਵੋਟਰ ਸੂਚੀਆਂ ਵਿਚ ਵੱਧ ਤੋਂ ਵੱਧ ਸ਼ਾਮਲ ਕਰਨ ਲਈ ਕਿਹਾ। ਮੀਟਿੰਗ 'ਚ ਜ਼ਿਲ੍ਹਾ ਪ੍ਰਧਾਨਾਂ ਨੂੰ ਸੰਬੋਧਨ ਕਰਨ ਲਈ ਸੀਨੀਅਰ ਪਾਰਟੀ ਆਗੂ ਅਵਤਾਰ ਸਿੰਘ ਬਰਾੜ ਤੇ ਅਮਰਜੀਤ ਸਿੰਘ ਸਮਰਾ ਨੂੰ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ ਸੀ।

## ਮਹਾਰਾਜਾ ਦਲੀਪ ਸਿੰਘ ਦੀ ਯਾਦ 'ਚ ਅਜਾਇਬਘਰ ਬਣਾਉਣ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਰਾਏਕੋਟ ਨੇੜੇ ਪਿੰਡ ਬੱਸੀਆਂ 'ਚ ਮਹਾਰਾਜਾ ਦਲੀਪ ਸਿੰਘ ਦੀ ਯਾਦ ਵਿਚ ਯਾਦਗਾਰ ਮਿਊਜ਼ੀਅਮ ਕਾਇਮ ਕੀਤਾ ਜਾਵੇਗਾ। ਇਹ ਯਾਦਗਾਰ ਇਨਟੈਕ ਵੱਲੋਂ ਪੰਜ ਏਕੜ ਜ਼ਮੀਨ 'ਤੇ ਵਿਕਸਤ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਮਹਾਰਾਜਾ ਦਲੀਪ ਸਿੰਘ ਦੀ ਪਿੰਡ ਬੱਸੀਆਂ ਨਾਲ ਇਤਿਹਾਸਿਕ ਸਾਂਝ ਹੈ। ਇਥੋਂ ਦੇ ਰੈਸਟ ਹਾਊਸ ਵਿਚ ਉਨ੍ਹਾਂ ਨੂੰ ਅੰਗਰੇਜ਼ਾਂ ਨੇ ਲੰਡਨ ਲੈ ਕੇ ਜਾਣ ਤੋਂ ਪਹਿਲਾਂ ਹਿਰਾਸਤ ਵਿਚ ਰੱਖਿਆ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਨੇ ਪ੍ਰਸ਼ਾਸਨ ਨੂੰ ਇਸ ਯਾਦਗਾਰ ਵਿਚ ਇੰਜੀਨੀਅਰਿੰਗ ਕਾਲਜ ਉਸਾਰਨ ਲਈ ਵੀ ਤਜਵੀਜ਼ ਤਿਆਰ ਕਰਨ ਲਈ ਕਿਹਾ।ਹੈ। ਉਨ੍ਹਾਂ ਮੁਗਲ ਸ਼ਾਸਕ ਰਾਏ ਕੱਲਾ ਦੀ ਯਾਦ ਨੂੰ ਸਮਰਪਿਤ ਲਾਇਬਰੇਰੀ ਕਾਇਮ ਕਰਨ ਲਈ ਇਕ ਕਰੋੜ ਰੁਪਏ ਵੀ ਪ੍ਰਵਾਨ ਕੀਤੇ।

# ਅਹੁਦੇਦਾਰੀਆਂ ਨੂੰ ਲੈ ਕੇ ਪੰਜਾਬ ਕਾਂਗਰਸ 'ਚ ਖਿੱਚੋਤਾਣ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਅਹੁਦੇਦਾਰਾਂ ਦੀ ਸੂਚੀ ਨੂੰ ਲੈ ਕੇ ਕਾਂਗਰਸ 'ਚ ਖਿੱਚੋਤਾਨ ਸ਼ੁਰੂ ਹੋ ਗਈ ਹੈ ਤੇ ਪਾਰਟੀ 'ਚ ਬਾਗੀ ਸੁਰਾਂ ਦਾ ਦੌਰ ਜਾਰੀ ਹੈ। ਉਧਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਉਠ ਰਹੀਆਂ ਬਾਗੀ ਸੁਰਾਂ ਤੇ ਅਨੁਸ਼ਾਸਨਹੀਣਤਾ ਨਾਲ ਕਰੜੇ ਹੱਥੀਂ ਨਜਿੱਠਣ ਲਈ ਪਾਰਟੀ ਦੇ ਦੋ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ (ਭੁਲੱਥ) ਤੇ ਸੁਰਿੰਦਰਪਾਲ ਸਿੰਘ ਸੀਬੀਆ (ਸੰਗਰੂਰ) ਨੂੰ ਪਾਰਟੀ ਦਾ ਜ਼ਾਬਤਾ ਭੰਗ ਕਰਨ ਦੇ ਦੋਸ਼ ਤਹਿਤ ਨੋਟਿਸ ਜਾਰੀ ਕੀਤਾ ਹੈ। ਇਸ ਦੇ ਨਾਲ ਹੀ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦਾ ਪਰਿਵਾਰ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਹਮਾਇਤ 'ਤੇ ਆ ਗਿਆ ਹੈ ਜਿਸ ਨਾਲ ਕਾਂਗਰਸ ਦੀ ਗੁੱਟਬੰਦੀ ਦਾ ਨਕਸ਼ਾ ਬਦਲਦਾ ਦਿਖਾਈ ਦੇ ਰਿਹਾ ਹੈ।

ਜ਼ਿਕਰਯੋਗ ਹੈ ਕਿ ਕਾਂਗਰਸ ਦੋਵਾਂ ਵਿਧਾਇਕਾਂ ਵੱਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਗਠਿਨ 'ਤੇ ਇਤਰਾਜ਼ ਪ੍ਰਗਟਾਏ ਸਨ। ਸ. ਖਹਿਰਾ ਵੱਲੋਂ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਪ੍ਰਦੇਸ਼ ਕਾਂਗਰਸ ਕਮੇਟੀ ਦੀ ਬਣਤਰ ਬਾਰੇ ਆਪਣਾ ਪੱਖ ਰੱਖਿਆ ਸੀ ਪਰ ਸ. ਸੀਬੀਆ ਵੱਲੋਂ ਉਕਤ ਸੂਚੀ ਦੀ ਜਨਤਕ ਤੌਰ 'ਤੇ ਨੁਕਤਾਚੀਨੀ ਵੀ ਕੀਤੀ ਗਈ ਸੀ। ਸ. ਸੀਬੀਆ ਇਸ ਕਾਰਨ ਵੀ ਕਾਫੀ ਪ੍ਰੇਸ਼ਾਨ ਹਨ ਕਿਉਂਕਿ ਕੈਪਟਨ ਅਮਰਿੰਦਰ ਸਿੰਘ ਸੰਗਰੂਰ ਵਿਧਾਨ ਸਭਾ ਹਲਕੇ ਤੋਂ ਸ੍ਰੀ ਅਰਵਿੰਦ ਖੰਨਾ ਨੂੰ ਪਾਰਟੀ ਟਿਕਟ ਦਿਵਾਉਣ ਦੇ ਚਾਹਵਾਨ ਹਨ ਜੋ ਮਗਰਲੀ ਕਾਂਗਰਸ ਸਰਕਾਰ ਦੌਰਾਨ ਵੀ ਇਸੇ ਹਲਕੇ ਤੋਂ ਚੋਣ ਜਿੱਤ ਕੇ ਵਿਧਾਇਕ ਬਣੇ ਸਨ। ਦੋਵਾਂ ਵਿਧਾਇਕਾਂ ਨੂੰ ਭੇਜੇ ਗਏ ਇਨ੍ਹਾਂ ਕਾਰਨ ਦੱਸੋ ਨੋਟਿਸਾਂ 'ਚ ਪਾਰਟੀ ਦੇ ਮੀਤ ਪ੍ਰਧਾਨ ਤੇ ਦਫਤਰ ਦੇ ਇੰਚਾਰਜ ਸ. ਲਾਲ ਸਿੰਘ ਵੱਲੋਂ ਸਪੱਸ਼ਟ ਕੀਤਾ ਹੈ ਕਿ ਇਹ ਨੋਟਿਸ ਪ੍ਰਦੇਸ਼ ਕਾਂਗਰਸ ਪ੍ਰਧਾਨ ਦੇ ਆਦੇਸ਼ਾਂ ਅਨੁਸਾਰ ਭੇਜੇ ਜਾ ਰਹੇ ਹਨ।

## ਖਹਿਰਾ ਤੇ ਸੀਬੀਆ ਨੂੰ ਨੋਟਿਸ ਜਾਰੀ





ਕਾਂਗਰਸ ਸੂਤਰਾਂ ਦਾ ਕਹਿਣਾ ਹੈ ਕਿ ਪਾਰਟੀ ਆਉਂਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਅਨੁਸ਼ਾਸਨਹੀਣਤਾਂ ਦੀਆਂ ਕਾਰਵਾਈਆਂ ਨਾਲ ਸਖ਼ਤੀ ਨਾਲ ਪੇਸ਼ ਆਉਣਾ ਚਾਹੁੰਦੀ ਹੈ। ਪਤਾ ਲੱਗਾ ਹੈ ਕਿ ਸ. ਖਹਿਰਾ ਤੇ ਸ. ਸੀਬੀਆ ਵੱਲੋਂ ਦਿੱਲੀ 'ਚ ਸ੍ਰੀ ਰਾਹੁਲ ਗਾਂਧੀ ਨਾਲ ਵੀ ਭੇਟ ਕੀਤੀ ਗਈ ਤੇ ਮਗਰਲੇ ਚਾਰ ਸਾਲ ਦੌਰਾਨ ਕੀਤੇ ਗਏ ਕੰਮਕਾਜ ਤੋਂ ਜਾਣੂ ਕਰਵਾਉਂਦਿਆਂ ਉਕਤ ਵਿਵਾਦ 'ਤੇ ਆਪਣਾ ਪੱਖ ਰੱਖਿਆ ਗਿਆ। ਉਧਰ ਸੀਨੀਅਰ ਕਾਂਗਰਸੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ, ਸ. ਜਗਮੋਹਣ ਸਿੰਘ ਕੰਗ, ਰਾਣਾ ਗੁਰਮੀਤ ਸਿੰਘ ਸੋਢੀ, ਸ. ਤੇਜ਼ਪ੍ਰਕਾਸ਼ ਸਿੰਘ ਤੇ ਹੋਰ ਵੀ ਬਹੁਤ ਸਾਰੇ ਕਾਂਗਰਸੀ ਆਗੂ ਦਿੱਲੀ ਡੇਰੇ ਲਾਈ ਬੈਠੇ ਹਨ ਤਾਂ ਜੋ ਪ੍ਰਦੇਸ਼ ਕਾਂਗਰਸ ਕਮੇਟੀ ਦੀ ਸੂਚੀ ਵਿਚ ਵਾਧਾ ਹੋਣ ਦੀ ਸੂਰਤ ਵਿਚ ਆਪਣੇ ਹਮਾਇਤੀਆਂ ਨੂੰ ਵਾਜਬ ਅਹੁਦੇ ਦਿਵਾ ਸਕਣ।

## ਹਾਈ ਕਮਾਨ ਦੀ ਘੂਰਕੀ ਨਾਲ ਉਬਾਲ ਠੰਢਾ ਪਿਆ

**ਚੰਡੀਗੜ੍ਹ:** ਉਧਰ ਹਾਈ ਕਮਾਨ ਦੀ ਘੂਰਕੀ ਨਾਲ ਕਾਂਗਰਸ 'ਚ ਉੱਠਿਆ ਉਬਾਲ ਠੰਢਾ ਹੋ ਗਿਆ ਹੈ। ਕਾਂਗਰਸ ਹਾਈ ਕਮਾਨ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਦੀ ਸੂਚੀ ਜਾਰੀ ਹੋਣ ਮਗਰੋਂ ਪੈਦਾ ਹੋਈ 'ਬਗ਼ਾਵਤ' ਨੂੰ ਇਹ ਕਹਿੰਦਿਆਂ ਠੁੱਸ ਕਰ ਦਿੱਤਾ ਕਿ ਉਹ ਕਿਸੇ ਦਬਾਅ ਹੇਠ ਆਉਣ ਵਾਲੀ ਨਹੀਂ।

ਹਾਈ ਕਮਾਨ ਦੀ ਘੂਰੀ ਮਗਰੋਂ ਬਹੁਤ ਸਾਰੇ ਆਗੂ ਜਿਹੜੇ ਨਾਰਾਜ਼ ਹੋ ਗਏ ਸਨ, ਨੇ ਹੁਣ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਉਹ ਪਾਰਟੀ ਹੁਕਮਾਂ 'ਤੇ ਫੁੱਲ ਚੜ੍ਹਾਉਣਗੇ।

ਸੂਤਰਾਂ ਮੁਤਾਬਕ ਪਾਰਟੀ ਨੇ ਕੁਝ ਵਿਧਾਇਕਾਂ ਜਿਨ੍ਹਾਂ ਵਿਚ ਸੁੱਖ ਸਰਕਾਰੀਆ (ਅੰਮ੍ਰਿਤਸਰ ਦਿਹਾਤੀ), ਅਮਰਜੀਤ ਸਿੰਘ ਸਮਰਾ (ਜਲੰਧਰ ਦਿਹਾਤੀ) ਤੇ ਰਾਣਾ ਕੇ.ਪੀ. (ਰੋਪੜ) ਨੂੰ ਜ਼ਿਲ੍ਹਾ ਪ੍ਰਧਾਨ ਬਣਾਉਣ ਦੀ ਸਿਫ਼ਾਰਸ਼ ਕੀਤੀ ਤੇ ਸਰਕਾਰੀਆ ਤੇ ਰਾਣਾ ਨੂੰ ਮੀਤ ਪ੍ਰਧਾਨ ਬਣਾ ਦਿੱਤਾ। ਇਸ ਤੋਂ ਇਲਾਵਾ ਸੂਬਾ ਇਕਾਈ ਦੇ ਕਈ ਵੱਡੇ ਆਗੂਆਂ ਰਾਜਿੰਦਰ ਕੌਰ ਭੱਠਲ, ਜਗਮੀਤ ਬਰਾੜ, ਪ੍ਰਤਾਪ ਸਿੰਘ ਬਾਜਵਾ ਤੇ ਮਹਿੰਦਰ ਸਿੰਘ ਕੇ.ਪੀ. ਦੇ ਨੇੜਲਿਆਂ ਨੂੰ ਸੂਬਾ ਕਮੇਟੀ ਵਿਚ ਲੈਣ ਕਾਰਨ ਇਹ ਵੱਡੇ ਆਗੂ ਸੂਚੀ ਦੇ ਵਿਰੋਧ ਵਿਚ ਬੋਲਣ ਜੋਗੇ ਨਹੀਂ ਰਹੇ। ਬੀਬੀ ਭੱਠਲ ਦਾ ਜਵਾਈ ਵਿਕਰਮ ਬਾਜਵਾ, ਪ੍ਰਤਾਪ ਬਾਜਵਾ ਦਾ ਭਰਾ ਫਤਿਹਜੰਗ ਬਾਜਵਾ ਪਾਰਟੀ ਵਿਚ ਬਹੁਤ ਜੂਨੀਅਰ ਹੋਣ ਦੇ ਬਾਵਜੂਦ ਜਨਰਲ ਸਕੱਤਰ ਬਣ ਗਏ ਹਨ। ਜਗਮੀਤ ਬਰਾੜ ਦੇ ਸਿਫ਼ਾਰਸ਼ੀ ਗੁਰਦਾਸ ਗਿਰਧਰ ਨੂੰ ਮੁਕਤਸਰ ਦਾ ਜ਼ਿਲ੍ਹਾ ਪ੍ਰਧਾਨ ਬਣਾਉਣ ਤੋਂ ਇਲਾਵਾ ਭਰਾ ਰਿਪਜੀਤ ਨੂੰ ਕਾਰਜਕਾਰਨੀ ਵਿਚ ਲੈ ਲਿਆ ਗਿਆ। ਕੇ.ਪੀ. ਦੇ ਨੇੜਲੇ ਅਰੁਣ ਵਾਲੀਆ ਨੂੰ ਜ਼ਿਲ੍ਹਾ ਜਲੰਧਰ (ਸ਼ਹਿਰੀ) ਪ੍ਰਧਾਨ ਬਣਾ ਦਿੱਤਾ ਗਿਆ। ਇਸ ਸੂਚੀ ਤੋਂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦਾ ਪਰਿਵਾਰ ਨਰਾਜ਼ ਹੋ ਸਕਦਾ ਸੀ ਪਰ ਉਨ੍ਹਾਂ ਨੇ ਸਿੱਧੇ ਰੂਪ 'ਚ ਕੈਪਟਨ ਦੀ ਹਮਾਇਤ ਕਰ ਦਿੱਤੀ ਹੈ।

# ਗਦਰ ਮੈਮੋਰੀਅਲ ਕਾਨਫਰੰਸ ਲਈ ਤਿਆਰੀ ਜ਼ੋਰਾਂ 'ਤੇ

**ਸੈਕਰਾਮੈਂਟੋ:** ਇਥੇ ਆਉਂਦੀ ਦੋ ਜੁਲਾਈ ਨੂੰ ਹੋਣ ਵਾਲੀ ਗਦਰ ਮੈਮੋਰੀਅਲ ਕਾਨਫਰੰਸ ਅਤੇ ਸੱਭਿਆਚਾਰਕ ਮੇਲੇ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿਤਾ ਗਿਆ ਅਤੇ ਵਖ ਵਖ ਕਮੇਟੀਆਂ ਦੀ ਸਥਾਪਨਾ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਡਾ. ਗੁਰਮੇਲ ਸਿੰਘ ਸਿੱਧੂ, ਪ੍ਰੋ. ਜਿਉਤੀ ਸਿੰਘ, ਡਾ. ਇੰਦਰਜੋਤ ਸਾਈਕਾਲੋਜਿਸਟ ਅਤੇ ਸੁਰਜੀਤ ਅਟਵਾਲ 'ਤੇ ਆਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ।

ਮੇਲਾ ਕਰਵਾ ਰਹੀ ਗਦਰ ਮੈਮੋਰੀਅਲ ਫਾਉਂਡੇਸ਼ਨ ਦੇ ਪ੍ਰਧਾਨ ਚਰਨ ਸਿੰਘ ਜੱਜ ਨੇ ਕਾਨਫਰੰਸ ਦਾ ਏਜੰਡਾ ਪੇਸ਼ ਕਰਦਿਆਂ ਦੱਸਿਆ ਕਿ ਇਸ ਵਾਰ ਪ੍ਰੋ. ਰਘਬੀਰ ਸਿੰਘ ਸਿਰਜਣਾ (ਚੰਡੀਗੜ੍ਹ), ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ (ਮੁਖੀ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਵਰਲਡ ਪੰਜਾਬ ਸੈਂਟਰ ਦੇ ਡਾਇਰੈਕਟਰ ਮਨਮੋਹਨ ਦੀਪਕ, ਅਤੇ ਡਾ. ਸਾਧੂ ਸਿੰਘ (ਪੀ.ਏ.ਯੂ. ਲੁਧਿਆਣਾ) ਕਾਨਫਰੰਸ ਵਿਚ ਪਹੁੰਚ ਰਹੇ ਹਨ।

ਸੱਭਿਆਚਾਰਕ ਮੇਲੇ ਵਿਚ ਦੇਸ਼ ਭਗਤੀ ਦੀ ਵਿਰਾਸਤ ਦੇ ਗੀਤ ਗਾਏ ਜਾਣਗੇ। ਉਸ ਤੋਂ ਬਾਅਦ ਡਾਇਰੈਕਟਰ ਸੁਰਿੰਦਰ ਸਿੰਘ ਧਨੋਆ ਵੱਲੋਂ ਤਿਆਰ ਕੀਤਾ ਡਰਾਮਾ 'ਪੱਤਣਾਂ 'ਤੇ ਰੋਣ ਖੜ੍ਹੀਆਂ' ਪੇਸ਼ ਕੀਤਾ ਜਾਵੇਗਾ। ਇਸ ਡਰਾਮੇ ਦੀ ਕਹਾਣੀ ਬੜੀ ਦਰਦਨਾਕ ਹੈ ਜੋ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਮੁਲਕਾਂ ਵਿਚ ਸਾਡੀ ਕਮਿਊਨਟੀ ਨਾਲ ਸਮੇਂ-ਸਮੇਂ ਵਾਪਰਦੀ ਹੈ।

ਮੀਟਿੰਗ ਵਿਚ ਡਾ. ਗੁਰਮੇਲ ਸਿੰਘ ਸਿੱਧੂ, ਪ੍ਰਿੰ. ਹਰਜਿੰਦਰ ਸਿੰਘ ਮੱਟੂ, ਪ੍ਰੋ. ਹਰਪਾਲ ਸਿੰਘ ਅਤੇ ਇੰਦਰਜੀਤ ਸਿੰਘ ਗਿੱਲ ਨੇ ਸੁਝਾਅ ਦਿੱਤਾ ਕਿ ਇੱਥੋਂ ਦੇ ਲਾਇਕ ਵਿਦਿਆਰਥੀਆਂ ਲਈ ਸਕਾਲਰਸ਼ਿਪ ਸ਼ੁਰੂ ਕੀਤੇ ਜਾਣ ਅਤੇ ਯੂਨੀਵਰਸਿਟੀ ਵਿਦਿਆਰਥੀਆਂ ਦੇ ਭਾਰਤ ਦੀ ਆਜ਼ਾਦੀ 'ਤੇ ਭਾਸ਼ਣ ਮੁਕਾਬਲੇ ਕਰਵਾਉਣ ਦੇ ਉਪਰਾਲੇ ਕੀਤੇ ਜਾਣ। ਡਾ. ਦਿਲਜੀਤ ਸਿੰਘ, ਕੰਵਰ ਕਸ਼ਮੀਰ ਸਿੰਘ ਡੀ.ਈ.ਓ. ਅਤੇ ਉਜਾਗਰ ਸਿੰਘ ਨੇ ਕਾਨਫਰੰਸ ਦੀ ਤਿਆਰੀ ਲਈ ਲਾਮਬੰਦੀ 'ਤੇ ਜ਼ੋਰ ਦਿੱਤਾ। ਤਾਰਾ ਸਾਗਰ ਅਤੇ ਸੁਰਿੰਦਰ ਸਿੰਘ ਧਨੋਆ ਨੇ ਨਾਟਕ ਦੇ ਪੱਖਾਂ ਬਾਰੇ ਚਾਨਣਾ ਪਾਇਆ ਅਤੇ ਕਾਨਫਰੰਸ ਵਿਚ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ 'ਤੇ ਜੋਰ ਦਿਤਾ।

ਕਾਨਫਰੰਸ ਦੀ ਸਮੁੱਚੀ ਤਿਆਰੀ ਵਾਸਤੇ ਹਾਜਰ 30 ਮੈਂਬਰਾਂ ਨੇ ਚਾਰ ਗਰੁੱਪਾਂ ਵਿਚ ਜ਼ਿੰਮੇਵਾਰੀ ਕਬੂਲ ਕੀਤੀ। ਪਹਿਲਾ ਗਰੁਪ ਸਾਹਿਤ ਅਤੇ ਸੱਭਿਆਚਾਰ ਲਈ ਬਣਾਇਆ ਗਿਆ ਜਿਸ ਵਿਚ ਡਾ. ਗੁਰਮੇਲ ਸਿੰਘ, ਪ੍ਰਿੰ. ਹਰਜਿੰਦਰ ਸਿੰਘ ਮੱਟੂ, ਪ੍ਰੋ. ਜਿਉਤੀ ਸਿੰਘ, ਤਾਰਾ ਸਾਗਰ ਅਤੇ ਸੁਰਿੰਦਰ ਸਿੰਘ ਧਨੋਆ ਸ਼ਾਮਲ ਹਨ। ਦੂਜੇ ਗਰੁਪ ਵਿਚ ਚਰਨ ਸਿੰਘ ਜੱਜ, ਪ੍ਰੋ. ਹਰਪਾਲ ਸਿੰਘ, ਸਰਪੰਚ ਜਗਜੀਤ ਸਿੰਘ ਕੰਦੋਲਾ, ਡੀ.ਈ.ਓ. ਉਜਾਗਰ ਸਿੰਘ, ਜਨਕਰਾਜ ਸਿੱਧਰਾ, ਜਰਨੈਲ ਸਿੰਘ ਅਤੇ ਕੁਲਦੀਪ ਸਿੰਘ ਅਟਵਾਲ ਨੂੰ ਜ਼ਿੰਮੇਵਾਰੀ ਸੌਂਪੀ ਗਈ। ਮੀਡੀਆ ਇੰਚਾਰਜ ਗਰੁਪ ਵਿਚ ਕੰਵਲ ਕਸ਼ਮੀਰ ਸਿੰਘ, ਇੰਦਰਜੀਤ ਗਿੱਲ ਹੋਣਗੇ। ਲੰਗਰ ਇੰਚਾਰਜ ਜੱਥੇਦਾਰ ਬਲਬੀਰ ਸਿੰਘ, ਸਰਪੰਚ ਕੁਲਦੀਪ ਸਿੰਘ ਯੂਬਾ ਸਿਟੀ, ਹਰਪਾਲ ਮਾਨ, ਯਾਦਵਿੰਦਰ ਹੈਪੀ, ਸਤਿੰਦਰਬੀਰ ਸਿੰਘ ਅਤੇ ਮਾਸਟਰ ਮੁਹਿੰਦਰ ਸਿੰਘ ਦੁਸਾਂਝ ਨੂੰ ਬਣਾਇਆ ਗਿਆ। ਫੰਡ ਰੇਜ਼ਿੰਗ ਵਾਸਤੇ ਤਿੰਨ ਟੀਮਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ। ਕਾਨਫਰੰਸ ਦੇ ਪ੍ਰੋਗਰਾਮ ਦੀ ਇਸ਼ਤਿਹਾਰਬਾਜੀ ਟੀ.ਵੀ. ਅਤੇ ਰੇਡੀਓ ਤੋਂ ਵੀ ਕੀਤੀ ਜਾਵੇਗੀ।

ਮੀਟਿੰਗ 'ਚ ਤਰਲੋਚਨ ਸਿੰਘ ਨਾਗਰਾ, ਨਿਰਮਲ ਸਿੰਘ ਚੀਮਾ, ਸ. ਕੇਹਰ ਸਿੰਘ, ਬੀਬੀ ਸੁਰਜੀਤ ਕੌਰ, ਬਲਬੀਰ ਸਿੰਘ ਧਾਮੀ, ਕੁਲਦੀਪ ਸਿੰਘ ਸੰਘੇੜਾ, ਸ. ਮੇਹਰ ਸਿੰਘ, ਸਤਬੀਰ ਸਿੰਘ ਉਚੇਚੇ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਦੇ ਅਖੀਰ ਵਿਚ ਸਾਰੇ ਹੀ ਹਾਜ਼ਰ ਮੈਂਬਰਾਂ ਨੇ ਸਾਹਿਤਕਾਰ ਸਰਬਜੀਤ ਸਿੰਘ ਔਲਖ ਦੀ ਬੇਵਕਤ ਮੌਤ 'ਤੇ ਡੂੰਘੇ ਦੁਖ ਦਾ ਇਜ਼ਹਾਰ ਕੀਤਾ ਅਤੇ ਇਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ।

## ਯੂਬਾ ਸਿਟੀ 'ਚ ਮੇਲਾ 29 ਮਈ ਨੂੰ

**ਯੂਬਾ ਸਿਟੀ (ਬਿਊਰੋ):** ਪੰਜਾਬੀ ਅਮਰੀਕਨ ਵਿਰਾਸਤ ਸਭਾ ਦਾ 17ਵਾਂ ਸਭਿਆਚਾਰਕ ਮੇਲਾ ਇਸ ਵਾਰ ਮੈਮੋਰੀਅਲ ਡੇ 29 ਮਈ, ਐਤਵਾਰ ਨੂੰ ਇਥੇ ਯੂਬਾ-ਸਟਰ ਫੇਅਰ ਗਰਾਊਂਡ ਵਿਚ ਸਵੇਰੇ 11 ਵਜੇ ਤੋਂ ਸ਼ਾਮ 8 ਵਜੇ ਤੱਕ ਹੋਵੇਗਾ ਅਤੇ ਇਸ ਮੇਲੇ ਲਈ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਮੇਲੇ ਵਿਚ 10 ਹਜ਼ਾਰ ਤੋਂ ਵੱਧ ਲੋਕਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਪੰਜਾਬੀ ਅਮੈਰਿਕਨ ਹੈਰੀਟੇਜ ਸੁਸਾਇਟੀ ਦੀ ਸਥਾਪਨਾ 1993 ਵਿਚ ਵੱਖ ਵੱਖ ਭਾਈਚਾਰਿਆਂ ਨਾਲ ਬਿਹਤਰ ਸਮਝ ਪੈਦਾ ਕਰਨ ਅਤੇ ਆਪਣੀਆਂ ਵਿਰਾਸਤੀ ਜੜ੍ਹਾਂ ਨਾਲ ਜੁੜੇ ਰਹਿਣ ਦੇ ਮਨੋਰਥ ਨਾਲ ਕੀਤੀ ਗਈ ਸੀ। ਪਿਛਲੇ 17 ਸਾਲਾਂ ਵਿਚ ਇਸ ਨੇ ਮੁੱਖ ਧਾਰਾ ਦੇ ਅਮਰੀਕਨਾਂ ਵਿਚ ਪੰਜਾਬੀ ਭਾਈਚਾਰੇ ਤੇ ਸਭਿਆਚਾਰ ਬਾਰੇ ਬਿਹਤਰ ਸਮਝ ਪੈਦਾ ਕੀਤੀ ਹੈ।

ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਬੁਲਾਰੇ ਅਮਰੀਕ ਸਿੰਘ ਧੁੱਗਾ ਨੇ ਦੱਸਿਆ ਕਿ ਇਸ ਵਾਰ ਇੰਗਲੈਂਡ ਦੇ ਕਲਾਕਾਰ ਆਰ.ਡੀ.ਬੀ ਗਰੁਪ (ਨਿੰਦੀ ਕੌਰ ਅਤੇ ਮੰਜ) ਤਾਲ, ਢੋਲ ਅਤੇ ਧਮਾਲ ਨਾਲ ਸਟੇਜ ਲਾਉਣਗੇ। 'ਸਾ ਰੇ ਗਾ ਮਾ ਪਾ 2010' ਦੇ ਜੇਤੂ ਅਤੇ ਨੌਜਵਾਨ ਕਲਾਕਾਰ ਕਮਲ ਖ਼ਾਨ ਵੀ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਕੈਲੀਫੋਰਨੀਆ ਦੇ ਵੱਖੋ-ਵੱਖ ਇਲਾਕਿਆਂ ਤੋਂ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਗਿੱਧੇ ਅਤੇ ਭੰਗੜੇ ਦੀ ਧਮਾਲ ਪਾਉਣਗੀਆਂ। ਇਸ ਮੌਕੇ ਮਿਸ ਅਤੇ ਮਿਸਟਰ ਪੰਜਾਬੀ ਪ੍ਰਤਿਭਾ ਮੁਕਾਬਲੇ ਵੀ ਹੋਣਗੇ। ਇਹ ਮੁਕਾਬਲਾ ਪੀ ਟੀ ਸੀ ਪੰਜਾਬੀ ਟੀ ਵੀ ਦੀ ਭਾਈਵਾਲੀ ਨਾਲ ਕਰਾਇਆ ਜਾਂਦਾ ਹੈ ਅਤੇ ਇਸ ਨੂੰ ਪੀ ਟੀ ਸੀ ਵਲੋਂ ਆਉਣ ਵਾਲੇ ਦਿਨਾਂ ਵਿਚ ਦਿਖਾਇਆ ਜਾਵੇਗਾ।

ਕੁਝ ਚੋਣਵੀਆਂ ਇਨਾਮ ਜੇਤੂ ਲਘੂ-ਫਿਲਮਾਂ ਵੀ ਵਿਖਾਈਆਂ ਜਾਣਗੀਆਂ ਜਿਨ੍ਹਾਂ ਵਿਚ ਆਓ ਜੀ (ਸੰਗੀਤ ਵੀਡਿਓ), ਸ਼ੇਰ ਦੀ ਸਵਾਰੀ, ਮਿਲਾਪ, ਵਾਹਗਾ, ਦਾ ਰੀਯੂਨੀਅਨ ਤੇ ਰਾਈਡਿੰਗ ਦਾ ਟਾਈਗਰ ਅਤੇ ਕੈਦੀਆਂ ਦਾ ਗੀਤ ਸ਼ਾਮਲ ਹਨ। ਪੰਜਾਬੀ ਹੈਰੀਟੇਜ ਵਜ਼ੀਫੇ ਜਿੱਤਣ ਵਾਲੇ ਛੇ ਸਥਾਨਕ ਵਿਦਿਆਰਥੀਆਂ ਦਾ ਵੀ ਇਸ ਮੇਲੇ ਵਿਚ ਸਨਮਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕੱਪੜਿਆਂ, ਗਹਿਣਿਆਂ, ਖਿਡਾਉਣਿਆਂ, ਪੁਸਤਕਾਂ, ਕੈਸਿਟਾਂ, ਵੀਡੀਓ ਵਗੈਰਾ ਦੇ ਖਰੀਦੋ ਫਰੋਖਤ ਦੇ ਸਟਾਲਾਂ ਤੋਂ ਇਲਾਵਾ ਚਾਹ-ਕਾਫੀ, ਖਾਣਿਆਂ, ਜਲੇਬੀਆਂ ਅਤੇ ਆਈਸ-ਕਰੀਮ ਦੇ ਸਟਾਲ ਵੀ ਲੱਗਣਗੇ। ਹੋਰ ਜਾਣਕਾਰੀ ਲਈ ਫੋਨ 530-844-0247 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬੀ ਨੌਜਵਾਨ ਹਾਦਸੇ 'ਚ ਹਲਾਕ

**ਵੁਡਰਿਜ, ਨਿਊ ਜਰਸੀ:** ਲੰਘੇ ਐਤਵਾਰ ਗੁਰਜੀਤ ਸਿੰਘ ਨਾਂ ਦਾ ਇਕ 24 ਸਾਲਾ ਪੰਜਾਬੀ ਨੌਜਵਾਨ ਉਦੋਂ ਹਲਾਕ ਹੋ ਗਿਆ ਜਦੋਂ ਉਸ ਦੀ ਫੋਰਡ ਮਸਟੈਂਗ ਕਾਰ ਨਿਊ ਡੋਵਰ ਰੋਡ ਨਜ਼ਦੀਕ ਰੂਟ 27 'ਤੇ ਇਕ ਦਰਖਤ ਨਾਲ ਜਾ ਟਕਰਾਈ। ਗੁਰਜੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਹ ਕਾਰਟਰੇਟ ਦਾ ਰਹਿਣ ਵਾਲਾ ਸੀ। ਪੁਲਿਸ ਅਨੁਸਾਰ ਸੰਭਵ ਹੈ ਕਿ ਗੁਰਜੀਤ ਸਿੰਘ ਗੱਡੀ ਬਹੁਤ ਜ਼ਿਆਦਾ ਤੇਜ਼ ਚਲਾ ਰਿਹਾ ਹੋਵੇ।


# ਸ਼ੈਲ ਗੈਸ ਸਟੇਸ਼ਨ ਵਿਕਾਊ

**ਵਾਸ਼ਿੰਗਟਨ ਸਟੇਟ ਵਿਚ ਬਹੁਤ ਚੰਗਾ ਚਲਦਾ ਸ਼ੈਲ ਗੈਸ ਸਟੇਸ਼ਨ ਜਿਸ ਵਿਚ ਹਾਟ ਫੂਡ, ਡੈਲੀ ਅਤੇ ਬੀਅਰ/ ਵਾਈਨ ਵੀ ਨਾਲ ਹੈ, ਪ੍ਰਾਪਰਟੀ ਸਮੇਤ ਵਿਕਾਊ ਹੈ**

# Shell Gas Station For Sale

**With Property**

**Golden Turn Key Business Opportunity in Pacific Northwest, Beautiful Town Cathlamet, On Scenic Highway Alongwith Columbia River**

**High Volume Traffic**

**With Hot Food, Deli and Beer/Wine.**

**Also Have A Good Rental Income**

***Please Serious Buyer Only***

***Contact: Jarnail Singh***

***Ph:360-431-9277***





# Guaranteed Save $5,000!

**On Your Home Purchase or I will Pay You $1,000 Cash**

Call 24hr for free information 1-888-450-6603, ID 4008

Priority Access to Hot New Listing. Visit www.FreeHotListings.net

**Amardeep Singh, Realtor/Loan Broker (DRE # 01357217) Ph:(916) 712-2735**



**$169,000**

**ANATOLIA - $645 Payment**

Quite street!. Bright living & family room. Perfect home. Private Shaded backyard. Cozy fireplace. Beautiful

**FREE INFO: 1-888-450-6603**

ID # 4230



**$165,000**

**NATOMAS - $630 Payment**

Why Rent? Starter Home. Open Floor Plan.Bright Living Rooms. Cozy Den, Comfortable. Eat in Kitchen.

**FREE INFO: 1-888-450-6603**

ID # 4231



**$148,000**

**ANTELOPE - $562 Payment**

Great Investment! Wonderful Area. Best schools. Walking distance to parks. Family home. Private back yard.

**FREE INFO: 1-888-450-6603**

ID # 4232



**$109,000**

**CALVINE - $416 Payment**

Location–Lively. Comfortable. Safe Neighborhood. Don't Miss. What A Deal.Easy access to Hwy 99 and College

**FREE INFO: 1-888-450-6603,**

ID # 4233



**$155,000**

**VINTAGE - $591 Payment**

Great Opportunity. First time home buyer. Walking distance to school, park, and shopping. Clean. Safe Area.

**FREE INFO: 1-888-450-6603**

ID # 4234



**$189,900**

**Natomas - $721 Payment**

Bank Owned. New Home. Excellent School District. Family room. Bright living room. Cozy den. Granite Counters

**FREE INFO: 1-888-450-6603**

ID # 4235



**$119,000**

**SACRAMENTO - $454 Payment**

Safe Neighborhood. Desirable Location. Private Yard. Open Layout. Family Beautiful Home

**FREE INFO: 1-888-450-6603,**

ID # 4236



**$229,000**

**ANATOLIA - $874 Payment**

New community. Good Schools. Walking distance to park. One Bed and one bath down stairs. Fire Place. Shaded Backyard.

**FREE INFO: 1-888-450-6603**

ID # 4237



**$240,000**

**ELK GROVE - $916 Payment**

Great School District. Cul de sac Location. Wooden and Tile Floor. Maintained landscaped. Upgrade kitchen. 4 Bed.

**FREE INFO: 1-888-450-6603**

ID # 4238



**$229,000**

**ROCKLIN - $874 Payment**

Beautiful home on a corner lot. Open floor plan with large family room. Upgraded kitchen. First time buyer delight.

**FREE INFO: 1-888-450-6603**

ID # 4239



**$210,000**

**ELK GROVE - $802 Payment**

Lovely home. 4 bedroom. Great schools. Private yard. Perfect for family. Quite Street.Wonderful Area. Desirable.

**FREE INFO: 1-888-450-6603**

ID #4240




**For Short Sale I received over $4,500**

**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਜਪਾ ਤੋਂ ਟੁੱਟ ਨਹੀਂ ਰਿਹਾ ਭ੍ਰਿਸ਼ਟਾਚਾਰ ਦਾ ਚੱਕਰਵਿਊ

*(ਸਫਾ ਇਕ ਦੀ ਬਾਕੀ)*

ਚੋਣ ਫ਼ੰਡ ਇਕੱਠਾ ਕਰਨ ਦੇ ਦੋਸ਼ ਵੀ ਲਾਏ ਹਨ। ਸ੍ਰੀ ਕੱਕੜ ਨੇ ਜੰਗਲਾਂ ਦੀ ਨਾਜਾਇਜ਼ ਕਟਾਈ ਲਈ ਮਹਿਕਮੇ ਦੇ ਅਧਿਕਾਰੀਆਂ ਨੂੰ ਕਸੂਰਵਾਰ ਠਹਿਰਾਉਂਦਿਆਂ ਇੰਕਸ਼ਾਫ਼ ਕੀਤਾ ਹੈ ਕਿ ਪਿਛਲੇ ਚਾਰ ਸਾਲਾਂ ਦੌਰਾਨ ਵੱਖ-ਵੱਖ ਸਕੀਮਾਂ ਤਹਿਤ ਆਈਆਂ ਗਰਾਂਟਾਂ ਦੀ ਅੱਧੀ ਰਕਮ ਵੀ ਅਸਲੀ ਮੰਤਵ 'ਤੇ ਖਰਚ ਨਹੀਂ ਕੀਤੀ ਗਈ ਤੇ ਪੌਦੇ ਲਾਉਣ ਤੇ ਸਾਂਭ-ਸੰਭਾਲ ਲਈ ਆਇਆ ਪੈਸਾ ਅਧਿਕਾਰੀਆਂ ਦੀਆਂ ਜੇਬਾਂ ਵਿਚ ਚਲਾ ਗਿਆ।

ਉਨ੍ਹਾਂ ਦਾਅਵਾ ਕੀਤਾ ਹੈ ਕਿ ਜੇਕਰ ਕਿਸੇ ਨਿਰਪੱਖ ਏਜੰਸੀ ਤੋਂ ਜਾਂਚ ਕਰਵਾਈ ਜਾਵੇ ਤਾਂ ਵੱਡੇ ਘਪਲੇ ਸਾਹਮਣੇ ਆਉਣਗੇ। ਉਨ੍ਹਾਂ ਦੋਸ਼ ਲਾਇਆ ਹੈ ਕਿ ਆਈ.ਡਬਲਿਊ.ਡੀ.ਪੀ. ਤੇ ਜਾਪਾਨ ਪ੍ਰੋਜੈਕਟਾਂ ਤਹਿਤ ਕਰੋੜਾਂ ਰੁਪਏ ਖਰਚ ਕਰਕੇ ਕੀਤੀ ਪਲਾਂਟੇਸ਼ਨ ਦੀ ਸੰਭਾਲ ਨਾ ਹੋਣ ਕਾਰਨ ਇਨ੍ਹਾਂ ਦੀ ਜੀਵਤ ਪ੍ਰਤੀਸ਼ਤਤਾ 5 ਤੋਂ 10 ਫ਼ੀਸਦੀ ਤੱਕ ਰਹਿ ਗਈ ਹੈ। ਪਿਛਲੇ ਸਾਲਾਂ ਦੌਰਾਨ ਦੋ ਲੱਖ ਤੋਂ ਵੱਧ ਰੁੱਖਾਂ ਦੀ ਨਾਜਾਇਜ਼ ਕਟਾਈ ਹੋਈ ਹੈ ਜਿਸ ਕਾਰਨ ਜਿੱਥੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗਾ ਹੈ, ਉਥੇ ਵਾਤਾਵਰਨ ਦਾ ਸੰਤੁਲਨ ਵੀ ਵਿਗੜਿਆ ਹੈ। ਇਕੱਲੇ ਫ਼ਿਰੋਜ਼ਪੁਰ ਸਰਕਲ ਵਿਚ ਉਚ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਇਕ ਲੱਖ ਤੋਂ ਵੱਧ ਰੁੱਖਾਂ ਦੀ ਨਾਜਾਇਜ਼ ਕਟਾਈ ਹੋਈ ਹੈ। ਅਧਿਕਾਰੀਆਂ ਦੀ ਮਿਲੀਭੁਗਤ ਕਾਰਨ ਵਣ ਰੱਖਿਆ ਕਾਨੂੰਨ ਦੀਆਂ ਧੱਜੀਆਂ ਉਡ ਰਹੀਆਂ ਹਨ ਤੇ ਹਰੀਆਂ-ਭਰੀਆਂ ਪਹਾੜੀਆਂ ਰੁੱਖ ਕੱਟ ਕੇ ਪੱਧਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਵਣਾਂ ਦੀ ਜ਼ਮੀਨ ਤੋਂ ਰੁੱਖਾਂ ਦਾ ਸਫ਼ਾਇਆ ਕਰਕੇ ਧੜਾਧੜ ਨਾਜਾਇਜ਼ ਕਬਜ਼ੇ ਕੀਤੇ ਜਾ ਚੁੱਕੇ ਹਨ ਤੇ ਇਹ ਸਿਲਸਿਲਾ ਅਜੇ ਵੀ ਜਾਰੀ ਹੈ ਪਰ ਵਿਭਾਗ ਵੱਲੋਂ ਕੋਈ ਅਸਰਦਾਰ ਕਾਰਵਾਈ ਨਾ ਕੀਤੀ ਗਈ ਤੇ ਨਾ ਹੀ ਕੀਤੀ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਅਜਿਹੇ ਸਬੂਤ ਹਨ ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਕਿਵੇਂ ਅਧੀਨ ਕਰਮਚਾਰੀਆਂ ਨੂੰ ਘੱਟ ਪੌਦੇ ਲਗਾਉਣ ਤੇ ਰੁੱਖਾਂ ਦੀ ਨਾਜਾਇਜ਼ ਕਟਾਈ ਲਈ ਮਜਬੂਰ ਕੀਤਾ ਜਾਂਦਾ ਹੈ ਤੇ ਉਨ੍ਹਾਂ ਰਾਹੀਂ ਪੈਸੇ ਉਗਰਾਹੇ ਜਾਂਦੇ ਹਨ।

## ਸੱਪ ਦੇ ਮੂੰਹ 'ਚ ਕਿਰਲੀ

**ਚੰਡੀਗੜ੍ਹ:** ਜੰਗਲਾਤ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਵੱਲੋਂ ਤੀਕਸ਼ਣ ਸੂਦ 'ਤੇ ਲਾਏ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਨੇ ਪਾਰਟੀ ਨੂੰ ਇਕ ਵਾਰ ਮੁੜ ਸੰਕਟ ਵਿਚ ਪਾ ਦਿੱਤਾ ਹੈ।

ਅਕਾਲੀ-ਭਾਜਪਾ ਸਰਕਾਰ ਲਈ ਹੁਣ ਸੱਪ ਦੇ ਮੂੰਹ 'ਚ ਕਿਰਲੀ ਵਾਲੀ ਹਾਲਤ ਬਣ ਗਈ ਹੈ। ਇਸ ਸ਼ਿਕਾਇਤ 'ਤੇ ਜੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਇਸ ਨਾਲ ਸਰਕਾਰ ਦੀ ਨੀਅਤ 'ਤੇ ਸਵਾਲ ਉਠ ਸਕਦੇ ਹਨ ਪਰ ਜੇ ਇਸ ਮਾਮਲੇ ਦੀ ਜਾਂਚ ਹੁੰਦੀ ਹੈ ਤਾਂ ਸ੍ਰੀ ਸੂਦ ਤੋਂ ਅਸਤੀਫਾ ਲੈਣ ਦੀ ਮੰਗ ਵੀ ਤੂਲ ਫੜ ਸਕਦੀ ਹੈ ਕਿਉਂਕਿ ਪੰਜਾਬ ਭਾਜਪਾ ਦੀ ਲੀਡਰਸ਼ਿਪ 'ਚੋਂ ਹੀ ਕੁਝ ਸੀਨੀਅਰ ਆਗੂ ਸ੍ਰੀ ਸੂਦ ਨੂੰ ਵੀ ਮੌਜੂਦਾ ਅਹੁਦੇ 'ਤੇ ਨਹੀਂ ਵੇਖਣਾ ਚਾਹੁੰਦੇ। ਉਂਜ ਸਰਕਾਰ ਨੇ ਅਜੇ ਸੀਨੀਅਰ ਅਧਿਕਾਰੀ ਵੱਲੋਂ ਸ੍ਰੀ ਸੂਦ ਖਿਲਾਫ਼ ਲਿਖਤੀ ਤੌਰ 'ਤੇ ਲਾਏ ਦੋਸ਼ਾਂ ਦਾ ਕੋਈ ਖਾਸ ਨੋਟਿਸ ਨਹੀਂ ਲਿਆ ਗਿਆ।

## ਕੈਪਟਨ ਨੇ ਸੂਦ ਤੋਂ ਅਸਤੀਫ਼ਾ ਮੰਗਿਆ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਤੀਕਸ਼ਣ ਸੂਦ ਦੇ ਅਸਤੀਫੇ ਦੀ ਮੰਗ ਕਰਦਿਆਂ ਕਿਹਾ ਹੈ ਕਿ ਜਿਵੇਂ ਭਾਜਪਾ ਵੱਲੋਂ ਮਨੋਰਜੰਨ ਕਾਲੀਆ ਤੇ ਸਵਰਨਾ ਰਾਮ ਖਿਲਾਫ਼ ਲੱਗੇ ਦੋਸ਼ਾਂ ਕਾਰਨ ਅਸਤੀਫੇ ਲਏ ਗਏ ਸਨ, ਹੁਣ ਪਾਰਟੀ ਕੋਲ ਕੋਈ ਇਖਲਾਕੀ ਹੱਕ ਨਹੀਂ ਰਹਿ ਗਿਆ ਕਿ ਉਹ ਅਜਿਹੇ ਦੋਸ਼ਾਂ ਤੋਂ ਬਾਅਦ ਸ੍ਰੀ ਸੂਦ ਤੋਂ ਅਸਤੀਫਾ ਨਾ ਮੰਗੇ। ਉਨ੍ਹਾਂ ਕਿਹਾ ਕਿ ਭਾਜਪਾ ਮੰਤਰੀਆਂ ਦੇ ਮਗਰਲੇ ਕੁਝ ਦਿਨਾਂ ਦੇ ਵਰਤਾਰੇ ਨੇ ਅਕਾਲੀ-ਭਾਜਪਾ ਸਰਕਾਰ ਦੇ ਭ੍ਰਿਸ਼ਟਾਚਾਰ ਤੇ ਲੁੱਟਮਾਰ ਨੂੰ ਜੱਗ ਜ਼ਾਹਿਰ ਕਰ ਦਿੱਤਾ ਹੈ।

# ਭਾਜਪਾ ਅੰਦਰ ਖਾਨਾਜੰਗੀ ਨਾਲ ਪਿਆ ਭੜਥੂ ਮਾਸਟਰ ਮੋਹਣ ਲਾਲ ਨਿਸ਼ਾਨੇ 'ਤੇ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਟਰਾਂਸਪੋਰਟ ਮੰਤਰੀ ਮਾਸਟਰ ਮੋਹਣ ਲਾਲ ਪਾਰਟੀ ਵਿਰੋਧੀ ਸਰਗਰਮੀਆਂ ਕਾਰਨ ਕਸੂਤੀ ਸਥਿਤੀ ਵਿਚ ਫਸ ਗਏ ਹਨ। ਭਾਜਪਾ ਹਾਈ ਕਮਾਨ ਨੇ ਉਨ੍ਹਾਂ ਦੇ ਹਮਾਇਤੀਆਂ ਵੱਲੋਂ ਪੰਜਾਬ ਭਾਜਪਾ ਦੇ ਪ੍ਰਧਾਨ ਦਾ ਪੁਤਲਾ ਫੂਕਣ ਦਾ ਗੰਭੀਰ ਨੋਟਿਸ ਲੈਂਦਿਆਂ ਸਾਬਕਾ ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ ਸਮੇਤ ਉਨ੍ਹਾਂ ਦੇ ਸੱਤ ਹਮਾਇਤੀ ਕੌਂਸਲਰਾਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰ ਦਿੱਤਾ ਹੈ। ਉਨ੍ਹਾਂ ਦੇ ਹਮਾਇਤੀ ਤਿੰਨ ਕੌਂਸਲਰ ਤਾਂ ਪਾਰਟੀ ਵਿਚੋਂ ਮੁਅੱਤਲ ਵੀ ਕਰ ਦਿੱਤੇ ਗਏ ਹਨ। 'ਕਾਰਨ ਦੱਸੋ ਨੋਟਿਸ' ਦਾ ਜਵਾਬ ਦੇਣ ਲਈ ਦਸ ਦਿਨਾਂ ਦਾ ਸਮਾਂ ਦਿੱਤਾ ਗਿਆ ਹੈ।

ਮਾਸਟਰ ਮੋਹਣ ਲਾਲ ਦੇ ਹਮਾਇਤੀਆਂ ਵੱਲੋਂ 18 ਮਾਰਚ ਨੂੰ ਪਠਾਨਕੋਟ ਵਿਚ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਪੁਤਲੇ ਫੂਕੇ ਗਏ ਸਨ ਤੇ ਉਨ੍ਹਾਂ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ ਸੀ। ਇਸ ਰੋਸ ਦੌਰਾਨ ਉਨ੍ਹਾਂ ਦੇ ਹਮਾਇਤੀਆਂ ਨੇ ਪਾਰਟੀ ਵਿਰੁਧ ਵੀ ਆਪਣੀ ਭੜਾਸ ਕੱਢੀ ਸੀ। ਹਾਲੇ ਪਿਛਲੇ ਦਿਨੀਂ ਭਾਜਪਾ ਹਾਈ ਕਮਾਨ ਨੇ ਪੰਜਾਬ ਦੇ ਤਿੰਨ ਮੰਤਰੀਆਂ ਦੀ ਛੁੱਟੀ ਕਰ ਦਿੱਤੀ ਸੀ। ਇਨ੍ਹਾਂ ਵਿਚ ਮਨੋਰੰਜਨ ਕਾਲੀਆ ਤੇ ਚੌਧਰੀ ਸਵਰਨਾ ਰਾਮ ਤੋਂ ਇਲਾਵਾ ਮਾਸਟਰ ਮੋਹਣ ਲਾਲ ਵੀ ਸ਼ਾਮਲ ਸਨ। ਮਾਸਟਰ ਮੋਹਣ ਲਾਲ ਤੇ ਸਵਰਨਾ ਰਾਮ ਦਾ ਭ੍ਰਿਸ਼ਟਾਚਾਰ ਦੇ ਕੇਸ ਵਿਚ ਸਿੱਧਾ ਨਾਂ ਆ ਰਿਹਾ ਸੀ ਜਦੋਂਕਿ ਮਾਸਟਰ ਮੋਹਣ ਲਾਲ, ਤੀਕਸ਼ਨ ਸੂਦ ਤੇ ਬੀਬੀ ਚਾਵਲਾ ਤੋਂ ਵੀ ਪਾਰਟੀ ਹਾਈ ਕਮਾਨ ਨੇ ਅਸਤੀਫੇ ਲੈ ਲਏ ਸਨ। ਦੋ ਦਿਨ ਪਿੱਛੋਂ ਸ੍ਰੀ ਸੂਦ ਤੇ ਬੀਬੀ ਚਾਵਲਾ ਨੂੰ ਮੰਤਰੀ ਮੰਡਲ ਵਿਚ ਮੁੜ ਭੇਜ ਦਿੱਤਾ ਗਿਆ ਤੇ ਦੂਜੇ ਤਿੰਨ, ਮੰਤਰੀ ਮੰਡਲ ਤੋਂ ਬਾਹਰ ਹੋ ਗਏ ਸਨ। ਪਾਰਟੀ ਹਾਈ ਕਮਾਨ ਦੇ ਇਸ ਫੈਸਲੇ ਵਿਰੁਧ ਭਾਵੇਂ ਸ੍ਰੀ ਕਾਲੀਆ ਤੇ ਸਵਰਨਾ ਰਾਮ ਨੇ ਵੀ ਵਿਰੋਧ ਕਰਦਿਆਂ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਪਰ ਉਹ ਪਾਰਟੀ ਦਾ ਭਾਣਾ ਕਹਿ ਕੇ ਸਹਿਣ ਕਰ ਗਏ। ਦੂਜੇ ਬੰਨੇ, ਮਾਸਟਰ ਮੋਹਣ ਲਾਲ ਨੇ ਨਵੇਂ ਮੰਤਰੀਆਂ ਦੇ ਨਾਂਵਾਂ 'ਤੇ ਫੈਸਲਾ ਲੈਣ ਲਈ ਸੱਦੀ ਮੀਟਿੰਗ ਵਿਚ ਭਾਵੇਂ ਅਸਤੀਫਾ ਲੈਣ ਦਾ ਕਾਰਨ ਪੁੱਛਿਆ ਸੀ ਪਰ ਉਹ ਉਪਰੋਂ ਸ਼ਾਂਤ ਰਹੇ। ਫਿਰ ਸਹੁੰ ਚੁੱਕਣ ਦੇ ਤੀਜੇ ਦਿਨ ਉਨ੍ਹਾਂ ਦੇ ਹਮਾਇਤੀਆਂ ਨੇ ਖੁੱਲ੍ਹ ਕੇ ਵਿਰੋਧ ਕਰ ਦਿੱਤਾ।

# ਭ੍ਰਿਸ਼ਟਾਚਾਰ ਖ਼ਿਲਾਫ਼ ਜੰਗ ਜਾਰੀ ਰਹੇਗੀ

ਤਕਰੀਰ ਵਿਚ ਕਿਹਾ ਕਿ ਸਰਕਾਰ ਦੀ ਇਹ ਤਰਜੀਹ ਰਹੇਗੀ ਕਿ ਉਹ ਜ਼ਰੂਰੀ ਵਸਤਾਂ ਦੀ ਵਾਜਬ ਭਾਅ 'ਤੇ ਸਪਲਾਈ ਯਕੀਨੀ ਬਣਾਏ ਪਰ ਨਾਲ ਹੀ ਉਚੇਰੀ ਆਰਥਿਕ ਵਿਕਾਸ ਦਰ ਵੀ ਸੰਭਵ ਬਣਾਏ। ਉਨ੍ਹਾਂ ਕਿਹਾ ਕਿ ਹਾਲੀਆ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਇਹੀ ਸੁਨੇਹਾ ਮਿਲਦਾ ਹੈ ਕਿ ਲੋਕ ਉਸੇ ਪਾਰਟੀ ਦੇ ਹੱਕ ਵਿਚ ਫਤਵਾ ਦਿੰਦੇ ਹਨ ਜੋ ਕਿ ਅਸਰਦਾਰ ਤੇ ਜਵਾਬਦੇਹ ਪ੍ਰਸ਼ਾਸਨ ਯਕੀਨੀ ਬਣਾਏ। ਉਨ੍ਹਾਂ ਕਿਹਾ ਕਿ ਸਵੱਛਤਾ, ਪਾਰਦਰਸ਼ਤਾ ਤੇ ਜਵਾਬਦੇਹੀ ਹਰ ਸਰਕਾਰ ਦੇ ਬੁਨਿਆਦੀ ਸਿਧਾਂਤ ਹੋਣੇ ਚਾਹੀਦੇ ਹਨ ਤੇ ਯੂ.ਪੀ.ਏ. ਅਜਿਹੇ ਸਿਧਾਂਤਾਂ ਨੂੰ ਅਮਲੀ ਰੂਪ ਦੇਣ ਲਈ ਵਚਨਬੱਧ ਹੈ।

ਡਾ. ਮਨਮੋਹਨ ਸਿੰਘ ਤੇ ਸ੍ਰੀਮਤੀ ਗਾਂਧੀ ਨੇ ਐਲਾਨ ਕੀਤਾ ਕਿ ਸਰਕਾਰ, ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਪ੍ਰਤੀ ਸੰਜੀਦਾ ਹੈ। ਉਹ ਘੁਟਾਲਿਆਂ ਦੇ ਦੋਸ਼ੀਆਂ ਨੂੰ ਬਖ਼ਸ਼ੇਗੀ ਨਹੀਂ ਤੇ ਆਪਣੀ ਨੇਕਨੀਅਤੀ ਦਾ ਮੁਜ਼ਾਹਰਾ ਆਪਣੇ ਅਮਲਾਂ ਰਾਹੀਂ ਕਰੇਗੀ। ਦੋਵਾਂ ਨੇ 'ਯੂ.ਪੀ.ਏ. ਦੀਆਂ ਸਰਕਾਰਾਂ: ਲੋਕਾਂ ਲਈ ਰਿਪੋਰਟ' ਜਾਰੀ ਕੀਤੀ। ਰਿਪੋਰਟ ਤੋਂ ਇਹ ਸਪਸ਼ਟ ਹੈ ਕਿ ਸਰਕਾਰ ਤੇ ਯੂ.ਪੀ.ਏ. ਹਾਲੀਆ ਘੁਟਾਲਿਆਂ ਕਾਰਨ ਆਪਣੇ ਅਕਸ 'ਤੇ ਲੱਗੇ ਧੱਬੇ ਤੋਂ ਫਿਕਰਮੰਦ ਹੈ ਤੇ ਮਹਿਸੂਸ ਕਰਦੀ ਹੈ ਕਿ ਇਨ੍ਹਾਂ ਘੁਟਾਲਿਆਂ ਨੇ ਸਰਕਾਰ ਦੀ ਲੋਕਪ੍ਰਿਯਤਾ 'ਤੇ ਮਾੜਾ ਅਸਰ ਪਾਇਆ ਹੈ। ਰਿਪੋਰਟ ਜਾਰੀ ਕਰਦਿਆਂ ਸ੍ਰੀਮਤੀ ਗਾਂਧੀ ਨੇ ਕਿਹਾ ਕਿ ਸਰਕਾਰ, ਘੁਟਾਲਿਆਂ ਤੇ ਭ੍ਰਿਸ਼ਟਾਚਾਰ ਨਾਲ ਸਿੱਧੀ ਲੜਾਈ ਲੜੇਗੀ ਤੇ ਗੱਲਾਂ ਦੀ ਬਜਾਏ ਆਪਣੇ ਕੰਮਾਂ ਨਾਲ ਸਾਬਤ ਕਰੇਗੀ ਕਿ ਉਹ ਕਿਸ ਹੱਦ ਤਕ ਸੰਜੀਦਾ ਹੈ। ਪ੍ਰਧਾਨ ਮੰਤਰੀ ਨੇ ਕਬੂਲਿਆ ਕਿ ਸਾਲ 2010-11 ਦੌਰਾਨ ਸਰਕਾਰ ਦਾ ਧਿਆਨ ਚੰਗਾ ਸ਼ਾਸਨ ਦੇਣ ਵੱਲ ਘੱਟ ਅਤੇ ਘੁਟਾਲਿਆਂ ਨਾਲ ਨਜਿੱਠਣ ਵੱਲ ਵੱਧ ਰਿਹਾ। ਉਨ੍ਹਾਂ ਕਿਹਾ ਕਿ ਘੁਟਾਲਿਆਂ ਕਾਰਨ ਸਰਕਾਰ ਦੇ ਅਕਸ ਨੂੰ ਖੋਰਾ ਲੱਗਿਆ ਤੇ ਆਮ ਆਦਮੀ ਦੇ ਮਨ ਵਿਚ ਸਿਆਸਤਦਾਨਾਂ ਖ਼ਿਲਾਫ਼ ਹਿਕਾਰਤ ਦੀ ਭਾਵਨਾ ਵਧੀ। ਸਰਕਾਰ ਆਮ ਆਦਮੀ ਦੀਆਂ ਚਿੰਤਾਵਾਂ ਤੋਂ ਵਾਕਫ਼ ਹੈ ਤੇ ਉਹ ਲੋਕਾਂ ਨੂੰ ਬਿਹਤਰ ਰਾਜ-ਪ੍ਰਬੰਧ ਦੇਣ ਲਈ ਵਚਨਬੱਧ ਹੈ।



*ਡਾ. ਮਨਮੋਹਨ ਸਿੰਘ ਯੂ ਪੀ ਏ ਸਰਕਾਰ ਦੇ ਦੋ ਸਾਲਾਂ ਦੀ ਕਾਰਗੁਜ਼ਾਰੀ ਬਾਰੇ ਰਿਪੋਰਟ ਸ੍ਰੀਮਤੀ ਸੋਨੀਆ ਗਾਂਧੀ ਨੂੰ ਭੇਟ ਕਰਕੇ ਜਾਰੀ ਕਰਦੇ ਹੋਏ*

# ਕਾਨ ਵੱਲੋਂ ਆਈ.ਐਮ.ਐਫ. ਮੁਖੀ ਦੇ ਅਹੁਦੇ ਤੋਂ ਅਸਤੀਫ਼ਾ

**ਵਾਸ਼ਿੰਗਟਨ:** ਇਕ ਹੋਟਲ ਵਰਕਰ ਔਰਤ ਨਾਲ ਛੇੜਛਾੜ ਕਰਨ ਦੇ ਮਾਮਲੇ ਵਿਚ ਨਿਊ ਯਾਰਕ ਦੀ ਜੇਲ੍ਹ ਵਿਚ ਬੰਦ ਕੌਮਾਂਤਰੀ ਮੁਦਰਾ ਕੋਸ਼ (ਆਈ.ਐਮ.ਐਫ.) ਦੇ ਮੁਖੀ ਡੋਮਿਨਿਕ ਸਟਰਾਸ ਕਾਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਦੇ ਨਾਲ ਹੀ ਵੱਕਾਰੀ ਅਹੁਦੇ ਲਈ ਵਿਕਾਸਸ਼ੀਲ ਮੁਲਕਾਂ ਤੇ ਯੂਰਪ ਵਿਚਾਲੇ ਰੱਸਾਕਸ਼ੀ ਸ਼ੁਰੂ ਹੋ ਗਈ ਹੈ। ਕਾਨ ਨੇ ਕੌਮਾਂਤਰੀ ਮੁਦਰਾ ਕੋਸ਼ ਦੇ ਬੋਰਡ ਨੂੰ ਭੇਜੇ ਅਸਤੀਫੇ ਵਿਚ ਕਿਹਾ ਹੈ ਕਿ ਉਹ ਬੜੇ ਅਫਸੋਸ ਨਾਲ ਆਈ.ਐਮ.ਐਫ. ਦੇ ਐਮ.ਡੀ. ਦੇ ਅਹੁਦੇ ਤੋਂ ਅਸਤੀਫਾ ਦੇ ਰਿਹਾ ਹੈ। ਖ਼ਤ ਵਿਚ ਕਾਨ ਨੇ ਆਪਣੇ ਆਪ ਨੂੰ ਬੇਕਸੂਰ ਕਰਾਰ ਦਿੰਦਿਆਂ ਕਿਹਾ ਹੈ ਕਿ ਉਹ ਇਨਸਾਫ ਮਿਲਣ ਤੱਕ ਲੜਾਈ ਜਾਰੀ ਰੱਖੇਗਾ।

ਉਧਰ ਆਈ.ਐਮ.ਐਫ. ਨੇ ਕਿਹਾ ਹੈ ਕਿ ਸੰਸਥਾ ਦੇ ਪਹਿਲੇ ਡਿਪਟੀ ਡਾਇਰੈਕਟਰ ਜੌਹਨ ਲਿਪਸਕੀ ਕਾਰਜਕਾਰੀ ਐਮ.ਡੀ. ਵਜੋਂ ਕੰਮ ਕਰਦੇ ਰਹਿਣਗੇ। ਸੰਸਥਾ ਦੇ ਬੋਰਡ ਮੈਂਬਰਾਂ ਦੀ ਗਿਣਤੀ 24 ਹੈ। ਇਹ ਸੰਸਥਾ ਦੂਜੀ ਵਿਸ਼ਵ ਜੰਗ ਮਗਰੋਂ ਹੋਂਦ ਵਿਚ ਆਈ ਸੀ ਤੇ ਉਦੋਂ ਤੋਂ ਹੀ ਇਸ ਦਾ ਮੁਖੀ ਯੂਰਪ ਤੋਂ ਹੈ। ਹੁਣ ਵੀ ਯੂਰਪ ਇਸ ਉਪਰ ਕਬਜ਼ੇ ਲਈ ਕੋਈ ਕਸਰ ਨਹੀਂ ਛੱਡੇਗਾ।

ਉਧਰ ਭਾਰਤ ਦੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ ਹੈ ਕਿ ਉਹ ਸ੍ਰੀ ਕਾਨ ਵੱਲੋਂ ਆਈ.ਐਮ.ਐਫ. ਦੇ ਮੁਖੀ ਵਜੋਂ ਅਸਤੀਫਾ ਦੇਣ ਮਗਰੋਂ ਪੈਦਾ ਹੋਏ ਹਾਲਾਤ 'ਤੇ ਨਜ਼ਰ ਰੱਖ ਰਹੇ ਹਨ। ਇਸ ਅਹੁਦੇ ਲਈ ਭਾਰਤ ਵੱਲੋਂ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ, ਤੁਰਕੀ ਦੇ ਕੇਮਲ ਦਰਵਿਸ, ਫਰਾਂਸ ਦੇ ਕ੍ਰਿਸਟੀਨ ਲਗਾਰਡ, ਦੱਖਣੀ ਅਫਰੀਕਾ ਦੇ ਟਰੇਵਰ ਮੈਨੂਏਲ ਤੇ ਬਰਤਾਨੀਆ ਦੇ ਗੋਰਡਨ ਬਰਾਊਨ ਦਾ ਨਾਂ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਕਾਨ ਉਤੇ ਇਕ ਹੋਟਲ ਵਰਕਰ ਨੇ ਛੇੜਖਾਨੀ ਦੇ ਦੋਸ਼ ਲਾਏ ਸਨ ਜਿਨ੍ਹਾਂ ਨੂੰ ਕਾਨ ਨੇ ਰੱਦ ਕੀਤਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

## ਸੰਤ ਅਨੂਪ ਸਿੰਘ ਤੇ ਭਾਈ ਤਾਨ ਸੈਨ ਹੋਜ਼ੇ ਗੁਰਘਰ ਕੀਰਤਨ ਕਰਨਗੇ

**ਸੈਨ ਹੋਜ਼ੇ (ਬਿਊਰੋ):** ਸੰਤ ਅਨੂਪ ਸਿੰਘ ਊਨਾ ਸਾਹਿਬ ਅਤੇ ਭਾਈ ਅਮਰਜੀਤ ਸਿੰਘ ਤਾਨ ਦੇ ਪੰਥ ਪ੍ਰਸਿਧ ਕੀਰਤਨੀ ਜਥੇ ਗੁਰਦੁਆਰਾ ਸੈਨ ਹੋਜੇ ਵਿਖੇ ਮਈ ਦੇ ਆਖਰੀ ਹਫਤੇ ਅਤੇ ਜੂਨ ਦੇ ਪਹਿਲੇ ਹਫਤੇ ਸ਼ਬਦ ਕੀਰਤਨ ਕਰਨਗੇ।

ਗੁਰਦੁਆਰਾ ਪ੍ਰਬੰਧਕਾਂ ਵਲੋਂ ਦਿਤੀ ਗਈ ਜਾਣਕਾਰੀ

*ਸੰਤ ਅਨੂਪ ਸਿੰਘ ਤੇ ਭਾਈ ਅਮਰਜੀਤ ਸਿੰਘ ਤਾਨ*

ਅਨੁਸਾਰ ਸੰਤ ਅਨੂਪ ਸਿੰਘ ਪਹਿਲੀ ਜੂਨ ਬੁੱਧਵਾਰ, ਤਿੰਨ ਜੂਨ ਸ਼ੁੱਕਰਵਾਰ ਸ਼ਾਮ ਦੇ ਦੀਵਾਨ ਵਿਚ, ਪੰਜ ਜੂਨ ਐਤਵਾਰ ਦੁਪਿਹਰ ਨੂੰ ਕੀਰਤਨ ਕਰਨਗੇ। ਭਾਈ ਅਮਰਜੀਤ ਸਿੰਘ ਤਾਨ 29 ਮਈ ਦਿਨ ਐਤਵਾਰ ਨੂੰ ਕੀਰਤਨ ਕਰਨਗੇ। ਇਸੇ ਤਰਾਂ ਭਾਈ ਮਨਜੀਤ ਸਿੰਘ ਲੁਧਿਆਣਾ ਵਾਲੇ 1 ਜੂਨ ਤੋਂ 30 ਜੂਨ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲੜੀਵਾਰ ਪਾਠ ਅਤੇ ਵਿਆਖਿਆ ਕਰਨਗੇ। ਗੁਰਦੁਆਰਾ ਪ੍ਰਬੰਧਕਾਂ ਨੇ ਸਮੂਹ ਸੰਗਤ ਨੂੰ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰਨ ਦੀ ਬੇਨਤੀ ਕੀਤੀ ਹੈ।

## ਛੇਵੀਂ ਪਾਤਸ਼ਾਹੀ ਦੇ ਸ਼ਹੀਦੀ ਦਿਹਾੜੇ ਸਬੰਧੀ ਵਿਸ਼ੇਸ਼ ਦੀਵਾਨ

**ਬੇਕਰਜ਼ਫੀਲਡ (ਮਾਨ ਮਨਦੀਪ):** ਸਥਾਨਕ ਗੁਰਦੁਆਰਾ ਵਿਲਸਨ ਰੋਡ ਵਿਖੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਰੋਜ਼ਾਨਾ ਦੀਵਾਨ ਸਜਾਏ ਜਾ ਰਹੇ ਹਨ। ਹਰ ਰੋਜ਼ ਸ਼ਾਮੀਂ 4:30 ਤੋਂ 6:30 ਵਜੇ ਤੱਕ ਸੁਖਮਨੀ ਸਾਹਿਬ ਦੇ ਪਾਠ ਸਮੂਹ ਸੰਗਤਾਂ ਵਲੋਂ ਮਿਲ ਕੇ ਕੀਤੇ ਜਾਂਦੇ ਹਨ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਕੀਰਤਨ ਰਾਹੀਂ ਸਮੂਹ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦੇ ਹਨ।

ਪ੍ਰਬੰਧਕਾਂ ਅਨੁਸਾਰ ਸੁਖਮਨੀ ਸਾਹਿਬ ਦੇ ਪਾਠ ਦਾ ਪ੍ਰੋਗਰਾਮ 5 ਜੂਨ ਤੱਕ ਜਾਰੀ ਰਹੇਗਾ। ਸਮੂਹ ਸੰਗਤਾਂ ਨੂੰ ਇਸ ਮੌਕੇ ਗੁਰੂ ਘਰ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰਨ ਦੀ ਬੇਨਤੀ ਕੀਤੀ ਗਈ ਹੈ।

## ਰੇਡੀਓ ਚੜ੍ਹਦੀ ਕਲਾ ਦੇ ਪ੍ਰੋਗਰਾਮਾਂ ਨੂੰ ਭਰਵਾਂ ਹੁੰਗਾਰਾ

**ਫਰੀਮਾਂਟ (ਬਿਊਰੋ):** ਫਰੀਮਾਂਟ ਤੋਂ ਪ੍ਰਸਾਰਿਤ ਹੁੰਦੇ ਰੇਡੀਓ ਚੜ੍ਹਦੀ ਕਲਾ ਦੇ ਪ੍ਰੋਗਰਾਮਾਂ ਨੂੰ ਸਰੋਤਿਆਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਭਾਈ ਸਰਬਜੀਤ ਸਿੰਘ ਗੋਬਿੰਦਪੁਰੀ ਦਾ ਗੁਰਬਾਣੀ ਵਿਚਾਰ ਪ੍ਰੋਗਰਾਮ ਸਰੋਤਿਆਂ ਦੀ ਖਾਸ ਪਸੰਦ ਬਣ ਰਿਹਾ ਹੈ ਜਿਸ ਦਾ ਸਿੱਧਾ ਪ੍ਰਸਾਰਣ ਰੋਜ਼ਾਨਾ ਸਵੇਰੇ 7 ਤੋਂ 10 ਵਜੇ ਤੱਕ ਕੀਤਾ ਜਾਂਦਾ ਹੈ।

ਰੇਡੀਓ ਚੜ੍ਹਦੀ ਕਲਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਗੁਰਦੁਆਰਾ ਸੈਨ ਹੋਜ਼ੇ ਤੋਂ ਰੋਜ਼ਾਨਾ ਸ਼ਾਮ 5:30 ਤੋਂ 7:30 ਵਜੇ ਤੱਕ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਣ ਕੀਤਾ ਜਾਂਦਾ ਹੈ। ਨਵੀਂ ਅਤੇ ਪੁਰਾਣੀ ਪੀੜ੍ਹੀ ਨੂੰ ਜੋੜਨ ਲਈ ਜਸਲੀਨ ਕੌਰ ਦਾ ਪ੍ਰੋਗਰਾਮ 'ਚਾਏ ਲਾਟੇ' ਘਰ ਘਰ ਵਿਚ ਉਮੀਦ ਜਗਾ ਰਿਹਾ ਹੈ। ਜਦੋਂ ਜਸਲੀਨ ਗੱਲ ਕਰਦੀ ਹੈ-ਮਾਂ, ਧੀ ਅਤੇ ਪੰਜਾਬੀ ਸਭਿਆਚਾਰ ਦੀ ਜਾਂ ਫਿਰ ਘਰ ਤੋਂ ਬਾਹਰ ਕਿਸੇ ਪੰਜਾਬੀ ਵਲੋਂ ਦੂਜੇ ਪੰਜਾਬੀ ਕੋਲੋਂ ਸਤਿ ਸ੍ਰੀ ਅਕਾਲ ਬੁਲਾਏ ਬਿਨਾ ਚੁਪ ਕੀਤੇ ਕੋਲੋਂ ਲੰਘ ਜਾਣ ਦੀ, ਤਾਂ ਉਹ ਪੰਜਾਬੀ ਅਮਰੀਕਨਾਂ ਨੂੰ ਪਿਆਰ ਵਿਚ ਬੰਨ ਕੇ ਮੁੜ ਪੰਜਾਬੀ ਹੋਣ ਦਾ ਅਹਿਸਾਸ ਕਰਵਾਉਂਦੀ ਹੈ।

ਰੇਡੀਓ ਚੜ੍ਹਦੀ ਕਲਾ ਦੇ ਇਕ ਬੁਲਾਰੇ ਗੁਰਚਰਨ ਸਿੰਘ ਮਾਨ ਅਨੁਸਾਰ ਦਵਿੰਦਰ ਹੋਠੀ ਦਾ 'ਸੱਜਰੀ ਸਵੇਰ' ਪ੍ਰੋਗਰਾਮ ਤਾਂ ਸਰੋਤਿਆਂ ਨੂੰ ਚਾਹ ਦੇਰ ਨਾਲ ਪੀਣ ਲਈ ਮਜਬੂਰ ਕਰ ਦਿੰਦਾ ਹੈ। ਹਰ ਕੋਈ ਕਹਿੰਦਾ ਹੈ, ਪਹਿਲਾਂ ਪ੍ਰੋਗਰਾਮ ਸੁਣ ਲਈਏ, ਫਿਰ ਚੁੱਲ੍ਹੇ ਅੱਗ ਬਾਲਦੇ ਹਾਂ। ਉਨ੍ਹਾਂ ਕਿਹਾ ਕਿ ਟਾਕ ਸ਼ੋਅ ਅਤੇ ਐਡ ਦਾ ਖਰਚਾ ਅਦਾ ਕਰਕੇ ਆਪਣਾ ਸੁਨੇਹਾ ਸਰੋਤਿਆਂ ਤੱਕ ਪਹੁੰਚਾਇਆ ਜਾ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਯੂਬਾ ਸਿਟੀ ਦੇ ਮੇਲੇ ਵਿਚ ਆ ਰਹੇ ਕਲਾਕਾਰ ਕਮਲ ਖਾਨ ਦੀ ਇੰਟਰਵਿਊ ਵੀ ਸਿੱਧੀ ਪ੍ਰਸਾਰਿਤ ਕੀਤੀ ਜਾਏਗੀ। ਹੋਰ ਜਾਣਕਾਰੀ ਲਈ ਸ੍ਰੀ ਮਾਨ ਨਾਲ ਫੋਨ 510-557-0061 ਜਾਂ ਲਖਵੀਰ ਸਿੰਘ ਨਾਲ ਫੋਨ 510-760-9882 'ਤੇ ਸੰਪਰਕ ਕੀਤਾ ਜਾ ਸਕਦਾ ਹੈ।




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

# Short Sale Specialist

**We Can Sell Your Home in Short Sale at No Cost to You**



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**For Buying & Selling Residential And For Loans**

*Call: Sohanpreet 'Sam' Chahal*

**@916-612-5773**

Serving from Bay Area to Sacramento

Call for free listing of Reo-Bankowned Properties

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

# Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# 95 ਸਾਲਾ ਬੇਬੇ ਤੇ 72 ਸਾਲਾ ਮੁੰਡਾ ਸੈਕਰਾਮੈਂਟੋ ਵਿਚ ਦੌੜਾਂ ਲਾਉਣਗੇ

**ਚੰਡੀਗੜ੍ਹ:** ਸ. ਗੁਰਦੇਵ ਸਿੰਘ ਬੇਸ਼ੱਕ 72 ਸਾਲਾਂ ਦੇ ਹਨ ਪਰ ਉਹ ਦੌੜਦੇ ਆਪਣੇ ਤੋਂ ਅੱਧੀ ਉਮਰ ਦੇ ਮੁੰਡਿਆਂ ਨਾਲੋਂ ਵੀ ਵੱਧ ਸਪੀਡ ਨਾਲ ਹਨ। ਉਹ ਅਜੇ ਵੀ ਸੌ ਮੀਟਰ ਦੀ ਸਪਰਿੰਟ 14.9 ਸੈਕੰਡ ਵਿਚ ਪੂਰੀ ਕਰ ਲੈਂਦੇ ਹਨ। ਦੌੜ ਦਾ ਇਹ ਸਮਾਂ ਚੰਡੀਗੜ੍ਹ ਪੁਲਿਸ ਵਲੋਂ ਮਿਥੇ ਸਰੀਰਕ ਟੈਸਟ ਦੇ ਪੈਮਾਨੇ ਤੋਂ ਵੀ ਘੱਟ ਹੈ।



*ਗੁਰਦੇਵ ਸਿੰਘ ਆਪਣੀ ਬੇਬੇ ਮਾਨ ਕੌਰ ਨਾਲ*

ਗੱਲ ਇਥੇ ਹੀ ਨਹੀਂ ਮੁੱਕ ਜਾਂਦੀ। ਸ. ਗੁਰਦੇਵ ਸਿੰਘ ਨੇ ਇਸ ਵਾਰ ਅਮਰੀਕਾ ਦੇ ਸ਼ਹਿਰ ਸੈਕਰਾਮੈਂਟੋ ਵਿਚ ਹੋਣ ਵਾਲੀਆਂ ਬਜ਼ੁਰਗਾਂ ਦੀਆਂ ਵਿਸ਼ਵ ਖੇਡਾਂ ਵਿਚ ਹਿੱਸਾ ਲੈਣ ਲਈ ਆਪਣੇ ਨਾਲ ਆਪਣੀ ਮਾਂ ਨੂੰ ਵੀ ਤਿਆਰ ਕਰ ਲਿਆ ਹੈ। 95 ਵਰ੍ਹਿਆਂ ਦੀ ਇਹ ਪੜਦਾਦੀ ਬੀਬੀ ਮਾਨ ਕੌਰ ਜੁਲਾਈ ਮਹੀਨੇ ਹੋਣ ਵਾਲੀਆਂ ਖੇਡਾਂ ਦੌਰਾਨ ਦੌੜਾਂ ਵਿਚ ਹਿੱਸਾ ਲਵੇਗੀ। ਹੈ ਨਾ ਅਚੰਭੇ ਵਾਲੀ ਗੱਲ! ਇਸ ਉਮਰੇ ਤਾਂ ਸਾਡੀਆਂ ਬਹੁਤੀਆਂ ਦਾਦੀਆਂ ਹੱਥ ਵਿਚ ਮਾਲਾ ਫੜੀਂ ਅਗਲੇ ਜਹਾਨ ਦੀਆਂ ਤਿਆਰੀਆਂ ਕਰੀ ਬੈਠੀਆਂ ਹੁੰਦੀਆਂ ਹਨ। ਬੇਬੇ ਮਾਨ ਕੌਰ ਨੂੰ ਕੋਈ ਤਿੰਨ ਸਾਲ ਪਹਿਲਾਂ ਗੁਰਦੇਵ ਸਿੰਘ ਹੋਰਾਂ ਨੇ ਆਪਣੇ ਨਾਲ ਖੇਡਾਂ ਵਿਚ ਸ਼ਾਮਲ ਹੋਣ ਲਈ ਪ੍ਰੇਰਨਾ ਸ਼ੁਰੂ ਕੀਤਾ ਸੀ। ਪਹਿਲਾਂ ਤੇ ਮਾਤਾ ਨੇ ਇਹ ਆਖ ਕੇ ਨਾਂਹ-ਨੁੱਕਰ ਕੀਤੀ ਕਿ ਪੁੱਤਰਾ, ਇਹ ਕੋਈ ਉਮਰ ਹੈ ਦੌੜਾਂ ਲਾਉਣ ਦੀ ਪਰ ਅਖੀਰ ਸ. ਗੁਰਦੇਵ ਸਿੰਘ ਨੇ ਆਪਣੀ ਮਾਤਾ ਨੂੰ ਮਨਾ ਹੀ ਲਿਆ।

ਖੇਡਾਂ ਦੇ ਖੇਤਰ ਵਿਚ ਵਿਸ਼ਵ ਦਾ ਸ਼ਾਇਦ ਇਹ ਰਿਕਾਰਡ ਹੀ ਹੋਵੇਗਾ ਜਦੋਂ ਇਸ ਉਮਰ ਵਿਚ ਮਾਂ-ਪੁੱਤਰ ਇਕੱਠੇ ਕਿਸੇ ਕੌਮਾਂਤਰੀ ਪੱਧਰ ਦੇ ਖੇਡ ਮੁਕਾਬਲੇ ਵਿਚ ਹਿੱਸਾ ਲੈ ਰਹੇ ਹੋਣ। ਮਾਤਾ ਕਹਿੰਦੀ ਹੈ, "ਮੇਰੇ ਪੁੱਤਰ ਨੇ ਹੀ ਮੈਨੂੰ ਖੇਡਾਂ ਵਿਚ ਹਿੱਸਾ ਲੈਣ ਲਈ ਪ੍ਰੇਰਿਆ ਹੈ। ਪਹਿਲਾਂ ਤੇ ਮੈਂ ਝਿਜਕਦੀ ਸਾਂ ਕਿ ਇਸ ਉਮਰੇ ਮੁਕਾਬਲਿਆਂ 'ਚ ਹਿੱਸਾ ਲੈ ਕੇ ਆਪਣੀਆਂ ਹੱਡੀਆਂ ਕਿਉਂ ਰੋਲਣੀਆਂ ਹੋਈਆਂ ਪਰ ਫਿਰ ਸੋਚਿਆ, ਮਨਾ ਸਰੀਰ ਨਾਲੋਂ ਬਹੁਤਾ ਤਾਂ ਮਨ ਦੀ ਗੱਲ ਹੁੰਦੀ ਹੈ। ਹੁਣ ਰੋਜ਼ ਦੌੜ ਲਾਉਣੀ ਮੇਰੀ ਜ਼ਿੰਦਗੀ ਦਾ ਹਿੱਸਾ ਹੀ ਬਣ ਗਈ ਹੈ। ਮਾਤਾ ਮਾਨ ਕੌਰ ਨੇ ਆਪਣੀ ਜ਼ਿੰਦਗੀ ਵਿਚ ਟਰੈਕ ਪੈਂਟ ਪਹਿਲੀ ਵਾਰ ਪਿਛਲੇ ਮਹੀਨੇ ਇਥੇ ਹੋਈਆਂ ਕੌਮੀ ਪੱਧਰ ਦੀਆਂ ਬਜ਼ੁਰਗਾਂ ਦੀਆਂ ਖੇਡਾਂ ਦੌਰਾਨ ਪਾਈ। ਉਨ੍ਹਾਂ 90 ਸਾਲ ਤੋਂ ਵੱਧ ਉਮਰ ਦੇ ਗਰੁਪ ਵਿਚ ਸੌ ਮੀਟਰ ਅਤੇ ਦੋ ਸੌ ਮੀਟਰ ਵਿਚ ਗੋਲਡ ਮੈਡਲ ਹਾਸਲ ਕੀਤਾ।

ਇਹ ਗੋਲਡ ਮੈਡਲ ਜਿੱਤਣ ਦੇ ਸਹਾਰੇ ਮਾਤਾ ਮਾਨ ਕੌਰ ਸੈਕਰਾਮੈਂਟੋ ਵਿਚ ਹੋ ਰਹੀਆਂ ਬਜ਼ੁਰਗਾਂ ਦੀਆਂ ਵਿਸ਼ਵ ਖੇਡਾਂ ਵਿਚ ਭਾਰਤ ਦੀ ਨੁਮਾਇੰਦਗੀ ਕਰਨ ਦੇ ਯੋਗ ਹੋ ਗਈ। ਸ. ਗੁਰਦੇਵ ਸਿੰਘ ਜੋ 2010 ਵਿਚ ਕੈਨੇਡੀਅਨ ਸ਼ਹਿਰੀ ਬਣ ਗਏ ਸਨ, ਇਨ੍ਹਾਂ ਖੇਡਾਂ ਵਿਚ ਸੌ ਅਤੇ ਦੋ ਸੌ ਮੀਟਰ ਵਰਗ ਵਿਚ ਕੈਨੇਡਾ ਦੀ ਨੁਮਾਇੰਦਗੀ ਕਰਨਗੇ। ਸ. ਗੁਰਦੇਵ ਸਿੰਘ ਕਹਿੰਦੇ ਹਨ, ਕਾਲਜ ਦੀ ਪੜ੍ਹਾਈ ਸਮੇਂ ਮੈਂ ਚੰਗਾ ਅਥਲੀਟ ਸਾਂ ਅਤੇ ਫੁਟਬਾਲ ਖੇਡਿਆ ਕਰਦਾ ਸਾਂ ਪਰ ਕਾਲਜ ਦੀ ਪੜ੍ਹਾਈ ਖਤਮ ਕਰਦਿਆਂ ਹੀ ਮੇਰਾ ਖੇਡਾਂ ਦੇ ਖੇਤਰ ਨਾਲੋਂ ਵਾਸਤਾ ਟੁੱਟ ਗਿਆ। ਇਹ 1990ਵਿਆਂ ਦੇ ਦਹਾਕੇ ਵਿਚ ਹੋਇਆ ਜਦੋਂ ਮੈਂ ਬਜ਼ੁਰਗਾਂ ਦੀਆਂ ਖੇਡਾਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ ਅਤੇ ਖੇਡਾਂ ਮੁੜ ਮੇਰੀ ਜ਼ਿੰਦਗੀ ਦਾ ਹਿੱਸਾ ਬਣ ਗਈਆਂ। ਸ. ਗੁਰਦੇਵ ਸਿੰਘ ਹੁਣ ਤੱਕ ਦਰਜਨ ਤੋਂ ਵੱਧ ਕੌਮਾਂਤਰੀ ਪੱਧਰ ਦੇ ਮੈਡਲ ਹਾਸਲ ਕਰ ਚੁਕੇ ਹਨ।

ਸ. ਗੁਰਦੇਵ ਸਿੰਘ ਨੇ ਦੱਸਿਆ ਕਿ ਸੰਨ 2008 ਦੀ ਗੱਲ ਹੈ ਜਦੋਂ ਉਹ ਜ਼ਿੰਦਗੀ ਭਰ ਦੀ ਤੰਦਰੁਸਤੀ ਦਾ ਮਾਟੋ ਲਈ ਕੈਨੇਡਾ ਵਿਚ ਹੋਈਆਂ ਵਰਲਡ ਮਾਸਟਰਜ਼ ਖੇਡਾਂ ਵਿਚ ਸ਼ਾਮਲ ਹੋਏ, ਉਨ੍ਹਾਂ 90 ਸਾਲਾਂ ਦੀ ਇਕ ਔਰਤ ਨੂੰ ਸੌ ਮੀਟਰ ਦੌੜ ਵਿਚ ਹਿੱਸਾ ਲੈਂਦਿਆਂ ਵੇਖਿਆ, ਉਦੋਂ ਹੀ ਫੁਰਨਾ ਫੁਰਿਆ ਕਿ ਕਿਉਂ ਨਾ ਆਪਣੀ ਬੇਬੇ ਨੂੰ ਵੀ ਖੇਡਾਂ ਦੇ ਮੈਦਾਨ ਵਿਚ ਆਉਣ ਲਈ ਪ੍ਰੇਰਿਤ ਕਰਾਂ। ਪਹਿਲਾਂ ਸੌ ਮੀਟਰ ਦੀ ਦੌੜ ਵਿਚ ਮਾਤਾ ਦਾ ਸਭ ਤੋਂ ਵਧੀਆ ਟਾਈਮ 1.05 ਮਿੰਟ ਸੀ ਪਰ ਹੁਣ ਉਹ ਇਹ ਦੌੜ 50 ਸੈਕੰਡ ਵਿਚ ਹੀ ਲਾ ਲੈਂਦੀ ਹੈ।

# ਵਿਦੇਸ਼ਾਂ 'ਚ ਗੁਰਦੁਆਰਾ ਕਮੇਟੀਆਂ ਨੂੰ ਸ਼੍ਰੋਮਣੀ ਕਮੇਟੀ ਦੀ ਸਰਪ੍ਰਸਤੀ ਕਬੂਲ:ਜਥੇਦਾਰ ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਵਿਦੇਸ਼ਾਂ 'ਚ ਬਣ ਰਹੀਆਂ ਗੁਰਦੁਆਰਾ ਕਮੇਟੀਆਂ ਨੂੰ ਸ਼੍ਰੋਮਣੀ ਕਮੇਟੀ ਦੀ ਸਰਪ੍ਰਸਤੀ ਕਬੂਲ ਹੈ। ਵੱਖ-ਵੱਖ ਦੇਸ਼ਾਂ 'ਚ ਗੁਰਦੁਆਰਿਆਂ ਦੇ ਪ੍ਰਬੰਧਾਂ ਲਈ ਬਣ ਰਹੀਆਂ ਪ੍ਰਬੰਧਕ ਕਮੇਟੀਆਂ ਬਾਰੇ ਉਨ੍ਹਾਂ ਕਿਹਾ ਕਿ ਵਿਦੇਸ਼ਾਂ 'ਚ ਰਹਿ ਰਹੇ ਸਿੱਖਾਂ ਨੂੰ ਉਥੇ ਸਥਾਨਕ ਪੱਧਰ 'ਤੇ ਕਈ ਮਾਮਲੇ ਦਰਪੇਸ਼ ਹਨ ਜਿਨ੍ਹਾਂ ਨੂੰ ਹੱਲ ਕਰਨ ਲਈ ਇਹ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ ਪਰ ਇਸ ਦਾ ਅਰਥ ਇਹ ਨਹੀਂ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਨਜ਼ਰਅੰਦਾਜ਼ ਕਰ ਰਹੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਹ ਕਮੇਟੀਆਂ ਸ਼੍ਰੋਮਣੀ ਕਮੇਟੀ ਨੂੰ ਪ੍ਰਮੁੱਖ ਸੰਸਥਾ ਮੰਨਦੀਆਂ ਹਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹਨ।

ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਾਲੀ ਸੂਚੀ 'ਚੋਂ ਹਟਾਏ ਗਏ ਸਿੱਖਾਂ ਦੇ ਨਾਂ ਜਨਤਕ ਕੀਤੇ ਜਾਣ ਤਾਂ ਜੋ ਬਾਕੀ ਰਹਿੰਦੇ ਨਾਵਾਂ ਦਾ ਮਸਲਾ ਹੱਲ ਕਰਨ ਲਈ ਯਤਨ ਕੀਤੇ ਜਾ ਸਕਣ। ਜਥੇਦਾਰ



*ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਮੱਕੜ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ।*

ਮੱਕੜ ਨੇ ਕਿਹਾ ਕਿ ਕਾਲੀ ਸੂਚੀ ਖ਼ਤਮ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਲੰਮੇ ਸਮੇਂ ਤੋਂ ਯਤਨ ਕੀਤੇ ਜਾ ਰਹੇ ਸਨ। ਇਸ ਬਾਰੇ ਉਹ ਕਈ ਵਾਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲੇ ਸਨ ਤੇ ਕਾਲੀ ਸੂਚੀ ਸਮੇਤ ਹੋਰ ਪੰਥਕ ਮਸਲੇ ਹੱਲ ਕਰਨ ਲਈ ਅਪੀਲ ਕੀਤੀ ਸੀ ਪਰ ਹੁਣ ਇਸ ਦਾ ਲਾਹਾ ਹੋਰ ਸਿੱਖ ਜਥੇਬੰਦੀਆਂ ਲੈਣ ਦਾ ਯਤਨ ਕਰ ਰਹੀਆਂ ਹਨ।

ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਕੰਮ ਕਰਦੇ ਅੰਮ੍ਰਿਤਧਾਰੀ ਸਿੰਘ ਨੂੰ ਐਪਰਨ ਖੇਤਰ 'ਚ ਕ੍ਰਿਪਾਨ ਪਹਿਨ ਕੇ ਜਾਣ 'ਤੇ ਲਾਈ ਰੋਕ ਬਾਰੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਗ੍ਰਹਿ ਮੰਤਰੀ ਪੀ. ਚਿੰਦਬਰਮ ਨੂੰ ਪੱਤਰ ਲਿਖ ਕੇ ਮੰਗ ਕੀਤੀ ਗਈ ਸੀ ਕਿ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਮੁੱਖ ਰੱਖਦਿਆਂ ਅਜਿਹੇ ਹੁਕਮ ਤੁਰੰਤ ਵਾਪਸ ਲਏ ਜਾਣ। ਇਸ ਬਾਰੇ ਸੀ.ਆਈ.ਐਸ.ਐਫ. ਦੇ ਅਧਿਕਾਰੀਆਂ ਨਾਲ ਮੀਟਿੰਗ ਵੀ ਹੋਈ ਹੈ ਤੇ ਉਨ੍ਹਾਂ ਇਹ ਮਸਲਾ ਜਲਦੀ ਨਿਬੇੜ ਲੈਣ ਦਾ ਭਰੋਸਾ ਵੀ ਦਿੱਤਾ ਸੀ ਪਰ ਹਫ਼ਤਾ ਬੀਤ ਜਾਣ ਦੇ ਬਾਵਜੂਦ ਸਰਕਾਰ ਨੇ ਇਸ ਮਾਮਲੇ 'ਚ ਕੋਈ ਦਖ਼ਲ ਨਹੀਂ ਦਿੱਤਾ।

# ਕਲੀਵਲੈਂਡ ਵਿਚ ਖੇਡ ਮੇਲਾ 25 ਜੂਨ ਨੂੰ

**ਕਲੀਵਲੈਂਡ, ਓਹਾਇਓ (ਬਿਊਰੋ):** ਪੰਜਾਬ ਸਪੋਰਟਸ ਕਲੱਬ, ਕਲੀਵਲੈਂਡ ਵਲੋਂ ਇਕ ਪੰਜਾਬੀ ਖੇਡ ਮੇਲਾ ਆਉਂਦੀ 25 ਜੂਨ, ਸਨਿਚਰਵਾਰ ਨੂੰ ਲੌਂਗਵੁੱਡ ਪਾਰਕ (1494 ਈਸਟ ਅਰੋੜਾ ਰੋਡ, ਮੈਸੇਡੋਨੀਆ) ਵਿਚ ਕਰਵਾਇਆ ਜਾ ਰਿਹਾ ਹੈ। ਮੇਲਾ ਸਵੇਰੇ 8 ਵਜੇ ਸ਼ੁਰੂ ਹੋਵੇਗਾ ਅਤੇ ਸ਼ਾਮ ਦਿਨ ਛਿਪਣ ਸਮੇਂ ਸਮਾਪਤ ਹੋਵੇਗਾ।

ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਬੁਲਾਰਿਆਂ ਇਕਬਾਲ ਸਿੰਘ ਬੋਪਾਰਾਏ ਨੇ ਦੱਸਿਆ ਕਿ ਇਸ ਖੇਡ ਮੇਲੇ ਦੌਰਾਨ ਕੈਨੇਡਾ ਅਤੇ ਅਮਰੀਕਾ ਦੀਆਂ ਨਾਮੀ ਕਬੱਡੀ ਅਤੇ ਵਾਲੀਬਾਲ ਟੀਮਾਂ ਦੇ ਭੇੜ ਹੋਣਗੇ। ਕਬੱਡੀ ਦਾ ਪਹਿਲਾ ਇਨਾਮ 51 ਸੌ ਡਾਲਰ ਅਤੇ ਦੂਜਾ ਇਨਾਮ 41 ਸੌ ਡਾਲਰ ਦਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਬੈਸਟ ਸਟਾਪਰ ਅਤੇ ਬੈਸਟ ਰੇਡਰ ਨੂੰ ਵੀ ਇਨਾਮ ਦਿੱਤੇ ਜਾਣਗੇ। ਵਾਲੀਬਾਲ ਦੇ ਮੁਕਾਬਲੇ ਵੀ ਹੋਣਗੇ ਜਿਨ੍ਹਾਂ ਲਈ ਪਹਿਲਾ ਇਨਾਮ 31 ਸੌ ਡਾਲਰ ਅਤੇ ਦੂਜਾ 21 ਸੌ ਡਾਲਰ ਦਾ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਆਏ ਖੇਡ ਪ੍ਰੇਮੀਆਂ ਦੇ ਮਨੋਰੰਜਨ ਲਈ ਗੀਤਾ ਜੈਲਦਾਰ ਗੀਤ-ਸੰਗੀਤ ਦਾ ਪ੍ਰੋਗਰਾਮ ਪੇਸ਼ ਕਰੇਗਾ। ਕੈਲੀਫੋਰਨੀਆ ਤੋਂ ਸਟੇਜਾਂ ਦੀ ਮਲਿਕਾ ਕਰਕੇ ਜਾਣੀ ਜਾਂਦੀ ਬੀਬੀ ਆਸ਼ਾ ਸ਼ਰਮਾ ਅਤੇ ਨਿਊ ਯਾਰਕ ਤੋਂ ਹਰਵਿੰਦਰ ਰਿਆੜ ਮੰਚ ਸੰਚਲਨ ਕਰਨਗੇ। ਇਸ ਤੋਂ ਇਲਾਵਾ ਕਬੱਡੀ ਦੀ ਕੁਮੈਂਟਰੀ ਸੁਖਚੈਨ ਬਰਾੜ ਕਰਨਗੇ। ਹੋਰ ਜਾਣਕਾਰੀ ਲਈ ਇਕਬਾਲ ਸਿੰਘ ਬੋਪਾਰਾਏ ਫੋਨ 330-754-9396 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


Rising Sun Transport Roanoke,VA



ਟਰੱਕ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

ਈਸਟ ਕੋਸਟ ਤੋਂ ਵੈਸਟ ਕੋਸਟ

*ਡਰਾਈ ਅਤੇ ਰੀਫਰ ਲੋਡ *ਲੋਡ ਚੱਕਣ ਲਈ ਕੋਈ ਇੰਤਜ਼ਾਰ ਨਹੀਂ
*ਕਾਗਜ਼ ਪੂਰੇ ਕਰਨ 'ਤੇ ਤੁਰਤ ਭੁਗਤਾਨ

ਕਾਲ ਕਰੋ:ਹਰਮੀਤ ਸਿੰਘ ਮਥੌਡਾ, ਫੋਨ:540-632-3671



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440



Akal Immigration

In Association with
Max Berger Law Corporation



Canadian Immigration





Max Berger B.F.A. LL.B.
Immigration Lawyer since 1983

Narinder Paul Singh B.Sc.
(Kashmir University -1971)

ਤੁਹਾਡੇ ਰਿਸ਼ਤੇਦਾਰ/ਦੋਸਤ ਨੂੰ ਇਕ ਸਾਲ ਦੇ ਅੰਦਰ ਕੈਨੇਡਾ ਦੀ ਇਮੀਗਰੇਸ਼ਨ ਮਿਲ ਸਕਦੀ ਹੈ

WE SPECIALIZE IN:
⇒ Investor, Business, Self Employed, Skilled Worker
⇒ Family Class, Spousal, Parents, Grand-Parents
⇒ Student, Visitor Visas, Refugee Cases in Toronto, Montreal
⇒ Family, Federal Court Appeals & ADRs
⇒ Temporary Work Permits for Cooks, Chefs for Banquet Halls etc.

ਫੋਨ:(905) 795-1516

Need Agents in the USA

Nanak Plaza 1380- Cardiff Blvd. #: 2 Mississauga (On.) L5S1P9 Canada
E-mail: info@akalimmigration.com Website: www.akalimmigration.com

# ਸ਼ਿਵ ਸੈਨਾ ਦੇ ਹੈੱਡਕੁਆਰਟਰ ਵੀ ਗਿਆ ਸੀ ਹੈਡਲੀ

## ਬਾਲ ਠਾਕਰੇ ਨੂੰ ਮਾਰਨ ਦੀ ਸਾਜ਼ਿਸ਼ ਵਿਚ ਵੀ ਸ਼ਾਮਲ ਸੀ

**ਸ਼ਿਕਾਗੋ:** ਮੁੰਬਈ ਹਮਲਿਆਂ ਦਾ ਸਹਿ-ਮੁਲਜ਼ਮ ਡੇਵਿਡ ਕੋਲਮੈਨ ਹੈਡਲੀ ਮੁੰਬਈ ਵਿਚ ਹੋਰ ਵੀ ਕਈ ਦਹਿਸ਼ਤੀ ਸਾਜ਼ਿਸ਼ਾਂ ਵਿਚ ਸ਼ਾਮਲ ਸੀ। ਉਸ ਨੇ ਇਥੇ ਅਦਾਲਤ ਅੱਗੇ ਇੰਕਸ਼ਾਫ ਕੀਤਾ ਹੈ ਕਿ ਸ਼ਿਵ ਸੈਨਾ ਦੇ ਮੁਖੀ ਬਾਲ ਠਾਕਰੇ ਨੂੰ ਮਾਰਨ ਦੀ ਯੋਜਨਾ ਵਿਚ ਵੀ ਉਹ ਸ਼ਾਮਲ ਸੀ। ਇਸ ਯੋਜਨਾ ਵਿਚ ਆਈ.ਐਸ.ਆਈ. ਅਤੇ ਲਸ਼ਕਰ-ਏ-ਤੋਇਬਾ ਵੀ ਸ਼ਰੀਕ ਸਨ। ਉਸ ਨੇ ਮੁੰਬਈ ਵਿਚ ਸ਼ਿਵ ਸੈਨਾ ਦੇ ਹੈੱਡ ਕੁਆਰਟਰ ਵਿਚ ਜਾਣ ਬਾਰੇ ਵੀ ਖੁਲਾਸਾ ਕੀਤਾ ਹੈ। ਉਸ ਨੇ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਦੇ ਪੁੱਤਰ ਉਧਵ ਠਾਕਰੇ ਦੇ ਲੋਕ ਸੰਪਰਕ ਅਫਸਰ ਰਾਜਾ ਰਾਮ ਰੇਗੇ ਨਾਲ ਸੰਪਰਕ ਬਣਾ ਲਿਆ ਸੀ।

ਇਸੇ ਦੌਰਾਨ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਨੇ ਇਸ ਬਾਰੇ ਟਿੱਪਣੀ ਕੀਤੀ ਹੈ ਕਿ ਉਨ੍ਹਾਂ ਦੀ ਜਥੇਬੰਦੀ ਵਿਚ ਲੋਕ ਸੰਪਰਕ ਅਫਸਰ ਵਰਗਾ ਕੋਈ ਅਹੁਦਾ ਹੀ ਨਹੀਂ ਹੈ। ਉਂਝ ਉਨ੍ਹਾਂ ਇਹ ਗੱਲ ਸਵੀਕਾਰ ਕੀਤੀ ਕਿ ਰਾਜਾ ਰਾਮ ਰੇਗੇ ਨਾਂ ਦਾ ਸ਼ਖ਼ਸ ਪਾਰਟੀ ਦੇ ਸੰਪਰਕ ਵਿਚ ਸੀ। ਇਸ ਬਾਰੇ ਹੁਣ ਹੋਰਿ ਘੋਖ ਕੀਤੀ ਜਾਵੇਗੀ।ਉਨ੍ਹਾਂ ਕਿਹਾ, "ਅਸੀਂ ਕਿਹੜਾ ਹੈਡਲੀ ਤੋਂ ਡਰਦੇ ਹਾਂ। ਅਜਿਹੇ ਕਈ ਹੈਡਲੀ ਅਸੀਂ ਦੇਖੇ ਹਨ।"

ਇਸ ਦੇ ਨਾਲ ਹੈ ਪਾਕਿਸਤਾਨੀ ਖੁਫ਼ੀਆ ਏਜੰਸੀ ਆਈ.ਐਸ.ਆਈ. ਦੀ ਇਕ ਹੋਰ ਕਾਰਵਾਈ ਤੋਂ ਪਰਦਾ ਚੁੱਕਦਿਆਂ ਹੈਡਲੀ ਨੇ ਖੁਲਾਸਾ ਕੀਤਾ ਕਿ ਆਈ.ਐਸ.ਆਈ. ਅਤੇ ਮੇਜਰ ਇਕਬਾਲ ਵਰਗੇ ਇਸ ਦੇ ਸੰਚਾਲਕਾਂ ਅਤੇ ਲਸ਼ਕਰ-ਏ-ਤੋਇਬਾ ਦੇ ਬਾਨੀ ਹਾਫਿਜ਼ ਸਈਦ ਨੇ ਮੁੰਬਈਆਂ ਹਮਲਿਆਂ ਦਾ ਖਾਕਾ ਤਿਆਰ ਕਰਨ ਵਿਚ ਉਸ ਦੀ ਮਦਦ ਕੀਤੀ ਸੀ।

ਪਾਕਿਸਤਾਨੀ ਖੁਫ਼ੀਆ ਏਜੰਸੀ ਆਈ.ਐਸ.ਆਈ. ਦੀ ਇਕ ਹੋਰ ਕਾਰਵਾਈ ਬਾਰੇ ਖੁਲਾਸਾ ਕੀਤਾ ਕਿ ਆਈ.ਐਸ.ਆਈ. ਤੇ ਮੇਜਰ ਇਕਬਾਲ ਵਰਗੇ ਇਸ ਦੇ ਸੰਚਾਲਕਾਂ ਤੇ ਲਸ਼ਕਰ-ਏ-ਤੋਇਬਾ ਦੇ ਬਾਨੀ ਹਾਫਿਜ਼ ਸਈਦ ਨੇ ਮੁੰਬਈਆਂ ਹਮਲਿਆਂ ਦਾ ਖਾਕਾ ਤਿਆਰ ਕਰਨ ਵਿਚ ਉਸ ਦੀ ਮਦਦ ਕੀਤੀ ਸੀ। ਹੈਡਲੀ ਦਾ ਹਲਫ਼ੀਆ ਬਿਆਨ ਠੀਕ ਉਦੋਂ ਆਇਆ ਹੈ, ਜਦੋਂ ਮੁੰਬਈ ਹਮਲਿਆਂ ਦਾ ਸਹਿ-ਮੁਲਜ਼ਮ ਤੇ ਉਸ ਦੇ ਪੁਰਾਣੇ ਮਿੱਤਰ ਤਹੱਵੁਰ ਰਾਣਾ ਖਿਲਾਫ਼ ਸ਼ਿਕਾਗੋ ਦੀ ਡਰਕਸਨ ਫੈਡਰਲ ਬਿਲਡਿੰਗ ਵਿਚ ਮੁਕੱਦਮਾ ਸ਼ੁਰੂ ਹੋਇਆ ਹੈ। ਰਾਣਾ ਪਾਕਿਸਤਾਨੀ ਮੂਲ ਦਾ



ਬਾਲ ਠਾਕਰੇ

ਕੈਨੇਡਿਆਈ ਨਾਗਰਿਕ ਹੈ। ਪਾਕਿਸਤਾਨੀ-ਅਮਰੀਕੀ ਹੈਡਲੀ ਵੀ ਇਸ ਮਾਮਲੇ ਵਿਚ ਸਹਿ-ਮੁਲਜ਼ਮ ਹੈ। ਹੈਡਲੀ ਨੇ ਜੱਜ ਹੈਰੀ ਡੀ. ਲੇਨਿਨਵੇਬਰ ਨੂੰ ਦੱਸਿਆ ਕਿ ਆਈ.ਐਸ.ਆਈ. ਤੇ ਲਸ਼ਕਰ-ਏ-ਤੋਇਬਾ ਇਕ ਦੂਜੇ ਨਾਲ ਤਾਲਮੇਲ ਰੱਖਦੇ ਹਨ ਤੇ ਆਈ.ਐਸ.ਆਈ. ਲਸ਼ਕਰ ਨੂੰ ਸਹਾਇਤਾ ਮੁਹੱਈਆ ਕਰਾਉਂਦੀ ਹੈ।

ਹੈਡਲੀ ਪਾਕਿਸਤਾਨ ਵਿਚ ਮਿਲਟਰੀ ਸਕੂਲ ਤੋਂ ਰਾਣਾ ਦਾ ਪੁਰਾਣਾ ਮਿੱਤਰ ਹੈ। ਹੈਡਲੀ ਅਨੁਸਾਰ ਮੁੰਬਈ ਦਹਿਸ਼ਤੀ ਹਮਲਿਆਂ ਤੋਂ ਦੋ ਸਾਲ ਪਹਿਲਾਂ ਉਸ ਨੇ ਮੇਜਰ ਇਕਬਾਲ ਤੋਂ 25000 ਡਾਲਰ ਦੀ ਵਿੱਤੀ ਮਦਦ ਨਾਲ ਹਮਲਿਆਂ ਲਈ ਜ਼ਮੀਨ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਸੀ। ਹੈਡਲੀ ਨੇ ਦੱਸਿਆ ਕਿ ਜਦੋਂ ਲਸ਼ਕਰ ਦੇ ਆਗੂਆਂ ਨੇ ਭਾਰਤ ਵਿਚ ਸੰਭਾਵੀ ਹਮਲੇ ਦੀ ਗੱਲ ਕਰਨੀ ਸ਼ੁਰੂ ਕੀਤੀ ਤਾਂ ਉਸ ਨੇ ਸੁਝਾਅ ਦਿੱਤਾ ਕਿ ਉਸ ਨੂੰ ਇਸ ਵਿਚ ਸ਼ਾਮਲ ਕੀਤਾ ਜਾਵੇ। ਉਸ ਨੇ ਦੱਸਿਆ ਕਿ ਉਸ ਨੇ ਸੁਝਾਅ ਦਿੱਤਾ ਕਿ ਉਹ ਆਪਣਾ ਨਾਂ ਬਦਲ ਕੇ ਤੇ ਨਵਾਂ ਪਾਸਪੋਰਟ ਬਣਾ ਕੇ ਆਸਾਨੀ ਨਾਲ ਭਾਰਤ ਦਾਖ਼ਲ ਹੋ ਸਕਦਾ ਹੈ। ਹੈਡਲੀ ਨੇ ਦੱਸਿਆ ਕਿ ਆਈ.ਐਸ.ਆਈ. ਨੇ ਲਸ਼ਕਰ ਨੂੰ ਮਦਦ ਦਿੱਤੀ ਤੇ ਉਸ ਨੇ ਇਕ ਦਹਾਕੇ ਤੋਂ ਵੱਧ ਸਮਾਂ ਲਸ਼ਕਰ ਨਾਲ ਪਾਕਿਸਤਾਨ ਵਿਚ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ।

ਹੈਡਲੀ ਨੇ ਅਦਾਲਤ ਨੂੰ ਦੱਸਿਆ ਕਿ ਲਸ਼ਕਰ ਮੁਖੀ ਹਾਫਿਜ਼ ਸਈਦ ਨੇ ਉਸ ਨੂੰ ਜਹਾਦ ਲਈ ਪ੍ਰੇਰਿਆ। ਮੁੰਬਈ ਹਮਲਿਆਂ ਦੀ ਯੋਜਨਾ ਸਈਦ ਨੇ ਘੜੀ ਸੀ। ਸਈਦ ਨੇ ਉਸ ਨੂੰ ਦੱਸਿਆ ਸੀ ਕਿ ਜਹਾਦ ਦਾ ਇਕ ਸੈਕਿੰਡ, ਸੌ ਬੰਦਗੀਆਂ ਦੇ ਬਰਾਬਰ ਹੈ। ਲਸ਼ਕਰ ਨੇ ਹੈਡਲੀ ਨੂੰ ਇਨ੍ਹਾਂ ਹਮਲਿਆਂ ਲਈ ਇਸ ਲਈ ਵੀ ਚੁਣਿਆ ਕਿਉਂਕਿ ਉਹ ਅਮਰੀਕੀਨ ਸੀ ਤੇ ਲੋਕਾਂ ਨੂੰ ਉਸ 'ਤੇ ਘੱਟ ਸ਼ੱਕ ਹੋਵੇਗਾ। ਸਈਦ ਤੇ ਮੇਜਰ ਇਕਬਾਲ ਤੋਂ ਇਲਾਵਾ ਮੇਜਰ ਅਬਦੁਰ ਰਹਿਮਾਨ ਪਾਸ਼ਾ, ਜ਼ਾਕੀ ਸਾਬ ਤੇ ਸਾਜਿਦ ਮੀਰ ਨੇ ਹੈਡਲੀ ਦੀ ਮਦਦ ਕੀਤੀ। ਉਸ ਨੇ ਕਿਹਾ ਕਿ ਆਈ.ਐਸ.ਆਈ. ਲਸ਼ਕਰ ਨੂੰ ਵਿੱਤੀ ਤੇ ਫੌਜੀ ਸਹਾਇਤਾ ਮੁਹੱਈਆ ਕਰਾਉਂਦਾ ਹੈ ਤੇ ਉਸ ਮੁਤਾਬਕ ਇਹ ਦੋਵੇਂ ਇਕ ਛੱਤਰੀ ਹੇਠ ਕੰਮ ਕਰਦੇ ਹਨ।

ਵਕੀਲ ਸਾਰਾਹ ਸਟਰਾਈਕਰ ਨੇ ਜੱਜ ਨੂੰ ਦੱਸਿਆ ਕਿ ਹੈਡਲੀ ਨੇ ਭਾਰਤ ਦੇ ਮੁੱਖ ਪ੍ਰਮਾਣੂ ਕੇਂਦਰ ਦੀ ਸੂਹ ਲਈ ਤੇ ਸ਼ਿਵ ਸੈਨਾ ਦੇ ਮੁੰਬਈ ਸਥਿਤ ਦਫ਼ਤਰ ਦਾ ਦੌਰਾ ਵੀ ਕੀਤਾ। ਹੈਡਲੀ ਸ਼ਿਵ ਸੈਨਾ ਦੇ ਦਫ਼ਤਰ ਵਿਚ ਇਸ ਦੇ ਲੋਕ ਸੰਪਰਕ ਅਫ਼ਸਰ ਰਾਜਾਰਾਮ ਰੇਗੇ ਨਾਲ ਵੀ ਸਬੰਧ ਬਣਾਏ। ਸਟਰਾਈਕਰ ਨੇ ਦੱਸਿਆ ਕਿ ਹੈਡਲੀ ਦੀ ਸਰਗਰਮੀ ਬਾਰੇ ਰਾਣਾ ਸਭ ਕੁਝ ਜਾਣਦਾ ਸੀ। ਉਧਰ ਉਸਾਮਾ ਬਿਨ ਲਾਦਿਨ ਦੇ ਡਰਾਈਵਰ ਸਲੀਮ ਅਹਿਮਦ ਦਾ ਬਚਾਅ ਕਰ ਰਹੇ ਰਾਣਾ ਦੇ ਵਕੀਲ ਚਾਰਲੀ ਸਵਿਫਟ ਨੇ ਦੱਸਿਆ ਕਿ ਹੈਡਲੀ ਇਕੋ ਵੇਲੇ ਕਈ ਜ਼ਿੰਦਗੀਆਂ ਜਿਉ ਰਿਹਾ ਸੀ। ਉਸ ਦੀਆਂ ਤਿੰਨ ਪਤਨੀਆਂ ਹਨ। ਸਵਿਫਟ ਨੇ ਅਬਦੁਰ ਰਹਿਮਾਨ ਪਾਸ਼ਾ ਤੇ ਹੈਡਲੀ ਵਿਚਾਲੇ ਗੱਲਬਾਤ ਦੀ ਟੇਪ ਵੀ ਸੁਣਾਈ ਜਿਸ ਵਿਚ ਰਾਣਾ ਦਾ ਮਜ਼ਾਕ ਉਡਾਇਆ ਗਿਆ ਹੈ। ਸਵਿਫਟ ਨੇ ਕਿਹਾ ਕਿ ਹੈਡਲੀ ਡਬਲ ਏਜੰਟ ਸੀ ਜੋ ਆਈ.ਐਸ.ਆਈ., ਸੀ.ਆਈ.ਏ. ਤੇ ਡੀ.ਈ.ਏ ਲਈ ਕੰਮ ਕਰਦਾ ਸੀ।

ਹੈਡਲੀ ਨੇ 2003 ਵਿਚ ਸੂਫਾ ਤੇ ਅਮਾ ਵਰਗੇ ਕੈਂਪਾਂ ਵਿਚ ਵੀ ਸ਼ਮੂਲੀਅਤ ਕੀਤੀ। ਹੈਡਲੀ ਨੇ ਰਾਣਾ ਨੂੰ ਸਲਾਫੀ ਲਹਿਰ ਬਾਰੇ ਵੀ ਦੱਸਿਆ। ਅਦਾਲਤ ਵਿਚ ਹੈਡਲੀ ਕਈ ਵਾਰ ਏਨੀ ਹੌਲੀ ਬੋਲਦਾ ਸੀ ਕਿ ਵਕੀਲ ਨੂੰ ਵਾਰ-ਵਾਰ ਉਸ ਨੂੰ ਉੱਚਾ ਬੋਲਣ ਲਈ ਕਹਿਣਾ ਪੈਂਦਾ ਸੀ। ਵਕੀਲ ਨੇ ਉਹ ਈ-ਮੇਲ ਵੀ ਦਿਖਾਈਆਂ ਜੋ ਹੈਡਲੀ ਨੇ ਰਾਣਾ ਨੂੰ ਕੀਤੀਆਂ ਸਨ। ਮੁੰਬਈ ਵਿਚ ਹੈਡਲੀ ਨੇ ਇਮੀਗਰੇਸ਼ਨ ਦਫ਼ਤਰ ਵੀ ਖੋਲ੍ਹਿਆ ਸੀ ਪਰ ਉਸ ਨੇ ਕਿਸੇ ਨੂੰ ਵੀ ਵੀਜ਼ਾ ਨਹੀਂ ਦਿਵਾਇਆ ਪਰ ਹਮੇਸ਼ਾ ਰਾਣਾ ਨਾਲ ਫੋਨ 'ਤੇ ਗੱਲ ਕਰਦਾ ਰਹਿੰਦਾ ਸੀ। ਹੈਡਲੀ ਨੇ ਦੱਸਿਆ ਕਿ ਉਹ ਮੁੰਬਈ ਵਿਚ ਰਾਹੁਲ ਤੇ ਵਿਲਾਸ ਨੂੰ ਵੀ ਮਿਲਿਆ ਕਿਉਂਕਿ ਰਾਹੁਲ ਦਾ ਪਿਤਾ ਮਹੇਸ਼ ਭੱਟ ਮੁਸਲਮਾਨਾਂ ਨਾਲ ਦੋਸਤੀ ਰੱਖਦਾ ਸੀ। ਰਾਣਾ ਅਦਾਲਤ ਵਿਚ ਕਾਫੀ ਪ੍ਰੇਸ਼ਾਨ ਨਜ਼ਰ ਆ ਰਿਹਾ ਸੀ ਤੇ ਵਾਰ ਵਾਰ ਆਪਣੇ ਹੱਥ ਸਿਰ 'ਤੇ ਰੱਖਦਾ ਸੀ।

# ਪ੍ਰਧਾਨਗੀ ਲਈ ਨਹੀਂ, ਗੁਰੂ ਘਰ ਦੀ ਮੁਕਤੀ ਲਈ ਕੋਰਟ 'ਚ ਗਿਆ-ਗਿਲਜੀਆਂ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਸਿੱਖ ਸੈਂਟਰ ਦੇ ਪ੍ਰਧਾਨ ਸ. ਜਰਨੈਲ ਸਿੰਘ ਗਿਲਜੀਆਂ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜੇ ਕੋਈ ਸਮਝਦਾ ਹੈ ਕਿ ਉਹ ਆਪਣੀ ਪ੍ਰਧਾਨਗੀ ਕਾਇਮ ਰੱਖਣ ਲਈ ਕੋਰਟ ਗਏ ਹਨ ਤਾਂ ਇਹ ਸੋਚ ਬਿਲਕੁਲ ਗਲਤ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮੈਂ ਤਾਂ ਗੁਰਦੁਆਰਾ ਸਾਹਿਬ ਨੂੰ ਗਿਣਤੀ ਦੇ ਕੁਝ ਲੋਕਾਂ ਦੇ ਕਬਜ਼ੇ ਤੋਂ ਮੁਕਤ ਕਰਵਾਉਣ ਅਤੇ ਸਮੂਹ ਸੰਗਤ ਦੀ ਹੱਕੀ ਮੈਂਬਰਸ਼ਿਪ ਵਾਸਤੇ ਅਦਾਲਤ ਗਿਆ ਹਾਂ।

ਪੰਜਾਬ ਟਾਈਮਜ਼ ਨੂੰ ਭੇਜੇ ਇਕ ਬਿਆਨ ਵਿਚ ਸ. ਗਿਲਜੀਆਂ ਨੇ ਆਖਿਆ ਕਿ ਉਨ੍ਹਾਂ ਦਾ ਖੁੱਲ੍ਹਾ ਸੱਦਾ ਹੈ ਕਿ ਗੁਰਦੁਆਰੇ ਉਤੇ ਸਾਰੀ ਉਮਰ ਕਾਬਜ਼ ਰਹਿਣ ਵਾਲੀ ਧਿਰ 13 ਮੈਂਬਰੀ ਕਮੇਟੀ ਨੂੰ ਤੋੜਨ ਅਤੇ ਸਾਰੀ ਸੰਗਤ ਨੂੰ ਗੁਰੂ ਘਰ ਦਾ ਮੈਂਬਰ ਬਣਾਉਣ ਲਈ ਰਾਜ਼ੀ ਹੋ ਜਾਵੇ ਤਾਂ ਉਹ ਅੱਜ ਪ੍ਰਧਾਨਗੀ ਤੋਂ ਅਲੱਗ ਹੋਣ ਲਈ ਤਿਆਰ ਹਨ। ਜਿਸ ਦਿਨ ਇਹ 13 ਮੈਂਬਰੀ ਕਮੇਟੀ ਆਪਣੇ ਅਸਤੀਫੇ ਦੇਵੇਗੀ, ਅਸੀਂ ਉਸੇ ਦਿਨ ਹੀ ਗੁਰੂ ਘਰ ਦੇ ਪ੍ਰਬੰਧ ਤੋਂ ਅਲੱਗ ਹੋ ਜਾਵਾਂਗੇ। ਸਾਡਾ ਇਕੋ ਇਕ ਮੰਤਵ ਗੁਰੂ ਘਰ ਨੂੰ ਆਜ਼ਾਦ ਕਰਵਾ ਕੇ ਗੁਰੂ ਘਰ ਸੰਗਤਾਂ ਦੇ ਹਵਾਲੇ ਕਰਨਾ ਹੈ।

HERBALIFE
Better your health
Products are made in USA
Celebrating 30 years!
ਆਪਣੀ ਸਿਹਤ ਨੂੰ ਬਿਹਤਰ ਬਣਾਓ
ਭਾਰ ਘਟਾਓ, ਚਰਬੀ ਹਟਾਓ, ਤਾਕਤ ਵਧਾਓ
ਦੁਨੀਆਂ ਦੇ 75 ਦੇਸ਼ਾਂ 'ਚ 7 ਕਰੋੜ ਲੋਕ ਹੁਣ ਤੱਕ ਲਾਭ ਉਠਾ ਚੁਕੇ ਹਨ
Try a free sample
Special first time customers. Get a free body anylisis.
Call For More Info:Herbalife independent distributor
Ricky: 510-478-5995 (Cell)
Work from home part time distributors needed
Serving all areas

FARMERS INSURANCE GROUP
Symbol of Superior Service
FARMERS®
**Now at new location:** 2774 Aborn Road , San Jose, CA 95121
ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।
*"Call for a review of any of your insurance policies or to get a quote"*
*Totally Free and No Obligation to buy from us!!*
*Auto *Home *Life *Business *Workers Compensation
Call for consultation
Ph: 408-771-2438
408-580-6063, 408-687-7566
Fax: 408-273-6001
ssingh6@farmeragent.com
ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।



Satwant Singh
Insurance Agent
License # OH11256
*Call us to know about special discounts for nurses, teachers, engineers, pharmacists, doctors and more professionals to get low prices.**
*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay
We Specialize in Bankowned, Foreclosure and Short Sale Homes
ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ
If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
REALTY WORLD Millennium



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill 209-815-1869

# ਅਕਾਲੀ ਦਲ (ਅੰਮ੍ਰਿਤਸਰ) ਦੇ ਕੈਲੀਫੋਰਨੀਆ ਯੂਨਿਟ ਦਾ ਨਵੇਂ ਸਿਰਿਉਂ ਗਠਨ

**ਬੇਕਰਜ਼ਫੀਲਡ (ਬਿਊਰੋ):** ਅਕਾਲੀ ਦਲ (ਅੰਮ੍ਰਿਤਸਰ) ਦੇ ਕੈਲੀਫੋਰਨੀਆ ਯੂਨਿਟ ਦਾ ਨਵੇਂ ਸਿਰਿਉਂ ਗਠਨ ਕੀਤਾ ਗਿਆ ਹੈ। ਜਿਸ ਅਨੁਸਾਰ ਕੁਲਜੀਤ ਸਿੰਘ ਨਿੱਝਰ ਪ੍ਰਧਾਨ, ਜਸਵੀਰ ਸਿੰਘ ਤੱਖੜ ਸੀਨੀਅਰ ਮੀਤ ਪ੍ਰਧਾਨ ਅਤੇ ਚੇਅਰਪਰਸਨ ਮੈਂਬਰਸ਼ਿਪ, ਕਸ਼ਮੀਰ ਸਿੰਘ ਫਰਿਜ਼ਨੋ ਮੀਤ ਪ੍ਰਧਾਨ, ਕਮਲਜੀਤ ਸਿੰਘ ਚੀਮਾ ਸਹਾਇਕ ਸਕੱਤਰ, ਬਲਵਿੰਦਰ ਸਿੰਘ ਮਿੱਠੂ ਖਜ਼ਾਨਚੀ, ਇਕਬਾਲ ਸਿੰਘ ਬੇਕਰਜ਼ਫੀਲਡ ਸਹਾਇਕ ਖਜ਼ਾਨਚੀ, ਗੁਰਦੀਪ ਸਿੰਘ ਫਰੀਮਾਂਟ ਮੀਤ ਪ੍ਰਧਾਨ (ਵਿੱਤ), ਭੁਪਿੰਦਰ ਸਿੰਘ ਚੀਮਾ ਵਾਈਸ ਚੇਅਰਪਰਸਨ ਮੈਂਬਰਸ਼ਿਪ, ਸਤਨਾਮ ਸਿੰਘ ਸਟਾਕਟਨ ਮੀਡੀਆ ਅਤੇ ਜਥੇਬੰਦਕ ਸਕੱਤਰ, ਸਰਵਣ ਸਿੰਘ ਮਨਟੀਕਾ ਪ੍ਰਚਾਰ ਸਕੱਤਰ, ਬਰਿੰਦਰ ਸਿੰਘ ਲੈਥਰੌਪ ਅਤੇ ਅਵਤਾਰ ਸਿੰਘ ਐਲ.ਏ. ਮੈਂਬਰ ਬਣਾਏ ਗਏ ਹਨ।

ਪਾਰਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਦੋ ਹਫਤੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਅਮਰੀਕਾ) ਦੇ ਨਵੇਂ ਢਾਂਚੇ ਦਾ ਐਲਾਨ ਕੀਤਾ ਗਿਆ ਸੀ ਜਿਸ ਵਿਚ 11 ਮੈਂਬਰੀ ਪੈਨਲ ਬਣਾਇਆ ਗਿਆ ਸੀ। ਪਾਰਟੀ ਦੇ ਕੌਮੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਜਿਨ੍ਹਾਂ ਚਾਰ ਮੈਂਬਰਾਂ-ਸੁਰਜੀਤ ਸਿੰਘ ਕਲਾਹਰ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅਮਰੀਕਾ), ਬੂਟਾ ਸਿੰਘ ਖੜੌਂਦ ਕਨਵੀਨਰ ਸ਼੍ਰੋਮਣੀ ਅਕਾਲੀ ਦਲ (ਅਮਰੀਕਾ), ਜੀਤ ਸਿੰਘ ਆਲੋਅਰਖ, ਕੌਮੀ ਜਨਰਲ ਸਕੱਤਰ, ਸ਼੍ਰੋਮਣੀ ਅਕਾਲੀ ਦਲ ਅਤੇ ਸੀਨੀਅਰ ਮੀਤ ਪ੍ਰਧਾਨ ਸ. ਰੇਸ਼ਮ ਸਿੰਘ ਬੇਕਰਜ਼ਫੀਲਡ ਨੂੰ ਪਾਰਟੀ ਦੇ ਨੀਤੀ ਬਿਆਨ ਦੇਣ ਦਾ ਅਖਤਿਆਰ ਦਿੱਤਾ ਗਿਆ ਸੀ, ਦੀ ਸਾਂਝੀ ਰਾਇ ਨਾਲ ਕੈਲੀਫੋਰਨੀਆ ਅਤੇ ਸਿਆਟਲ ਦੇ ਯੂਨਿਟ ਨਵੇਂ ਸਿਰਿਉਂ ਬਣਾਉਣ ਲਈ ਸ. ਰੇਸ਼ਮ ਸਿੰਘ ਬੇਕਰਜ਼ਫੀਲਡ ਨੂੰ ਜ਼ਿੰਮੇਵਾਰੀ ਦਿੱਤੀ ਗਈ ਸੀ। ਉਸੇ ਅਧੀਨ ਪਾਰਟੀ ਲਈ ਕੰਮ ਕਰ ਰਹੇ ਸੀਨੀਅਰ ਮੈਂਬਰਾਂ ਦੀ ਮੀਟਿੰਗ ਲੰਘੀ 14 ਮਈ ਨੂੰ ਸੱਦੀ ਗਈ ਸੀ ਜਿਸ ਵਿਚ ਕੈਲੀਫੋਰਨੀਆ ਯੂਨਿਟ ਦੇ ਗਠਨ ਲਈ 12 ਮੈਂਬਰੀ ਪੈਨਲ ਬਣਾਇਆ ਗਿਆ। ਲੰਘੀ 22 ਮਈ ਨੂੰ ਪੈਨਲ ਮੈਂਬਰਾਂ ਦੀ ਮੀਟਿੰਗ ਹੋਈ। ਨੈਸ਼ਨਲ ਪੈਨਲ ਮੈਂਬਰ ਦਰਸ਼ਨ ਸਿੰਘ ਸੰਧੂ, ਰਮਿੰਦਰਜੀਤ ਸਿੰਘ ਸੰਧੂ (ਮਿੰਟੂ ਸੰਧੂ) ਅਤੇ ਰੇਸ਼ਮ ਸਿੰਘ ਬੇਕਰਜ਼ਫੀਲਡ ਵੀ ਫੋਨ ਕਾਨਫਰੰਸ ਵਿਚ ਹਾਜਰ ਸਨ। ਚੌਥੇ ਪੈਨਲ ਮੈਂਬਰ ਪ੍ਰੀਤਮ ਸਿੰਘ ਜੋਗਾਨੰਗਲ ਅਮਰੀਕਾ ਤੋਂ ਬਾਹਰ ਹੋਣ ਕਰਕੇ ਹਾਜਰ ਨਹੀਂ ਹੋ ਸਕੇ। ਇਸ ਦੇ ਨਾਲ ਹੀ 4 ਸਪੈਸ਼ਲ ਇਨਵਾਈਟੀ-ਸ. ਜੋਗਾ ਸਿੰਘ ਬਾਠ ਸੈਕਰਾਮੈਂਟੋ, ਹਰਨੇਕ ਸਿੰਘ ਅਟਵਾਲ ਸਟਾਕਟਨ, ਨਛੱਤਰ ਸਿੰਘ ਭੁੱਲਰ ਲਾਸ ਏਂਜਲਸ ਅਤੇ ਅਜੀਤ ਸਿੰਘ ਭੱਠਲ ਬੇਕਰਜ਼ਫੀਲਡ ਨਿਯੁਕਤ ਕੀਤੇ ਗਏ ਹਨ।

ਮੀਟਿੰਗ ਵਿਚ ਪਾਰਟੀ ਦੀ ਮੈਂਬਰਸ਼ਿਪ ਅਤੇ ਸਹੀ ਤਰੀਕੇ ਨਾਲ ਪੈਸੇ ਦਾ ਲੇਖਾ ਜੋਖਾ ਰੱਖਣ ਸਬੰਧੀ ਵਿਚਾਰ ਕੀਤੀ ਗਈ। ਇਹ ਵੀ ਵਿਚਾਰ ਕੀਤਾ ਗਿਆ ਕਿ ਪਾਰਟੀ ਦਾ ਹਰ ਯੂਨਿਟ ਸਾਲ ਵਿਚ ਘੱਟੋ ਘੱਟ ਦੋ ਪ੍ਰੋਗਰਾਮ ਜਰੂਰ ਉਲੀਕੇ ਅਤੇ ਹਰ ਯੂਨਿਟ ਦੀ ਘੱਟੋ ਘੱਟ ਮਹੀਨੇ ਵਿਚ ਇੱਕ ਮੀਟਿੰਗ ਜਰੂਰ ਸੱਦੀ ਜਾਵੇ, ਆਉਂਦੀਆ ਸ਼੍ਰੋਮਣੀ ਕਮੇਟੀ ਅਤੇ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਉਮੀਦਵਾਰਾਂ ਦੀ ਡਟ ਕੇ ਮਦਦ ਕੀਤੀ ਜਾਵੇ। ਅਖੀਰ ਵਿਚ ਸਾਰੇ ਪੈਨਲ ਮੈਂਬਰਾਂ ਅਤੇ ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ ਵੱਲੋਂ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੱਤੀ।

## ਵਿਆਨਾ ਕਾਂਡ ਤੋਂ ਬਾਅਦ ਹਿੰਸਾ ਕਰਨ ਵਾਲਿਆਂ ਖ਼ਿਲਾਫ਼ ਨਹੀਂ ਹੋਈ ਕਾਰਵਾਈ

**ਜਲੰਧਰ:** ਵਿਆਨਾ ਕਾਂਡ ਤੋਂ ਬਾਅਦ ਪੰਜਾਬ 'ਚ ਹੋਈ ਵਿਆਪਕ ਹਿੰਸਾ ਦੀ ਜਾਂਚ ਰਾਜ ਸਰਕਾਰ ਨੇ ਫਿਲਹਾਲ ਠੰਢੇ ਬਸਤੇ ਵਿਚ ਪਾਈ ਹੋਈ ਹੈ। ਦੋ ਸਾਲ ਬੀਤ ਜਾਣ ਦੇ ਬਾਵਜੂਦ ਹਾਲੇ ਤੱਕ ਹਿੰਸਕ ਕਾਰਵਾਈਆਂ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਪੁਲੀਸ ਗ੍ਰਿਫ਼ਤਾਰ ਨਹੀਂ ਕਰ ਸਕੀ। ਇਸ ਘਟਨਾ ਕਾਰਨ ਉਦੋਂ ਜਲੰਧਰ ਜ਼ਿਲ੍ਹੇ ਵਿਚ ਹੀ ਚਾਰ ਮੌਤਾਂ ਹੋਈਆਂ ਸਨ ਤੇ ਤਕਰੀਬਨ 100 ਕਰੋੜ ਰੁਪਏ ਦੀ ਸਰਕਾਰੀ ਤੇ ਗੈਰ ਸਰਕਾਰੀ ਜਾਇਦਾਦ ਦੀ ਭੰਨ-ਤੋੜ ਤੇ ਸਾੜ-ਫੂਕ ਹੋਈ ਸੀ।

ਜ਼ਿਕਰਯੋਗ ਹੈ ਕਿ 25 ਮਈ 2009 ਨੂੰ ਆਸਟਰੀਆ ਦੀ ਰਾਜਧਾਨੀ ਵਿਆਨਾ ਵਿਚ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਣ ਦਾਸ ਤੇ ਉਪ ਮੁਖੀ ਸੰਤ ਰਾਮਾਨੰਦ 'ਤੇ ਕਾਤਲਾਨਾ ਹਮਲਾ ਕੀਤਾ ਗਿਆ ਸੀ। ਇਸ ਘਟਨਾ 'ਚ ਸੰਤ ਰਾਮਾਨੰਦ ਦੀ ਮੌਤ ਹੋ ਗਈ ਸੀ ਤੇ ਸੰਤ ਨਿਰੰਜਣ ਦਾਸ ਗੋਲੀ ਲੱਗਣ ਕਾਰਨ ਗੰਭੀਰ ਜ਼ਖ਼ਮੀ ਹੋ ਗਏ ਸਨ। ਸੰਤ ਰਾਮਾਨੰਦ ਦੀ ਮੌਤ ਹੋ ਜਾਣ ਤੋਂ ਬਾਅਦ ਪੰਜਾਬ ਤੇ ਖਾਸ ਕਰਕੇ ਦੁਆਬੇ 'ਚ ਵਿਆਪਕ ਹਿੰਸਾ ਹੋਈ ਸੀ। ਇਸ ਹਿੰਸਾ 'ਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਸੀ। ਉਦੋਂ ਪੁਲੀਸ ਨੇ ਅੱਧੀ ਦਰਜਨ ਠੇਕੇ ਲੁੱਟਣ ਬਾਰੇ ਤੇ ਸਾੜ-ਫੂਕ ਕਰਨ ਦੇ ਦੋਸ਼ਾਂ ਤਹਿਤ 40 ਮਾਮਲੇ ਦਰਜ ਕੀਤੇ ਸਨ।

ਜਲੰਧਰ ਛਾਉਣੀ ਰੇਲਵੇ ਸਟੇਸ਼ਨ 'ਤੇ ਪੂਰੀ ਰੇਲਗੱਡੀ ਨੂੰ ਸਾੜ ਦਿੱਤਾ ਗਿਆ ਸੀ। ਇਹ ਗੱਡੀ ਅੱਜ ਵੀ ਜਲੰਧਰ ਛਾਉਣੀ ਦੇ ਯਾਰਡ 'ਤੇ ਖੜ੍ਹੀ ਹੈ। ਵਿਆਨਾ ਕਾਂਡ ਸਮੇਂ ਦੋ ਦਿਨ ਚੱਲੀਆਂ ਹਿੰਸਕ ਕਾਰਵਾਈਆਂ ਦੌਰਾਨ ਅੱਧੀ ਦਰਜਨ ਤੋਂ ਵੱਧ ਠੇਕੇ ਲੁੱਟੇ ਗਏ ਸਨ। ਪੁਲੀਸ ਨੇ ਜਿਹੜੇ ਵਿਅਕਤੀਆਂ ਨੂੰ ਫੜਿਆ ਉਨ੍ਹਾਂ ਨੂੰ ਵੀ ਸਿਆਸੀ ਦਬਾਅ ਕਾਰਨ ਛੱਡ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਵਿਆਨਾ ਵਿਚ ਸੰਤਾਂ 'ਤੇ ਹਮਲਾ ਕਰਨ ਵਾਲਿਆਂ ਵਿਰੁਧ ਚੱਲੇ ਕੇਸ ਦਾ ਤਾਂ ਨਿਬੇੜਾ ਹੋ ਚੁੱਕਾ ਹੈ ਤੇ ਇਸ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾ ਚੁੱਕੀਆਂ ਹਨ।

# ਸਿੱਖਸ ਫਾਰ ਜਸਟਿਸ ਵਲੋਂ ਨਸਲਕੁਸ਼ੀ ਕਾਨਫਰੰਸ 4 ਨੂੰ

**ਫਰੀਮਾਂਟ (ਬਿਊਰੋ):** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਸਮੂਹ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਆਉਂਦੀ 4 ਜੂਨ ਨੂੰ ਰਾਜਾ ਸਵੀਟਸ ਰੈਸਟੋਰੈਂਟ, ਹੇਵਰਡ ਵਿਚ ਇਕ ਵਿਸ਼ਾਲ ਸਿੱਖ ਨਸਲਕੁਸ਼ੀ ਕਾਨਫਰੰਸ ਕਰਵਾਈ ਜਾ ਰਹੀ ਹੈ। ਜਥੇਬੰਦੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਸਬੰਧ ਵਿਚ ਬੇਅ ਏਰੀਏ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਕਾਨਫਰੰਸ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਦੀਆਂ ਕੋਸ਼ਿਸ਼ਾਂ ਨੇ ਕਈਆਂ ਸਾਲਾਂ ਤੋਂ ਸਿੱਖਾਂ ਨੂੰ ਨਿਆਂ ਦੁਆਉਣ ਲਈ ਅਮਰੀਕਾ ਤੇ ਕੈਨੇਡਾ ਵਿਚ ਸਰਕਾਰੀ ਅਤੇ ਅਦਾਲਤੀ ਪੱਧਰ 'ਤੇ ਭਾਰਤ ਸਰਕਾਰ ਤੇ ਕਥਿਤ ਤੌਰ 'ਤੇ ਘੱਟ ਗਿਣਤੀਆਂ ਦੀ ਕਾਤਲ ਕਾਂਗਰਸ ਪਾਰਟੀ ਨੂੰ ਘੇਰੇ ਵਿਚ ਲਿਆ ਹੋਇਆ ਹੈ। ਅਮਰੀਕੀ ਫੈਡਰਲ ਅਦਾਲਤ ਵਿਚ ਭਾਰਤ ਦੇ ਮੰਤਰੀ ਕਮਲਨਾਥ ਤੇ ਕਾਂਗਰਸ ਪਾਰਟੀ ਵਿਰੁਧ ਸਿੱਖਾਂ ਦੀ ਨਸਲਕੁਸ਼ੀ ਕਰਵਾਉਣ ਦੇ ਦੋਸ਼ ਅਧੀਨ ਦੋ ਮੁਕਦੱਮੇ ਚਲਾਏ ਗਏ ਹਨ। ਇਸ ਤੋਂ ਇਲਾਵਾ ਕੈਨੇਡਾ ਦੀ ਪਾਰਲੀਮੈਂਟ ਵਿਚ ਵੀ ਸਿੱਖ ਨਸਲਕੁਸ਼ੀ ਨੂੰ ਕੌਮਾਂਤਰੀ ਪੱਧਰ 'ਤੇ ਮਾਨਤਾ ਦਵਾਉਣ ਲਈ ਪ੍ਰਧਾਨ ਮੰਤਰੀ ਹਾਰਪਰ ਤੱਕ ਪਹੁੰਚ ਕੀਤੀ ਗਈ ਹੈ।

ਬਿਆਨ ਅਨੁਸਾਰ ਸੈਨ ਫਰਾਂਸਿਸਕੋ ਬੇਅ ਏਰੀਏ ਦੇ ਚਾਰ ਪ੍ਰਮੁੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਨੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਦਾ ਪ੍ਰਣ ਲਿਆ। ਗੁਰਦੁਆਰਾ ਫਰੀਮਾਂਟ ਦੇ ਜਸਜੀਤ ਸਿੰਘ ਨੇ ਕਿਹਾ ਕਿ ਨਵੰਬਰ 1984 ਸਿੱਖ ਨਸਲਕੁਸ਼ੀ ਭਾਰਤ 'ਤੇ ਇਕ ਬਦਨੁਮਾ ਦਾਗ ਹੈ ਜੋ ਰਹਿੰਦੀ ਦੁਨੀਆ ਤਕ ਰਹੇਗਾ। ਕਿਸੇ ਵੀ ਸਰਕਾਰ ਨੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਦਾ ਬੀੜਾ ਨਹੀਂ ਚੁਕਿਆ ਜੋ ਕੰਮ ਸਿੱਖ ਫਾਰ ਜਸਟਿਸ ਕਰ ਰਹੀ ਹੈ।

ਗੁਰਦੁਅਰਾ ਸੈਨ ਹੋਜ਼ੇ ਦੇ ਸ. ਸੁਖਦੇਵ ਸਿੰਘ ਬੈਣੀਪਾਲ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ 4 ਜੂਨ ਦੀ ਸਿੱਖ ਨਸਲਕੁਸ਼ੀ ਕਾਨਫਰੰਸ ਵਿਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਹੈ। ਗੁਰਦੁਆਰਾ ਸਟਾਕਟਨ ਦੇ ਬਲਵਿੰਦਰ ਸਿੰਘ ਨੇ ਕਿਹਾ ਕਿ ਹੋਂਦ ਚਿੱਲੜ ਕਾਂਡ ਵਰਗੇ ਸਬੂਤਾਂ ਦੇ ਬਾਵਜੂਦ ਸਿੱਖ ਨਸਲਕੁਸ਼ੀ ਦੇ ਦੋਸ਼ੀ ਅੱਜ ਵੀ ਭਾਰਤ ਵਿਚ ਸ਼ਰੇਆਮ ਘੁੰਮ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸਿੱਖਸ ਫਾਰ ਜਸਟਿਸ ਦੇ ਹਰ ਹਾਲ ਵਿਚ ਸਾਥ ਦੇਣਾ ਚਾਹੀਦਾ ਹੈ।

ਗੁਰਦੁਆਰਾ ਐਲ ਸਬਰਾਂਟੇ ਦੇ ਹਰਜਾਪ ਸਿੰਘ ਨੇ ਕਿਹਾ ਕਿ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਸਿੱਖਸ ਫਾਰ ਜਸਟਿਸ ਵਲੋਂ ਚਲਾਈ ਜਾ ਰਹੀ ਸਿੱਖ ਇਨਸਾਫ ਲਹਿਰ ਦਾ ਡਟ ਕੇ ਸਹਿਯੋਗ ਦੇਣਾ ਚਾਹੀਦਾ ਹੈ।

ਇਸੇ ਦੌਰਾਨ ਡਾ. ਪ੍ਰਿਤਪਾਲ ਸਿੰਘ, ਸੁਖਵਿੰਦਰ ਸਿੰਘ, ਗੁਰਚਰਨ ਸਿੰਘ ਮਾਨ, ਕਰਨੈਲ ਸਿੰਘ ਖਾਲਸਾ, ਜਸਵੰਤ ਸਿੰਘ ਹੋਠੀ, ਹਰਜਾਪ ਸਿੰਘ, ਕੁਲਜੀਤ ਸਿੰਘ ਨਿੱਝਰ, ਦਰਸ਼ਨ ਸਿੰਘ ਮਾਨ, ਦਰਸ਼ਨ ਸਿੰਘ ਸੰਧੂ, ਲਖਵੀਰ ਸਿੰਘ ਪਟਵਾਰੀ, ਜਸਬੀਰ ਸਿੰਘ ਦਿੱਲੀ, ਹਰਪਾਲ ਸਿੰਘ, ਰਾਮ ਸਿੰਘ, ਦਰਸ਼ਨ ਸਿੰਘ, ਅਜੀਤ ਸਿੰਘ ਆਲੋਅਰਖ, ਮੋਹਿੰਦਰ ਸਿੰਘ, ਰਣਜੀਤ ਸਿੰਘ ਰਾਏ, ਅਮਰੀਕ ਸਿੰਘ ਪੰਨੂੰ, ਜਗਜੀਤ ਸਿੰਘ (ਸੈਨ ਹੋਜ਼ੇ), ਨਵਜੋਤ ਕੌਰ, ਹਰਵਿੰਦਰ ਸਿੰਘ ਤੇ ਬਲਬੀਰ ਸਿੰਘ ਢਿੱਲੋਂ ਆਦਿ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਸਿੱਖਸ ਫਾਰ ਜਸਟਿਸ ਵਲੋਂ 4 ਜੂਨ ਨੂੰ ਕਰਵਾਈ ਜਾ ਰਹੇ ਸਿੱਖ ਨਸਲਕੁਸ਼ੀ ਕਾਨਫਰੰਸ ਵਿਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਹੈ।

# ਸਾਹਿਤ ਸਭਾ ਸਟਾਕਟਨ ਦੀ ਮੀਟਿੰਗ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ) ਦੀ ਇਥੇ ਹੋਈ ਮਾਸਿਕ ਇਕੱਤਰਤਾ ਵਿਚ ਜਿਥੇ ਸਾਹਿਤਕ ਰਚਨਾਵਾਂ ਦਾ ਦੌਰ ਚੱਲਿਆ ਉਥੇ ਗੀਤ ਸੰਗੀਤ ਦਾ ਰੰਗ ਵੀ ਬੱਝਾ।

ਕਹਾਣੀਕਾਰ ਸ. ਤ੍ਰਿਪਤ ਸਿੰਘ ਭੱਟੀ ਦੇ ਘਰ ਹੋਈ ਇਸ ਇਕੱਤਰਤਾ ਦਾ ਅਰੰਭ ਉਘੇ ਗਾਇਕ ਪ੍ਰੀਤਮ ਸੋਹੀ ਨੇ ਸ਼ਿਵ ਬਟਾਲਵੀ ਦੇ ਗੀਤ 'ਜਾਚ ਮੈਨੂੰ ਆ ਗਈ ਗਮ ਖਾਣ ਦੀ' ਗਾ ਕੇ ਕੀਤਾ। ਉਪਰੰਤ ਜਗਤਾਰ ਸਿੰਘ ਪ੍ਰੀਤ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਇਕ ਗੀਤ 'ਜੋ ਜਣਨ ਸ਼ਹੀਦਾਂ ਨੂੰ ਹੁੰਦੀਆਂ ਜਗ 'ਤੇ ਵਿਰਲੀਆਂ ਮਾਂਵਾਂ' ਗਾ ਕੇ ਭਰਪੂਰ ਦਾਦ ਖੱਟੀ। ਮਾਡੈਸਟੋ ਤੋਂ ਆਏ ਬਜ਼ੁਰਗ ਸ਼ਾਇਰ ਸ. ਨਿਰੰਜਣ ਸਿੰਘ ਸੰਧੂ ਨੇ ਹਾਸਰਸੀ ਕਵਿਤਾ 'ਚੁਗਲਖੋਰ' ਸੁਣਾ ਕੇ ਸਭ ਨੂੰ ਲੋਟ ਪੋਟ ਕਰ ਦਿੱਤਾ। ਗੀਤਕਾਰ ਹਰਜੀਤ ਹਠੂਰ ਨੇ ਸੜਕ 'ਤੇ ਪੱਥਰ ਕੁੱਟਦੀ ਇਕ ਗਰੀਬੜੀ ਮੁਟਿਆਰ ਤੇ ਉਹਦੇ ਬੱਚੇ ਦੀ ਤ੍ਰਾਸਦੀ ਬਿਆਨ ਕਰਦੀ ਕਵਿਤਾ ਸੁਣਾ ਕੇ ਮਾਹੌਲ ਨੂੰ ਗੰਭੀਰ ਕਰ ਦਿੱਤਾ।

ਕਹਾਣੀ ਦੇ ਦੌਰ ਵਿਚ ਸ. ਤ੍ਰਿਪਤ ਸਿੰਘ ਭੱਟੀ ਨੇ ਆਪਣੀਆਂ ਦੋ ਮਿੰਨੀ ਕਹਾਣੀਆਂ ਸੁਣਾਈਆਂ। ਤੇਜਿੰਦਰ ਸਿੰਘ ਸੰਧੂ ਨੇ ਹਾਸਰਸੀ ਕਾਵਿ ਟੋਟਕਿਆਂ ਨਾਲ ਮਾਹੌਲ ਨੂੰ ਖੁਸ਼ਗਵਾਰ ਬਣਾਈ ਰੱਖਿਆ ਅਤੇ ਇਕ ਗੀਤ ਗਾ ਕੇ ਵੀ ਵਾਹ ਵਾਹ ਖੱਟੀ। ਕਹਾਣੀਕਾਰਾ ਮ੍ਰਿਗਇੰਦਰ ਕੌਰ ਪੰਧੇਰ ਨੇ ਆਪਣੀਆਂ ਦੋ ਕਹਾਣੀਆਂ ਸੁਣਾਈਆਂ ਜਿਨ੍ਹਾਂ 'ਤੇ ਭਰਵੀਂ ਚਰਚਾ ਹੋਈ। ਸਭਾ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਪੰਧੇਰ ਨੇ ਕਹਾਣੀ 'ਅੰਬਰੀ ਮਾਂ' ਅਤੇ ਸਕੱਤਰ ਜਸਵੰਤ ਸਿੰਘ ਸ਼ਾਦ ਨੇ ਕਵਿਤਾ 'ਫੇਸ ਬੁੱਕ', ਮਨਜੀਤ ਸਿੰਘ ਕੰਗ ਨੇ ਇਕ ਹਾਸਰਸੀ ਕਵਿਤਾ ਤੇ ਭੁਪਿੰਦਰ ਸਿੰਘ ਟੀਟੀ ਨੇ ਕੁਝ ਹਾਸਰਸੀ ਕਾਵਿ ਟੋਟਕੇ ਸੁਣਾਏ। ਪ੍ਰੀਤਮ ਸਿੰਘ ਸੋਹੀ ਤੇ ਤੇਜਿੰਦਰ ਸੰਧੂ ਨੇ ਆਪਣਾ ਇਕ ਗੀਤ ਸਰੋਤਿਆਂ ਦੀ ਨਜ਼ਰ ਕੀਤਾ। ਸਰੋਤਿਆਂ ਵਿਚ ਹੋਰਨਾਂ ਤੋਂ ਇਲਾਵਾ ਪਿਆਰਾ ਸਿੰਘ ਘੁੰਮਣ, ਸ੍ਰੀਮਤੀ ਮੋਹਨ ਇੰਦਰ ਘੁੰਮਣ, ਬਲਬੀਰ ਕੌਰ ਭੱਟੀ, ਹਰਵਿੰਦਰ ਕੌਰ ਅਤੇ ਦਿਲਦਾਰ ਸਿੰਘ ਸ਼ਾਮਲ ਸਨ।

# ਪੰਜਾਬ ਸਪੋਰਟਸ ਕਲੱਬ ਮਿਡਵੈਸਟ ਦਾ ਕਬੱਡੀ ਮੇਲਾ 3 ਜੁਲਾਈ ਨੂੰ

**ਸ਼ਿਕਾਗੋ:** ਪੰਜਾਬ ਸਪੋਰਟਸ ਕਲੱਬ ਮਿਡਵੈਸਟ, ਸ਼ਿਕਾਗੋ ਦਾ 9ਵਾਂ ਕਬੱਡੀ ਮੇਲਾ ਆਉਂਦੀ 3 ਜੁਲਾਈ ਨੂੰ ਇਥੇ ਬਸੀ ਵੁਡਜ਼ ਫਾਰੈਸਟ ਪ੍ਰਿਜ਼ਰਵ (ਹਿਗਿਨਜ਼ ਅਤੇ ਆਰਲਿੰਗਟਨ ਹਾਈਟਸ ਰੋਡ), ਐਲਕ ਗਰੂਵ ਵਿਲੇਜ ਵਿਚ ਸਵੇਰੇ 9 ਵਜੇ ਤੋਂ ਸ਼ਾਮ ਦਿਨ ਛਿਪਣ ਤੱਕ ਹੋਵੇਗਾ। ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਨਵ ਨਿਯੁਕਤ ਲੋਕ ਸੰਪਰਕ ਸਕੱਤਰ ਸ੍ਰੀ ਲੱਕੀ ਸਹੋਤਾ ਨੇ ਦੱਸਿਆ ਕਿ ਅਮਰੀਕਾ ਅਤੇ ਕੈਨੇਡਾ ਦੀਆਂ ਨਾਮੀ ਕਬੱਡੀ ਟੀਮਾਂ ਇਸ ਮੇਲੇ ਵਿਚ ਕਬੱਡੀ ਦੇ ਜੌਹਰ ਵਿਖਾਉਣਗੀਆਂ। ਇਸ ਤੋਂ ਇਲਾਵਾ ਵਾਲੀਬਾਲ ਦੇ ਮੁਕਾਬਲੇ ਵੀ ਹੋਣਗੇ। ਦਰਸ਼ਕਾਂ ਦੇ ਮਨੋਰੰਜਨ ਲਈ ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਹੋਵੇਗਾ। ਮੇਲੇ ਲਈ ਕੋਈ ਟਿਕਟ ਜਾਂ ਪਾਰਕਿੰਗ ਫੀਸ ਨਹੀਂ ਹੈ। ਖਾਣ-ਪੀਣ ਦਾ ਪ੍ਰਬੰਧ ਵੀ ਮੁਫਤ ਹੋਵੇਗਾ। ਸਕਿਉਰਿਟੀ ਦਾ ਪੂਰਾ ਪ੍ਰਬੰਧ ਹੋਵੇਗਾ।

ਸ੍ਰੀ ਸਹੋਤਾ ਨੇ ਇਹ ਵੀ ਦੱਸਿਆ ਕਿ ਸ੍ਰੀ ਮਨਜੀਤ ਸਿੰਘ ਧਨੋਆ ਇਕ ਹੋਰ ਸਾਲ ਲਈ ਕਲੱਬ ਦੇ ਪ੍ਰਧਾਨ ਚੁਣੇ ਗਏ ਹਨ ਜਦੋਂ ਕਿ ਸ੍ਰੀ ਜਗਦੇਵ ਸਿੰਘ ਖੇੜਾ ਨੂੰ ਮੀਤ ਪ੍ਰਧਾਨ, ਸ੍ਰੀ ਸਤਿੰਦਰ ਸਿੰਘ ਸੁਸਾਣਾ ਨੂੰ ਕਾਰਜਕਾਰੀ ਸਕੱਤਰ, ਸ੍ਰੀ ਬਿਕਰਮ ਸਿੰਘ ਸਿੱਧੂ ਨੂੰ ਵਿੱਤ ਸਕੱਤਰ ਅਤੇ ਹਾਬੀ ਗਰੇਵਾਲ ਨੂੰ ਜੁਆਇੰਟ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸ ਸਾਂਝੇ ਬਿਆਨ ਵਿਚ ਸ੍ਰੀ ਧਨੋਆ, ਸ੍ਰੀ ਸਹੋਤਾ, ਸ੍ਰੀ ਸੁਸਾਣਾ ਅਤੇ ਸ੍ਰੀ ਇੰਦਰਜੀਤ ਸਿੰਘ ਮੁਕਰ ਨੇ ਸ਼ਿਕਾਗੋ ਅਤੇ ਮਿਡਵੈਸਟ ਦੇ ਪੰਜਾਬੀ ਭਾਈਚਾਰੇ ਨੂੰ ਇਸ ਖੇਡ ਮੇਲੇ ਦਾ ਅਨੰਦ ਮਾਨਣ ਲਈ ਹੁਮ ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਹੈ।

# ਕੈਨੇਡਾ ਦੀ ਕੇਂਦਰੀ ਵਜ਼ਾਰਤ 'ਚ ਪੰਜਾਬੀ ਮੂਲ ਦੇ 2 ਮੰਤਰੀ ਸ਼ਾਮਲ

**ਕੈਲਗਰੀ, ਕੈਨੇਡਾ (ਸੁਖਵੀਰ ਗਰੇਵਾਲ):** ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਰਟੈਂਡਾ ਦੇ ਜੰਮਪਲ ਬਲਜੀਤ ਸਿੰਘ ਗੋਸਲ (ਬਲ ਗੋਸਲ) ਨੂੰ ਕੈਨੇਡਾ ਦੇ ਨਵੇਂ ਮੰਤਰੀ ਮੰਡਲ ਵਿਚ ਬਤੌਰ ਕੇਂਦਰੀ ਖੇਡ ਰਾਜ ਮੰਤਰੀ ਸ਼ਾਮਲ ਕੀਤਾ ਗਿਆ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਵੱਲੋਂ ਐਲਾਨੇ 39 ਮੈਂਬਰੀ ਕੇਂਦਰੀ ਮੰਤਰੀ ਮੰਡਲ ਵਿਚ ਪੰਜਾਬੀ ਮੂਲ ਦੇ ਇਕ ਹੋਰ ਐਮ.ਪੀ. ਟਿਮ ਉਪਲ ਨੂੰ ਬਤੌਰ ਲੋਕਤੰਤਰਿਕ ਸੁਧਾਰ ਰਾਜ ਮੰਤਰੀ ਸ਼ਾਮਲ ਕੀਤਾ ਗਿਆ ਹੈ।

ਬਲ ਗੋਸਲ ਉਸ ਸਮੇਂ ਸੁਰਖੀਆਂ ਵਿਚ ਆਏ ਸਨ, ਜਦੋਂ ਉਨ੍ਹਾਂ ਨੇ ਬ੍ਰੈਂਪਟਨ-ਮਾਲਟਨ ਸੀਟ ਤੋਂ ਲਿਬਰਲ ਪਾਰਟੀ ਦੇ ਗੁਰਬਖ਼ਸ਼ ਸਿੰਘ ਮੱਲ੍ਹੀ ਨੂੰ ਹਰਾ ਕੇ ਟੋਰਾਂਟੋ ਖੇਤਰ ਵਿਚ ਵਿਰੋਧੀ ਪਾਰਟੀ ਦਾ ਪੁਰਾਣਾ ਗੜ੍ਹ ਭੰਨ੍ਹਣ ਵਿਚ ਮੋਹਰੀ ਭੂਮਿਕਾ ਨਿਭਾਈ ਸੀ।

ਟਿਮ ਉਪਲ ਐਡਮੰਟਨ (ਅਲਬਰਟਾ) ਤੋਂ ਹਾਰਪਰ ਦੀ ਕੰਜ਼ਰਵੇਟਿਵ ਪਾਰਟੀ ਦੀ ਟਿਕਟ ਤੋਂ ਦੂਜੀ ਵਾਰ ਚੋਣ ਜਿੱਤੇ ਸਨ। ਅਲਬਰਟਾ ਸਟੇਟ ਵਿਚ ਪਿਛਲੇ ਚਾਰ ਦਹਾਕਿਆਂ ਤੋਂ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਹੈ, ਜਿਸ ਕਰਕੇ ਟਿਮ ਉਪਲ ਨੂੰ ਜਿੱਤਣ ਵਿਚ ਬਹੁਤੀ ਔਖ ਨਹੀਂ ਮਹਿਸੂਸ ਹੋਈ। ਉਂਜ, ਟਿਮ ਉਪਲ ਕੈਨੇਡਾ ਦੀ ਨਵੀਂ ਪਾਰਲੀਮੈਂਟ ਵਿਚ ਇਕੋ-ਇਕ ਪਗੜੀਧਾਰੀ ਪੰਜਾਬੀ ਹਨ। ਜਦੋਂ ਓਟਾਵਾ ਦੇ ਰਿਡਿਊ ਹਾਲ ਵਿਚ ਤਾੜੀਆਂ ਦੀ ਗੜਗੜਾਹਟ ਵਿਚ ਇਹ ਨਵਾਂ ਮੰਤਰੀ ਦਾਖ਼ਲ ਹੋਇਆ ਤਾਂ ਉਚੇ ਲੰਮੇ ਕੱਦ ਵਾਲੇ,



ਟਿਮ ਉਪਲ



ਬਲ ਗੋਸਲ

ਖੁੱਲ੍ਹੇ ਦਾੜ੍ਹੇ ਅਤੇ ਨੀਲੀ ਦਸਤਾਰ ਵਿਚ ਸਜੇ ਟਿਮ ਉਪਲ ਦੀ ਟੌਹਰ ਵੇਖਿਆਂ ਹੀ ਬਣਦੀ ਸੀ।

ਪੰਜਾਬੀ ਮੂਲ ਦੇ ਦੋਹਾਂ ਮੰਤਰੀਆਂ ਦੀ ਨਿੱਜੀ ਜ਼ਿੰਦਗੀ ਵਿਚ ਇਕ ਵੱਡੀ ਸਾਂਝ ਇਹ ਵੀ ਹੈ ਕਿ ਦੋਵਾਂ ਦਾ ਖੇਡਾਂ ਨਾਲ ਡੂੰਘਾ ਸਬੰਧ ਹੈ। ਸਿਆਸੀ ਅਤੇ ਵਪਾਰਕ ਰੁਝੇਵਿਆਂ ਦੇ ਬਾਵਜੂਦ ਬਲ ਗੋਸਲ ਦੀ ਫੁੱਟਬਾਲ ਨਾਲ ਦੋਸਤੀ ਅਜੇ ਵੀ ਉਨ੍ਹਾਂ ਦੀ ਜਵਾਨੀ ਵਾਂਗ ਗਹਿਰੀ ਹੈ। ਦੂਜੇ ਪਾਸੇ, ਬਤੌਰ ਕਬੱਡੀ ਖਿਡਾਰੀ ਕੈਨੈਡਾ ਦੇ ਕਬੱਡੀ ਕੱਪਾਂ ਵਿਚ ਹਾਜ਼ਰੀ ਲਵਾ ਚੁੱਕੇ ਟਿਮ ਉਪਲ ਹੁਣ ਵੀ ਇਸ ਖੇਡ ਨੂੰ ਕੈਨੇਡਾ ਵਿਚ ਪ੍ਰਮੋਟ ਕਰਨ ਵਿਚ ਪਿਛਾਂਹ ਨਹੀਂ ਹਟਦੇ।

ਪਿਛਲੀ ਸਰਕਾਰ ਦੇ ਮੁਕਾਬਲੇ ਹਾਰਪਰ ਸਰਕਾਰ ਕੋਲ ਮੰਤਰੀ ਮੰਡਲ ਦੇ ਛੇ ਅਹੁਦੇ ਖਾਲੀ ਸਨ। ਪਿਛਲੀ ਸਰਕਾਰ ਦੇ ਚਾਰ ਮੰਤਰੀ ਚੋਣ ਹਾਰ ਗਏ ਸਨ ਅਤੇ ਦੋ ਮੰਤਰੀਆਂ ਚੱਕ ਸਟਰਾਲ ਅਤੇ ਸਟਾਕਵੈਲ ਡੇਅ ਨੇ ਰਾਜਨੀਤੀ ਤੋਂ ਸੰਨਿਆਸ ਲੈ ਲਿਆ ਸੀ। ਸਟੀਫ਼ਨ ਹਾਰਪਰ ਨੇ ਛੇ ਦੇ ਮੁਕਾਬਲੇ ਨੌਂ ਨਵੇਂ ਚਿਹਰਿਆਂ ਨੂੰ ਮੰਤਰੀ ਮੰਡਲ ਵਿਚ ਜਗ੍ਹਾ ਦੇ ਕੇ ਪੂਰਨ ਬਹੁਮਤ ਦਾ ਪੂਰਾ ਲਾਹਾ ਲਿਆ ਹੈ। ਕੇਂਦਰੀ ਵਜ਼ਾਰਤ ਦੇ ਖਾਸ ਅਹੁਦਿਆਂ ਨੂੰ ਛੱਡ, ਥੋੜ੍ਹੀ ਰੱਦੋਬਦਲੀ ਵੀ ਕੀਤੀ ਗਈ ਹੈ। ਇਹ ਰੱਦੋਬਦਲ ਸਾਬਕਾ ਮੰਤਰੀਆਂ ਜੋਸੀ ਵਰਨਰ, ਜੀਨ ਬਲੈਕਬਰਨ, ਜੈਰੀ ਲੂਨ ਅਤੇ ਲਾਰੈਂਸ ਕੈਨਨ ਦੁਆਰਾ ਇਸ ਵਾਰ ਦੀ ਚੋਣ ਹਾਰਨ ਕਰਕੇ ਸੰਭਵ ਹੋਈ। ਨਵੀਂਆਂ ਜ਼ਿੰਮੇਵਾਰੀਆਂ ਵਿਚ ਸਭ ਤੋਂ ਵੱਡੀ ਜ਼ਿੰਮੇਵਾਰੀ ਬਤੌਰ ਵਿਦੇਸ਼ ਮੰਤਰੀ ਜੌਹਨ ਬਰੈਡ ਦੇ ਹਿੱਸੇ ਆਈ ਹੈ। ਪਹਿਲਾਂ ਚਰਚੇ ਸਨ ਕਿ ਵਿਦੇਸ਼ ਮੰਤਰੀ ਦਾ ਮਹੱਤਵਪੂਰਨ ਅਹੁਦਾ ਨਾਗਰਿਕਤਾ ਅਤੇ ਪਰਵਾਸ ਮੰਤਰੀ ਜੈਸਨ ਕੈਨੀ ਨੂੰ ਮਿਲ ਸਕਦਾ ਹੈ ਪਰ ਪਿਛਲੀਆਂ ਕੰਜ਼ਰਵੇਟਿਵ ਸਰਕਾਰਾਂ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਜੌਹਨ ਬਰੈਡ ਬਾਜ਼ੀ ਮਾਰ ਗਏ। ਜੈਸਨ ਕੈਨੀ ਕੋਲ ਨਾਗਰਿਕਤਾ ਅਤੇ ਪਰਵਾਸ ਮੰਤਰਾਲਾ ਹੀ ਰਹੇਗਾ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਹਾਰਪਰ ਸਰਕਾਰ ਵੱਲੋਂ ਆਪਣੀ ਪਿਛਲੀ ਪਾਰੀ ਦੌਰਾਨ ਆਪਣੀ ਪਰਵਾਸ ਨੀਤੀ ਵਿਚ ਕਈ ਬਦਲਾਓ ਕੀਤੇ ਗਏ ਸਨ, ਜਿਸ ਕਰਕੇ ਜੈਸਨ ਕੈਨੀ ਉਪਰ ਵਿਰੋਧੀ ਪਾਰਟੀਆਂ ਵੱਲੋਂ ਦੋਸ਼ ਵੀ ਲਗਾਏ ਗਏ ਸਨ। ਗੇਲ ਸ਼ੀਆ ਕੋਲੋਂ ਮੱਛੀ ਪਾਲਣ ਉਦਯੋਗ ਦਾ ਮਹਿਕਮਾ ਵਾਪਸ ਲੈ ਕੇ ਉਨ੍ਹਾਂ ਨੂੰ ਕੌਮੀ ਕਰ ਦਾ ਮੰਤਰਾਲਾ ਦਿੱਤਾ ਗਿਆ ਹੈ। ਮੱਛੀ ਪਾਲਣ ਦਾ ਮਹਿਕਮਾ ਹੁਣ ਕੈਥ ਐਸ਼ਫੀਲਡ ਕੋਲ ਰਹੇਗਾ, ਜਿਹੜੇ ਪਿਛਲੀ ਹਾਰਪਰ ਸਰਕਾਰ ਵਿਚ ਕੌਮੀ ਕਰ ਮੰਤਰੀ ਸਨ। ਮੈਕਸਮ ਬੈਰਨ ਦੀ ਲਘੂ ਉਦਯੋਗ ਰਾਜ ਮੰਤਰੀ ਦੇ ਤੌਰ 'ਤੇ ਵਾਪਸੀ ਹੋਈ ਹੈ।

ਕੈਨੇਡਾ ਦੇ ਮੂਲ ਵਾਸੀਆਂ ਨੂੰ ਇਤਰਾਜ਼ ਸੀ ਕਿ ਉਨ੍ਹਾਂ ਨੂੰ ਰੈਡ ਇੰਡੀਅਨ ਦੀ ਬਜਾਏ ਐਬੋਰਿਜ਼ਨਿਲ ਅਰਥਾਤ ਕੈਨੇਡਾ ਦੇ ਮੂਲ ਵਾਸੀ ਸੱਦਿਆ ਜਾਏ। ਇਨ੍ਹਾਂ ਲੋਕਾਂ ਲਈ ਵਿਸ਼ੇਸ਼ ਤੌਰ 'ਤੇ ਬਣਾਏ ਗਏ ਮੰਤਰਾਲੇ ਦਾ ਪਹਿਲਾ ਨਾਂ 'ਇੰਡੀਅਨ ਅਫੇਅਰਜ਼ ਐਂਡ ਨਾਰਦਰਨ ਡਿਵੈਲਪਮੈਂਟ' ਸੀ। ਨਵੀਂ ਸਰਕਾਰ ਵਿਚ ਹੁਣ ਇਹ ਮੰਤਰਾਲਾ 'ਐਬੋਰਿਜ਼ਨਿਲ ਅਫੇਅਰਜ਼' ਦੇ ਨਾਂ ਨਾਲ ਜਾਣਿਆ ਜਾਵੇਗਾ। ਕੈਨੇਡਾ ਦੀ ਨਵੀਂ ਪਾਰਲੀਮੈਂਟ 'ਹਾਊਸ ਆਫ਼ ਕਾਮਨਜ਼' ਦਾ ਪਹਿਲਾ ਸੈਸ਼ਨ 2 ਜੂਨ ਨੂੰ ਹੋਵੇਗਾ।

## ਪੰਜਾਬੀ ਸਕੂਲ ਦੇ ਤਿੰਨ ਸਾਲ ਪੂਰੇ ਹੋਣ 'ਤੇ ਕਾਰਨੀਵਲ ਮਨਾਇਆ

**ਯੂਬਾ ਸਿਟੀ (ਬਿਊਰੋ):** ਇਥੇ ਗੁਰਦੁਆਰਾ ਟਾਇਰਾ ਬਿਊਨਾ ਵਿਚ ਚਲਦੇ ਪੰਜਾਬੀ ਸਕੂਲ ਦੇ ਤਿੰਨ ਸਾਲ ਪੂਰੇ ਹੋਣ 'ਤੇ ਲੰਘੇ ਐਤਵਾਰ ਬੱਚਿਆਂ ਦਾ ਕਾਰਨੀਵਲ ਮਨਾਇਆ ਗਿਆ। ਇਸ ਕਾਰਨੀਵਲ ਦੌਰਾਨ ਬੱਚਿਆਂ ਨੂੰ ਸਕੂਲ ਵਿਚ ਚੰਗੀਆਂ ਪ੍ਰਾਪਤੀਆਂ ਅਤੇ ਭਰਵੀਂ ਹਾਜ਼ਰੀ ਲਈ ਸਨਮਾਨ ਪੱਤਰ ਦਿੱਤੇ ਗਏ।

ਇਕ ਬਿਆਨ ਵਿਚ ਸਕੂਲ ਦੇ ਵਾਲੰਟੀਅਰ ਮੇਵਾ ਸਿੰਘ ਬੈਂਸ ਨੇ ਦੱਸਿਆ ਕਿ ਚੌਥੇ ਸਾਲ ਲਈ ਬੱਚਿਆਂ ਦੇ ਦਾਖਲੇ ਜਾਰੀ ਹਨ। ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਦਾਖਲੇ ਦੇ ਫਾਰਮ ਤੁਰਤ ਭਰਨ ਦੀ ਬੇਨਤੀ ਕੀਤੀ ਹੈ। ਬੱਚਿਆਂ ਲਈ ਇਸ ਮੌਕੇ ਖੇਡਾਂ ਅਤੇ ਖਾਣ-ਪੀਣ ਲਈ ਆਈਸ ਕਰੀਮ, ਕਾਟਨ ਕੈਂਡੀ ਤੇ ਪੀਜ਼ੇ ਦਾ ਬੰਦੋਬਸਤ ਕੀਤਾ ਗਿਆ ਸੀ।

**SUPER TRAVEL**

847-676-9090, 773-465-5566

*E-mail: supertravel2003@yahoo.com*

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

*For Emergency Call anytime at* 847-673-3825

EARLY BIRD SALE!!!!

India $545
London $250



# ਰੇਡੀਓ ਚੜ੍ਹਦੀ ਕਲਾ ਸੁਣੋ

ਯੂਬਾ ਸਿਟੀ ਇਲਾਕੇ ਵਿਚ ਆਪਣੇ ਘਰਾਂ ਵਿਚ ਪਏ ਪੁਰਾਣੇ ਰੇਡੀਓ ਸੈਟਾਂ ਉਪਰ

ਪੂਰੇ ਅਮਰੀਕਾ ਦੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿਚ ਰੇਡੀਓ ਚੜ੍ਹਦੀ ਕਲਾ ਸੁਣਨ ਲਈ ਅੱਜ ਹੀ ਰੇਡੀਓ ਖਰੀਦਣ ਲਈ ਫੋਨ ਕਰੋ

ਗੁਰਚਰਨ ਸਿੰਘ ਮਾਨ, 510-557-0061
ਲਖਵੀਰ ਸਿੰਘ, 510-768-9882




ਬੇਏਰੀਆ ਵਿਚ Santa Cruz, San Jose, Santa Clara, Fremont, Union City ਅਤੇ ਆਸ-ਪਾਸ ਦੇ ਸਾਰੇ ਸ਼ਹਿਰਾਂ ਵਿਚ

> ਇੰਟਰਨੈਟ ਉਪਰ WWW.RADIOCK.COM ਦੁਨੀਆਂ ਭਰ ਵਿਚ ਸੁਣੋ
> ਗੁਰਬਾਣੀ ਵਿਚਾਰ ਪ੍ਰੋਗਰਾਮ ਸਵੇਰੇ 7 ਵਜੇ ਤੋਂ 10 ਵਜੇ ਤੱਕ
> ਪ੍ਰੋ. ਸਰਬਜੀਤ ਸਿੰਘ ਗੋਵਿੰਦਪੁਰੀ ਦਾ ਸਟੂਡੀਓ ਤੋਂ ਲਾਈਵ ਪ੍ਰੋਗਰਾਮ
> ਸੈਨ ਹੋਜ਼ੇ ਗੁਰੂ ਘਰ ਤੋਂ ਰਹਿਰਾਸ, ਗੁਰਬਾਣੀ ਕਥਾ ਤੇ ਕੀਰਤਨ ਦਾ ਸਿੱਧਾ ਪ੍ਰਸਾਰਣ
> ਬਾਕੀ ਪ੍ਰੋਗਰਾਮ- ਟਾਕ ਸ਼ੋਅ, ਬੁਝਾਰਤਾਂ, ਡਾਕਟਰ ਦੀ ਸਲਾਹ, ਖਬਰਾਂ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਸਿੱਧੇ ਪ੍ਰਸਾਰਿਤ ਹੁੰਦੇ ਹਨ।

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ ‘ਤੇ ਜਾਓ www.radiock.com
**Radio CK, PO Box 296, Fremont, CA 94537**

**Purchase radio from:** *Royal Bazar Alum Rock Ave San Jose, Preet Fabrik and appliances Fremont, Kash Fabrik Hayward, Sidhartha International Fremont, Roshni Decoto Road Union City*






## Business Opportunity

International Company looking for serious people to work from home-part time or full time. Great earning potential, full training and support provided. To attend training in your area and For more info. call:

Surjit Singh or Satwant K. Takk Cell:
**(416) 889-9886**

Sukhpreet Kaur Indiana
Ph:317-884-3557

*www.safeandeasyweightloss.com*
*e-mail:sstakk@hotmail.com*


# ਪੈਸੇ ਦੀ ਖੇਡ ਜਾਂ ਸ਼ੌਕ ਦਾ ਕੋਈ ਮੁੱਲ ਨਹੀਂ !

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ’ਚ ਕਰੋੜਾਂ ਲੋਕ ਭੁੱਖੇ ਢਿੱਡ ਸੌਂਦੇ ਹਨ ਤੇ ਅਣਗਿਣਤ ਇਲਾਜ ਦੀ ਘਾਟ ਕਾਰਨ ਪੂਰੀ ਉਮਰ ਭੋਗਿਆਂ ਹੀ ਇਸ ਜਹਾਨੋਂ ਕੂਚ ਕਰ ਜਾਂਦੇ ਹਨ ਪਰ ਇਸ ਦੇਸ਼ ’ਚ ਹੀ ਦੂਜੀ ਦੁਨਿਆ



ਵੱਸਦੀ ਹੈ ਜਿਥੇ ਕੁੱਤੇ ਵੀ ਏ.ਸੀ. ਕਮਰਿਆਂ ’ਚ ਸੌਂਦੇ ਹਨ। ਇਸ ਬਾਰੇ ਚੰਡੀਗੜ੍ਹ ’ਚੋਂ ਪ੍ਰਾਪਤ ਕੀਤੇ ਤੱਥ ਹੀ ਅੱਖਾਂ ਖੋਲ੍ਹਣ ਵਾਲੇ ਹਨ। ਇਸ ਨੂੰ ਪੈਸੇ ਦੀ ਖੇਡ ਕਹਿ ਲਵੋ ਜਾਂ ਸਮੇਂ ਦਾ ਗੇੜ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ’ਚ ਪਾਲਤੂ ਕੁੱਤੇ ਪੂਰੀਆਂ ਮੌਜਾਂ ਮਾਣ ਰਹੇ ਹਨ। ਚੰਡੀਗੜ੍ਹ ਦੇ ਵਾਸੀ ਆਪਣੇ ਕੁੱਤਿਆਂ ’ਤੇ ਲੱਖਾਂ ਰੁਪਏ ਖਰਚ ਕਰਦੇ ਹਨ। ਸ਼ਹਿਰ ਦੇ ਸੈਕਟਰ 7 ’ਚ ਵਿਦੇਸ਼ਾਂ ਦੀ ਤਰਜ਼ ’ਤੇ ਪਾਲਤੂ ਕੁੱਤਿਆਂ ਦੇ ਹੋਸਟਲ ਵਜੋਂ ਬਣਾਈ ਗਈ ਸ਼ਾਹੀ ਜਗ੍ਹਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਸ਼ਹਿਰ ਦੇ ਕੁੱਤੇ ਆਮ ਆਦਮੀ ਨਾਲੋਂ ਵੱਧ ਮੌਜਾਂ ਕਰਦੇ ਹਨ।

ਮਿਲੀ ਜਾਣਕਾਰੀ ਅਨੁਸਾਰ ਸ਼ਹਿਰ ਦੀਆਂ ਮੋਟੀਆਂ ਅਸਾਮੀਆਂ ਨੇ ਜਦੋਂ ਪਰਿਵਾਰ ਸਮੇਤ ਕੁਝ ਦਿਨਾਂ ਲਈ ਕਿਧਰੇ ਜਾਣਾ ਹੁੰਦਾ ਹੈ ਤਾਂ ਉਹ ਆਪਣੇ ਕੁੱਤਿਆਂ ਨੂੰ ਉਕਤ ਜਗ੍ਹਾ ’ਤੇ ਛੱਡ ਜਾਂਦੇ ਹਨ ਜਿੱਥੇ ਉਨ੍ਹਾਂ ਦੇ ਲਾਡਲੇ ਕੁੱਤਿਆਂ ਦੀ ਪੂਰੀ ਆਓ ਭਗਤ ਕੀਤੀ ਜਾਂਦੀ ਹੈ ਤੇ ਬਦਲੇ ਵਿਚ ਕੁੱਤਿਆਂ ਦੇ ਮਾਲਕਾਂ ਤੋਂ ਪ੍ਰਤੀ ਦਿਨ ਦੇ ਹਿਸਾਬ ਨਾਲ ਚੋਖੀ ਰਕਮ ਵਸੂਲੀ ਜਾਂਦੀ ਹੈ। ਉਸ ਜਗ੍ਹਾ ’ਤੇ ਇਨ੍ਹਾਂ ਪਾਲਤੂ ਕੁੱਤਿਆਂ ਨੂੰ ਰਹਿਣ ਲਈ ਦੋ ਤਰ੍ਹਾਂ ਦੇ ਕਮਰੇ ਹਨ। ਜਿਸ ਮਾਲਕ ਨੇ ਆਪਣੇ ਕੁੱਤੇ ਨੂੰ ਏਅਰ-ਕੰਡੀਸ਼ਨਡ ਭਾਵ ਏ.ਸੀ. ਕਮਰੇ ਵਿਚ ਠਹਿਰਾਉਣਾ ਹੋਵੇ ਉਸ ਤੋਂ 400 ਰੁਪਏ ਪ੍ਰਤੀ ਦਿਨ ਤੇ ਜਿਸ ਮਾਲਕ ਕੇ ਆਪਣੇ ਕੁੱਤੇ ਨੂੰ ਗੈਰ ਏ.ਸੀ. ਪਰ ਠੰਢੇ ਕਮਰੇ ਵਿਚ ਠਹਿਰਾਉਣਾ ਹੋਵੇ ਉਸ ਤੋਂ 350 ਰੁਪਏ ਪ੍ਰਤੀ ਦਿਨ ਵਸੂਲੇ ਜਾਂਦੇ ਹਨ। ਇਸ ਤੋਂ ਬਾਅਦ ਸ਼ੁਰੂ ਹੁੰਦੀ ਹੈ ਕੁੱਤੇ ਨੂੰ ਖੂਬਸੂਰਤ ਬਣਾਉਣ ਦੀ ਸਾਢੇ 700 ਰੁਪਏ ਤੋਂ ਸਾਢੇ 800 ਰੁਪਏ ਤੱਕ ਵਾਲੀ ਰਸਮ ਜਿਸ ਵਿਚ ਕੁੱਤੇ ਦੇ ਸਾਰੇ ਸਰੀਰ ਦੀ ਮਾਲਿਸ਼ (ਬਾਡੀ ਮਸਾਜ) ਤੋਂ ਕੁਝ ਦੇਰ ਬਾਅਦ ਟੁੱਥ ਬੁਰਸ਼ ਨਾਲ ਉਸ ਦੇ ਦੰਦ ਸਾਫ ਕੀਤੇ ਜਾਂਦੇ ਹਨ ਜਿਸ ਤੋਂ ਬਾਅਦ ਉਸ ਦੇ ਕੰਨਾਂ ਦੀ ਸਫ਼ਾਈ (ਈਅਰ ਕਲੀਨਿੰਗ) ਹੁੰਦੀ ਹੈ ਉਪਰੰਤ ਉਸ ਦੇ ਨਹੁੰ ਕੱਟੇ (ਨੇਲ ਕਲਿੱਪਿੰਗ) ਜਾਂਦੇ ਹਨ ਤੇ ਜੇ ਕੁੱਤੇ ਦੇ ਨਹੁੰ ਪਹਿਲਾਂ ਹੀ ਕੱਟੇ ਹੋਏ ਹੋਣ ਤਾਂ ਉਨ੍ਹਾਂ ਦੀ ਸਜਾਵਟ (ਨੇਲ ਗਰੂਮਿੰਗ) ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਬੰਦੇ ਦੇ ਨਹਾਉਣ ਵਾਲੇ ਬਾਥਿੰਗ ਟੱਬ ਵਿਚ ਕੁੱਤੇ ਦਾ ਇਸ਼ਨਾਨ ਕਰਾਇਆ ਜਾਂਦਾ ਹੈ ਜਿਸ ਲਈ ਮਹਿੰਗੇ ਸ਼ੈਂਪੂਆਂ ਦੀ ਵਰਤੋਂ ਹੁੰਦੀ ਹੈ। ਨਹਾਉਣ ਤੋਂ ਬਾਅਦ ਉਸ ਦੇ ਵਾਲ ਸੁਕਾ ਕੇ ਵਿਸ਼ੇਸ਼ ਢੰਗ ਨਾਲ ਕੰਘੀ ਕੀਤੀ ਜਾਂਦੀ ਹੈ ਤੇ ਉਸ ਤੋਂ ਬਾਅਦ ਵਾਲ ਰੰਗੇ (ਹੇਅਰ ਕਲਰ) ਵੀ ਜਾਂਦੇ ਹਨ ਤੇ ਲੋੜ ਪੈਣ ਤੇ ਵਾਲ ਕੱਟੇ ਵੀ ਜਾਂਦੇ ਹਨ ਜੇ ਕੁੱਤੇ ਛੋਟਾ ਹੋਵੇ ਤਾਂ ਉਸ ਦੇ ਮਾਲਕ ਤੋਂ ਉਪਰੋਕਤ ਕ੍ਰਿਆ ਲਈ 600 ਰੁਪਏ ਤੇ ਜੇ ਮੀਡੀਅਮ ਹੋਵੇ ਤਾਂ ਸਾਢੇ 600 ਰੁਪਏ ਵਸੂਲ ਜਾਂਦੇ ਹਨ।

ਉਪਰੋਕਤ ਖਰਚਾ ਕੇਵਲ ਇਕ ਸਮੇਂ ਦਾ ਹੈ ਤੇ ਦੂਜੀ ਵਾਰ ਐਨਾ ਹੀ ਖਰਚਾ ਮੁੜ ਵਸੂਲਿਆ ਜਾਂਦਾ ਹੈ। ਖੁਰਾਕ ਵਜੋਂ ਕੁੱਤੇ ਨੂੰ ਪੈਡੀਗਿਰੀ ਨਾਂ ਦੀ ਕੁੱਤਿਆਂ ਲਈ ਬਣੀ ਵਿਸ਼ੇਸ਼ ਖੁਰਾਕ ਦਿੱਤੀ ਜਾਂਦੀ ਹੈ ਜਿਸ ਦਾ ਖਰਚਾ ਵੱਖਰਾ ਵਸੂਲਿਆ ਜਾਂਦਾ ਹੈ। ਸਿਰਫ਼ ਉਸੇ ਕੁੱਤੇ ਨੂੰ ਹੀ ਰਿਹਾਇਸ਼ ਦਿੱਤੀ ਜਾਂਦੀ ਹੈ ਜਿਸ ਦੇ ਟੀਕੇ ਲੱਗੇ ਹੋਏ ਹੋਣ ਤੇ ਜਿਹੜਾ ਕੁੱਤਾ ਪੂਰੀ ਤਰ੍ਹਾਂ ਸਿਹਤਮੰਦ ਹੋਵੇ।

ਰਿਹਾਇਸ਼ ਦੌਰਾਨ ਕੁੱਤਿਆਂ ਦੇ ਮੈਡੀਕਲ ਚੈੱਕਅਪ ਲਈ ਡਾਕਟਰ ਵੀ ਸੱਦਿਆ ਜਾਂਦਾ ਹੈ ਜਿਸ ਦਾ ਸਾਰਾ ਖਰਚ ਮਾਲਕ ਤੋਂ ਹੀ ਵਸੂਲਿਆ ਜਾਂਦਾ ਹੈ। ਮਿਲੀ ਜਾਣਕਾਰੀ ਅਨੁਸਾਰ ਉਹ ਕੁੱਤੇ ਜਿਹੜੇ ਮਾਲਕਾਂ ਦੇ ਬਹੁਤੇ ਲਾਡ ਕਾਰਨ ਭੂਤਰੇ ਹੋਣ ਕਾਰਨ ਤੰਗ ਕਰਦੇ ਹਨ ਉਨ੍ਹਾਂ ਦੀ ਰਿਹਾਇਸ਼ ਲਈ ਮਾਲਕਾਂ ਤੋਂ ਪ੍ਰਤੀ ਦਿਨ ਦੇ ਹਿਸਾਬ ਨਾਲ ਕੁਝ ਵਾਧੂ ਰਾਸ਼ੀ ਵਸੂਲੀ ਜਾਂਦੀ ਹੈ। ਸ਼ਹਿਰ ਦੇ ਕੁਝ ਪੂੰਜੀਪਤੀ ਅਜਿਹੇ ਵੀ ਹਨ ਜਿਹੜੇ ਹਰ ਹਫ਼ਤੇ ਜਾਂ 15 ਦਿਨਾਂ ਬਾਅਦ ਕੁੱਤੇ ਦੀ ਸਫ਼ਾਈ ਲਈ ਉਪਰੋਕਤ ਜਗ੍ਹਾ ਭੇਜਦੇ ਹਨ ਤੇ ਅਜਿਹੇ ਕੁੱਤਿਆਂ ਨੂੰ ਇਕ ਵਿਸ਼ੇਸ਼ ਗੱਡੀ ਘਰੋਂ ਹੀ ਲੈਣ ਆ ਜਾਂਦੀ ਹੈ ਤੇ ਸਫ਼ਾਈ ਪਿੱਛੋਂ ਘਰ ਵਾਪਸ ਛੱਡ ਜਾਂਦੀ ਹੈ। ਚੰਡੀਗੜ੍ਹ ਵਿਚ ਪਾਲਤੂ ਕੁੱਤਿਆਂ ਦੀ ਸਾਂਭ ਸੰਭਾਲ ਲਈ ਹੋਰ ਵੀ ਕਈ ਸੈਂਟਰ ਹਨ।


## Matrimonials

ਕੰਨਿਆ ਦੀ ਲੋੜ

US/Canadian citizen girl sought for Canadian citizen Kamboj Sikh boy 27, 5' 7", Chemical engineer, working with SNC Lavalin. Pl. contact: e-mail at: ravhanda@hotmail.com

Wanted suitable match for Jatt Sikh US born, handsome, cleanshaven, 27/ 6'1", engineer (BSc. Engg.) boy, manager in a top US corporation. Educated, respected family, no demands. Please Contact:
Sikh5family@gmail.com

Wanted US citizen girl for Kamboj Sikh boy, 25, 5'5", Bachelor in Architecture, raised in America went to school, college in New York, living with parents in New York and works with family business. Cast no bar. Call: 516.439.1208 or 347.920.9011

Indian Attorney in 60s, 5'-6", slim looking for a sincere, educated, God fearing, companion. Caste no bar. Serious inquiries only. Contact: Ph:323-573-9315, Email: singhb1@yahoo.com

*To Advertise with Punjab Times*
***Call: 847-359-0746***
*Visit us on the web:wwwpunjabtimesusa.com*



**MRP TRAVEL**

*Lowest International and Domestic Fares*

ARC **FLY ANY AIRLINE OF YOUR CHOICE** IATA

*Providing the lowest Airfare, Cruise and Travel Packages to Asia, Africa, Europe, the Middle East and North America*

**408-929-8005**
**E-mail:mrptravel@gmail.com**
**2123 Port Way, San Jose, CA 95133**
***CST: 2097308-40***



Asiana Airlines Emirates Singapore Airlines Cathay Pacific Korean Air Lufthansa China Airlines

***We Also Offer Notary Service***



FARMERS INSURANCE GROUP Symbol of Superior Service

**FARMERS®**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# 'ਰੋਕੋ ਕੈਂਸਰ' ਮੁਹਿੰਮ ਨੇ ਮਲਵਈਆਂ 'ਚ ਆਸ ਦੀ ਕਿਰਨ ਜਗਾਈ

**ਬਠਿੰਡਾ (ਪੰਜਾਬ ਟਾਈਮਜ਼ ਬਿਊਰੋ):** ਸਰਕਾਰਾਂ ਅੱਖੋਂ ਪਰੋਖੇ ਕੀਤੇ ਮਾਲਵਾ ਵਾਸੀਆਂ ਲਈ 'ਰੋਕੋ ਕੈਂਸਰ' ਮੁਹਿੰਮ ਨੇ ਆਸ ਦੀ ਨਵੀਂ ਕਿਰਨ ਜਗਾਈ ਹੈ। 'ਰੋਕੋ ਕੈਂਸਰ' ਸੰਸਥਾ ਦੇ ਗਲੋਬਲ ਅੰਬੈਸਡਰ ਕੁਲਵੰਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਸੰਸਥਾ ਵੱਲੋਂ ਚੁਣੇ ਗਏ ਕੈਂਸਰ

## 472 ਕੈਂਸਰ ਪੀੜਤਾਂ ਦੀ ਸ਼ਨਾਖ਼ਤ

ਦੇ ਮਰੀਜ਼ਾਂ ਦਾ ਇਲਾਜ ਹੁਣ ਬਾਬਾ ਫ਼ਰੀਦ ਮੈਡੀਕਲ ਕਾਲਜ ਫ਼ਰੀਦਕੋਟ 'ਚ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਹੁਣ ਤੱਕ 34,165 ਮਰੀਜ਼ਾਂ ਦੀ ਜਾਂਚ ਕੀਤੀ ਗਈ ਜਿਨ੍ਹਾਂ 'ਚੋਂ 472 ਮਰੀਜ਼ ਕੈਂਸਰ ਤੋਂ ਪੀੜਤ ਪਾਏ ਗਏ ਹਨ ਜਦਕਿ 2159 ਨੂੰ ਸ਼ੱਕੀ ਮਰੀਜ਼ਾਂ ਵਜੋਂ ਲਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਲਾਏ ਗਏ ਕੈਂਪਾਂ ਦੌਰਾਨ ਜਾਂਚ ਕੀਤੇ ਗਏ ਹਰੇਕ 100 ਮਰੀਜ਼ ਪਿੱਛੇ ਔਸਤਨ ਚਾਰ-ਪੰਜ ਮਰੀਜ਼ ਕੈਂਸਰ ਤੋਂ ਪੀੜਤ ਪਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ 'ਚ ਇਸ ਬਿਮਾਰੀ ਪ੍ਰਤੀ ਜਾਗਰੂਕਤਾ ਦੀ ਘਾਟ ਹੈ। ਉਨ੍ਹਾਂ ਕਿਹਾ ਕਿ ਇੰਗਲੈਂਡ 'ਚ ਵੀ ਛੇ ਕਰੋੜ ਦੀ ਅਬਾਦੀ 'ਚੋਂ ਇਸ ਵੇਲੇ 45000 ਹਜ਼ਾਰ ਔਰਤਾਂ ਇਸ ਬਿਮਾਰੀ ਤੋਂ ਪੀੜਤ ਹਨ ਪਰ ਉਥੋਂ ਦੇ ਲੋਕਾਂ 'ਚ ਜਾਗਰੂਕਤਾ ਹੋਣ ਕਾਰਨ ਇਲਾਜ ਪਹਿਲੀ ਮੁੱਢਲੀ ਸਟੇਜ 'ਤੇ ਹੀ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਹੁਣ ਤੱਕ ਪੰਜਾਬ 'ਚ 270 ਅਜਿਹੇ ਕੈਂਪ ਲਾਏ ਗਏ ਹਨ ਜਿਨ੍ਹਾਂ 'ਚੋਂ 238 ਕੈਂਪ ਇਕੱਲੇ ਮਾਲਵਾ ਖੇਤਰ ਵਿਚ ਲਾਏ ਗਏ ਹਨ।

ਉਨ੍ਹਾਂ ਦੱਸਿਆ ਕਿ ਕੈਂਸਰ ਦੇ ਇਲਾਜ ਲਈ ਬੀਕਾਨੇਰ ਜਾਣ ਵਾਲੇ ਮਰੀਜ਼ਾਂ ਨੂੰ ਵਧੀਆ ਇਲਾਜ ਦੇਣ ਦੇ ਉਦੇਸ਼ ਨਾਲ ਫ਼ਰੀਦਕੋਟ 'ਚ ਸਰਕਾਰ ਵੱਲੋਂ 12 ਕਰੋੜ ਦੀ ਲਾਗਤ ਨਾਲ ਮਸ਼ੀਨ ਲਵਾ ਦਿੱਤੀ ਹੈ ਜਦਕਿ ਰਾਮਦਾਸ ਮੈਡੀਕਲ ਕਾਲਜ ਅੰਮ੍ਰਿਤਸਰ 'ਚ ਉਨ੍ਹਾਂ ਦੀ ਸੰਸਥਾ ਵੱਲੋਂ ਇਹ ਮਸ਼ੀਨ ਲਗਵਾ ਦਿੱਤੀ ਗਈ ਹੈ ਜਿਸ ਨਾਲ ਮਰੀਜ਼ਾਂ ਨੂੰ ਮੁਫ਼ਤ ਵਧੀਆ ਇਲਾਜ ਦੀ ਸਹੂਲਤ ਮਿਲ ਸਕੇਗੀ।

ਉਨ੍ਹਾਂ ਇਹ ਵੀ ਦੱਸਿਆ ਕਿ 'ਰੋਕੋ ਕੈਂਸਰ' ਸੰਸਥਾ ਨੇ ਪੰਜਾਬ ਸਰਕਾਰ ਨਾਲ ਮਿਲ ਕੇ ਮਾਰਚ 2012 ਤੱਕ ਹਰੇਕ ਮਹੀਨੇ 15 ਅਜਿਹੇ ਕੈਂਪ ਲਗਾਉਣ ਦਾ ਫ਼ੈਸਲਾ ਕੀਤਾ ਹੈ ਜਿਸ ਲਈ ਮਰੀਜ਼ਾਂ ਦੀ ਜਾਂਚ ਕਰਨ ਲਈ ਵਰਤੀਆਂ ਜਾਣ ਵਾਲੀਆਂ ਬੱਸਾਂ ਦੀ ਗਿਣਤੀ ਵਧਾ ਕੇ ਪੰਜ ਕਰ ਲਈ ਹੈ।



ਮੁਕਤਸਰ ਦਾ ਇੱਕ ਪਰਿਵਾਰ ਕੈਂਸਰ ਦੀ ਭੇਟ ਚੜ੍ਹੇ ਰਿਸ਼ਤੇਦਾਰਾਂ ਬਾਰੇ ਦੱਸਦੇ ਹੋਏ।

## ਸ਼੍ਰੋਮਣੀ ਕਮੇਟੀ ਵੱਲੋਂ ਕੈਂਸਰ ਪੀੜਤਾਂ ਲਈ ਸਹਾਇਤਾ ਫੰਡ ਕਾਇਮ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਕੈਂਸਰ ਤੋਂ ਪੀੜਤ ਗਰੀਬ ਮਰੀਜ਼ਾਂ ਦੇ ਇਲਾਜ ਲਈ ਆਰਥਿਕ ਸਹਾਇਤਾ ਦੇਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਵਿਚ ਕੈਂਸਰ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਜੋ ਚਿੰਤਾ ਦਾ ਵਿਸ਼ਾ ਹੈ। ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਕਮੇਟੀ ਅਧੀਨ ਆਉਂਦੇ ਹਸਪਤਾਲ ਜਾਂ ਹੋਰ ਕਿਤੇ ਇਲਾਜ ਕਰਵਾ ਰਹੇ ਗਰੀਬ ਮਰੀਜ਼ਾਂ ਨੂੰ ਲੋੜੀਂਦੀ ਆਰਥਿਕ ਸਹਾਇਤਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੈਂਸਰ ਪੀੜਤਾਂ ਦੀ ਮਦਦ ਲਈ ਇਕ ਕੈਂਸਰ ਫੰਡ ਕਾਇਮ ਕੀਤਾ ਗਿਆ ਹੈ ਜਿਸ ਵਿਚ ਧਰਮ ਪ੍ਰਚਾਰ ਕਮੇਟੀ ਵੱਲੋਂ 11 ਲੱਖ ਰੁਪਏ ਦੀ ਰਾਸ਼ੀ ਤੋਂ ਇਲਾਵਾ ਹਰੇਕ ਸ਼੍ਰੋਮਣੀ ਕਮੇਟੀ ਮੈਂਬਰ ਨੇ ਆਪਣੇ ਅਖ਼ਤਿਆਰੀ ਫੰਡ ਵਿਚੋਂ 10-10 ਹਜ਼ਾਰ ਰੁਪਏ ਤੇ ਸ਼੍ਰੋਮਣੀ ਕਮੇਟੀ ਅਧੀਨ ਚੱਲਦੇ ਸਮੂਹ ਅਦਾਰਿਆਂ ਦੇ ਮੁਲਾਜ਼ਮਾਂ ਵੱਲੋਂ ਇਕ ਇਕ ਦਿਨ ਦੀ ਤਨਖ਼ਾਹ ਦਾ ਯੋਗਦਾਨ ਪਾਇਆ ਗਿਆ ਹੈ।

## ਪੰਜਾਬ ਭਰ 'ਚ ਮੀਂਹ ਤੇ ਝੱਖੜ ਨਾਲ ਕਰੋੜਾਂ ਦਾ ਨੁਕਸਾਨ

**ਚੰਡੀਗੜ੍ਹ:** ਪੰਜਾਬ 'ਚ 21 ਮਈ ਦੀ ਰਾਤ ਨੂੰ ਕਈ ਥਾਂਈਂ ਪਏ ਤੇਜ਼ ਮੀਂਹ, ਝੱਖੜ ਤੇ ਅਸਮਾਨੀ ਬਿਜਲੀ ਡਿਗਣ ਦੌਰਾਨ ਛੇ ਬੰਦਿਆਂ ਦੀ ਮੌਤ ਹੋ ਗਈ। ਪੰਜਾਬ ਦੇ ਮਾਲਵਾ ਪੱਟੀ ਰਾਮਪੁਰਾ ਫੂਲ, ਬਾਘਾਪੁਰਾਣਾ, ਸਰਦੂਲਗੜ੍ਹ, ਸਾਦਿਕ, ਤਪਾ ਮੰਡੀ, ਫਿਰੋਜ਼ਪੁਰ, ਲੰਬੀ, ਫਰੀਦਕੋਟ, ਅਬੋਹਰ, ਸ੍ਰੀ ਮੁਕਤਸਰ ਸਾਹਿਬ, ਹੰਡਿਆਇਆ, ਮਲੋਟ, ਸਿਰਸਾ, ਚੀਮਾ ਮੰਡੀ, ਮਾਨਸਾ, ਜ਼ੀਰਾ, ਫਾਜ਼ਿਲਕਾ, ਬੋਹਾ, ਤਲਵੰਡੀ ਸਾਬੋ, ਮੰਡੀ ਕਿਲਿਆਂਵਾਲੀ, ਈਸੜੂ ਤੇ ਤਰਨ ਤਾਰਨ ਦੇ ਪੱਟੀ ਇਲਾਕੇ 'ਚ ਝੱਖੜ ਤੇ ਮੀਂਹ ਨੇ ਵਿਆਪਕ ਤਬਾਹੀ ਮਚਾਈ। ਝੱਖੜ ਤੇ ਮੀਂਹ ਕਾਰਨ ਹਰੀਆਂ ਸਬਜ਼ੀਆਂ, ਚਾਰੇ ਤੇ ਹੋਰ ਫਸਲਾਂ ਦਾ ਵੱਡਾ ਨੁਕਸਾਨ ਹੋਇਆ। ਤੇਜ਼ ਝੱਖੜ ਕਾਰਨ ਘਰਾਂ ਦੀਆਂ ਛੱਤਾਂ, ਸ਼ੈਡ, ਬਿਜਲੀ ਟਰਾਂਸਫਾਰਮਰ, ਖੰਭੇ ਤੇ ਦਰਖ਼ਤ ਡਿੱਗ ਪਏ ਤੇ ਹਰਾ ਚਾਰਾ, ਤੂੜੀ, ਮੱਕੀ, ਹਰੀਆਂ ਸਬਜ਼ੀਆਂ ਤੇ ਮੰਡੀਆਂ 'ਚ ਪਈ ਕਣਕ ਦਾ ਵੱਡਾ ਨੁਕਸਾਨ ਹੋਇਆ। ਉਧਰ ਮੀਂਹ ਕਾਰਨ ਮੰਡੀਆਂ ਵਿਚ ਪਈਆਂ ਕਣਕ ਦੀਆਂ ਲੱਖਾਂ ਬੋਰੀਆਂ ਭਿੱਜ ਗਈਆਂ। ਉਧਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬਠਿੰਡਾ, ਮੁਕਤਸਰ ਤੇ ਅਬੋਹਰ ਖੇਤਰਾਂ ਵਿਚ ਮੀਂਹ ਤੇ ਗੜ੍ਹੇ ਪੈਣ ਨਾਲ ਕਪਾਹ, ਕਿੰਨੂ ਤੇ ਪਸ਼ੂਆਂ ਦੇ ਚਾਰੇ ਦੀ ਫਸਲ ਦੇ ਹੋਏ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਅਸਮਾਨੀ ਬਿਜਲੀ ਨਾਲ ਮਰੇ ਛੇ ਵਿਅਕਤੀਆਂ ਦੇ ਪਰਿਵਾਰਾਂ ਨੂੰ 1-1 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ ਹੈ।

# ਸਰਕਾਰੀ ਸੁਸਤੀ ਦੇ ਬਾਵਜੂਦ ਨਸ਼ਿਆਂ ਖ਼ਿਲਾਫ਼ ਜਹਾਦ ਜਾਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਰਕਾਰੀ ਸੁਸਤੀ ਦੇ ਬਾਵਜੂਦ ਪੰਜਾਬ 'ਚ ਨਸ਼ਿਆਂ ਦੇ ਦਰਿਆ ਨੂੰ ਠੱਲਣ ਲਈ ਲੋਕਾਂ ਵੱਲੋਂ ਜਹਾਦ ਜਾਰੀ ਹੈ। ਨਵੇਂ ਮਾਲੀ ਵਰ੍ਹੇ ਨੂੰ ਸ਼ੁਰੂ ਹੋਇਆਂ 50 ਦਿਨ ਹੋ ਗਏ ਹਨ ਪਰ ਪੰਜਾਬ ਦੇ ਪੇਂਡੂ ਤੇ ਸ਼ਹਿਰੀ ਖੇਤਰਾਂ ਵਿਚ ਸ਼ਰਾਬ ਦੇ ਠੇਕਿਆਂ ਦੀਆਂ ਥਾਵਾਂ ਨੂੰ ਲੈ ਕੇ ਚੱਲ ਰਹੀ ਸਮਾਜਿਕ ਬਦਗੁਮਾਨੀ ਜਿਉਂ ਦੀ ਤਿਉਂ ਚੱਲ ਰਹੀ ਹੈ।

## 55 ਪਿੰਡ ਠੇਕਿਆਂ ਖ਼ਿਲਾਫ਼ ਡਟੇ

ਸਰਕਾਰ ਦੀ ਬੇਰੁਖੀ ਕਰਕੇ ਲੋਕਾਂ ਦੇ ਰੋਹ ਨੇ ਕੁਝ ਥਾਵਾਂ 'ਤੇ ਉਗਰ ਰਾਹ ਵੀ ਅਪਣਾਇਆ ਤੇ ਪੁਲਿਸ ਨੂੰ ਕਈ ਵਾਰ ਪੱਬਾਂ ਭਾਰ ਹੋਣਾ ਪਿਆ।

ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਨੇ ਨਸ਼ਿਆਂ ਦੇ ਪਸਾਰੇ ਨੂੰ ਰੋਕਣ ਲਈ ਸਖ਼ਤ ਕਦਮ ਪੁੱਟਣ ਦੇ ਕਈ ਵਾਰ ਐਲਾਨ ਕੀਤੇ। ਪਿਛਲੇ ਦਿਨੀਂ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਰਾਜ ਵਿਚ ਨਸ਼ਾਬੰਦੀ ਬੋਰਡ ਬਣਾਉਣ ਲਈ ਲੁਧਿਆਣਾ 'ਚ ਭੁੱਖ ਹੜਤਾਲ ਕੀਤੀ ਸੀ। ਯੂਥ ਆਗੂ ਨੇ ਆਖਿਆ ਕਿ ਇਕ ਪਾਸੇ ਸਰਕਾਰ ਨਸ਼ਿਆਂ ਨੂੰ ਠੱਲ੍ਹ ਪਾਉਣ ਦੀ ਗੱਲ ਕਰਦੀ ਹੈ ਜਦਕਿ ਦੂਜੇ ਪਾਸੇ ਸ਼ਰਾਬ ਦੇ ਠੇਕਿਆਂ ਦੀ ਗਿਣਤੀ 2005-06 'ਚ 5652 ਤੋਂ ਵਧਾ ਕੇ ਇਸ ਸਾਲ 7256 ਕਰ ਦਿੱਤੀ ਹੈ। ਜਨਤਕ ਥਾਵਾਂ 'ਤੇ ਮਹਿਖ਼ਾਨਿਆਂ ਦੀ ਗਿਣਤੀ ਪਿਛਲੇ ਸਾਲ ਦੀ 325 ਤੋਂ ਵਧ ਕੇ 353 ਹੋ ਗਈ ਹੈ। ਪੰਜਾਬ ਵਿਚ ਦਵਾਈਆਂ ਦੀਆਂ ਦੁਕਾਨਾਂ ਤੋਂ ਨਸ਼ੀਲੀਆਂ ਦਵਾਈਆਂ ਦੀ ਵਿਕਰੀ 'ਤੇ ਅਜੇ ਤਕ ਰੋਕ ਨਹੀਂ ਲੱਗ ਸਕੀ। ਅਜਿਹੇ ਪਿੰਡ ਵੀ ਹਨ ਜਿਥੇ ਭਾਵੇਂ 20 ਕਿਲੋਮੀਟਰ ਦੇ ਆਸਪਾਸ ਕੋਈ ਡਾਕਟਰ ਨਹੀਂ ਪਰ ਉਥੇ ਤਿੰਨ-ਤਿੰਨ, ਚਾਰ-ਚਾਰ ਮੈਡੀਕਲ ਦੁਕਾਨਾਂ ਜ਼ਰੂਰ ਹਨ। 2005-06 'ਚ ਸ਼ਰਾਬ ਦੇ ਠੇਕਿਆਂ ਤੋਂ ਮਾਲੀਆ ਪ੍ਰਾਪਤੀ 1570.30 ਕਰੋੜ ਰੁਪਏ ਸੀ ਜੋ 2011 ਤੱਕ 2372.02 ਕਰੋੜ ਰੁਪਏ ਹੋ ਗਈ। ਪੰਜਾਬ ' 2005-06 ਸ਼ਰਾਬ ਦੀਆਂ ਫੈਕਟਰੀਆਂ ਅੱਠ ਸਨ ਜਿਹੜੀਆਂ ਹੁਣ ਵਧ ਕੇ 11 ਹੋ ਗਈਆਂ ਹਨ। ਇਸ ਤੋਂ ਇਲਾਵਾ ਦੋ ਬੀਅਰ ਦੀਆਂ ਫੈਕਟਰੀਆਂ ਹਨ। ਇਸੇ ਤਰ੍ਹਾਂ 2005-06 'ਚ 16 ਬੋਟਲਿੰਗ ਪਲਾਂਟ ਸਨ ਜੋ ਹੁਣ 21 ਹੋ ਗਏ ਹਨ।

ਹੁਣ ਤਕ 55 ਪੰਚਾਇਤਾਂ ਤੇ 10 ਸ਼ਹਿਰੀ ਕਲੋਨੀਆਂ ਦੀਆਂ ਸਭਾਵਾਂ ਨੇ ਆਪੋ-ਆਪਣੇ ਰਿਹਾਇਸ਼ੀ ਇਲਾਕਿਆਂ ਵਿਚ ਜਾਂ ਆਸ-ਪਾਸ ਸ਼ਰਾਬ ਦੇ ਠੇਕੇ ਖੋਲ੍ਹੇ ਜਾਣ ਖ਼ਿਲਾਫ ਮਤੇ ਪਾਸ ਕੀਤੇ ਹਨ। ਸਭ ਤੋਂ ਵੱਧ ਸੰਗਰੂਰ ਜ਼ਿਲ੍ਹੇ ਦੀਆਂ 44 ਪੰਚਾਇਤਾਂ ਨੇ ਮਤੇ ਪਾਏ ਹਨ। ਪਟਿਆਲਾ, ਬਠਿੰਡਾ, ਰੂਪਨਗਰ, ਹੁਸ਼ਿਆਰਪੁਰ, ਬਰਨਾਲਾ, ਗੁਰਦਾਸਪੁਰ, ਮੁਕਤਸਰ ਤੇ ਫਰੀਦਕੋਟ ਜ਼ਿਲ੍ਹਿਆਂ ਵਿਚ ਵੀ ਪੰਚਾਇਤਾਂ ਨੇ ਆਪੋ-ਆਪਣੇ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਖੋਲ੍ਹੇ ਜਾਣ 'ਤੇ ਇਤਰਾਜ਼ ਕੀਤਾ ਹੈ ਤੇ ਇਨ੍ਹਾਂ ਨੂੰ ਬੰਦ ਕਰਾਉਣ ਦੀ ਮੰਗ ਕੀਤੀ ਹੈ। ਲੁਧਿਆਣਾ, ਅੰਮ੍ਰਿਤਸਰ ਅਤੇ ਪਠਾਨਕੋਟ ਵਿਚ ਸ਼ਹਿਰੀ ਰਿਹਾਇਸ਼ੀ ਖੇਤਰ 'ਚ ਸ਼ਰਾਬ ਦੇ ਠੇਕੇ ਖੋਲ੍ਹੇ ਜਾਣ ਖ਼ਿਲਾਫ ਲੋਕਾਂ ਨੇ ਰੋਸ ਪ੍ਰਗਟ ਕੀਤਾ। ਪਠਾਨਕੋਟ ਵਿਚ ਸਾਬਕਾ ਕੈਬਨਿਟ ਮੰਤਰੀ ਮੋਹਨ ਲਾਲ ਦੀ ਪਤਨੀ ਰੇਵਾ ਸ਼ਰਮਾ ਦੀ ਅਗਵਾਈ ਹੇਠ 150 ਔਰਤਾਂ ਨੇ ਸਿੰਬਲ ਚੌਕ ਵਿਚ ਸ਼ਰਾਬ ਦਾ ਠੇਕਾ ਖੋਲ੍ਹੇ ਜਾਣ ਖ਼ਿਲਾਫ ਧਰਨਾ ਦਿੱਤਾ। ਇਸ ਮਾਮਲੇ 'ਤੇ ਕਈ ਥਾਈਂ ਪ੍ਰਦਰਸ਼ਨਕਾਰੀ ਲੋਕਾਂ ਤੇ ਪੁਲਿਸ ਵਿਚਕਾਰ ਤਣਾਅ ਪੈਦਾ ਹੋਇਆ। ਬਠਿੰਡਾ ਤੇ ਸੰਗਰੂਰ ਜ਼ਿਲ੍ਹਿਆਂ ਵਿਚ ਕੁਝ ਥਾਵਾਂ 'ਤੇ ਝੜਪਾਂ ਹੋ ਚੁੱਕੀਆਂ ਹਨ। ਬਠਿੰਡਾ ਜਿੱਥੇ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਬਾਦਲ ਲੋਕ ਸਭਾ ਦੀ ਮੈਂਬਰ ਹੈ, ਵਿਚ ਅਮਰਪੁਰਾ ਬਸਤੀ, ਗੋਪਾਲ ਨਗਰ ਤੇ ਅਰਜਨ ਨਗਰ ਖੇਤਰਾਂ ਵਿਚ ਲੋਕਾਂ ਨੇ ਸੜਕਾਂ 'ਤੇ ਨਿਕਲ ਕੇ ਰੋਸ ਜ਼ਾਹਰ ਕੀਤਾ। ਜ਼ਿਲ੍ਹੇ ਦੇ ਪੇਂਡੂ ਖੇਤਰਾਂ ਸੇਲਬਰਾਹ, ਫੱਲੜ ਤੇ ਪੱਕਾ ਕਲਾਂ ਵਿਚ ਸ਼ਰਾਬ ਦੇ ਠੇਕੇ ਖੋਲ੍ਹੇ ਜਾਣ ਖ਼ਿਲਾਫ ਲੋਕਾਂ ਵੱਲੋਂ ਜ਼ਬਰਦਸਤ ਰੋਸ ਵਿਖਾਵੇ ਕੀਤੇ ਗਏ ਸਨ।

ਵੈਟ ਤੋਂ ਬਾਅਦ ਸ਼ਰਾਬ ਦੀ ਵਿਕਰੀ (ਆਬਕਾਰੀ) ਤੋਂ ਮਾਲੀਏ ਰਾਹੀਂ ਰਾਜ ਸਰਕਾਰ ਨੂੰ ਸਭ ਤੋਂ ਵੱਧ ਆਮਦਨੀ ਹੁੰਦੀ ਹੈ। ਮਾਲਵਾ ਖ਼ਿੱਤੇ ਦੇ ਇਕ ਪਿੰਡ ਦੇ ਸਰਪੰਚ ਗੁਰਮੁਖ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਨੇ ਰਾਜ ਦੀਆਂ ਤਿੰਨ ਵੱਡੀਆਂ ਅਲਾਮਤਾਂ-ਗਰੀਬੀ ਕਾਰਨ ਖੁਦਕੁਸ਼ੀਆਂ, ਕੈਂਸਰ ਤੇ ਨਸ਼ਿਆਂ ਦੇ ਜਾਲ ਨੂੰ ਤੋੜਨ ਲਈ ਜ਼ੁਬਾਨੀ ਜਮ੍ਹਾਂ ਖ਼ਰਚ ਤੋਂ ਬਿਨਾਂ ਕੁਝ ਨਹੀਂ ਕੀਤਾ। ਇਨ੍ਹਾਂ ਅਲਾਮਤਾਂ ਨੇ ਸਰਕਾਰ ਤੇ ਆਮ ਆਦਮੀ ਦੇ ਅਰਥਚਾਰੇ ਦੀਆਂ ਜੜ੍ਹਾਂ ਹਿਲਾ ਰੱਖੀਆਂ ਹਨ। ਉਨ੍ਹਾਂ ਕਿਹਾ ਕਿ ਸਹਾਇਕ ਢਾਂਚੇ ਤੇ ਵਿਕਾਸ ਲਈ ਮਾਲੀਏ ਦੀ ਜ਼ਰੂਰਤ ਹੈ ਪਰ ਇਸ ਦੇ ਨਾਲ ਹੀ ਸਮਾਜਕ ਨਰੋਏਪਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਦੇ ਲੋਕ ਖ਼ਾਸ ਕਰਕੇ ਨੌਜਵਾਨ ਵਰਗ ਨਸ਼ਿਆਂ ਵਿਚ ਗਲਤਾਨ ਹੋ ਰਹੇ ਹਨ।



ਬਰਨਾਲਾ ਦੇ ਇੱਕ ਪਿੰਡ 'ਚ ਸ਼ਰਾਬ ਦੇ ਠੇਕੇ ਦਾ ਵਿਰੋਧ ਕਰਦੇ ਹੋਏ ਲੋਕ।

# ਭਾਈ ਹਰਬੰਸ ਸਿੰਘ ਜਗਾਧਰੀ ਵਾਲੇ ਨੂੰ ਸ਼੍ਰੋਮਣੀ ਰਾਗੀ ਦਾ ਸਨਮਾਨ ਦੇਣ ਦਾ ਐਲਾਨ

**ਲੁਧਿਆਣਾ :** ਪ੍ਰਸਿੱਧ ਕੀਰਤਨੀਏ ਭਾਈ ਹਰਬੰਸ ਸਿੰਘ ਜਗਾਧਰੀ ਵਾਲੇ ਨਮਿਤ 21 ਮਈ ਨੂੰ ਸ਼ਰਧਾਂਜਲੀ ਸਮਾਗਮ ਕਰਾਇਆ ਗਿਆ ਜਿਸ 'ਚ ਸੈਂਕੜੇ ਸਿੱਖ ਸੰਗਤਾਂ ਤੇ

## ਸਿੱਖ ਸੰਗਤਾਂ ਵੱਲੋਂ ਨਿੱਘੀਆਂ ਸ਼ਰਧਾਂਜਲੀਆਂ

ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਸ਼ਰਧਾਂਜਲੀ ਭੇਟ ਕੀਤੀ।

ਲੁਧਿਆਣਾ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ 'ਚ ਸਮਾਗਮ ਮੌਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਭਾਈ ਜਗਾਧਰੀ ਨੇ ਆਪਣਾ ਸਾਰਾ ਜੀਵਨ ਗੁਰਬਾਣੀ ਕੀਰਤਨ ਦੇ ਲੇਖੇ ਲਾਇਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਭਾਈ ਜਗਾਧਰੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮਰਨ ਉਪਰੰਤ ਸ਼੍ਰੋਮਣੀ ਰਾਗੀ ਦਾ ਸਨਮਾਨ ਦਿੱਤਾ ਜਾਵੇਗਾ। ਇਹ ਸਨਮਾਨ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ 1 ਸਤੰਬਰ ਨੂੰ ਅੰਮ੍ਰਿਤਸਰ 'ਚ ਹੋਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਸਮਾਗਮਾਂ ਮੌਕੇ ਭੇਟ ਕੀਤਾ ਜਾਵੇਗਾ।

ਉਨ੍ਹਾਂ ਅੰਤਰਰਾਸ਼ਟਰੀ ਕੀਰਤਨ ਕੌਂਸਲ ਦੇ ਮੈਂਬਰ ਰਾਗੀ ਜਥਿਆਂ ਨੂੰ ਅਪੀਲ ਕੀਤੀ ਕਿ ਉਹ ਕੌਂਸਲ ਵੱਲੋਂ ਪੂਰਾ ਵਰ੍ਹਾ ਭਾਈ ਜਗਾਧਰੀ ਨੂੰ ਸਮਰਪਿਤ ਕਰਕੇ ਵੱਖ-ਵੱਖ ਥਾਵਾਂ 'ਤੇ ਗੁਰਬਾਣੀ ਕੀਰਤਨ ਦੇ ਸਮਾਗਮ ਕਰਵਾਉਣ। ਇਹ ਵੀ ਐਲਾਨ ਕੀਤਾ ਕਿ ਭਾਈ ਜਗਾਧਰੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਾਈ ਜਾਵੇਗੀ ਤੇ ਉਨ੍ਹਾਂ ਦੇ ਮਕਾਨ ਦੇ ਸਾਹਮਣੇ ਵਾਲੀ ਸੜਕ ਦਾ ਨਾਂ ਭਾਈ ਜਗਾਧਰੀ ਰੋਡ ਰੱਖਣ ਲਈ ਨਗਰ ਨਿਗਮ ਲੁਧਿਆਣਾ ਨੂੰ ਕਿਹਾ ਜਾਵੇਗਾ। ਇਸ ਤੋਂ ਪਹਿਲਾਂ ਪੰਥ ਦੇ ਪ੍ਰਸਿੱਧ ਰਾਗੀ ਜਥਿਆਂ ਤੇ ਸੰਤ ਮਹਾਂਪੁਰਸ਼ਾਂ ਨੇ ਭਾਈ ਜਗਾਧਰੀ ਦੀ ਅੰਤਿਮ ਇੱਛਾ ਮੁਤਾਬਕ ਆਤਮਰਸ ਕੀਰਤਨ ਦੇ ਰੂਪ ਵਿਚ ਉਨ੍ਹਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ। ਸਟੇਜ ਦੀ ਕਾਰਵਾਈ ਭਾਈ ਅਮਰਜੀਤ ਸਿੰਘ ਚਾਵਲਾ ਨੇ ਨਿਭਾਈ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਭੇਜਿਆ ਸ਼ੋਕ ਸੁਨੇਹਾ ਕਾਂਗਰਸ ਆਗੂ ਅਮਰਜੀਤ ਸਿੰਘ ਟਿੱਕਾ ਨੇ ਪਰਿਵਾਰ ਨੂੰ ਦਿੱਤਾ। ਨਾਨਕਸਰ ਸੰਪਰਦਾ ਵੱਲੋਂ ਬਾਬਾ ਲੱਖਾ ਸਿੰਘ, ਬਾਬਾ ਘਾਲਾ ਸਿੰਘ, ਇੰਟਰਨੈਸ਼ਨਲ ਕੀਰਤਨ ਕੌਂਸਲ ਵੱਲੋਂ ਭਾਈ ਹਰਜਿੰਦਰ ਸਿੰਘ ਸ੍ਰੀਨਗਰ, ਭਾਈ ਗੁਰਚਰਨ ਸਿੰਘ ਰਸੀਆ, ਭਾਈ ਦਵਿੰਦਰ ਸਿੰਘ ਸੋਢੀ, ਭਾਈ ਜੁਗਿੰਦਰ ਸਿੰਘ ਰਿਆੜ, ਬੀਬੀ ਬਲਜੀਤ ਕੌਰ ਤਲਵਾੜਾ, ਭਾਈ ਚਮਨਜੀਤ ਸਿੰਘ ਲਾਲ ਦਿੱਲੀ ਵਾਲੇ ਨੇ ਗੁਰਬਾਣੀ ਕੀਰਤਨ ਕੀਤਾ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ, ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜਵੱਦੀ, ਫੈਡਰੇਸ਼ਨ (ਮਹਿਤਾ) ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਖ਼ਾਲਸਾ, ਪੰਜਾਬੀ ਗਾਇਕ ਮਲਕੀਤ ਸਿੰਘ ਗੋਲਡਨ ਸਟਾਰ, ਕੇ. ਦੀਪ, ਗੁਰਸਿਮਰਨ ਸਿੰਘ ਮੰਡ ਤੋਂ ਇਲਾਵਾ ਵੱਡੀ ਗਿਣਤੀ ਵਿਚ ਪੰਥਕ ਹਸਤੀਆਂ ਪੁੱਜੀਆਂ।



ਭਾਈ ਜਗਾਧਰੀ ਵਾਲੇ ਨਮਿਤ ਸ਼ਰਧਾਂਜਲੀ ਸਮਾਗਮ 'ਚ ਪੁੱਜੀਆਂ ਸ਼ਖ਼ਸੀਅਤਾਂ।

# ਪੰਜਾਬ ਪੁਲਿਸ ਦਾ ਇਕ ਹੋਰ ਕਾਰਨਾਮਾ ਬੇਨਕਾਬ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਪੁਲਿਸ ਦਾ ਇਕ ਹੋਰ ਕਾਰਨਾਮਾ ਬੇਨਕਾਬ ਹੋਇਆ ਹੈ ਜਿਸ ’ਚ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਖ਼ੁਫ਼ੀਆ ਰਿਪੋਰਟ ਨੂੰ ਨਜ਼ਰਅੰਦਾਜ ਕਰਕੇ ਆਪਣੇ ਇਕ 'ਚਹੇਤੇ' ’ਤੇ ਮਿਹਰਾਂ ਦੀ ਝੜੀ ਲਾਈ ਸੀ। ਪਲਿਸ ਅਫਸਰਾਂ ਦੀਆਂ ਅੱਖਾਂ ਦੇ ਇਹ ਤਾਰਾ ਗੰਨਮੈਨ ਹਾਸਲ ਕਰਕੇ ਉਨ੍ਹਾਂ ਦੇ ਰੋਹਬ ’ਤੇ ਹੀ ਰਿਸ਼ਵਤ ਦੇ ਰੂਪ ’ਚ ਵੱਡੀਆਂ ਰਕਮਾਂ ਵਸੂਲਦਾ ਸੀ। ਅਸਲ ’ਚ ਦਵਿੰਦਰ ਸਿੰਘ ਨਾਂ ਦਾ ਇਹ ਉਹੀ ਸ਼ਖ਼ਸ ਹੈ ਜਿਸ ਨੇ ਮੰਤਰੀਆਂ ਦੇ ਨਾਂ ’ਤੇ ਡੇਢ ਕਰੋੜ ਰੁਪਏ ਦੀ ਰਿਸ਼ਵਤ ਮੰਗ ਕੇ ਅਕਾਲੀ-ਭਾਜਪਾ ਸਰਕਾਰ ਦੇ ਤਖ਼ਤ ਨੂੰ ਹਿਲਾ ਦਿੱਤਾ ਸੀ। ਦਵਿੰਦਰ ਨੂੰ ਮੁੱਖ ਪਾਰਲੀਮਾਨੀ ਸਕੱਤਰ ਤੇ ਰਾਜਪੁਰੇ ਦੇ ਭਾਜਪਾ ਦੇ ਵਿਧਾਇਕ ਰਾਜ ਖੁਰਾਣਾ ਸਮੇਤ ਆਟੋਮੋਬਾਈਲ ਮਕੈਨਿਕ ਐਸੋਸੀਏਸ਼ਨ ਕੋਲੋਂ ਡੇਢ ਕਰੋੜ ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਸੀ ਤੇ ਇਸ ਤੋਂ ਬਾਅਦ ਭਾਜਪਾ ਮੰਤਰੀਆਂ ਵੱਲੋਂ ਸਮੂਹਿਕ ਤੌਰ ’ਤੇ ਅਸਤੀਫ਼ੇ ਦੇਣ ਕਾਰਨ ਮੰਤਰੀ ਮੰਡਲ ’ਚ ਵੱਡਾ ਫੇਰਬਦਲ ਹੋਇਆ ਸੀ। ਹੁਣ ਤਾਜ਼ਾ ਖੁਲਾਸਾ ਹੋਇਆ ਹੈ ਕਿ ਸਨਅਤੀ ਵਿਭਾਗ ਦੇ ਇਸ ਗ਼ੈਰਹਾਜ਼ਰ ਕਲਰਕ ਦਵਿੰਦਰ ਨੂੰ ਪੰਜਾਬ ਪੁਲਿਸ ਨੇ ਇੰਟੈਲੀਜੈਂਸ ਵਿੰਗ ਦੀ ਰਿਪੋਰਟ ਨੂੰ ਉਲੰਘ ਕੇ ਸੁਰੱਖਿਆ ਮੁਹੱਈਆ ਕਰਵਾਈ ਸੀ। ਸੂਤਰ ਦੱਸਦੇ ਹਨ ਕਿ ਇਸ ਸ਼ਖ਼ਸ ਦੀਆਂ ਪੁਲੀਸ ਤੰਤਰ ’ਚ ਡੂੰਘੀਆਂ ਜੜ੍ਹਾਂ ਹਨ ਤੇ ਇਸੇ ਕਾਰਨ ਹੀ ਉਸ ਨੂੰ ਕੁਝ 'ਵਿਸ਼ੇਸ਼' ਅਧਿਕਾਰੀਆਂ ਨੇ ਕਾਇਦੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਸੁਰੱਖਿਆ ਮੁਹੱਈਆ ਕੀਤੀ ਸੀ।

### ਖ਼ੁਫ਼ੀਆ ਰਿਪੋਰਟ ਨੂੰ ਛਿੱਕੇ ਟੰਗ ਕੇ ਆਪਣੇ 'ਚਹੇਤੇ' ’ਤੇ ਮਿਹਰਾਂ



ਭਰੋਸੇਯੋਗ ਸੂਤਰਾਂ ਅਨੁਸਾਰ ਦਵਿੰਦਰ ਨੂੰ ਸੁਰੱਖਿਆ ਮੁਹੱਈਆ ਕਰਨ ਦੇ ਮਾਮਲੇ ’ਚ ਖ਼ੁਫ਼ੀਆ ਵਿੰਗ ਦੇ ਇਨਕਾਰ ਕਰਨ ਦੇ ਬਾਵਜੂਦ ਉਹ ਗੰਨਮੈਨ ਹਾਸਲ ਕਰਨ ’ਚ ਕਾਮਯਾਬ ਹੋ ਗਿਆ ਸੀ। ਕੁਝ ਅਧਿਕਾਰੀ ਉਸ ’ਤੇ ਪੂਰੀ ਤਰ੍ਹਾਂ ਮਿਹਰਬਾਨ ਸਨ ਤੇ ਖ਼ੁਫ਼ੀਆ ਵਿੰਗ ਦੀ ਰਿਪੋਰਟ ਨੂੰ ਖੁੱਡੇ ਲਾਈਨ ਲਾ ਕੇ ਉਹ ਇਸ ਸ਼ਖ਼ਸ ਨੂੰ ਗੰਨਮੈਨ ਮੁਹੱਈਆ ਕਰਵਾ ਦਿੱਤੇ। ਪੰਜਾਬ ਪੁਲੀਸ ਹੈੱਡਕੁਆਰਟਰ ਦੇ ਸੂਤਰਾਂ ਅਨੁਸਾਰ ਦਵਿੰਦਰ ਦੀ ਜਾਨ ਨੂੰ ਖ਼ਤਰਾ ਹੋਣ ਦਾ ਆਧਾਰ ਬਣਾ ਕੇ ਉਸ ਨੂੰ ਖ਼ੁਫ਼ੀਆ ਵਿੰਗ ਦੀ ਰਿਪੋਰਟ ਲਏ ਬਿਨਾਂ ਹੰਗਾਮੀ ਹਾਲਤ ’ਚ ਤਿੰਨ ਮਹੀਨਿਆਂ ਲਈ ਸੁਰੱਖਿਆ ਮੁਹੱਈਆ ਕੀਤੀ ਗਈ ਸੀ।

ਜ਼ਿਕਰਯੋਗ ਹੈ ਕਿ ਇਸ ਢੰਗ ਨਾਲ ਬੇਹੱਦ ਅਹਿਮ ਮਾਮਲਿਆਂ ’ਚ ਹੀ ਸੁਰੱਖਿਆ ਮੁਹੱਈਆ ਕੀਤੀ ਜਾਂਦੀ ਹੈ। ਦਵਿੰਦਰ ਨੂੰ ਸੁਰੱਖਿਆ ਮੁਹੱਈਆ ਕਰਨ ਤੋਂ ਬਾਅਦ ਇਸ ਬਾਬਤ ਖ਼ੁਫ਼ੀਆ ਵਿੰਗ ਦੀ ਰਿਪੋਰਟ ਮੰਗੀ ਗਈ ਸੀ। ਖ਼ੁਫ਼ੀਆ ਵਿੰਗ ਵੱਲੋਂ ਦਵਿੰਦਰ ਨੂੰ ਸੁਰੱਖਿਆ ਮੁਹੱਈਆ ਕਰਨ ਦੇ ਮਾਮਲੇ ’ਚ ਕੀਤੀ ਗਈ ਪੜਤਾਲ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਸ ਸ਼ਖ਼ਸ ਨੂੰ ਕਿਸੇ ਤਰ੍ਹਾਂ ਦਾ ਕੋਈ ਖ਼ਤਰਾ ਨਹੀਂ ਹੈ। ਫਿਰ ਖ਼ੁਫ਼ੀਆ ਵਿੰਗ ਨੇ ਆਪਣੀ ਰਿਪੋਰਟ ਸੁਰੱਖਿਆ ਵਿੰਗ ਨੂੰ ਭੇਜ ਕੇ ਸਾਫ ਕਰ ਦਿੱਤਾ ਸੀ ਕਿ ਦਵਿੰਦਰ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ ਹੈ ਤੇ ਉਸ ਨੂੰ ਸੁਰੱਖਿਆ ਦੇਣ ਦੀ ਕੋਈ ਲੋੜ ਮਹਿਸੂਸ ਨਹੀਂ ਹੁੰਦੀ। ਇਸ ਰਿਪੋਰਟ ਤੋਂ ਬਾਅਦ ਵੀ ਤੈਅ ਨਿਯਮਾਂ ਅਨੁਸਾਰ ਉਸ ਕੋਲੋਂ ਸੁਰੱਖਿਆ ਵਾਪਸ ਨਹੀਂ ਲਈ ਗਈ।

ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਆਪਣੀ ਪੜਤਾਲ ’ਚ ਖੁਲਾਸਾ ਕੀਤਾ ਸੀ ਕਿ ਮੰਤਰੀਆਂ ਦੇ ਨਾਂ ’ਤੇ ਰਿਸ਼ਵਤ ਮੰਗਣ ਵਾਲਾ ਇਹ ਸ਼ਖ਼ਸ ਅਜਿਹੇ ਸੌਦੇ ਕਰਨ ਵੇਲੇ ਆਪਣਾ ਦਬਦਬਾ ਬਣਾਉਣ ਲਈ ਗੰਨਮੈਨ ਨਾਲ ਰੱਖਦਾ ਸੀ। ਪੁਲੀਸ ਸੂਤਰਾਂ ਅਨੁਸਾਰ ਕਿਸੇ ਵੀ ਸ਼ਖ਼ਸ ਨੂੰ ਸੁਰੱਖਿਆ ਮੁਹੱਈਆ ਕਰਨ ਤੋਂ ਪਹਿਲਾਂ ਖ਼ੁਫ਼ੀਆ ਵਿੰਗ ਦੀ ਸਬੰਧਿਤ ਸ਼ਖ਼ਸ ਬਾਬਤ ਰਿਪੋਰਟ ਮੰਗੀ ਜਾਂਦੀ ਹੈ ਤੇ ਇਸ ਰਿਪੋਰਟ ਦੇ ਆਧਾਰ ’ਤੇ ਹੀ ਸੁਰੱਖਿਆ ਮੁਹੱਈਆ ਕੀਤੀ ਜਾ ਸਕਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਗੰਭੀਰ ਮਾਮਲੇ ਬਾਬਤ ਫਿਲਹਾਲ ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ।

ਦੂਜੇ ਪਾਸੇ ਸਨਅਤ ਤੇ ਵਣਜ ਵਿਭਾਗ ਦੀ ਅੱਖ ਵੀ ਕਈ ਮਹੀਨਿਆਂ ਬਾਅਦ ਖੁੱਲ੍ਹੀ ਹੈ। ਗੈਰ ਹਾਜ਼ਰ ਚੱਲਦੇ ਆ ਰਹੇ ਦਵਿੰਦਰ ਨੂੰ ਹੁਣ ਸਬੰਧਿਤ ਅਧਿਕਾਰੀਆਂ ਨੇ ਗੈਰ ਹਾਜ਼ਰ ਰਹਿਣ ਦੇ ਦੋਸ਼ਾਂ ਤਹਿਤ ਚਾਰਜਸ਼ੀਟ ਕੀਤਾ ਹੈ। ਉਸ ਨੂੰ ਤਿੰਨ ਹਫ਼ਤਿਆਂ ’ਚ ਜਵਾਬ ਦੇਣ ਲਈ ਕਿਹਾ ਗਿਆ ਹੈ। ਸੂਤਰ ਦੱਸਦੇ ਹਨ ਕਿ ਸਨਅਤ ਵਿਭਾਗ ਦੇ ਫਰਮਜ਼ ਐਂਡ ਸੁਸਾਇਟੀਜ਼ ਵਿੰਗ ’ਚ ਬਤੌਰ ਕਲਰਕ ਤਾਇਨਾਤ ਦਵਿੰਦਰ ਦੀ ਦਫ਼ਤਰ ’ਚ ਆਖਰੀ 15 ਸਤੰਬਰ 2009 ਨੂੰ ਹਾਜ਼ਰੀ ਲੱਗੀ ਹੈ। ਉਸ ਤੋਂ ਬਾਅਦ ਉਹ ਗੈਰ ਹਾਜ਼ਰ ਚੱਲਦਾ ਆ ਰਿਹਾ ਹੈ ਪਰ ਵਿਭਾਗ ਨੇ ਇਸ ਬਾਬਤ ਕੋਈ ਕਾਰਵਾਈ ਨਹੀਂ ਕੀਤੀ ਸੀ।

## ਭਾਰਤੀ ਆਈ.ਟੀ. ਮਾਹਿਰਾਂ ਦੀ ਆਮਦ ਤੋਂ ਬਰਤਾਨੀਆ ਸਰਕਾਰ ਖ਼ਫ਼ਾ

**ਲੰਡਨ:** ਬਰਤਾਨੀਆ ਦੇ ਹੇਠਲੇ ਸਦਨ ਦੀ ਲੋਕ ਲੇਖਾ ਕਮੇਟੀ ਨੇ ਇਮੀਗਰੇਸ਼ਨ ਅਧਿਕਾਰੀਆਂ ਦੀ ਢਿੱਲਮੱਠ ‘ਤੇ ਫਿਕਰ ਪ੍ਰਗਟਾਇਆ ਹੈ ਕਿ ਇਸ ਕਾਰਨ ਭਾਰਤੀ ਤੇ ਹੋਰ ਗੈਰ-ਯੂਰਪੀ ਯੂਨੀਅਨ ਕਾਮੇ ਇੰਟਰ ਕੰਪਨੀ (ਆਈ.ਸੀ.ਟੀ.) ਰੂਟ ਰਾਹੀਂ ਇੰਗਲੈਂਡ ਪੁੱਜ ਰਹੇ ਹਨ। ਬਹੁਤ ਸਾਰੀਆਂ ਭਾਰਤੀ ਆਈ.ਟੀ. ਕੰਪਨੀਆਂ ਇਸ ਰੂਟ ਰਾਹੀਂ ਆਪਣੇ ਸਟਾਫ ਨੂੰ ਬਰਤਾਨੀਆ ਵਿਚਲੇ ਦਫਤਰਾਂ ‘ਚ ਤਬਦੀਲ ਕਰਦੀਆਂ ਹਨ। ਇਸ ਰੂਟ ‘ਤੇ ਗੈਰ-ਯੂਰਪੀ ਅਵਾਸੀਆਂ ਦੀ ਗਿਣਤੀ ਸੀਮਾ ਲਾਗੂ ਨਹੀਂ ਹੁੰਦੀ। ਇਸ ਕਰਕੇ ਹਜ਼ਾਰਾਂ ਆਈ.ਟੀ. ਕਾਮੇ ਇਸ ਤਰ੍ਹਾਂ ਬਰਤਾਨੀਆ ਪੁੱਜ ਗਏ ਹਨ। ਕਮੇਟੀ ਦੀ ਚੇਅਰਪਰਸਨ ਮਾਰਗਰੇਟ ਹੋਡਜੇ ਨੇ ਕਿਹਾ ਕਿ ਇਹ ਕਾਮੇ ਉਦੋਂ ਬਰਤਾਨੀਆ ਪੁੱਜੇ ਹਨ ਜਦੋਂ ਇਥੋਂ ਦੇ ਆਈ.ਟੀ. ਸਿੱਖਿਅਤ ਕਾਮੇ ਕੰਮ ਲੱਭਣ ਲਈ ਸੰਘਰਸ਼ ਕਰ ਰਹੇ ਹਨ।


ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਤੁਰਤ ਲੋੜ



ਪੱਕੇ ਲੋਡ - ਸਟਾਕਟਨ ਤੋਂ ਪੋਰਟਲੈਂਡ
ਸਟਾਕਟਨ ਤੋਂ ਸਿਆਟਲ ਅਤੇ ਵਾਪਸ ਸਟਾਕਟਨ
ਸਿਰਫ ਟਰੱਕ ਚਾਹੀਦੇ ਹਨ, ਟਰੇਲਰ ਨਹੀਂ
ਵਧੀਆ ਰੇਟ ਦਿੱਤੇ ਜਾਣਗੇ

ਫੌਰਨ ਫੋਨ ਕਰੋ: ਗੁਰਮੀਤ ਸਿੰਘ
ਫੋਨ: 209-234-1118

Law Offices of Gill & Heridis

Immigration Services
■Family Petitions
■Marriage Petitions
■Fiance Visas
■Vawa Petitions
■Consular Processing
■Worker Visas

■9th Circuit Appeals
■BIA Appeals
■Removal Defense
■Asylum

Personal Injury
■Auto Collision



Bhupinder Gill
Attorney at Law
(Admitted in CA)

Call for free initial consultation
(408) 940-6065, (408) 736-5203
Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085

ਯੂਬਾ ਸਿਟੀ ਵਿਚ ਤੁਹਾਡੀ ਆਪਣੀ ਟਾਇਰ ਅਤੇ ਆਟੋ ਰਿਪੇਅਰ ਸ਼ਾਪ

Lucky Tire & Auto Repair

ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ
909 Garden Hwy
660 Culussa Hwy




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ


ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.
Credit card terminals -Verifone, Hypercom...
Transfer existing CC processing to us for lower rates.
99% approved same day. We specialize in high risk businesses.
ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)
Need Money? We provide cash advance against credit card processing with NO collateral or personal guarantee.
Online Data Corp. is a registered ISO/MSP of Wells Fargo Bank N.A.
*Credit restrictions apply.
Call SAGAR HANDA at: 773-416-8526
or 773-935-VISA, SagarATM@yahoo.com
www.GoldCoastATM.com




FREE CREDIT CARD TERMINAL!

ਪੰਜਾਬ ਟਾਈਮਜ਼

*ਸਨਿਚਰਵਾਰ, 28 ਮਈ 2011*

## ਸਰਦਾਰੀ ਦੇ ਸੱਤ ਸਾਲ

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲਾ ਨਹਿਰੂ ਤੋਂ ਬਾਅਦ ਡਾ. ਮਨਮੋਹਨ ਸਿੰਘ ਅਜਿਹੇ ਪਹਿਲੇ ਪ੍ਰਧਾਨ ਮੰਤਰੀ ਹਨ ਜੋ ਲਗਾਤਾਰ ਦੂਜੀ ਵਾਰ ਇਸ ਅਹੁਦੇ 'ਤੇ ਬੈਠੇ ਹਨ। 22 ਮਈ 2004 ਨੂੰ ਜਦੋਂ ਉਨ੍ਹਾਂ ਪਹਿਲੀ ਵਾਰ ਇਸ ਅਹੁਦੇ ਦਾ ਹਲਫ਼ ਲਿਆ ਸੀ ਤਾਂ ਉਨ੍ਹਾਂ ਬਾਰੇ ਸਭ ਤੋਂ ਪਹਿਲੀ ਗੱਲ ਇਹ ਕੀਤੀ ਗਈ ਸੀ ਕਿ ਕੋਈ ਸਿੱਖ ਪਹਿਲੀ ਵਾਰ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ ਹੈ। ਦੂਜੀ ਇਹ ਕਿ ਉਹ ਇਮਾਨਦਾਰੀ ਦਾ ਮੁਜੱਸਮਾ ਹਨ। ਉਨ੍ਹਾਂ ਦੀ ਭਰਵੀਂ ਚਰਚਾ ਪਹਿਲੀ ਵਾਰ 1991 ਵਿਚ ਉਦੋਂ ਹੋਈ ਸੀ ਜਦੋਂ ਉਨ੍ਹਾਂ ਖ਼ਜ਼ਾਨਾ ਮੰਤਰੀ ਵਜੋਂ ਕਮਾਨ ਸੰਭਾਲਦਿਆਂ ਆਰਥਿਕ ਸੁਧਾਰਾਂ ਦੀ ਲੜੀ ਤੋਰੀ ਸੀ। ਇਨ੍ਹਾਂ ਸੁਧਾਰਾਂ ਤਹਿਤ ਭਾਰਤੀ ਆਰਥਿਕਤਾ ਨੂੰ ਸੰਸਾਰ ਦੀ ਮੁਕਤ ਮੰਡੀ ਦਾ ਅੰਗ ਬਣਾਇਆ ਗਿਆ ਸੀ। ਬਤੌਰ ਖ਼ਜ਼ਾਨਾ ਮੰਤਰੀ ਅਤੇ ਪ੍ਰਧਾਨ ਮੰਤਰੀ ਉਨ੍ਹਾਂ ਦੀ ਮਹਿਮਾ ਸਭ ਹੱਦਾਂ-ਸਰਹੱਦਾਂ ਪਾਰ ਕਰਕੇ ਸੰਸਾਰ ਦੇ ਅੰਬਰ ਤੱਕ ਫੈਲ ਗਈ। ਪਿਛਲੇ ਸਾਲ ਹੀ ਵੱਕਾਰੀ 'ਨਿਊਜ਼ਵੀਕ' ਮੈਗਜ਼ੀਨ ਨੇ ਉਨ੍ਹਾਂ ਨੂੰ 'ਲੀਡਰਾਂ ਦਾ ਲੀਡਰ' ਖਿਤਾਬ ਨਾਲ ਨਵਾਜਿਆ। ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਦੇ ਸਾਬਕਾ ਮੁਖੀ ਮੁਹੰਮਦ ਅਲ-ਬਰਦੇਈ ਨੇ ਉਨ੍ਹਾਂ ਨੂੰ 'ਮਿਸਾਲੀ ਸਿਆਸੀ ਲੀਡਰ' ਆਖਿਆ। 2010 ਦੀ 'ਫੋਰਬਜ਼' ਲਿਸਟ ਵਿਚ ਉਨ੍ਹਾਂ ਦਾ ਨਾਂ ਸੰਸਾਰ ਦੇ ਸਭ ਤੋਂ ਸ਼ਕਤੀਸ਼ਾਲੀ ਲੋਕਾਂ ਵਿਚੋਂ 18ਵੇਂ ਨੰਬਰ 'ਤੇ ਸੀ। 'ਫੋਰਬਜ਼' ਮੈਗਜ਼ੀਨ ਨੇ ਲਿਖਿਆ ਕਿ 'ਨਹਿਰੂ ਤੋਂ ਬਾਅਦ ਉਹ ਭਾਰਤ ਦੇ ਸਰਵੋਤਮ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਦੀ ਪ੍ਰਸ਼ੰਸਾ ਸੰਸਾਰ ਪੱਧਰ 'ਤੇ ਹੋ ਰਹੀ ਹੈ'। ਪ੍ਰਧਾਨ ਮੰਤਰੀ ਵਜੋਂ ਆਪਣੇ ਪਹਿਲੇ ਕਾਰਜ ਕਾਲ ਦੌਰਾਨ 2005 ਵਿਚ ਉਨ੍ਹਾਂ ਦੋ ਅਜਿਹੇ ਕੰਮ ਕੀਤੇ ਜਿਨ੍ਹਾਂ ਨਾਲ ਕਈ ਖੇਤਰਾਂ ਦਾ ਮੂੰਹ-ਮੁਹਾਂਦਰਾ ਹੀ ਬਦਲ ਗਿਆ। ਪਹਿਲਾ ਸੀ 'ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ' (ਨਰੇਗਾ) ਬਣਾਉਣਾ ਅਤੇ ਦੂਜਾ ਸੀ 'ਸੂਚਨਾ ਅਧਿਕਾਰ ਐਕਟ' (ਆਰ.ਟੀ.ਆਈ.)। ਸੂਚਨਾ ਅਧਿਕਾਰ ਐਕਟ ਨੇ ਤਾਂ ਪ੍ਰਸ਼ਾਸਨ ਤੋਂ ਲੈ ਕੇ ਮੀਡੀਆ ਤੱਕ ਦੇ ਖੇਤਰ ਵਿਚ ਮਾਨੋ ਇਨਕਲਾਬ ਲੈ ਆਂਦਾ। ਅਜਿਹੀਆਂ ਜਾਣਕਾਰੀਆਂ ਬਹੁਤ ਆਸਾਨੀ ਨਾਲ ਲੋਕਾਂ ਦੇ ਰੂ-ਬ-ਰੂ ਹੋਣ ਲੱਗੀਆਂ ਜਿਨ੍ਹਾਂ ਬਾਰੇ ਕਦੀ ਕਿਸੇ ਨੇ ਸੋਚਿਆ ਤੱਕ ਨਹੀਂ ਸੀ। ਪ੍ਰਸ਼ਾਸਕਾਂ ਨੂੰ ਪਾਰਦਰਸ਼ਤਾ ਦੀ ਯਾਦ ਆ ਗਈ। ਇਹ ਐਕਟ ਆਮ ਲੋਕਾਂ ਲਈ ਤਾਂ ਬਣਿਆ ਹੀ, ਪੱਤਰਕਾਰਾਂ ਲਈ ਵੀ ਜਾਣਕਾਰੀ ਦਾ ਵੱਡਾ ਸੋਮਾ ਹੋ ਨਿਬੜਿਆ। ਇਸ ਸਭ ਕਾਸੇ ਦੇ ਪਿਛੋਕੜ ਵਿਚ ਡਾ. ਮਨਮੋਹਨ ਸਿੰਘ ਦੀ ਬੌਧਿਕ ਬੁਲੰਦੀ ਦੀ ਰੁਣ-ਝੁਣ ਵੀ ਲਗਾਤਾਰ ਹੁੰਦੀ ਰਹੀ।

ਪਿਛਲੇ ਕੁਝ ਸਮੇਂ ਦੌਰਾਨ ਉਨ੍ਹਾਂ ਦੀ ਬੁਲੰਦੀ ਉਤੇ ਬਰਛੇ ਦੇ ਵਾਰ ਹੋਏ ਹਨ। ਇਹ ਵਾਰ ਇੰਨੇ ਤਿੱਖੇ, ਤੇਜ਼, ਤੀਬਰ ਅਤੇ ਤਰਾੜੇ ਵਾਲੇ ਸਨ ਕਿ ਡਾ. ਮਨਮੋਹਨ ਸਿੰਘ ਦੀ ਸਮੁੱਚੀ ਸ਼ਖ਼ਸੀਅਤ ਅੱਧ-ਵਿਚਾਲਿਓਂ ਟੁੱਕੀ ਗਈ। ਆਰਥਿਕ ਸੁਧਾਰਾਂ ਦੀ ਚਰਚਾ ਇਸ ਕਰਕੇ ਵੀ ਹੋਈ ਸੀ ਕਿ ਇਨ੍ਹਾਂ ਨੇ ਭ੍ਰਿਸ਼ਟਾਚਾਰ ਅਤੇ ਧੀਮੇ ਵਿਕਾਸ ਦੇ ਚੱਕਰਵਿਊ ਵਿਚ ਫਸੀ ਭਾਰਤੀ ਆਰਥਿਕਤਾ ਨੂੰ ਮੁਕਤ ਕਰਕੇ ਨਵੇਂ ਰਾਹਾਂ ਉਤੇ ਤੋਰ ਲਿਆ ਹੈ ਪਰ ਅੱਜ ਉਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਭ੍ਰਿਸ਼ਟਾਚਾਰ ਦੇ ਉਸੇ ਚੱਕਰਵਿਊ ਵਿਚ ਬੁਰੀ ਤਰ੍ਹਾਂ ਫਸੀ ਨਜ਼ਰ ਆ ਰਹੀ ਹੈ। ਉਨ੍ਹਾਂ ਦੀ ਸਰਕਾਰ ਦੇ ਦੋ ਮੰਤਰੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਤਿਹਾੜ ਜੇਲ੍ਹ ਵਿਚ ਬੰਦ ਹਨ। ਉਨ੍ਹਾਂ ਦੀ ਸਭ ਤੋਂ ਵੱਡੀ ਪੂੰਜੀ, ਤੇ ਇਕ ਲਿਹਾਜ ਨਾਮ ਟਰੇਡ ਮਾਰਕ ਵਜੋਂ ਮਸ਼ਹੂਰ 'ਇਮਾਨਦਾਰੀ' ਉਤੇ ਸਭ ਤੋਂ ਵੱਡਾ ਪ੍ਰਸ਼ਨ ਚਿੰਨ੍ਹ ਇਸ ਕਰਕੇ ਲੱਗਿਆ ਕਿਉਂਕਿ ਉਹ ਇਸ ਮਾਮਲੇ ਬਾਰੇ ਉਕਾ ਹੀ ਖਾਮੋਸ਼ ਹੋ ਗਏ। ਲੋਕਾਂ ਦੇ ਖ਼ੂਨ-ਪਸੀਨੇ ਵਿਚੋਂ ਕਸ਼ੀਦੇ ਲੱਖਾਂ-ਕਰੋੜਾਂ ਰੁਪਇਆਂ ਦੇ ਗ਼ਬਨ ਬਾਰੇ ਉਨ੍ਹਾਂ ਕੋਲੋਂ ਦੋ ਅਲਫ਼ਾਜ਼ ਵੀ ਕਿਉਂ ਨਾ ਜੁੜੇ? ਵਿਕਾਸ ਦਰ ਦੇ ਕਿਤਾਬੀ ਅੰਕੜੇ ਤਾਂ ਚਲੋ ਠੀਕ ਹਨ ਪਰ ਮਹਿੰਗਾਈ ਨਾਲ ਲੋਕ ਤ੍ਰਾਹ-ਤ੍ਰਾਹ ਕਰ ਉਠੇ ਹਨ। ਮਹਿੰਗਾਈ ਰੋਕਣ ਲਈ ਸੰਸਾਰ ਪੱਧਰ ਦੇ ਇਸ ਆਰਥਿਕ ਮਾਹਿਰ ਦੀ ਪੋਟਲੀ ਵਿਚੋਂ ਇਕ ਵੀ ਨੁਸਖ਼ਾ ਨਾ ਨਿਕਲ ਸਕਿਆ। ਸ਼ਰਦ ਪਵਾਰ ਨੇ ਆਪਣੇ ਖੇਤੀ ਮਹਿਕਮੇ ਦੇ ਸਿਰ 'ਤੇ ਚੰਮ ਦੀਆਂ ਚਲਾਈਆਂ; ਮਹਿੰਗਾਈ ਨੇ ਛਾਲਾਂ ਮਾਰੀਆਂ; ਤੇ ਉਸ ਨੂੰ ਟੋਕਣ ਵਾਲਾ ਕੋਈ ਨਹੀਂ ਸੀ।

ਹੁਣ ਯੂ.ਪੀ.ਏ. ਸਰਕਾਰ ਦੀ ਦੂਜੀ ਟਰਮ ਦੇ ਦੋ ਸਾਲ ਪੂਰੇ ਹੋਣ 'ਤੇ ਜਸ਼ਨ ਮਨਾਏ ਗਏ ਹਨ। ਇਨ੍ਹਾਂ ਜਸ਼ਨ ਸਮਾਗਮਾਂ ਦੌਰਾਨ ਭ੍ਰਿਸ਼ਟਾਚਾਰ ਖਿਲਾਫ ਜਹਾਦ ਛੇੜਨ ਦਾ ਹੋਕਾ ਤਾਂ ਦਿੱਤਾ ਗਿਆ ਹੈ ਪਰ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਵਰਤੀ ਕੋਤਾਹੀ ਜਾਂ ਰਹਿ ਗਈ ਖ਼ਾਮੀ ਬਾਰੇ ਇਕ ਵਾਰ ਵੀ ਸ਼ਰਮਿੰਦਗੀ ਜ਼ਾਹਿਰ ਨਹੀਂ ਕੀਤੀ ਗਈ, ਨਾ ਹੀ ਆਵਾਮ ਤੋਂ ਮੁਆਫ਼ੀ ਹੀ ਮੰਗੀ ਹੈ। ਨਵੀਂਆਂ ਆਰਥਿਕ ਨੀਤੀਆਂ ਕਾਰਨ ਪਹਿਲਾਂ ਹੀ ਹਾਸ਼ੀਏ 'ਤੇ ਵਿਚਰ ਰਿਹਾ ਬੰਦਾ ਹਾਸ਼ੀਏ ਤੋਂ ਵੀ ਅਗਾਂਹ ਧੱਕ ਦਿੱਤਾ ਗਿਆ ਹੈ। ਦੇਸ਼ ਦੇ ਅੰਨ ਭੰਡਾਰ ਨੱਕੋ-ਨੱਕ ਭਰੇ ਪਏ ਹਨ, ਉਥੇ ਪਿਆ ਅੰਨ ਸੜ ਰਿਹਾ ਹੈ ਪਰ ਸੁਪਰੀਮ ਕੋਰਟ ਦੀਆਂ ਵਾਰ-ਵਾਰ ਹਦਾਇਤਾਂ ਦੇ ਬਾਵਜੂਦ ਇਹ ਅੰਨ ਲੋੜਵੰਦਾਂ ਨੂੰ ਵੰਡਣ ਲਈ ਪ੍ਰਬੰਧ ਕਰਨਾ ਤਾਂ ਇਕ ਪਾਸੇ ਰਿਹਾ, ਇਸ ਬਾਰੇ ਸੋਚਿਆ ਵੀ ਨਹੀਂ ਜਾ ਰਿਹਾ; ਸਗੋਂ ਕਿਹਾ ਜਾ ਰਿਹਾ ਹੈ ਕਿ ਇਹ ਅੰਨ ਕਿਸ ਤਰ੍ਹਾਂ ਤੇ ਕਿਸ ਨੂੰ ਵੰਡ ਦੇਈਏ? ਇਹ ਅਲਫ਼ਾਜ਼ ਕਿਸੇ ਹੋਰ ਨੇ ਨਹੀਂ, ਡਾ. ਮਨਮੋਹਨ ਸਿੰਘ ਨੇ ਕਹੇ ਹਨ। ਵੀਹਾਂ ਸਾਲਾਂ ਦੀਆਂ ਨਵੀਂਆਂ ਆਰਥਿਕ ਨੀਤੀਆਂ ਦੇ ਨੀਤੀਘਾੜੇ ਅਤੇ ਸੱਤ ਸਾਲਾਂ ਤੋਂ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਡਾ. ਮਨਮੋਹਨ ਸਿੰਘ ਦੀ ਕਲਗੀ ਦੇ ਦੋ ਅਹਿਮ ਗੁਣ, ਹੁਣ ਗੌਣ ਹੋ ਗਏ ਹਨ; ਬਲਕਿ ਹੁਣ ਤਾਂ ਇਹ ਸਵਾਲਾਂ ਦੀ ਸ਼ਕਲ ਅਖਤਿਆਰ ਕਰ ਗਏ ਹਨ। ਪਹਿਲਾ ਸਵਾਲ ਇਹ ਕਿ ਉਨ੍ਹਾਂ ਸਿੱਖ ਪ੍ਰਧਾਨ ਮੰਤਰੀ ਵਜੋਂ ਸਿੱਖਾਂ ਲਈ ਕੀ ਕੀਤਾ? ਦੂਜਾ, ਉਨ੍ਹਾਂ ਦੀ ਇਮਾਨਦਾਰੀ ਦਾ ਸਭ ਤੋਂ ਵੱਧ ਫਾਇਦਾ ਆਵਾਮ ਨੂੰ ਹੋਇਆ ਜਾਂ ਭ੍ਰਿਸ਼ਟ ਲੋਕਾਂ ਨੂੰ? ਅਸਲ ਵਿਚ ਮਸਲਾ ਤਾਂ ਸਿਆਸਤ ਦੇ ਪਿੜ ਵਿਚ ਵੱਢ ਮਾਰਨ ਦਾ ਸੀ। ਜੇ ਇਸ ਖੇਤਰ ਵਿਚ ਡਾ. ਮਨਮੋਹਨ ਸਿੰਘ ਦੀ ਪੈਂਠ ਹੁੰਦੀ ਤਾਂ ਕਿਸੇ ਸ਼ਰਦ ਪਵਾਰ ਜਾਂ ਏ. ਰਾਜਾ ਦੀ ਐਨੀ ਮਜਾਲ ਨਹੀਂ ਸੀ ਕਿ ਉਹ ਮਨਮਰਜ਼ੀ ਨਾਲ ਵਿਚਰਦੇ! ਹੁਣ ਸਰਦਾਰੀ ਦੇ ਸੱਤ ਸਾਲ ਉਨ੍ਹਾਂ ਦੇ ਲੰਮੇ-ਚੌੜੇ ਬਾਇਓ-ਡਾਟਾ ਵਿਚ ਜ਼ਰੂਰ ਸ਼ਾਮਲ ਹੋ ਗਏ ਹਨ। ਇਸੇ ਤਰ੍ਹਾਂ ਅਗਾਂਹ ਵਾਲੇ ਸਾਲ ਵੀ ਹੋ ਸ਼ਾਮਲ ਜਾਣਗੇ; ਆਵਾਮ ਨੂੰ ਕੋਈ ਫ਼ਰਕ ਪਏ ਬਗੈਰ!

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਮਾਇਆ-ਮਮਤਾ-ਲਲਿਤਾ!*

ਬਾਹਰ ਨਿਕਲੀ ਚਾਰ ਦੀਵਾਰੀਆਂ 'ਚੋਂ, ਮਿੱਥਾਂ ਪਿਛਲੀਆਂ ਥੋਥੀਆਂ ਕੱਟ ਰਹੀ ਐ।
ਗੁੱਤ ਪਿਛੇ ਨਾ ਰਹੀ ਹੁਣ ਮੱਤ ਉਸ ਦੀ, ਦੌੜ ਸਮੇਂ ਦੇ ਨਾਲ ਸਰਪੱਟ ਰਹੀ ਐ।
ਕਰਕੇ ਮਿਹਨਤਾਂ ਫਸਟ ਪੁਜੀਸ਼ਨਾਂ ਲੈ, ਮਰਦਊਪੁਣੇ ਦੇ ਝੰਡੇ ਉਹ ਪੱਟ ਰਹੀ ਐ।
ਤੀਵੀਂ-ਮਾਨੀ, ਨਿਤਾਣੀ ਨਾ ਰਹੀ ਅਬਲਾ, ਹਰ ਖੇਤਰ ਵਿਚ ਨਾਮਣਾ ਖੱਟ ਰਹੀ ਐ।
ਜੁੱਤੀ ਪੈਰ ਦੀ ਆਖ ਦੁਰਕਾਰਦਾ ਸੀ, ਹੈਂਕੜ ਮੁੱਕ ਗਈ ਮਰਦ-ਪ੍ਰਧਾਨਗੀ ਦੀ।
ਮਾਇਆ, ਮਮਤਾ ਤੇ ਲਲਿਤਾ ਨੇ ਮੱਲ ਗੱਦੀ, ਕਰ'ਤੀ ਬੋਲਤੀ ਬੰਦ ਮਰਦਾਨਗੀ ਦੀ!

# ਵੰਨ-ਸੁਵੰਨਤਾ ਤੇ ਸਦੀਵੀ ਮਨੁੱਖੀ ਦਿਲਚਸਪੀ

**ਦਲਜੀਤ ਅਮੀ**

ਕੁਝ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਕਈ ਦਿਨਾਂ ਤੋਂ ਸਮੁੱਚੇ ਭਾਰਤ ਵਿਚ ਸਿਆਸੀ ਚਰਚਾ ਦਾ ਧੁਰਾ ਬਣੇ ਹੋਏ ਹਨ। ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਕੌਮਾਂਤਰੀ ਮੀਡੀਆ ਦੀ ਦਿਲਚਸਪੀ ਬੇਮਿਸਾਲ ਰਹੀ ਹੈ। ਅਲ-ਜ਼ਜੀਰਾ ਤੋਂ ਨਿਉ ਯਾਰਕ ਟਾਈਮਜ਼ ਤੱਕ, ਇੰਡੀਪੈਂਡੈਟ ਤੋਂ ਬੀ.ਬੀ.ਸੀ. ਤੱਕ ਅਤੇ ਰੇਡੀਓ ਪੈਸੀਫੀਕਾ ਤੋਂ ਡਾਨ ਤੱਕ ਨੇ ਪੱਛਮੀ ਬੰਗਾਲ ਨੂੰ ਬਹੁਤ ਦਿਲਚਸਪੀ ਨਾਲ ਵਾਚਿਆ। ਇਸ ਸੂਬੇ ਵਿਚ 34 ਸਾਲਾਂ ਤੋਂ ਸੱਤ ਵਾਰ ਚੋਣਾਂ ਜਿੱਤ ਕੇ ਖੱਬੇ-ਪੱਖੀ ਸਰਕਾਰ ਚਲੀ ਆ ਰਹੀ ਸੀ। ਚੋਣਾਂ ਜਿੱਤ ਕੇ ਏਨੀ ਲੰਮੀ ਦੇਰ ਤੱਕ ਖੱਬੇ-ਪੱਖੀ ਸਰਕਾਰ ਚਲਾਉਣ ਦੀ ਹੋਰ ਕੋਈ ਮਿਸਾਲ ਦੁਨੀਆਂ ਵਿਚ ਨਹੀਂ ਹੈ। ਇਸ ਆਲਮੀ ਦਿਲਚਸਪੀ ਦੀ ਅਹਿਮ ਤੰਦ ਖੱਬੇ-ਪੱਖੀ ਵਿਚਾਰਧਾਰਾ ਅਤੇ ਖ਼ਾਸ ਕਰ ਮਾਰਕਸਵਾਦ ਦੀ ਅਹਿਮੀਅਤ ਨਾਲ ਜੁੜੀ ਹੋਈ ਸੀ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਮਾਰਕਸਵਾਦ ਨੂੰ ਅਕਾਦਮਿਕ ਅਹਿਮੀਅਤ ਤੱਕ ਮਹਿਦੂਦ ਕਰਨ ਦਾ ਦਾਅਵਾ ਆਲਮੀ ਮੰਦੀ ਦੇ ਦੌਰ ਵਿਚ ਸਵਾਲਾਂ ਹੇਠ ਆਇਆ ਹੋਇਆ ਹੈ। ਯੂਰਪ ਤੋਂ ਉਤਰ ਅਮਰੀਕਾ ਤੱਕ ਛਾਂਟੀਆਂ, ਬੇਰੁਜ਼ਗਾਰੀ ਅਤੇ ਮਹਿੰਗਾਈ ਦੀ ਮਾਰ ਮਾਰਕਸਵਾਦ ਵਿਚ ਦਿਲਚਸਪੀ ਦਾ ਸਬੱਬ ਬਣੀ ਹੋਈ ਹੈ। ਇਸ ਪੱਖੋਂ ਪੱਛਮੀ ਬੰਗਾਲ ਵਿਚ ਖੱਬੇ-ਪੱਖੀਆਂ ਦੀ ਹਾਰ ਬਿਨਾਂ ਸ਼ੱਕ ਆਲਮੀ ਦਿਲਚਸਪੀ ਨੂੰ ਟੁੰਬਣ ਵਾਲੀ ਘਟਨਾ ਹੈ। ਆਲਮੀ ਮੰਦੀ ਦੇ ਨਾਂ ਹੇਠ ਲੋਕ-ਕਲਿਆਣ ਯੋਜਨਾਵਾਂ ਵਿਚ ਕਟੌਤੀਆਂ ਦੀ ਵਕਾਲਤ ਕਰਨ ਵਾਲਿਆਂ ਨੂੰ ਆਪਣੇ 'ਅੰਤਿਮ ਸੱਚ' ਦੇ ਐਲਾਨ ਦੀ ਤਸਦੀਕ ਇਨ੍ਹਾਂ ਚੋਣ ਨਤੀਜਿਆਂ ਵਿਚੋਂ ਹੁੰਦੀ ਜਾਪਦੀ ਹੈ।

ਭਾਰਤ ਦੇ ਤਕਰੀਬਨ ਸਾਰੇ ਮੀਡੀਆ ਨੇ 'ਲਾਲ ਕਿਲ੍ਹਾ ਢਹਿ ਢੇਰੀ ਹੋਣ' ਦਾ ਐਲਾਨ ਕੀਤਾ ਹੈ। ਚੋਣਾਂ ਨੂੰ ਜਮਹੂਰੀਅਤ ਦੀ ਸਭ ਤੋਂ ਅਹਿਮ ਸਰਗਰਮੀ ਵਜੋਂ ਪੇਸ਼ ਕਰਨ ਵਾਲੇ ਮੁਲਕ ਵਿਚ ਇਹ 'ਮੱਧਕਾਲੀ ਬੋਲੀ' ਕਿੱਥੋਂ ਆ ਗਈ? ਸਹੁੰ ਚੁੱਕਣ ਵਾਲੇ ਸਮਾਗਮ ਨੂੰ 'ਤਾਜਪੋਸ਼ੀ' ਅਤੇ ਸਿਆਸਤਦਾਨਾਂ ਦੀ ਨਵੀਂ ਪੀੜ੍ਹੀ ਨੂੰ 'ਯੁਵਰਾਜ' ਕਰਾਰ ਦੇਣ ਵਾਲਿਆਂ ਨੂੰ ਇਹ ਸਵਾਲ ਕੌਣ ਪੁੱਛ ਸਕਦਾ ਹੈ? ਤ੍ਰਿਣਮੂਲ ਅਤੇ ਕਾਂਗਰਸ ਵੱਲੋਂ ਚੋਣਾਂ ਜਿੱਤਣ ਤੋਂ ਬਾਅਦ ਜੇਤੂ ਬਿਆਨ ਦੇਣ ਦੀ ਅਹਿਮੀਅਤ ਸਮਝ ਆਉਂਦੀ ਹੈ। ਇਨ੍ਹਾਂ ਨੇ ਪੱਛਮੀ ਬੰਗਾਲ ਵਿਚ 34 ਸਾਲਾਂ ਬਾਅਦ ਗ਼ੈਰ-ਖੱਬੇਪੱਖੀ ਸਰਕਾਰ ਬਣਾਉਣ ਦੇ ਹਾਲਾਤ ਪੈਦਾ ਕੀਤੇ ਹਨ। ਤੱਥਾਂ ਮੁਤਾਬਕ ਤਾਂ ਖੱਬੇ ਪੱਖੀ ਪਾਰਟੀ 'ਸੋਸ਼ਲਿਸਟ ਯੂਨਿਟੀ ਸੈਂਟਰ ਆਫ਼ ਇੰਡੀਆ' (ਐਸ.ਯੂ.ਸੀ.ਆਈ.) ਵੀ ਤ੍ਰਿਣਮੂਲ ਕਾਂਗਰਸ ਵਾਲੇ ਗੱਠਜੋੜ ਦਾ ਹਿੱਸਾ ਹੈ। ਇਹ ਪਾਰਟੀ ਕਦੇ ਵੀ ਭਾਰਤੀ ਮਾਰਕਸਵਾਦੀ ਪਾਰਟੀ (ਸੀ.ਪੀ.ਐਮ.) ਦੀ ਅਗਵਾਈ ਵਾਲੇ ਖੱਬੇ-ਪੱਖੀ ਮੋਰਚੇ ਦਾ ਹਿੱਸਾ ਨਹੀਂ ਰਹੀ ਅਤੇ ਹੁਣ ਤੱਕ ਇਸ ਦੇ ਖ਼ਿਲਾਫ਼ ਚੋਣਾਂ ਲੜਦੀ ਆਈ ਹੈ। ਪੱਛਮੀ ਬੰਗਾਲ ਦੀ ਖੱਬੇ ਪੱਖੀ ਸਰਕਾਰ ਵਿਰੋਧੀ ਨੰਦੀਗਰਾਮ, ਸਿੰਗੂਰ ਅਤੇ ਲਾਲਗੜ੍ਹ ਦੀਆਂ ਮੁਹਿੰਮਾਂ ਵਿਚ ਮਾਓਵਾਦੀਆਂ ਦੀ ਸਰਗਰਮ ਭੂਮਿਕਾ ਰਹੀ ਹੈ। ਕੁਝ ਮਾਹਿਰ ਤਾਂ ਇਸ ਭੂਮਿਕਾ ਨੂੰ ਫ਼ੈਸਲਾਕੁਨ ਮੰਨਦੇ ਹਨ। ਇਹ ਦਲੀਲ ਲਗਾਤਾਰ ਪੇਸ਼ ਕੀਤੀ ਜਾ ਰਹੀ ਹੈ ਕਿ ਮਾਰਕਸਵਾਦੀ ਪਾਰਟੀ ਦੇ ਹਥਿਆਰਬੰਦ ਦਸਤੇ 'ਹਰਮਦ ਵਾਹਿਨੀ' ਦਾ ਗ਼ਲਬਾ ਤੋੜਨ ਵਿਚ ਮਾਓਵਾਦੀਆਂ ਦੀ ਸਰਗਰਮੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਵਾਲ ਇਹ ਹੈ ਕਿ ਕੀ ਐਸ.ਯੂ.ਸੀ.ਆਈ. ਅਤੇ ਮਾਓਵਾਦੀਆਂ ਨੂੰ ਗ਼ੈਰ-ਖੱਬੇਪੱਖੀ ਮੰਨਿਆ ਜਾ ਸਕਦਾ ਹੈ?

ਟੈਲੀਵਿਜ਼ਨ ਚੈਨਲਾਂ ਉਤੇ ਭਾਜਪਾ ਦੇ ਬੁਲਾਰੇ ਇਸ ਜਿੱਤ ਦੇ ਦਮਗਜੇ ਵਜਾਉਣ ਵਿਚ ਕਾਂਗਰਸ ਅਤੇ ਤ੍ਰਿਣਮੂਲ ਨਾਲ ਸੁਰ ਮਿਲਾ ਰਹੇ ਸਨ। ਮੀਡੀਆ ਨੇ ਭਾਜਪਾ ਨੂੰ ਜੇਤੂਆਂ ਦੇ ਬਰਾਬਰ ਥਾਂ ਦਿੱਤੀ। ਪੰਜ ਸੂਬਿਆਂ ਦੀਆਂ ਚੋਣਾਂ ਵਿਚ 824 ਵਿਧਾਨ ਸਭਾ ਹਲਕੇ ਸਨ। ਭਾਜਪਾ ਦੇ ਚਾਰ ਵਿਧਾਇਕ ਜਿੱਤੇ ਹਨ। ਹਾਰਨ ਵਾਲੇ ਖੱਬੇ ਮੋਰਚੇ ਦੇ ਪੱਛਮੀ ਬੰਗਾਲ ਵਿਚ 63 ਅਤੇ ਕੇਰਲ ਵਿਚ 68 ਵਿਧਾਇਕ ਜਿੱਤੇ ਹਨ। ਕੇਰਲ ਵਿਚ ਸਮੁੱਚੇ ਸੂਬੇ ਦੇ ਦੋਵਾਂ ਮੋਰਚਿਆਂ ਦੀਆਂ ਵੋਟਾਂ ਦਾ ਕੁਲ ਫ਼ਰਕ 1.55 ਲੱਖ ਰਿਹਾ। ਖੱਬੇ ਮੋਰਚੇ ਨੂੰ 45 ਫ਼ੀਸਦੀ ਵੋਟਾਂ ਪਈਆਂ ਜਿਸ ਦਾ ਜੇਤੂ ਜਮਹੂਰੀ ਮੋਰਚੇ ਨਾਲੋਂ ਫਰਕ ਇਕ ਫ਼ੀਸਦੀ ਤੋਂ ਵੀ ਘੱਟ ਹੈ।

ਪੱਛਮੀ ਬੰਗਾਲ ਵਿਚ ਖੱਬੇ-ਪੱਖੀ ਗੱਠਜੋੜ ਨੂੰ 45 ਫ਼ੀਸਦੀ ਵੋਟਾਂ ਪਈਆਂ। ਇਹ ਗਿਣਤੀ 2009 ਦੀਆਂ ਲੋਕ ਸਭਾ ਚੋਣਾਂ ਤੋਂ 11 ਲੱਖ ਜ਼ਿਆਦਾ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਖੱਬੇ-ਪੱਖੀਆਂ ਨੂੰ ਪੱਛਮੀ ਬੰਗਾਲ ਵਿਚ ਤਕਰੀਬਨ 1.98 ਕਰੋੜ ਵੋਟਾਂ ਨਾਲ 294 ਵਿਚੋਂ 235 ਸੀਟਾਂ ਮਿਲੀਆਂ ਸਨ ਪਰ ਇਸ ਵਾਰ 1.96 ਕਰੋੜ ਵੋਟਾਂ ਨਾਲ 61 ਸੀਟਾਂ ਮਿਲੀਆਂ ਹਨ। ਖੱਬੇ-ਪੱਖੀ ਗੱਠਜੋੜ ਨੂੰ ਇਨ੍ਹਾਂ ਸੂਬਿਆਂ ਵਿਚ ਪਈਆਂ ਵੋਟਾਂ ਦੂਜੇ ਸੂਬਿਆਂ ਵਿਚ ਜੇਤੂ ਰਹਿਣ ਵਾਲੀਆਂ ਪਾਰਟੀਆਂ ਦੇ ਮੁਕਾਬਲੇ ਜ਼ਿਆਦਾ ਹਨ। ਬਿਹਾਰ ਵਿਚ ਨਿਤੀਸ਼ ਕੁਮਾਰ ਨੂੰ ਏਨੀਆਂ ਵੋਟਾਂ ਨਹੀਂ ਪਈਆਂ। ਸਵਾਲ ਕੀਤਾ ਜਾ ਸਕਦਾ ਹੈ ਕਿ ਚੋਣ ਅਤੇ ਸੰਵਿਧਾਨ ਨੂੰ ਜਮਹੂਰੀਅਤ ਦਾ ਸਭ ਤੋਂ ਵੱਡਾ ਪ੍ਰਗਟਾਵਾ ਮੰਨਣ ਵਾਲੇ ਇਨ੍ਹਾਂ ਅੰਕੜਿਆਂ ਨੂੰ ਨਜ਼ਰਅੰਦਾਜ਼ ਕਿਉਂ ਕਰ ਰਹੇ ਹਨ?

ਇਨ੍ਹਾਂ ਤੱਥਾਂ ਦੇ ਹਵਾਲੇ ਨਾਲ ਭਾਜਪਾ ਦੀ ਜੇਤੂ ਸੁਰ ਕੁਝ ਸਮਝ ਵਿਚ ਆਉਂਦੀ ਹੈ। ਪਿਛਲੇ ਕਈ ਸਾਲਾਂ ਤੋਂ ਭਾਰਤੀ ਸਿਆਸਤ ਦੀ ਮੁੱਖ ਧਾਰਾ ਲਗਾਤਾਰ ਸੱਜੇ ਪਾਸੇ ਵੱਲ ਖਿਸਕ ਰਹੀ ਹੈ। ਜੇ ਭਾਜਪਾ ਦੇ ਫਿਰਕੂ ਪੈਂਤੜੇ ਤੋਂ ਬਿਨਾਂ ਬਾਕੀ ਮਸਲਿਆਂ ਉਤੇ ਨਜ਼ਰਸਾਨੀ ਕੀਤੀ ਜਾਵੇ ਤਾਂ ਇਸ ਦਾ ਕਾਂਗਰਸ ਨਾਲੋਂ ਜ਼ਿਆਦਾ ਫ਼ਰਕ ਨਹੀਂ ਹੈ। ਦੋਵਾਂ ਧਿਰਾਂ ਵਿਚਕਾਰ ਅਮਰੀਕਾ ਪੱਖੀ ਵਿਦੇਸ਼ ਨੀਤੀ, ਖੁੱਲ੍ਹੀ ਮੰਡੀ ਵਾਲੇ ਅਰਥਚਾਰੇ, ਇਸਰਾਈਲੀ ਤਰਜ਼ ਦੇ ਖ਼ੁਫ਼ੀਆ ਤੰਤਰ ਅਤੇ ਮੁਨਾਫ਼ਾ-ਮੁਖੀ ਸਮਝ ਬਾਬਤ ਕੋਈ ਇਤਫ਼ਰਕਾ ਨਹੀਂ ਹੈ। ਪੱਛਮੀ ਬੰਗਾਲ ਵਿਚ ਜੇਤੂ ਗੱਠਜੋੜ ਦਾ ਫੌਰੀ ਖ਼ਾਸਾ ਭਾਵੇਂ 'ਕੇਂਦਰ ਤੋਂ ਖੱਬੇ ਵੱਲ' ਜਾਪਦਾ ਹੈ ਪਰ ਇਸ ਦਾ ਚਿਰਕਾਲੀ ਪੈਂਤੜਾ ਸੱਜੇ ਪੱਖੀ ਸਾਬਤ ਹੋ ਸਕਦਾ ਹੈ। ਸਨਅਤੀਕਰਨ ਦਾ ਵਿਰੋਧ ਕਰਕੇ ਸਿਆਸਤ ਕਰਨ ਵਾਲੀ ਮਮਤਾ ਬੈਨਰਜੀ ਚੋਣ ਮਨੋਰਥ ਪੱਤਰ ਵਿਚ ਕੀਤੇ ਵਾਅਦਿਆਂ ਨੂੰ ਇਨ੍ਹਾਂ ਲੀਹਾਂ ਉਤੇ ਤਾਂ ਪੂਰਾ ਨਹੀਂ ਕਰ ਸਕਦੀ। ਇਸ ਹਾਲਤ ਵਿਚ ਭਾਜਪਾ ਦੇ ਵਿਧਾਇਕਾਂ ਦੀ ਗਿਣਤੀ ਭਾਵੇਂ ਕਿੰਨੀ ਵੀ ਘੱਟ ਹੈ ਪਰ ਉਸ ਦਾ ਖ਼ੁਸ਼ ਹੋਣ ਸੁਭਾਵਿਕ ਹੈ।

ਕਾਂਗਰਸ ਦੇ ਅੰਦਰ ਵੀ ਮੌਜੂਦਾ ਚੋਣਾਂ ਨੂੰ ਡਾ. ਮਨਮੋਹਨ ਸਿੰਘ, ਮੌਂਟੇਕ ਸਿੰਘ ਆਹਲੂਵਾਲੀਆ ਅਤੇ ਕਪਿਲ ਸਿੱਬਲ ਵਾਲੇ ਧੜੇ ਦੀ ਜਿੱਤ ਮੰਨਿਆ ਜਾ ਰਿਹਾ ਹੈ। ਇਸ ਨਾਲ ਸੋਨੀਆ ਗਾਂਧੀ, ਜੈ ਰਾਮ ਰਮੇਸ਼ ਅਤੇ ਮਣੀ ਸ਼ੰਕਰ ਅਈਅਰ ਵਾਲਾ ਧੜਾ ਕੁਝ ਕਮਜ਼ੋਰ ਹੋਇਆ ਜਾਪਦਾ ਹੈ। ਇਹ ਹਾਲਾਤ ਕਾਂਗਰਸ ਅਤੇ ਖੱਬੇ-ਪੱਖੀ ਗੱਠਜੋੜ ਦੇ ਦੁਵੱਲੇ ਰਿਸ਼ਤਿਆਂ ਵਿਚ ਆਏ ਫ਼ੈਸਲਾਕੁਨ ਮੋੜ ਦੀ ਦੱਸ ਪਾਉਂਦੇ ਹਨ। ਹੁਣ ਤੱਕ ਖੱਬੇ-ਪੱਖੀਆਂ ਨੂੰ ਜਮਹੂਰੀਅਤ ਲਈ ਅਹਿਮ ਤੱਤ ਮੰਨਦੀ ਆਈ ਕਾਂਗਰਸ ਦੇ ਖ਼ਾਸੇ ਵਿਚ ਆ ਰਹੀ ਇਹ ਤਬਦੀਲੀ ਦੋ ਦਹਾਕਿਆਂ ਵਿਚ ਆਪਣੇ ਸਿਖ਼ਰ ਉਤੇ ਪਹੁੰਚੀ ਹੈ। ਇਨ੍ਹਾਂ ਦੋ ਦਹਾਕਿਆਂ ਵਿਚ ਹੀ ਸਾਡੇ ਮੁਲਕ ਵਿਚ ਸਮਾਜਿਕ ਨਾਬਰਾਬਰੀ, ਥੁੜਾਂ, ਭੁੱਖਮਰੀ, ਅੰਨ ਭੰਡਾਰ ਅਤੇ ਅਮੀਰਾਂ ਦੀ ਗਿਣਤੀ ਵਧੀ ਹੈ। ਸਿੱਖਿਆ, ਸਿਹਤ ਅਤੇ ਖ਼ੁਰਾਕ ਬਾਬਤ ਨਵੇਂ ਕਾਨੂੰਨ ਬਣੇ ਹਨ ਪਰ ਉਨ੍ਹਾਂ ਨੂੰ ਲਾਗੂ ਕਰਨ ਲਈ ਟੇਕ ਜਨਤਕ ਤੇ ਨਿੱਜੀ ਖੇਤਰ ਦੀ ਹਿੱਸੇਦਾਰੀ ਉਤੇ ਰੱਖੀ ਜਾ ਰਹੀ ਹੈ।

ਸਿਆਸੀ ਦੋਚਿੱਤੀ ਦੇ ਬਾਵਜੂਦ ਇਨ੍ਹਾਂ ਨੀਤੀਆਂ ਦੀ ਬਾਦਲੀਲ ਨੁਕਤਾਚੀਨੀ ਖੱਬੇ-ਪੱਖੀ ਧਿਰ ਨੇ ਹੀ ਕੀਤੀ ਹੈ। ਇਸ ਵੇਲੇ ਵਿਧਾਨ ਸਭਾਵਾਂ, ਲੋਕ ਸਭਾ ਅਤੇ ਰਾਜ ਸਭਾ ਵਿਚ ਲੋਕਾਂ ਦੇ ਨੁਮਾਇੰਦਿਆਂ ਦਾ ਵਿਹਾਰ ਸਵਾਲਾਂ ਦੇ ਘੇਰੇ ਵਿਚ ਹੈ। ਬਹਿਸ ਦਾ ਪੱਧਰ ਲਗਾਤਾਰ ਨੀਵਾਂ ਹੁੰਦਾ ਜਾ ਰਿਹਾ ਹੈ ਅਤੇ ਬਹੁਤ ਸਾਰੇ ਕਾਨੂੰਨ ਬਿਨਾਂ ਬਹਿਸ ਤੋਂ ਪਾਸ ਹੋ ਜਾਂਦੇ ਹਨ। ਪਿਛਲੀ ਲੋਕ ਸਭਾ ਦੇ ਅੰਕੜਿਆਂ ਮੁਤਾਬਕ ਹਾਜ਼ਰੀਆਂ, ਸਵਾਲਾਂ ਅਤੇ ਬਹਿਸ ਵਿਚ ਹਿੱਸਾ ਲੈਣ ਪੱਖੋਂ ਖੱਬੇ-ਪੱਖੀਆਂ ਦੀ ਕਾਰਗੁਜ਼ਾਰੀ ਸਭ ਤੋਂ ਚੰਗੀ ਰਹੀ ਹੈ। ਮੌਜੂਦਾ ਦੌਰ ਵਿਚ ਇਹ ਦਲੀਲ ਵਾਰ-ਵਾਰ ਦਿੱਤੀ ਜਾ ਰਹੀ ਹੈ ਕਿ ਖੁੱਲ੍ਹੀ ਮੰਡੀ ਦੇ ਮੁਕਾਬਲੇ ਨੇ ਸਭ ਕੁਝ ਤੈਅ ਕਰਨਾ ਹੈ। ਜੋ ਸਰਕਾਰ ਇਸ ਦਲੀਲ ਦੀ ਵਕਾਲਤ ਕਰਦੀ ਹੋਵੇ, ਉਸ ਨੂੰ ਸੰਜੀਦਾ ਬਹਿਸ ਦੀ ਕੀ ਜ਼ਰੂਰਤ ਹੈ? 'ਇਮਾਨਦਾਰ' ਅਕਸ ਨਾਲ ਹੀ ਜਮਹੂਰੀਅਤ ਚੱਲ ਸਕਦੀ ਹੈ। ਇਸ ਦਲੀਲ ਤੋਂ ਜਾਪਦਾ ਹੈ ਕਿ ਸਮੁੱਚੇ ਸਮਾਜ ਨੂੰ ਮਸ਼ੀਨ ਮੰਨ ਲਿਆ ਗਿਆ ਹੈ ਜੋ ਖੁੱਲ੍ਹੀ ਮੰਡੀ ਦੇ ਮੁਕਾਬਲੇ ਨਾਲ ਚੱਲਦੀ ਰਹੇਗੀ। ਇਹ ਮੁਕਾਬਲਾ ਕਾਇਮ ਰੱਖਣ ਲਈ 'ਅਤਿਵਾਦ ਖ਼ਿਲਾਫ਼ ਜੰਗ' ਦੇ ਨਾਂ ਹੇਠ ਹਥਿਆਰਾਂ ਦੀ ਨੁਮਾਇਸ਼ ਅਮੀਰ ਸੱਭਿਅਤਾ ਵਾਲੇ ਮੁਲਕਾਂ ਦੇ ਪਿੰਡਿਆਂ ਉਤੇ ਕੀਤੀ ਜਾ ਸਕਦੀ ਹੈ। ਸਾਥੀ ਮੁਲਕਾਂ ਦੀ ਪ੍ਰਭੂਸੱਤਾ ਦੀ ਕਦਰ ਕਰਨ ਦੀ ਵੀ ਲੋੜ ਨਹੀਂ।

ਜੇ ਸਮਾਜ ਨੂੰ ਜਿਉਂਦੀ ਜਾਗਦੀ ਵੰਨ-ਸੁਵੰਨਤਾ ਭਰਪੂਰ ਜੈਵਿਕ ਸ਼ੈਅ ਮੰਨਿਆ ਜਾਵੇ ਤਾਂ ਖੁੱਲ੍ਹੀ ਮੰਡੀ ਦਾ ਇਹ 'ਅੰਤਿਮ ਸੱਚ' ਕਿੰਨਾ ਕੁ ਮਨੁੱਖੀ ਅਤੇ ਭਵਿੱਖਮੁਖੀ ਨਜ਼ਰ ਆਉਂਦਾ ਹੈ? ਇਨ੍ਹਾਂ ਚੋਣ ਨਤੀਜਿਆਂ ਤੋਂ ਬਾਅਦ ਭ੍ਰਿਸ਼ਟਾਚਾਰ ਦੀ ਚਰਚਾ ਮੀਡੀਆ ਵਿਚੋਂ ਗ਼ੈਰਹਾਜ਼ਰ ਹੋ ਗਈ ਹੈ। ਮੌਜੂਦਾ ਕੇਂਦਰ ਸਰਕਾਰ ਉਤੇ ਲੱਗੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਭਾਰਤੀ ਇਤਿਹਾਸ ਵਿਚ ਬੇਮਿਸਾਲ ਹਨ। ਇਸੇ ਤਰ੍ਹਾਂ ਖੱਬੇ-ਪੱਖੀਆਂ ਵਿਚਲੇ ਵਿਚਾਰਧਾਰਕ ਅਤੇ ਪੈਂਤੜੇਬਾਜ਼ੀ ਦੇ ਇਤਫ਼ਰਕੇ ਬੇਮਾਅਨੇ ਕਰ ਦਿੱਤੇ ਗਏ ਹਨ। ਮੌਜੂਦਾ ਰਾਜ-ਪ੍ਰਬੰਧ ਦੇ ਬਹੁ-ਪੱਖੀ ਤੋਂ ਦੋ-ਪੱਖੀ ਹੋਣ ਦਾ ਰੁਝਾਨ ਉਨ੍ਹਾਂ ਧਿਰਾਂ ਨੂੰ ਸਮਝ ਆਉਂਦਾ ਹੋਵੇਗਾ ਜੋ ਸਰਬ-ਸ਼ਕਤੀਮਾਨ ਕੇਂਦਰ ਦੇ ਖ਼ਿਲਾਫ਼ ਰਹੀਆਂ ਹਨ। ਜਿਸ ਤਰ੍ਹਾਂ ਨਜ਼ਰਅੰਦਾਜ਼ ਕਰਨ ਨਾਲ ਭ੍ਰਿਸ਼ਟਾਚਾਰ ਖ਼ਤਮ ਨਹੀਂ ਹੋ ਗਿਆ ਉਸੇ ਤਰ੍ਹਾਂ 'ਲਾਲ ਕਿਲ੍ਹਾ ਢਹਿ ਢੇਰੀ ਹੋਣ' ਨਾਲ 'ਖੁੱਲ੍ਹੀ ਮੰਡੀ' ਦੇ ਆਪਹੁਦਰੇਪਣ ਦੀ ਮਾਰ ਘੱਟ ਨਹੀਂ ਹੋਈ। ਪੱਛਮੀ ਬੰਗਾਲ ਦਾ ਚੋਣ ਅਖਾੜਾ ਭਾਰਤੀ ਚੋਣ ਜਮਹੂਰੀਅਤ ਦਾ ਨਵਾਂ ਅਧਿਆਏ ਹੈ ਜਿਸ ਨੇ ਬਹੁਤ ਸਾਰੇ ਸਵਾਲ ਖੜ੍ਹੇ ਕੀਤੇ ਹਨ। ਇਨ੍ਹਾਂ ਸਾਰੇ ਸਵਾਲਾਂ ਨੂੰ ਮੁਕਾਮੀ ਤੱਤਾਂ ਤੋਂ ਨਿਖੇੜ ਕੇ ਮਹਿਜ਼ ਵਿਚਾਰਧਾਰਕ ਚੌਖਟੇ ਵਿਚ ਪਰਖਣ ਦੀ ਮਸ਼ਕ ਕਿੰਨੀ ਕੁ ਸਾਰਥਕ ਹੋਵੇਗੀ, ਇਨ੍ਹਾਂ ਸਵਾਲਾਂ ਦੀ ਅਹਿਮੀਅਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮੌਜੂਦਾ ਦੌਰ ਨੂੰ ਬਹੁਤ ਸਾਰੇ ਮੁਲਕ ਅਤੇ ਵਿਦਵਾਨ ਵੰਨ-ਸੁਵੰਨਤਾ ਦੀ ਪ੍ਰਵਾਨਗੀ ਦਾ ਸਮਾਂ ਮੰਨਦੇ ਹਨ। ਇਸ ਵੇਲੇ ਪੱਛਮੀ ਬੰਗਾਲ ਦੇ ਚੋਣ ਨਤੀਜਿਆਂ ਦੇ ਹਵਾਲੇ ਨਾਲ 'ਅੰਤਿਮ ਸੱਚ' ਅਤੇ 'ਵਿਚਾਰਧਾਰਾ ਦੇ ਅੰਤ' ਦਾ ਐਲਾਨ ਕਰਨ ਵਾਲਿਆਂ ਦੀ ਵੰਨ-ਸੁਵੰਨਤਾ ਜੱਗ-ਜ਼ਾਹਿਰ ਹੈ। ਕੀ ਦੂਜੀ ਧਿਰ ਵਿਚ ਵੀ ਕੋਈ ਵੰਨ-ਸੁਵੰਨਤਾ ਹੈ? ਜੇ ਹੈ ਤਾਂ ਪੰਜ ਸਾਲ ਮਗਰੋਂ ਪੱਛਮੀ ਬੰਗਾਲ ਵਿਚ ਚੋਣਾਂ ਭਾਵੇਂ 'ਖੱਬੇ ਪੱਖੀ ਗੱਠਜੋੜ' ਹੀ ਜਿੱਤ ਜਾਵੇ ਪਰ ਇਨ੍ਹਾਂ ਸਵਾਲਾਂ ਦੇ 'ਅੰਤਿਮ' ਨਹੀਂ ਸਗੋਂ ਬਿਹਤਰ ਜਵਾਬਾਂ ਦੀ ਭਾਲ ਮਨੁੱਖ ਦੀ ਸਦੀਵੀ ਦਿਲਚਸਪੀ ਦਾ ਵਿਸ਼ਾ ਬਣਦੀ ਹੈ।

## ਬਗਦਾਦ ਦੇ ਗੁਰਦੁਆਰੇ ਦਾ ਜਾਇਜ਼ਾ ਲੈਣ ਲਈ ਵਫ਼ਦ ਨੂੰ ਸੱਦਾ

**ਅੰਮ੍ਰਿਤਸਰ (ਬਿਊਰੋ):** ਸਿੱਖ ਜਥੇਬੰਦੀ ਇੰਟਰਨੈਸ਼ਨਲ ਸਿੱਖ ਕੌਂਸਲ ਦੇ ਚੇਅਰਮੈਨ ਮੁਖਤਿਆਰ ਸਿੰਘ ਆਸਲ ਨੂੰ ਇਰਾਕ ਦੇ ਸਫਾਰਤਖਾਨੇ ਵੱਲੋਂ ਬਗਦਾਦ ਸ਼ਹਿਰ ਵਿਚਲੇ ਸ੍ਰੀ ਗੁਰੂ ਨਾਨਕ ਦੇਵ ਨਾਲ ਸਬੰਧਤ ਗੁਰਦੁਆਰੇ ਦੀ ਹਾਲਤ ਦਾ ਜਾਇਜ਼ਾ ਲੈਣ ਲਈ ਸੱਦਿਆ ਗਿਆ ਹੈ। ਸਿੱਖ ਵਫਦ ਦੇ ਰੂਪ 'ਚ ਬਗਦਾਦ ਲਈ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਆਏ ਸ. ਆਸਲ ਨੇ ਦੱਸਿਆ ਕਿ ਅਮਰੀਕੀ ਫੌਜਾਂ ਵੱਲੋਂ ਕੀਤੇ ਗਏ ਹਮਲੇ ਸਮੇਂ ਇਸ ਇਤਿਹਾਸਕ ਗੁਰਦੁਆਰੇ ਦੀ ਇਮਾਰਤ ਨੂੰ ਨੁਕਸਾਨ ਪੁੱਜਾ ਸੀ। ਨੁਕਸਾਨੀ ਗਈ ਇਮਾਰਤ ਦੀ ਮੁਰੰਮਤ ਕਰਵਾਉਣ ਤੋਂ ਪਹਿਲਾਂ ਇਰਾਕ ਦੇ ਸਫਾਰਤਖਾਨੇ ਨੇ ਸੱਦਾ ਭੇਜ ਕੇ ਇਸ ਇਮਾਰਤ ਦੀ ਹਾਲਤ ਦਾ ਜਾਇਜ਼ਾ ਲੈਣ ਲਈ ਕਿਹਾ ਹੈ ਤਾਂ ਜੋ ਉਸ ਮੁਤਾਬਕ ਹੀ ਬਾਅਦ ਵਿਚ ਮੁਰੰਮਤ ਦਾ ਕੰਮ ਕਰਵਾਇਆ ਜਾ ਸਕੇ।

ਇਤਿਹਾਸ ਅਨੁਸਾਰ ਮੱਕਾ-ਮਦੀਨਾ ਤੋਂ ਪਰਤਦਿਆਂ ਗੁਰੂ ਨਾਨਕ ਦੇਵ ਬਗਦਾਦ ਠਹਿਰੇ ਸਨ ਤੇ ਇਕ ਪੀਰ ਬਾਕੋਲ ਨੂੰ ਮਿਲੇ ਸਨ। ਪੀਰ ਦੇ ਇਕ ਮੁਰੀਦ ਮੁਹੰਮਦ ਪਾਸ਼ਾ ਵੱਲੋਂ ਹੀ ਇਸ ਗੁਰਦੁਆਰੇ ਦੀ ਹੋਂਦ ਨੂੰ ਜਗ ਜ਼ਾਹਿਰ ਕੀਤਾ ਗਿਆ ਸੀ। ਇਰਾਕ ਦੇ ਸਵਰਗੀ ਸਦਰ ਸੱਦਾਮ ਹੁਸੈਨ ਨਾਲ 1990 'ਚ ਮੁਲਾਕਾਤ ਕਰ ਚੁੱਕੇ ਸ. ਆਸਲ ਨੇ ਦੱਸਿਆ ਕਿ ਸੱਦਾਮ ਵੀ ਸਿੱਖ ਧਰਮ ਦੇ ਫਲਸਫੇ ਤੋਂ ਪ੍ਰਭਾਵਿਤ ਸੀ। ਉਸ ਵੇਲੇ ਉਨ੍ਹਾਂ ਬਗਦਾਦ ਦੇ ਗੁਰਦੁਆਰੇ ਨੂੰ ਖੋਲ੍ਹਣ ਦੀ ਅਪੀਲ ਨੂੰ ਝੱਟ ਮੰਨ ਲਿਆ ਸੀ। ਸ. ਆਸਲ ਨੇ ਇਸ ਬਾਰੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਵੀ ਜਾਣੂ ਕਰਵਾਇਆ ਸੀ।

# ਅਰਬ ਦੇਸ਼ਾਂ ਲਈ ਮ੍ਰਿਗਤ੍ਰਿਸ਼ਨਾ ਬਣ ਗਈ ਹੈ ਜਮਹੂਰੀਅਤ

**ਨਰਦੇਵ ਸਿੰਘ**

ਅਰਬ ਮੁਲਕਾਂ ਦੀਆਂ ਤਾਨਾਸ਼ਾਹ ਹਕੂਮਤਾਂ ਨੂੰ ਅੱਜ-ਕੱਲ੍ਹ ਜ਼ਬਰਦਸਤ ਬਗਾਵਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਿਊਨੀਸ਼ੀਆ ਤੋਂ ਸ਼ੁਰੂ ਹੋਇਆ ਬਗਾਵਤਾਂ ਦਾ ਸਿਲਸਿਲਾ, ਮਿਸਰ ਹੁੰਦਾ ਹੋਇਆ ਪੂਰੇ ਅਰਬ ਜਗਤ ਅੰਦਰ ਫੈਲ ਚੁੱਕਿਆ ਹੈ। ਅੱਜ-ਕੱਲ੍ਹ ਲਿਬੀਆ ਇਸ ਦਾ ਕੇਂਦਰ ਬਣਿਆ ਹੋਇਆ ਹੈ। ਯਮਨ, ਬਹਿਰੀਨ, ਸੀਰੀਆ ਤੇ ਜਾਰਡਨ ਇਸ ਦੇ ਅਗਲੇ ਕੇਂਦਰਾਂ ਵਜੋਂ ਉਭਰ ਰਹੇ ਹਨ। ਇਨ੍ਹਾਂ ਸਾਰੇ ਮੁਲਕਾਂ ਦੇ ਲੋਕ ਟਿਊਨੀਸ਼ੀਆ ਤੇ ਮਿਸਰ ਵਾਂਗ ਹੀ, ਆਪਣੇ ਤਾਨਾਸ਼ਾਹਾਂ ਨੂੰ ਪਾਸੇ ਕਰਨ ਦੀ ਮੰਗ ਕਰ ਰਹੇ ਹਨ। ਇਹ ਤਾਨਾਸ਼ਾਹ ਜਿੱਥੇ ਲੋਕਾਂ ਨੂੰ ਉਨ੍ਹਾਂ ਦੇ ਮੁਢਲੇ ਜਮਹੂਰੀ ਹੱਕ ਦੇਣ ਤੋਂ ਇਨਕਾਰੀ ਰਹੇ ਹਨ, ਉਥੇ ਇਨ੍ਹਾਂ ਨੇ ਉਦਾਰਵਾਦੀ ਨੀਤੀਆਂ ਲਾਗੂ ਕਰਕੇ, ਲੋਕਾਂ ਨੂੰ ਬੇਰੁਜ਼ਗਾਰੀ ਤੇ ਗ਼ਰੀਬੀ ਦੀ ਭੱਠੀ ਵਿਚ ਧੱਕ ਦਿੱਤਾ ਹੈ। ਅਮਰੀਕਾ ਦੀ ਅਗਵਾਈ ਵਿਚ ਨਾਟੋ ਫੌਜਾਂ ਵੱਲੋਂ ਲਿਬੀਆ 'ਤੇ ਹਮਲਾ, ਟਿਊਨੀਸ਼ੀਆ ਤੇ ਮਿਸਰ ਦੀਆਂ ਹੋਂਦ ਵਿਚ ਆਈਆਂ ਸਰਕਾਰਾਂ ਦੇ ਚਰਿੱਤਰ, ਸਾਊਦੀ ਅਰਬ ਵੱਲੋਂ ਬਗਾਵਤ ਨੂੰ ਦਬਾਉਣ ਲਈ ਬਹਿਰੀਨ ਵਿਚ ਕੀਤੇ ਫੌਜੀ ਹਮਲੇ ਅਤੇ ਦੱਖਣੀ ਯਮਨ ਅੰਦਰ ਅਲ-ਕਾਇਦਾ ਦੀ ਚੜ੍ਹਤ ਨੇ, ਇਨ੍ਹਾਂ ਜਮਹੂਰੀਅਤ ਪੱਖੀ ਲਹਿਰਾਂ ਦੇ ਭਵਿੱਖ 'ਤੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ। ਕੀ ਬਗਾਵਤਾਂ, ਸਹੀ ਅਰਥਾਂ ਵਿਚ ਜਮਹੂਰੀਅਤ ਦੇ ਟੀਚੇ ਨੂੰ ਹਾਸਲ ਕਰ ਪਾਉਣਗੀਆਂ ਜਾਂ ਇਹ ਮਹਿਜ਼ ਸੱਤਾ ਪਰਿਵਰਤਨ ਹੀ ਹੋਣਗੇ।

ਇਸ ਸਵਾਲ ਦਾ ਜਵਾਬ ਸਿੱਧੇ ਤੌਰ 'ਤੇ ਅਰਬ ਦੇਸ਼ਾਂ ਅੰਦਰ ਅਮਰੀਕਾ ਸਮੇਤ ਬਾਕੀ ਸਾਮਰਾਜੀ ਤਾਕਤਾਂ ਦੀ ਦਖਲਅੰਦਾਜ਼ੀ ਤੇ ਇਨ੍ਹਾਂ ਦੇਸ਼ਾਂ ਦੀ ਲੀਡਰਸ਼ਿਪ ਦੇ ਚਰਿੱਤਰ ਨਾਲ ਜੁੜਿਆ ਹੋਇਆ ਹੈ। ਅਰਬ ਦੇਸ਼ਾਂ ਦੇ ਜ਼ਿਆਦਾ ਤਾਨਾਸ਼ਾਹ, ਸਿੱਧੇ ਤੌਰ 'ਤੇ ਅਮਰੀਕਾ ਦੇ ਦਲਾਲ ਹਨ ਜਦੋਂ ਕਿ ਲਿਬੀਆ, ਸੀਰੀਆ ਤੇ ਇਰਾਨ ਜਿਹੇ ਮੁਲਕ, ਜਿਹੜੇ ਅਮਰੀਕਾ ਦੇ ਪੱਕੇ ਜੋਟੀਦਾਰ ਇਸਰਾਈਲ ਨਾਲ ਵਿਰੋਧ ਰੱਖਦੇ ਹਨ, ਉਹ ਅਮਰੀਕਾ ਦੀਆਂ ਅੱਖਾਂ ਵਿਚ ਰੜਕਦੇ ਹਨ। ਅਸਲ ਵਿਚ 1970 ਦੇ ਦਹਾਕੇ ਵਿਚ ਤੇਲ ਉਤਪਾਦਕ ਮੁਲਕਾਂ ਦੀ ਜਥੇਬੰਦੀ 'ਓਪੇਕ' ਵੱਲੋਂ ਅਮਰੀਕਾ 'ਤੇ ਲਾਈਆਂ ਪਾਬੰਦੀਆਂ ਨੇ, ਅਮਰੀਕਾ ਨੂੰ ਇਨ੍ਹਾਂ ਅਰਬ ਦੇਸ਼ਾਂ ਦੀ ਅਹਿਮੀਅਤ ਦਾ ਅਹਿਸਾਸ ਕਰਵਾ ਦਿੱਤਾ ਸੀ। ਅਮਰੀਕਾ ਮੁੜ ਤੋਂ ਕਦੇ ਅਜਿਹਾ ਸੰਕਟ ਨਹੀਂ ਸੀ ਵੇਖਣਾ ਚਾਹੁੰਦਾ। ਸਿੱਟੇ ਵਜੋਂ ਅਰਬ ਮੁਲਕਾਂ ਵਿਚ ਆਪਣੀਆਂ ਕਠਪੁਤਲੀ ਸਰਕਾਰਾਂ ਕਾਇਮ ਕਰਨੀਆਂ, ਉਥੇ ਪੂੰਜੀ ਨਿਵੇਸ਼ ਕਰਕੇ ਮੋਟੇ ਮੁਨਾਫੇ ਕਮਾਉਣੇ ਤੇ ਤੇਲ ਦੀਆਂ ਵਧਦੀਆਂ ਕੀਮਤਾਂ ਨਾਲ ਮਾਲੋ-ਮਾਲ ਹੋਏ ਇਨ੍ਹਾਂ ਮੁਲਕਾਂ ਨੂੰ ਹਥਿਆਰਾਂ ਦੀ ਮੰਡੀ ਵਿਚ ਤਬਦੀਲ ਕਰਨਾ, ਅਮਰੀਕੀ ਵਿਦੇਸ਼ ਨੀਤੀ ਦਾ ਅਹਿਮ ਹਿੱਸਾ ਬਣ ਗਏ। ਸਿੱਟੇ ਵਜੋਂ ਇਕ ਪਾਸੇ ਸਾਊਦੀ ਅਰਬ, ਮਿਸਰ, ਟਿਊਨੀਸ਼ੀਆ, ਯਮਨ, ਤੇ ਬਹਿਰੀਨ ਵਿਚ ਅਮਰੀਕਾ ਪੱਖੀ ਤਾਨਾਸ਼ਾਹ ਸਾਹਮਣੇ ਆਏ, ਜਦੋਂ ਕਿ ਇਰਾਨ, ਇਰਾਕ, ਸੀਰੀਆ, ਲਿਬੀਆ ਤੇ ਲਿਬਨਾਨ ਜਿਹੇ ਮੁਲਕ ਜਿਨ੍ਹਾਂ ਨੇ ਅਮਰੀਕਾ ਦੀ ਅਧੀਨਗੀ ਪ੍ਰਵਾਨ ਨਹੀਂ ਕੀਤੀ, ਉਹ ਹਮੇਸ਼ਾ ਹੀ ਅਮਰੀਕਾ ਤੇ ਇਸਰਾਈਲ ਦੇ ਹਮਲਿਆਂ ਦਾ ਸ਼ਿਕਾਰ ਰਹੇ। ਅਮਰੀਕਾ ਦੇ, ਬਾਹਰਲੇ ਮੁਲਕਾਂ ਵਿਚ ਸਥਾਪਤ 1000 ਦੇ ਕਰੀਬ ਫੌਜੀ ਅੱਡਿਆਂ ਵਿਚੋਂ ਬਹੁਗਿਣਤੀ ਇਨ੍ਹਾਂ ਅਰਬ ਮੁਲਕਾਂ ਵਿਚ ਹਨ। 2001-08 ਦਰਮਿਆਨ ਮਿਸਰ ਨੇ 10.4 ਅਰਬ ਡਾਲਰ ਤੇ ਸਾਊਦੀ ਅਰਬ ਨੇ 34.9 ਅਰਬ ਡਾਲਰ ਦੇ ਹਥਿਆਰ ਖਰੀਦੇ। ਸਾਊਦੀ ਅਰਬ ਦੀ ਇਹ ਖਰੀਦ, ਅਮਰੀਕਾ ਤੇ ਚੀਨ ਦੋਵਾਂ ਦੀ ਕੁੱਲ ਖਰੀਦ ਤੋਂ ਦੁੱਗਣੀ ਸੀ। ਟਿਊਨੀਸ਼ੀਆ ਨੇ 2009 ਦੌਰਾਨ 1.5 ਕਰੋੜ ਡਾਲਰ ਤੇ ਬਹਿਰੀਨ ਨੇ 2010 ਦੌਰਾਨ 10 ਕਰੋੜ ਡਾਲਰ ਦੇ ਅਮਰੀਕੀ ਹਥਿਆਰ ਖਰੀਦੇ। ਅਰਬ-ਅਮੀਰਾਤ ਨੇ ਪਿਛਲੇ ਦਹਾਕੇ ਦੌਰਾਨ 10 ਅਰਬ ਡਾਲਰ ਦੇ ਹਥਿਆਰ ਖਰੀਦੇ। ਸਾਰੇ ਮੁਲਕਾਂ ਵਿਚ ਲੋਕ ਬਗਾਵਤਾਂ ਨੂੰ ਦਬਾਉਣ ਲਈ ਵਰਤੇ ਜਾ ਰਹੇ ਹਥਿਆਰ ਅਸਲ ਵਿਚ ਅਮਰੀਕਾ ਵੱਲੋਂ ਹੀ ਵੇਚੇ ਗਏ ਹਨ।

> ਅਰਬ ਮੁਲਕਾਂ ਅੰਦਰ ਦੋ ਲੱਛਣ ਸਾਂਝੇ ਹਨ। ਪਹਿਲਾ, ਇਹ ਸਾਰੇ ਮੁਲਕ ਅਮਰੀਕਾ ਦੀਆਂ ਉਦਾਰਵਾਦੀ ਨੀਤੀਆਂ ਦਹਾਕਿਆਂ ਤੋਂ ਲਾਗੂ ਕਰ ਰਹੇ ਹਨ, ਹੁਣ ਇਨ੍ਹਾਂ ਮੁਲਕਾਂ ਅੰਦਰ ਬੇਰੁਜ਼ਗਾਰੀ, ਮਹਿੰਗਾਈ ਤੇ ਭ੍ਰਿਸ਼ਟਾਚਾਰ ਜਿਹੀਆਂ ਸਮੱਸਿਆਵਾਂ ਲੋਕਾਂ ਨੂੰ ਲੜਾਈ ਵਿਚ ਖਿੱਚ ਰਹੀਆਂ ਹਨ। ਦੂਜਾ, ਇਨ੍ਹਾਂ ਮੁਲਕਾਂ ਅੰਦਰ ਤਾਨਾਸ਼ਾਹ ਹਕੂਮਤਾਂ ਨੇ ਜਮਹੂਰੀਅਤ ਦਾ ਗਲਾ ਘੁੱਟਿਆ ਹੈ ਤੇ ਮੌਜੂਦਾ ਲੋਕ ਉਭਾਰਾਂ ਨਾਲ ਨਜਿੱਠਣ ਸਮੇਂ ਇਨ੍ਹਾਂ ਨੇ ਦਿਖਾ ਦਿੱਤਾ ਹੈ ਕਿ ਇਹ ਆਪਣੇ ਲੋਕਾਂ ਪ੍ਰਤੀ ਕਿੰਨਾ ਜ਼ਾਲਮ ਰਵੱਈਆ ਰੱਖਦੇ ਹਨ।...ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਅਰਬ ਮੁਲਕਾਂ ਵਿਚ ਜਮਹੂਰੀਅਤ ਦਾ ਸੁਪਨਾ ਲੈਣ ਲਈ ਅਮਰੀਕਾ ਦੇ ਜੂਲੇ ਤੋਂ ਨਿਜਾਤ ਪਾਉਣੀ ਕਿੰਨੀ ਜ਼ਰੂਰੀ ਹੈ?



ਟਿਊਨੀਸ਼ੀਆ ਜਿੱਥੋਂ ਲੱਗੀ ਚਿਣਗ ਪੂਰੇ ਅਰਬ 'ਚ ਫੈਲ ਗਈ, ਵਿਚ ਕੀਤੇ ਵਿਖਾਵੇ 'ਚ ਹਿੱਸਾ ਲੈ ਰਹੀਆਂ ਮੁਟਿਆਰਾਂ।

ਇਨ੍ਹਾਂ ਅਰਬ ਮੁਲਕਾਂ ਅੰਦਰ ਦੋ ਲੱਛਣ ਸਾਂਝੇ ਹਨ। ਪਹਿਲਾ, ਇਹ ਸਾਰੇ ਮੁਲਕ ਅਮਰੀਕਾ ਦੀਆਂ ਉਦਾਰਵਾਦੀ ਨੀਤੀਆਂ ਦਹਾਕਿਆਂ ਤੋਂ ਲਾਗੂ ਕਰ ਰਹੇ ਹਨ, ਹੁਣ ਇਨ੍ਹਾਂ ਮੁਲਕਾਂ ਅੰਦਰ ਬੇਰੁਜ਼ਗਾਰੀ, ਮਹਿੰਗਾਈ ਤੇ ਭ੍ਰਿਸ਼ਟਾਚਾਰ ਜਿਹੀਆਂ ਸਮੱਸਿਆਵਾਂ ਲੋਕਾਂ ਨੂੰ ਲੜਾਈ ਵਿਚ ਖਿੱਚ ਰਹੀਆਂ ਹਨ। ਦੂਜਾ, ਇਨ੍ਹਾਂ ਮੁਲਕਾਂ ਅੰਦਰ ਤਾਨਾਸ਼ਾਹ ਹਕੂਮਤਾਂ ਨੇ ਜਮਹੂਰੀਅਤ ਦਾ ਗਲਾ ਘੁੱਟਿਆ ਹੈ ਤੇ ਮੌਜੂਦਾ ਲੋਕ ਉਭਾਰਾਂ ਨਾਲ ਨਜਿੱਠਣ ਸਮੇਂ ਇਨ੍ਹਾਂ ਨੇ ਦਿਖਾ ਦਿੱਤਾ ਹੈ ਕਿ ਇਹ ਆਪਣੇ ਲੋਕਾਂ ਪ੍ਰਤੀ ਕਿੰਨਾ ਜ਼ਾਲਮ ਰਵੱਈਆ ਰੱਖਦੇ ਹਨ। ਪੱਛਮੀ ਮੀਡੀਏ ਨੇ ਭਾਵੇਂ ਇਨ੍ਹਾਂ ਬਗਾਵਤਾਂ ਨੂੰ ਮਹਿਜ਼ ਤਾਨਾਸ਼ਾਹ ਖ਼ਿਲਾਫ਼ ਬਗਾਵਤਾਂ ਵਜੋਂ ਪੇਸ਼ ਕੀਤਾ ਹੈ ਪਰ ਅਸਲੀਅਤ ਇਹ ਹੈ ਕਿ ਇਹ ਦੋ ਮੁੱਦੇ ਮੁੱਖ ਤੌਰ 'ਤੇ ਇਨ੍ਹਾਂ ਲੋਕ ਉਭਾਰਾਂ ਪਿੱਛੇ ਕੰਮ ਕਰ ਰਹੇ ਹਨ।

ਬਗਾਵਤਾਂ ਦਾ ਚਰਿੱਤਰ ਦਿਖਾਉਂਦਾ ਹੈ ਕਿ ਲੋਕ ਆਪ-ਮੁਹਾਰੇ ਹੀ ਇਨ੍ਹਾਂ ਤਾਨਾਸ਼ਾਹਾਂ ਖ਼ਿਲਾਫ਼ ਸੜਕਾਂ 'ਤੇ ਉਤਰੇ ਹਨ। ਉਨ੍ਹਾਂ ਕੋਲ ਇਨ੍ਹਾਂ ਗੰਭੀਰ ਸਮੱਸਿਆਵਾਂ ਦੇ ਹੱਲ ਲਈ ਕੋਈ ਠੋਸ ਨਕਸ਼ਾ ਨਹੀਂ ਹੈ। ਇਸੇ ਲਈ ਕੱਲ੍ਹ ਤਕ ਹਕੂਮਤਾਂ ਦਾ ਆਨੰਦ ਮਾਨਣ ਵਾਲੇ ਅੱਜ ਇਨ੍ਹਾਂ ਲਹਿਰਾਂ ਦੇ ਆਗੂ ਬਣ ਗਏ ਹਨ। ਇਨ੍ਹਾਂ ਸਾਰਿਆਂ ਦੀ ਕਿਸੇ ਨਾ ਕਿਸੇ ਹੱਦ ਤੱਕ ਅਮਰੀਕਾ ਨਾਲ ਨੇੜਤਾ ਹੈ। ਅਮਰੀਕਾ ਨੇ ਆਪਣੇ ਤਾਨਾਸ਼ਾਹਾਂ ਦੀਆਂ ਗੱਦੀਆਂ ਡੋਲਦੀਆਂ ਵੇਖ, ਝੱਟਪਟ ਇਨ੍ਹਾਂ ਵਿਰੋਧੀ ਆਗੂਆਂ ਨੂੰ ਅੱਗੇ ਲਿਆ ਕੇ ਆਪਣੀ ਸਰਦਾਰੀ ਬਚਾਉਣ ਦਾ ਰਾਹ ਅਖ਼ਤਿਆਰ ਕਰ ਲਿਆ ਹੈ। ਮਿਸਰ ਦੀ ਸਰਕਾਰ ਇਸ ਦੀ ਚੰਗੀ ਮਿਸਾਲ ਹੈ, ਜੋ ਹੋਂਦ ਵਿਚ ਆਉਣ ਤੋਂ ਤੁਰੰਤ ਬਾਅਦ ਲੋਕ ਲਹਿਰਾਂ ਨੂੰ ਕੁਚਲਣ ਲਈ ਖਤਰਨਾਕ ਕਾਨੂੰਨ ਲੈ ਆਈ ਹੈ। ਯਮਨ, ਬਹਿਰੀਨ ਤੇ ਜਾਰਡਨ ਵਿਚ ਇਹ ਸਿੱਧੇ ਤੌਰ 'ਤੇ ਤਾਨਾਸ਼ਾਹਾਂ ਦੀ ਹਮਾਇਤ ਕਰ ਰਿਹਾ ਹੈ। ਸਪਸ਼ਟ ਹੈ ਕਿ ਇਹ ਬਗ਼ਾਵਤਾਂ, ਤਾਨਾਸ਼ਾਹਾਂ ਨੂੰ ਉਲਟਾ ਕੇ ਜਮਹੂਰੀਅਤ ਦਾ ਇਕ ਪੜਾਅ ਹੀ ਪੂਰਾ ਕਰ ਰਹੀਆਂ ਹਨ ਜਦੋਂ ਕਿ ਇਸ ਦਾ ਮਹੱਤਵਪੂਰਨ ਪੜਾਅ ਅਮਰੀਕਾ ਪੱਖੀ ਉਦਾਰਵਾਦੀ ਨੀਤੀਆਂ ਤੇ ਅਮਰੀਕੀ ਦਖ਼ਲਅੰਦਾਜ਼ੀ ਦੇ ਖ਼ਾਤਮੇ ਨਾਲ ਜੁੜਿਆ ਹੋਇਆ ਹੈ ਜੋ ਜਿਉਂ ਦਾ ਤਿਉਂ ਕਾਇਮ ਹੈ। ਸਵਾਲ ਤਾਂ ਇਹ ਹੈ ਕਿ ਅਰਬ ਮੁਲਕਾਂ ਵਿਚ ਜਮਹੂਰੀਅਤ ਦਾ ਸੁਪਨਾ ਲੈਣ ਲਈ ਅਮਰੀਕਾ ਦੇ ਜੂਲੇ ਤੋਂ ਨਿਜਾਤ ਪਾਉਣੀ ਕਿੰਨੀ ਜ਼ਰੂਰੀ ਹੈ?

ਲਿਬੀਆ ਤੇ ਸੀਰੀਆ ਜਿਹੇ ਮੁਲਕ, ਜੋ ਅਰਬ ਖਿੱਤੇ ਅੰਦਰ ਇਸਰਾਈਲ ਵਿਰੋਧੀ ਭਾਵਨਾਵਾਂ ਰੱਖਦੇ ਹਨ, ਉਥੇ ਅਮਰੀਕਾ ਤੇ ਹੋਰ ਸਾਮਰਾਜੀ ਤਾਕਤਾਂ ਸਿੱਧੇ ਤੌਰ 'ਤੇ ਯੋਜਨਾਬੱਧ ਤਰੀਕੇ ਨਾਲ ਇਨ੍ਹਾਂ ਹਕੂਮਤਾਂ ਵਿਰੁੱਧ ਉਠੇ ਲੋਕ ਰੋਹ ਨੂੰ ਲਾਮਬੰਦ ਕਰ ਰਹੇ ਹਨ। ਇਹ ਸੱਚ ਹੈ ਕਿ ਇਰਾਨ ਤੋਂ ਲੈ ਕੇ ਲਿਬੀਆ ਤਕ ਅਮਰੀਕਾ ਵਿਰੋਧੀ ਇਹ ਮੁਲਕ ਵੀ ਉਹੀ ਉਦਾਰਵਾਦੀ ਨੀਤੀਆਂ ਹੀ ਲਾਗੂ ਕਰ ਰਹੇ ਹਨ। ਇਸ ਲਈ ਇਨ੍ਹਾਂ ਹਕੂਮਤਾਂ ਖ਼ਿਲਾਫ਼ ਵੀ ਲੋਕ ਰੋਹ ਵਧ ਰਿਹਾ ਹੈ। ਇਸੇ ਲੋਕ ਰੋਹ ਨੂੰ ਵਰਤ ਕੇ ਇਨ੍ਹਾਂ ਮੁਲਕਾਂ ਅੰਦਰ ਆਪਣੀਆਂ ਪਿੱਠੂ ਸ਼ਕਤੀਆਂ ਦੇ ਹੱਕ ਵਿਚ ਸੱਤਾ ਬਦਲੀ ਕਰਨ ਲਈ ਅਮਰੀਕਾ ਜ਼ੋਰ ਲਗਾ ਰਿਹਾ ਹੈ। ਲਿਬੀਆ ਦੀ ਗੱਦਾਫ਼ੀ ਵਿਰੋਧੀ ਧਿਰ ਦੀ ਅਮਰੀਕਾ ਨਾਲ ਨੇੜਤਾ ਹੈ ਤੇ ਲਿਬੀਆ 'ਤੇ ਹਮਲਾ, ਇਸੇ ਨੀਤੀ ਨੂੰ ਦਿਖਾਉਂਦਾ ਹੈ। ਲਿਬੀਆ ਤੇ ਸੀਰੀਆ ਅੰਦਰ ਅਮਰੀਕਾ ਦੇ ਹੱਕ ਵਿਚ ਸੱਤਾ ਬਦਲੀ ਲਾਜ਼ਮੀ ਹੀ ਅਰਬ ਖਿੱਤੇ ਅੰਦਰ ਅਮਰੀਕੀ ਪਕੜ ਨੂੰ ਹੋਰ ਵੀ ਮਜ਼ਬੂਤ ਕਰੇਗੀ। ਇਰਾਨ ਲਈ ਇਹ ਵੱਡੀ ਚੁਣੌਤੀ ਹੋਵੇਗੀ। ਜਮਹੂਰੀਅਤ ਲਈ ਲੜ ਰਹੇ ਲੋਕ ਇੱਥੇ ਵੀ ਠੱਗੇ ਜਾਣਗੇ ਅਤੇ ਉਨ੍ਹਾਂ ਦੀਆਂ ਹਕੂਮਤਾਂ ਹੋਰ ਵੀ ਤੇਜ਼ੀ ਨਾਲ ਅਮਰੀਕਾ ਪੱਖੀ ਨੀਤੀਆਂ ਨੂੰ ਲਾਗੂ ਕਰਨਗੀਆਂ। ਇਨ੍ਹਾਂ ਬਗਾਵਤਾਂ ਅੰਦਰ ਲੋਕਾਂ ਦੀ ਬਹਾਦਰੀ ਭਰੀ ਲੜਾਈ ਨੇ ਦਿਖਾ ਦਿੱਤਾ ਹੈ ਕਿ ਇਹ ਤਾਨਾਸ਼ਾਹ ਹਕੂਮਤਾਂ ਕਿਵੇਂ ਕਾਗਜ਼ੀ ਸ਼ੇਰ ਹਨ, ਫੇਰ ਵੀ ਇਹ ਜਮਹੂਰੀਅਤ ਪੱਖੀ ਲਹਿਰਾਂ ਲੋਕਾਂ ਨੂੰ ਜਮਹੂਰੀਅਤ ਦੇ ਨਿਸ਼ਾਨੇ ਤਕ ਨਹੀਂ ਪਹੁੰਚਾ ਸਕਣਗੀਆਂ।

# ਭੰਡਾਰਾਂ ਭਰੇ ਜਮਹੂਰੀ ਮੁਲਕ ਵਿਚ ਭੁੱਖਮਰੀ ਦਾ ਸੰਕਟ !

**ਗੋਬਿੰਦ ਠੁਕਰਾਲ**

ਪੰਜ ਸਾਲ ਤੱਕ ਦੇ ਉਮਰ ਵਰਗ ਦੇ ਬੱਚਿਆਂ ਦੀਆਂ ਹੋਣ ਵਾਲੀਆਂ ਮੌਤਾਂ ਵਿਚੋਂ ਅੱਧੀਆਂ ਮੌਤਾਂ ਕੁਪੋਸ਼ਣ ਕਾਰਨ ਹੁੰਦੀਆਂ ਹਨ। ਵੇਰਵਿਆਂ ਅਨੁਸਾਰ ਰੋਜ਼ਾਨਾ 2,438 ਬੱਚੇ ਭੁੱਖਮਰੀ ਦਾ ਸ਼ਿਕਾਰ ਹੁੰਦੇ ਹਨ। ਦੇਸ਼ ਦੇ ਸਭ ਤੋਂ ਗਰੀਬ 150 ਜ਼ਿਲ੍ਹਿਆਂ ਵਿਚ ਹਾਲਾਤ ਬਦਤਰ ਹਨ। 'ਯੂਨੀਸੈਫ' ਦੁਆਰਾ ਕੱਢੀ ਗਈ ਬੱਚਿਆਂ ਦੀ ਮਰਨ-ਦਰ ਡਰਾਉਣੀ ਤਸਵੀਰ ਪੇਸ਼ ਕਰਦੀ ਹੈ। ਭਾਰਤ ਵਿਚ 42.1 ਕਰੋੜ ਗਰੀਬ ਸ਼ਹਿਰੀਆਂ ਦੀ ਵੱਖਰੀ ਕਹਾਣੀ ਹੈ। 42 ਫ਼ੀਸਦੀ 5 ਸਾਲਾਂ ਤੱਕ ਦੇ ਬੱਚੇ ਆਮ ਨਾਲੋਂ ਘੱਟ ਭਾਰ ਵਾਲੇ ਹਨ। ਕੁਪੋਸ਼ਣ ਅਤੇ ਜਣੇਪੇ ਕਾਰਨ ਔਰਤਾਂ ਦੀਆਂ ਹੋਣ ਵਾਲੀਆਂ ਮੌਤਾਂ ਦੀ ਹਾਲਤ ਵੀ ਖ਼ਤਰੇ ਦੀ ਸੂਚਕ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਸਾਂਝੇ ਪ੍ਰਗਤੀਸ਼ੀਲ ਮੋਰਚੇ ਦੀ ਚੇਅਰਪਰਸਨ ਸੋਨੀਆ ਗਾਂਧੀ ਪਿਛਲੇ ਦੋ ਸਾਲਾਂ ਤੋਂ ਦੇਸ਼ ਵਿਚ ਗਰੀਬਾਂ ਦੀ ਗਿਣਤੀ ਸਬੰਧੀ ਇਕਮਤ ਨਹੀਂ ਹਨ। ਨਿਆਂਪਾਲਿਕਾ ਨੇ ਵੀ ਗਰੀਬਾਂ ਦੀ ਸਹੀ ਗਿਣਤੀ ਕਰਨ ਲਈ ਅਤੇ ਕਿਵੇਂ ਨਾ ਕਿਵੇਂ ਕੁਝ ਰਾਹਤ ਮੁਹੱਈਆ ਕਰਨ ਲਈ ਕਦਮ ਚੁੱਕੇ ਹਨ।

ਯੋਜਨਾ ਕਮਿਸ਼ਨ ਹੁਣ ਸੁਪਰੀਮ ਕੋਰਟ ਦੇ ਸਾਹਮਣੇ ਔਕੜ ਵਿਚ ਦਿਸ ਰਿਹਾ ਹੈ ਅਤੇ ਪੇਂਡੂ ਤੇ ਸ਼ਹਿਰੀ ਖੇਤਰਾਂ ਵਿਚ ਗਰੀਬੀ ਰੇਖਾ ਸਬੰਧੀ ਆਪਣੇ ਅੰਕੜਿਆਂ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਦਾ ਕਹਿਣਾ ਹੈ ਕਿ ਸ਼ਹਿਰ ਵਿਚ ਰਹਿੰਦਾ ਕੋਈ ਵੀ ਬੰਦਾ ਜਿਸ ਦੀ ਰੋਜ਼ਾਨਾ ਖਰੀਦ ਸਮਰੱਥਾ 20 ਰੁਪਏ ਹੈ, ਨੂੰ ਗਰੀਬ ਨਹੀਂ ਮੰਨਿਆ ਜਾ ਸਕਦਾ। ਇਸੇ ਤਰ੍ਹਾਂ, ਰੋਜ਼ਾਨਾ 15 ਰੁਪਏ ਦੀ ਖਰੀਦ ਸ਼ਕਤੀ ਵਾਲਾ ਪੇਂਡੂ ਬੰਦਾ ਗਰੀਬ ਨਹੀਂ ਠਹਿਰਾਇਆ ਜਾ ਸਕਦਾ। ਇਨ੍ਹਾਂ ਖਪਤ ਮਿਆਰਾਂ ਦੇ ਆਧਾਰ 'ਤੇ ਕਮਿਸ਼ਨ ਦੇ ਅਰਥ-ਸ਼ਾਸਤਰੀਆਂ ਨੇ ਐਲਾਨ ਕੀਤਾ ਕਿ ਸਿਰਫ 41.8 ਫ਼ੀਸਦੀ ਪੇਂਡੂ ਆਬਾਦੀ ਗਰੀਬ ਹੈ ਅਤੇ ਸਿਰਫ 25.7 ਫ਼ੀਸਦੀ ਸ਼ਹਿਰੀ ਆਬਾਦੀ ਨੂੰ ਸਰਕਾਰ ਤੋਂ ਭੋਜਨ, ਰਿਹਾਇਸ਼ ਅਤੇ ਸਮਾਜਿਕ ਸਹੂਲਤਾਂ ਦੀ ਲੋੜ ਹੈ। ਇਸ ਐਲਾਨ ਨੂੰ ਸੁਣ ਕੇ ਜੱਜ ਅਤੇ ਸਾਧਾਰਨ ਭਾਰਤੀ ਸ਼ਹਿਰੀ ਹੱਕੇ-ਬੱਕੇ ਰਹਿ ਗਏ ਹਨ। ਅਢੁਕਵੀਂ ਤੇ ਭ੍ਰਿਸ਼ਟ ਜਨਤਕ ਵੰਡ ਪ੍ਰਣਾਲੀ ਸਣੇ ਸਾਰੇ ਸਰਕਾਰੀ ਸਹਾਇਤਾ ਪ੍ਰੋਗਰਾਮ ਭੁੱਖਮਰੀ ਦੂਰ ਕਰਨ ਵਿਚ ਅਸਫਲ ਰਹੇ ਹਨ। ਮੌਜੂਦਾ ਭੋਜਨ ਵੰਡ ਪ੍ਰਣਾਲੀ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੋਂ ਚੱਲ ਰਹੀ ਹੈ ਅਤੇ ਭ੍ਰਿਸ਼ਟਾਚਾਰ ਤੇ ਅਸਮਰੱਥਾ ਕਾਰਨ ਹੁਣ ਤਰਸਯੋਗ ਹਾਲਤ ਵਿਚ ਹੈ। ਅਧਿਐਨ ਦੱਸਦੇ ਹਨ ਕਿ ਤਕਰੀਬਨ 600 ਬਿਲੀਅਨ ਰੁਪਏ ਦੇ ਬਜਟ ਦਾ 70 ਫ਼ੀਸਦੀ ਹਿੱਸਾ ਨੌਕਰਸ਼ਾਹਾਂ ਵੱਲੋਂ ਵੱਖ-ਵੱਖ ਢੰਗਾਂ ਨਾਲ ਹੜੱਪ ਲਿਆ ਜਾਂਦਾ ਹੈ।

ਇਹ ਦੇਖਣ ਤੋਂ ਬਾਅਦ ਕਿ ਸਰਕਾਰ ਨਾ ਤਾਂ ਗਰੀਬਾਂ ਦੀ ਗਿਣਤੀ ਬਾਰੇ ਢੁਕਵੇਂ ਅੰਕੜੇ ਹੀ ਦੇਣਾ ਚਾਹੁੰਦੀ ਹੈ, ਨਾ ਹੀ ਅਨਾਜ ਵੰਡਣਾ ਚਾਹੁੰਦੀ ਹੈ ਜੋ ਗਲ-ਸੜ ਰਿਹਾ ਹੈ, ਹੁਣ ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਕਦਮ ਚੁੱਕਿਆ ਹੈ। ਇਹ ਯਕੀਨੀ ਬਣਾਉਣ ਲਈ ਕਿ ਭੁੱਖਮਰੀ ਕਾਰਨ ਕੋਈ ਮੌਤ ਨਾ ਹੋਵੇ, ਤੇ ਜਿਥੋਂ ਤੱਕ ਸੰਭਵ ਹੋਵੇ, ਲੋਕਾਂ ਨੂੰ ਕੁਪੋਸ਼ਣ ਤੋਂ ਬਚਾਇਆ ਜਾਵੇ; ਸੁਪਰੀਮ ਕੋਰਟ ਨੇ ਪਿਛਲੇ ਹਫ਼ਤੇ ਕੇਂਦਰ ਨੂੰ ਇਹ ਹਦਾਇਤ ਜਾਰੀ ਕੀਤੀ ਹੈ ਕਿ ਉਹ ਦੇਸ਼ ਦੇ 150 ਸਭ ਤੋਂ ਗਰੀਬ ਜ਼ਿਲ੍ਹਿਆਂ ਜਾਂ ਹੋਰ ਗਰੀਬੀ ਮਾਰੇ ਖੇਤਰਾਂ ਵਿਚ ਵੰਡਣ ਲਈ 50 ਲੱਖ ਟਨ ਅਨਾਜ ਤੁਰੰਤ ਜਾਰੀ ਕਰੇ। ਜਸਟਿਸ ਦਲਵੀਰ ਭੰਡਾਰੀ ਅਤੇ ਦੀਪਕ ਵਰਮਾ ਦੇ ਬੈਂਚ ਦੀ ਇਸ ਮਸਲੇ 'ਤੇ ਵਿਸ਼ੇਸ਼ ਬੈਠਕ ਹੋਈ ਹੈ ਅਤੇ ਮਸਲੇ ਦੀ ਗੰਭੀਰਤਾ ਤੇ ਜ਼ਰੂਰਤ ਨੂੰ ਮਹਿਸੂਸ ਕਰਦਿਆਂ ਇਹ ਹੁਕਮ ਜਾਰੀ ਕੀਤਾ ਗਿਆ ਹੈ। ਬੈਂਚ ਨੇ ਕਿਹਾ ਹੈ, "ਭਾਰਤ ਦੇ 150 ਸਭ ਤੋਂ ਗਰੀਬ ਜ਼ਿਲ੍ਹਿਆਂ ਵਿਚ ਕੁਪੋਸ਼ਣ ਦੀ ਸਮੱਸਿਆ ਬਹੁਤ ਗੰਭੀਰ ਹੈ ਅਤੇ ਇਹ ਇਨ੍ਹਾਂ ਖੇਤਰਾਂ ਵਿਚ ਭੋਜਨ ਦੀ ਘਾਟ ਉਪਲਬਧਤਾ ਤੇ ਅਣਹੋਂਦ ਨਾਲ ਸੰਬੰਧਿਤ ਹੈ। ਕੇਂਦਰ ਸਰਕਾਰ ਨੂੰ ਉਕਤ ਜ਼ਿਲ੍ਹਿਆਂ ਨੂੰ ਢੁਕਵੀਂ ਮਾਤਰਾ ਵਿਚ ਅਨਾਜ ਪਹਿਲ ਦੇ ਆਧਾਰ 'ਤੇ ਮੁਹੱਈਆ ਕਰਾਉਣਾ ਚਾਹੀਦਾ ਹੈ।"

ਕੁਪੋਸ਼ਣ ਤੇ ਭੁੱਖਮਰੀ ਦੇ ਮਾਮਲਿਆਂ ਬਾਰੇ ਰਿਪੋਰਟਾਂ ਸਮੇਂ-ਸਮੇਂ ਆਉਂਦੀਆਂ ਰਹਿੰਦੀਆਂ ਹਨ। ਸਬਸਿਡੀ ਵਾਲੇ ਭੋਜਨ ਦੀ ਸਹੂਲਤ ਅਸਲ ਵਿਚ ਸਾਡੇ ਸਮਾਜ ਦੇ ਇਸ ਗਰੀਬ ਵਰਗ ਲਈ ਹੈ। ਚੰਗੇ ਭਾਗੀਂ, ਸਾਡੇ ਦੇਸ਼ ਵਿਚ ਅਨਾਜ ਭੰਡਾਰਾਂ ਦੀ ਹਾਲਤ ਬਹੁਤ ਵਧੀਆ ਹੈ। ਪਹਿਲੀ ਅਪ੍ਰੈਲ, 2011 ਦੇ ਅੰਕੜਿਆਂ ਮੁਤਾਬਿਕ ਇਥੇ 4.4 ਕਰੋੜ ਟਨ ਅਨਾਜ ਗੁਦਾਮਾਂ ਵਿਚ ਜਮ੍ਹਾਂ ਹੈ। ਸ਼ਾਇਦ ਪਹਿਲਾਂ ਕਦੇ ਵੀ ਇੰਨੀ ਵੱਡੀ ਮਿਕਦਾਰ ਵਿਚ ਅਨਾਜ ਜਮ੍ਹਾਂ ਨਹੀਂ ਸੀ ਹੋਇਆ। ਇਸ ਸੀਜ਼ਨ ਵਿਚ ਕਣਕ ਦੀ ਹੋਈ ਭਰਵੀਂ ਫਸਲ ਨੇ ਅਨਾਜ ਭੰਡਾਰਾਂ ਵਿਚ ਹੋਰ ਵਾਧਾ ਕੀਤਾ ਹੈ। ਐਮਰਜੈਂਸੀ ਜਾਂ ਸੰਕਟਮਈ ਹਾਲਾਤ ਲਈ ਢੁਕਵੀਂ ਮਾਤਰਾ ਵਿਚ ਅਨਾਜ ਬਚਾ ਕੇ ਰੱਖਣ ਤੋਂ ਬਾਅਦ ਵੀ, ਭਾਰਤ ਦੇ ਗੁਦਾਮਾਂ ਵਿਚ ਵੱਡੀ ਮਾਤਰਾ ਵਿਚ ਅਨਾਜ ਪਿੱਛੇ ਬਚ ਜਾਂਦਾ ਹੈ। ਇਹ ਹਾਲਤ ਕਈ ਅਜਿਹੇ ਦੇਸ਼ਾਂ ਨਾਲੋਂ ਕਿਤੇ ਬਿਹਤਰ ਹੈ ਜੋ ਸੋਕੇ ਦਾ ਸਾਹਮਣਾ ਕਰ ਰਹੇ ਹਨ। ਸੁਪਰੀਮ ਕੋਰਟ ਨੇ ਇਸ ਮਸਲੇ ਦੀ ਜੋ ਘੋਖ-ਪੜਤਾਲ ਕੀਤੀ ਹੈ, ਉਸ ਨਾਲ ਸਰਕਾਰ ਦਾ ਸਿਰ ਸ਼ਰਮ ਨਾਲ ਝੁਕ ਜਾਣਾ ਚਾਹੀਦਾ ਹੈ। ਅਦਾਲਤ ਨੇ ਕਿਹਾ ਹੈ, "ਕਈ ਸਾਲਾਂ ਤੋਂ ਕਰੋੜਾਂ ਟਨ ਅਨਾਜ ਖੁੱਲ੍ਹੇ ਅੰਬਰ ਥੱਲੇ ਪਿਆ ਹੈ, ਕਿਉਂਕਿ ਢੁਕਵੀਂ ਭੰਡਾਰਨ ਸਮਰੱਥਾ ਦੀ ਘਾਟ ਹੈ।" ਲਗਭਗ 55 ਹਜ਼ਾਰ ਟਨ ਅਨਾਜ ਪੰਜਾਬ ਤੇ ਹਰਿਆਣਾ ਵਿਚ ਗਲ-ਸੜ ਗਿਆ ਹੈ। ਇਸ ਪਿਛੋਕੜ ਵਿਚ 50 ਲੱਖ ਟਨ ਅਨਾਜ ਜੋ ਭਾਰਤ ਨੇ ਪਹਿਲਾਂ ਹੀ ਵਾਧੂ ਸਟਾਕ ਦੇ ਤੌਰ 'ਤੇ ਰਾਖਵਾਂ ਰੱਖਿਆ ਹੈ, ਸਾਡੇ ਸਮਾਜ ਦੇ ਸਭ ਤੋਂ ਗਰੀਬ ਵਰਗਾਂ ਤੱਕ ਪੁੱਜਣਾ ਚਾਹੀਦਾ ਹੈ ਅਤੇ ਇਸ ਕਾਰਵਾਈ ਬਾਰੇ ਸਾਰੀਆਂ ਧਿਰਾਂ ਪੂਰੀ ਤਰ੍ਹਾਂ ਸਹਿਮਤ ਹਨ।


ਇਸ ਸੀਜ਼ਨ ਵਿਚ ਕਣਕ ਦੀ ਹੋਈ ਭਰਵੀਂ ਫਸਲ ਨੇ ਅਨਾਜ ਭੰਡਾਰਾਂ ਵਿਚ ਹੋਰ ਵਾਧਾ ਕੀਤਾ ਹੈ। ਐਮਰਜੈਂਸੀ ਜਾਂ ਸੰਕਟਮਈ ਹਾਲਾਤ ਲਈ ਢੁਕਵੀਂ ਮਾਤਰਾ ਵਿਚ ਅਨਾਜ ਬਚਾ ਕੇ ਰੱਖਣ ਤੋਂ ਬਾਅਦ ਵੀ, ਭਾਰਤ ਦੇ ਗੁਦਾਮਾਂ ਵਿਚ ਵੱਡੀ ਮਾਤਰਾ ਵਿਚ ਅਨਾਜ ਪਿੱਛੇ ਬਚ ਜਾਂਦਾ ਹੈ। ਇਹ ਹਾਲਤ ਕਈ ਅਜਿਹੇ ਦੇਸ਼ਾਂ ਨਾਲੋਂ ਕਿਤੇ ਬਿਹਤਰ ਹੈ ਜੋ ਸੋਕੇ ਦਾ ਸਾਹਮਣਾ ਕਰ ਰਹੇ ਹਨ।

ਜੱਜਾਂ ਨੇ ਇਹ ਇੱਛਾ ਰੱਖੀ ਹੈ ਕਿ ਅਨਾਜ ਦੀ ਇਹ ਵੰਡ ਪਰਿਵਾਰ ਪੱਧਰ 'ਤੇ ਨਾ ਹੋ ਕੇ ਵਿਅਕਤੀਗਤ ਪੱਧਰ 'ਤੇ ਹੋਵੇ। ਬੈਂਚ ਨੇ ਕਿਹਾ ਹੈ, "ਮੌਜੂਦਾ ਪਹੁੰਚ ਠੀਕ ਨਹੀਂ ਜਾਪਦੀ ਜੋ 10 ਜੀਆਂ ਵਾਲੇ ਪਰਿਵਾਰ ਨੂੰ ਵੀ 35 ਕਿਲੋਗ੍ਰਾਮ ਅਨਾਜ ਦਿੰਦੀ ਹੈ ਤੇ ਇਕ ਜੀਅ ਵਾਲੇ ਪਰਿਵਾਰ ਨੂੰ ਵੀ ਇੰਨਾ ਹੀ। ਜੇਕਰ ਪਰਿਵਾਰ ਸਿਰਫ ਇਕੋ ਜੀਅ ਵਾਲਾ ਹੋਵੇ ਤਾਂ ਇਕ ਵਿਅਕਤੀ ਵੱਲੋਂ ਵਾਧੂ ਅਨਾਜ ਮੁਨਾਫੇ ਲਈ ਵੇਚਣ ਦੀ ਸੰਭਾਵਨਾ ਰਹਿੰਦੀ ਹੈ ਜਦੋਂ ਕਿ 10 ਜੀਆਂ ਵਾਲਾ ਪਰਿਵਾਰ ਆਮ ਬਾਜ਼ਾਰੀ ਕੀਮਤਾਂ 'ਤੇ ਵਾਧੂ ਅਨਾਜ ਖਰੀਦਣ ਲਈ ਮਜਬੂਰ ਹੁੰਦਾ ਹੈ ਤਾਂ ਜੋ ਉਹ ਆਪਣੇ ਬੱਚਿਆਂ ਦਾ ਢਿੱਡ ਭਰ ਸਕੇ। ਵਧਵਾ ਕਮੇਟੀ ਨੇ ਇਸ ਵਿਵਸਥਾ ਨੂੰ 'ਬੇਹੱਦ ਬੇਤੁਕੀ' ਕਰਾਰ ਦਿੱਤਾ ਹੈ।"

ਅਦਾਲਤ ਨੇ ਮਈ, 2011 ਜਾਂ ਹੋਰ ਮਗਰਲੀਆਂ ਤਰੀਕਾਂ ਨੂੰ ਵਸਤਾਂ ਦੀਆਂ ਕੀਮਤਾਂ ਨੂੰ ਦੇਖਦਿਆਂ ਗਰੀਬੀ ਰੇਖਾ ਨੂੰ ਨਿਰਧਾਰਿਤ ਕਰਨ ਲਈ ਫੀ ਵਿਅਕਤੀ ਆਮਦਨ ਮਾਪਣ ਦੇ ਤਰੀਕਿਆਂ ਨੂੰ ਮੁੜ-ਵਿਚਾਰਨ ਲਈ ਕਮਿਸ਼ਨ ਨੂੰ ਕਿਹਾ ਹੈ। ਅਦਾਲਤ ਨੇ ਇਹ ਦੇਖਿਆ ਹੈ ਕਿ "ਗਰੀਬੀ ਰੇਖਾ ਨੂੰ ਇਸ ਆਧਾਰ 'ਤੇ ਨਿਰਧਾਰਿਤ ਕੀਤਾ ਗਿਆ ਹੈ ਕਿ ਪੇਂਡੂ ਖੇਤਰਾਂ ਵਿਚ ਲੋੜੀਂਦੀ ਜਿਹੜੀ ਆਬਾਦੀ ਦੀ ਫੀ ਵਿਅਕਤੀ ਰੋਜ਼ਾਨਾ ਭੋਜਨ ਦੀ ਖਪਤ 2400 ਕੈਲੋਰੀਜ਼ ਹੈ ਅਤੇ ਸ਼ਹਿਰੀ ਖੇਤਰਾਂ ਲਈ ਜਿਹੜੀ ਆਬਾਦੀ ਦੀ ਫੀ ਵਿਅਕਤੀ ਰੋਜ਼ਾਨਾ ਖਪਤ 2100 ਕੈਲੋਰੀਜ਼ ਹੈ, ਉਹ ਗਰੀਬੀ ਰੇਖਾ ਤੋਂ ਹੇਠਾਂ ਹੈ। ਤੇਂਦੂਲਕਰ ਕਮੇਟੀ ਅਨੁਸਾਰ 2011 ਦੀਆਂ ਕੀਮਤਾਂ ਮੁਤਾਬਿਕ ਸ਼ਹਿਰੀ ਖੇਤਰ ਦੇ ਕਿਸੇ ਵਿਅਕਤੀ ਲਈ 20 ਰੁਪਏ ਵਿਚ 2100 ਕੈਲੋਰੀਜ਼ ਅਤੇ ਪੇਂਡੂ ਖੇਤਰ ਦੇ ਕਿਸੇ ਵਿਅਕਤੀ ਲਈ 15 ਰੁਪਏ ਵਿਚ 2400 ਕੈਲੋਰੀਜ਼ ਦੀ ਖਪਤ ਕਰ ਸਕਣਾ ਅਸੰਭਵ ਹੈ।" ਕੁਝ ਅਜਿਹੇ ਜ਼ਿਲ੍ਹੇ ਵੀ ਹਨ ਜਿਨ੍ਹਾਂ ਵਿਚ ਬਹੁਗਿਣਤੀ ਲੋਕ ਘੋਰ ਗੁਰਬਤ ਵਾਲਾ ਜੀਵਨ ਬਸਰ ਕਰਦੇ ਹਨ। ਉਨ੍ਹਾਂ ਕੋਲ ਜਿਉਂਦੇ ਰਹਿਣ ਲਈ ਢੁਕਵੀਂ ਮਾਤਰਾ ਵਿਚ ਅਨਾਜ ਖਰੀਦਣ ਦੀ ਵਿੱਤੀ ਸਮਰੱਥਾ ਵੀ ਨਹੀਂ ਹੈ। ਸਬਸਿਡੀ ਵਾਲਾ ਭੋਜਨ ਸੱਚਮੁੱਚ ਸਮਾਜ ਦੇ ਇਸ ਵਰਗ ਲਈ ਹੈ। ਜੱਜਾਂ ਦੇ ਬੈਂਚ ਨੇ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਖੇਤਰਾਂ ਦੇ ਮੁੱਖ ਸਕੱਤਰਾਂ ਨੂੰ ਇਹ ਯਕੀਨੀ ਬਣਾਉਣ ਲਈ ਹਦਾਇਤ ਕੀਤੀ ਹੈ ਕਿ ਸੰਬੰਧਿਤ ਰਾਜਾਂ ਜਾਂ ਕੇਂਦਰ ਸ਼ਾਸਤ ਖੇਤਰਾਂ ਲਈ ਜਾਰੀ ਹੋਏ ਅਨਾਜ ਨੂੰ ਚੁੱਕਿਆ ਜਾਵੇ ਤੇ ਵੰਡਿਆ ਜਾਵੇ।

# ਲੋਟੇ ਦੀ ਕਰਾਮਾਤ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਬੜੇ ਸੌਖੇ ਜਿਹੇ ਅਰਥਾਂ ਵਾਲੀ ਕਹਾਵਤ ਹੈ ਕਿ ਦੁੱਧ ਤੇ ਬੁੱਧ ਫਿੱਟਦਿਆਂ ਦੇਰ ਨਹੀਂ ਲਗਦੀ। ਜਿੱਥੇ ਕੋਈ ਇਹੋ ਜਿਹੀ ਅਣਹੋਣੀ ਵਾਪਰ ਜਾਵੇ, ਉਥੇ ਦੇਖਦੇ ਦੇਖਦੇ ਹੀ ਸਭ ਕੁਝ ਚੌੜ-ਚਪੱਟ ਹੋ ਜਾਂਦਾ ਹੈ। ਜਿਨ੍ਹਾਂ ਘਰਾਂ ਵਿਚ ਹਾਸੇ ਦੀਆਂ ਕਿਲਕਾਰੀਆਂ ਪੈਂਦੀਆਂ ਰਹੀਆਂ ਹੋਣ, ਉਥੋਂ ਰੋਣੇ, ਹਟਕੋਰੇ ਸੁਣਾਈ ਦੇਣ ਲੱਗ ਪੈਂਦੇ ਹਨ। ਕਈ ਵਾਰ ਮਨੁੱਖੀ ਗਲਤੀਆਂ ਤੋਂ ਪੈਦਾ ਹੋਏ ਕਲਹ-ਕਲੇਸ਼ ਨੂੰ 'ਮਾੜੀ ਕਿਸਮਤ' ਨਾਲ ਜੋੜ ਦਿੱਤਾ ਜਾਂਦਾ ਹੈ ਜਦ ਕਿ ਕਰਤੂਤਾਂ ਮਾੜੀਆਂ ਇੱਕ-ਦੋ ਵਿਅਕਤੀਆਂ ਦੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਬਦੌਲਤ ਖਾਨਦਾਨ ਹੀ ਤਬਾਹੀ ਕੰਢੇ ਜਾ ਪੁੱਜਦੇ ਹਨ। ਇਹੀ ਹਾਲ ਹੋਇਆ ਰਾਮ ਪਿਆਰੀ ਅਤੇ ਪਿਆਰੇ ਲਾਲ ਦੰਪਤੀ ਦਾ। ਆਪਣੇ ਦੋ ਬੱਚਿਆਂ ਦੇ ਛੋਟੇ ਜਿਹੇ ਪਰਿਵਾਰ ਨਾਲ ਸੁੱਖਮਈ ਜ਼ਿੰਦਗੀ ਬਤੀਤ ਕਰਦਿਆਂ ਨੂੰ ਪਤਾ ਨਹੀਂ ਕਿਸ ਦੀ ਨਜ਼ਰ ਲੱਗ ਗਈ।

ਹੋਇਆ ਇਹ ਕਿ ਜਿਸ ਦਫਤਰ ਵਿਚ ਰਾਮ ਪਿਆਰੀ ਸਰਵਿਸ ਕਰ ਰਹੀ ਸੀ, ਉਥੇ ਇੱਕ ਬਾਬੂ ਸ਼ਹਿਰੋਂ ਬਦਲੀ ਕਰਵਾ ਕੇ ਆਣ ਲੱਗਾ। ਰਾਮ ਪਿਆਰੀ ਦੀ ਸੀਟ ਦੇ ਨਾਲ ਬੈਠਣ ਕਰਕੇ ਉਸ ਨੂੰ ਗੱਲਾਂ ਮਾਰਨ ਦਾ ਖੁੱਲ੍ਹਾ ਮੌਕਾ ਮਿਲ ਗਿਆ। ਦੋਵੇਂ ਹਮ-ਉਮਰ ਹੋਣ ਕਾਰਨ ਹੌਲੀ ਹੌਲੀ 'ਖੁੱਲ੍ਹੀਆਂ ਗੱਲਾਂ' ਹੋਣ ਲੱਗੀਆਂ। ਨੈਣ-ਨਕਸ਼ ਪੱਖੋਂ ਸੁਨੱਖੀ ਹੁੰਦੜ-ਹੇਲ ਉਚੇ ਕਦ ਕਾਠ ਵਾਲੀ ਰਾਮ ਪਿਆਰੀ ਨਵੇਂ ਆਏ ਬਾਬੂ ਵੱਲ ਬਦੋਬਦੀ ਖਿੱਚੀ ਗਈ। ਬਾਬੂ ਵੀ ਮਰਦ-ਚਰਿੱਤਰ ਖੇਡਣ ਲੱਗ ਪਿਆ। ਉਹ ਡਿਊਟੀ ਤੋਂ ਬਾਅਦ ਆਪਣੇ ਸਕੂਟਰ 'ਤੇ ਨਵੀਂ ਸਹੇਲੀ ਨੂੰ ਬਿਠਾ ਕੇ ਉਸ ਦੇ ਘਰੇ ਛੱਡਣ ਦਾ 'ਪਰਉਪਕਾਰ' ਵੀ ਕਰਨ ਲੱਗ ਪਿਆ। ਰਾਮ ਪਿਆਰੀ ਬਾਬੂ ਦੇ 'ਪਿਆਰ' ਵਿਚ ਸੁੱਧ-ਬੁੱਧ ਭੁਲਾ ਬੈਠੀ। ਹੁਣ ਦਫਤਰੀ ਸਟਾਫ ਵਿਚ ਉਨ੍ਹਾਂ ਦੋਹਾਂ ਦੇ ਕਥਿਤ 'ਨਾਜਾਇਜ਼ ਸਬੰਧਾਂ' ਦੇ ਗਰਮਾ-ਗਰਮ ਚਰਚੇ ਹੋਣ ਲੱਗੇ। ਦਫਤਰ ਵਿਚ ਹੋਣ ਵਾਲੀ ਕਾਨਾ-ਫੂਸੀ ਉਡਦੀ ਉਡਦੀ ਰਾਮ ਪਿਆਰੀ ਦੇ ਪਤੀ ਪਿਆਰੇ ਲਾਲ ਦੇ ਕੰਨਾਂ ਤੱਕ ਵੀ ਜਾ ਪਹੁੰਚੀ। ਵਸਦੇ ਰਸਦੇ ਘਰ ਵਿਚ ਕਲੇਸ਼ ਸ਼ੁਰੂ ਹੋ ਗਿਆ। ਕਿਹੜਾ ਆਦਮੀ ਇਹ ਗੱਲ ਬਰਦਾਸ਼ਤ ਕਰ ਸਕਦਾ ਹੈ ਕਿ ਉਸ ਦੀ ਪਤਨੀ ਕਿਸੇ ਪਰਾਏ ਮਰਦ ਨਾਲ ਅੱਧੀ-ਅੱਧੀ ਰਾਤ ਨੂੰ ਘਰ ਆਵੇ! ਜਦ ਵੀ ਉਸ ਦਾ ਪਤੀ ਬਾਬੂ ਨਾਲ ਘੁੰਮਣ ਤੋਂ ਉਸ ਨੂੰ ਵਰਜਦਾ ਤਾਂ ਉਹ ਅੱਗਿਉਂ ਪੈਰਾਂ 'ਤੇ ਪਾਣੀ ਨਾ ਪੈਣ ਦਿੰਦੀ। ਇੱਕ ਦੀਆਂ ਚਾਰ ਸੁਣਾਉਂਦੀ!

ਹਾਲਾਤ ਇੱਥੋਂ ਤੱਕ ਜਾ ਪਹੁੰਚੇ ਕਿ ਵਿਗੜੀ ਹੋਈ ਪਤਨੀ ਆਪਣੀ ਭੁੱਲ ਸਵੀਕਾਰ ਕਰਕੇ ਸਿੱਧੇ ਰਾਹੇ ਪੈਣ ਦੀ ਬਜਾਏ ਪਿਆਰੇ ਲਾਲ ਦਾ ਹੀ 'ਇਲਾਜ' ਕਰਾਉਣ ਦੇ ਅਹੁੜ-ਪਹੁੜ ਕਰਨ ਲੱਗ ਪਈ। ਉਸ ਨੂੰ ਬਚਪਨ ਵਿਚ ਬੁੜ੍ਹੀਆਂ ਪਾਸੋਂ ਸੁਣੀਆਂ ਹੋਈਆਂ ਗੱਲਾਂ ਯਾਦ ਆਈਆਂ ਕਿ ਸਾਧੂਆਂ-ਸੰਤਾਂ ਕੋਲ ਐਸੀਆਂ 'ਜੁਗਤੀਆਂ' ਹੁੰਦੀਆਂ ਨੇ, ਜਿਨ੍ਹਾਂ ਨਾਲ ਕਹਿੰਦੇ-ਕਹਾਉਂਦੇ ਅੜਬੰਗ ਮਰਦ ਵੀ ਆਪਣੀਆਂ ਤੀਵੀਆਂ ਦਾ ਪਾਣੀ ਭਰਨ ਲੱਗ ਜਾਂਦੇ ਹਨ। ਕੁਲੀਗ ਦੇ ਵਹੇ ਚੜ੍ਹੀ ਨੂੰ ਆਪਣੇ ਨਿੱਕੇ-ਨਿੱਕੇ ਬੱਚਿਆਂ ਦਾ ਮੋਹ ਵੀ ਜਾਗਿਆ। ਉਸ ਨੇ ਸਕੀਮ ਬਣਾਈ ਕਿ ਕੋਈ 'ਵੱਡਾ ਸਿਆਪਾ' ਖੜ੍ਹਾ ਕਰਨ ਨਾਲੋਂ ਪਿਆਰੇ ਲਾਲ ਨੂੰ ਹੀ 'ਜਮੂਰਾ' ਬਣਾਇਆ ਜਾਵੇ! ਬਾਕੀ ਲੋਕਾਂ ਦੀ ਕੋਈ ਪ੍ਰਵਾਹ ਨਹੀਂ।

ਅਜਿਹੀਆਂ ਤਰਕੀਬਾਂ ਬਣਾਉਂਦਿਆਂ ਉਸ ਨੂੰ ਖਿਆਲ ਆਇਆ ਕਿ ਸ਼ਹਿਰ ਵੱਲ ਜਾਂਦਿਆਂ ਜਦੋਂ ਉਹ ਇੱਕ ਨਹਿਰ ਲਾਗੇ ਦੀ ਉਜਾੜ ਜਿਹੀ ਥਾਂ ਤੋਂ ਲੰਘਦੀ ਹੁੰਦੀ ਹੈ ਤਾਂ ਉਥੇ ਕੱਖਾਂ-ਕਾਨਿਆਂ ਦੀ ਝੁੱਗੀ ਵਿਚ ਕੋਈ ਮਸਤਾਨਾ ਜਿਹਾ ਫੱਕਰ ਇੱਧਰ-ਉੱਧਰ ਘੁੰਮ ਫਿਰ ਰਿਹਾ ਹੁੰਦਾ ਹੈ। ਕਿਸੇ ਦੁਰ-ਦਰਾਜ਼ ਇਲਾਕੇ ਵਿਚ ਟੱਕਰਾਂ ਮਾਰਨ ਨਾਲੋਂ ਉਸ ਨੇ ਸੋਚਿਆ ਕਿ ਆਪਣਾ 'ਦੁੱਖ' ਲੈ ਕੇ ਉਸੇ ਸਾਧੂ ਪਾਸ ਜਾਵੇ।

ਐਤਵਾਰ ਛੁੱਟੀ ਵਾਲੇ ਦਿਨ ਰਾਮ ਪਿਆਰੀ ਲੋਢੇ ਕੁ ਵੇਲੇ ਨਹਿਰ ਕੰਢੇ ਜਾ ਪਹੁੰਚੀ। ਫੱਕਰ ਆਪਣੀ ਝੁੱਗੀ ਦੇ ਇਰਦ-ਗਿਰਦ ਤੁਰਿਆ ਫਿਰਦਾ ਸੀ। ਪਰ ਉਸ ਨੇ ਉਜਾੜ ਵਿਚ ਆਪਣੇ ਕੋਲ ਆਈ ਇੱਕ ਓਪਰੀ ਜਨਾਨੀ ਨੂੰ ਗੌਲਿਆ ਹੀ ਨਾ। ਕੁੱਝ ਸ਼ਸ਼ੋਪੰਜ ਜਿਹੀ 'ਚ ਪਿਆ ਹੋਇਆ ਉਹ ਕਦੇ ਆਪਣੇ ਲਾਗੇ ਪਈਆਂ ਗੁਥਲੀਆਂ ਫਰੋਲਣ ਲੱਗ ਪੈਂਦਾ ਅਤੇ ਕਦੇ ਝੁੱਗੀ ਅੰਦਰ ਵੜ ਕੇ ਫਰੋਲਾ-ਫਰਾਲੀ ਕਰਨ ਲੱਗ ਜਾਂਦਾ।

ਰਾਮ ਪਿਆਰੀ ਦੇ ਦੇਖਦਿਆਂ ਦੇਖਦਿਆਂ ਹੀ ਫੱਕਰ ਨੇ ਝੁੱਗੀ ਦੇ ਬਾਹਰ ਪਏ ਸੁੱਕੇ ਘਾਹ ਦੇ ਢੇਰ ਨੂੰ ਖਿਲਾਰਨਾ ਸ਼ੁਰੂ ਕਰ ਦਿੱਤਾ। ਜਾਪਦਾ ਸੀ ਕਿ ਉਹ ਕੋਈ ਆਪਣੀ ਗਵਾਚੀ ਚੀਜ਼ ਭਾਲ ਰਿਹਾ ਸੀ ਪਰ ਉਹ ਲੱਭ ਨਹੀਂ ਸੀ ਰਹੀ। ਹੈਰਾਨ ਹੋਈ ਰਾਮ ਪਿਆਰੀ ਇਹ ਸਭ ਕੁੱਝ ਦੇਖਦੀ ਰਹੀ। ਅਚਾਨਕ ਕੁਝ ਯਾਦ ਆ ਜਾਣ ਵਾਂਗ ਫੱਕਰ ਨਹਿਰ ਦੇ ਕੰਢੇ ਵੱਲ ਕਾਹਲੀ ਨਾਲ ਗਿਆ। ਇੱਧਰ-ਉੱਧਰ ਝਾਕ ਕੇ ਉਹ ਖਾਲੀ ਹੱਥ ਹੀ ਝੁੱਗੀ ਵੱਲ ਵਾਪਸ ਮੁੜ ਆਇਆ ਤੇ ਆਉਂਦਿਆਂ ਹੀ ਬਹਿ ਕੇ ਦੋਵੇਂ ਹੱਥ ਅੱਖਾਂ ਉਪਰ ਰੱਖ ਕੇ ਉਚੀ-ਉਚੀ ਰੋਣ ਲੱਗ ਪਿਆ।

ਹੁਣ ਤੱਕ ਖਾਮੋਸ਼, ਚੁੱਪ ਬੈਠੀ ਆ ਰਹੀ ਰਾਮ ਪਿਆਰੀ ਤੋਂ ਰਿਹਾ ਨਾ ਗਿਆ। ਉਸ ਨੇ ਬੜੀ ਅਧੀਨਗੀ ਨਾਲ ਸਾਧੂ ਨੂੰ ਪੁੱਛਿਆ, "ਬਾਬਾ ਜੀ, ਤੁਸੀਂ ਆਪਣੀ ਕੋਈ ਗਵਾਚੀ ਹੋਈ ਸ਼ੈਅ ਲੱਭ ਰਹੇ ਹੋ?"

"ਹਾਂ ਬੱਚੂ, ਮੇਰਾ ਲੋਟਾ ਕਿਤੇ ਨਹੀਂ ਲੱਭ ਰਿਹਾ!" ਹਟਕੋਰੇ ਭਰਦਿਆਂ ਦਰਵੇਸ਼ ਬੋਲਿਆ।

ਨਿਗੂਣੇ ਜਿਹੇ ਇੱਕ ਲੋਟੇ ਬਦਲੇ ਵਿਆਕੁਲ ਹੋ ਰਹੇ ਸਾਧੂ ਵੱਲ ਦੇਖਦਿਆਂ, ਮਨ ਹੀ ਮਨ ਮੁਸਕਰਾਉਂਦੀ ਰਾਮ ਪਿਆਰੀ ਬੋਲੀ, "ਮਹਾਰਾਜ ਤੁਸੀਂ ਰੋ ਕਿਉਂ ਰਹੇ ਹੋ? ਉਹੋ ਜਿਹੇ ਲੋਟੇ ਦੱਸੋ ਕਿੰਨੇ ਚਾਹੀਦੇ ਨੇ। ਮੈਂ ਕੱਲ੍ਹ ਹੀ ਸ਼ਹਿਰੋਂ ਲੈ ਆਵਾਂਗੀ?"

"ਧੀਏ ਰਾਣੀਏ, ਇਸੇ ਗੱਲ ਦਾ ਤਾਂ ਰੋਣਾ ਹੈ!" ਹੁਣ ਜਾਰੋ ਜਾਰ ਰੋਂਦਿਆਂ ਫੱਕਰ ਕਹਿਣ ਲੱਗਾ, "ਇਹ ਲੋਟਾ ਮੇਰਾ ਸਾਰੀ ਉਮਰ ਦਾ ਸਾਥੀ ਸੀ। ਇਸ ਨੇ ਮੇਰਾ 'ਨੰਗੇਜ਼' ਦੇਖਿਆ ਹੋਇਆ ਸੀ। ਜੇ ਇਹ ਨਾ ਲੱਭਿਆ ਤਾਂ ਮੈਂ ਕਿਸੇ ਦੂਜੇ ਲੋਟੇ ਨੂੰ ਆਪਣਾ ਨੰਗੇਜ਼ ਦਿਖਲਾਉਣ ਲੱਗਿਆਂ ਬੇ-ਹਯਾ ਹੋਵਾਂਗਾ...! ਇਹ ਬੇ-ਹਯਾਈ ਮੈਥੋਂ ਨਹੀਂ ਜੇ ਹੋਣੀ!!"

ਫੱਕਰ ਦੇ ਇਹ ਬਚਨ ਸੁਣਦਿਆਂ ਮਾਨੋ ਰਾਮ ਪਿਆਰੀ ਦੇ ਸਿਰ ਸੌ ਘੜਾ ਪਾਣੀ ਦਾ ਪੈ ਗਿਆ। ਸੁੰਨ ਹੋਈ ਉਹ ਫੱਕਰ ਦੇ ਚਿਹਰੇ ਵੱਲ ਹੀ ਦੇਖਦੀ ਰਹਿ ਗਈ। ਇਉਂ ਜਾਪਿਆ ਜਿਵੇਂ ਫੱਕਰ ਨੇ ਕੋਈ ਤਿੱਖੇ ਤੀਰ ਛੱਡ ਦਿੱਤੇ ਹੋਣ ਤੇ ਅੱਗੇ ਰਾਮ ਪਿਆਰੀ ਘਾਇਲ ਹੋਈ ਹਿਰਨੀ ਵਾਂਗ ਤੜਫ ਰਹੀ ਹੋਵੇ! ਇੰਜ ਹੱਕੀ-ਬੱਕੀ ਹੋਈ ਜਨਾਨੀ ਵੱਲ ਦੇਖ ਕੇ ਸਾਧੂ ਵੀ ਠਠੰਬਰ ਗਿਆ।

ਪੱਥਰ ਦੇ ਬੁੱਤ ਵਾਂਗ ਅਹਿੱਲ ਖੜ੍ਹੀ ਰਾਮ ਪਿਆਰੀ ਦੇ ਦਿਲ 'ਤੇ ਆਰੀਆਂ ਚੱਲ ਰਹੀਆਂ ਸਨ, ਕਿੱਥੇ ਇਹ ਫੱਕਰ ਸਾਧੂ, ਜੋ ਧਾਤ ਦੇ ਬਣੇ ਹੋਏ ਬੇ-ਜਾਨ ਲੋਟੇ ਨੂੰ ਉਮਰ ਦਾ ਸਾਥੀ ਮੰਨਦਾ ਹੋਇਆ, ਕਿਸੇ ਦੂਜੇ ਲੋਟੇ ਨੂੰ ਆਪਣਾ ਨੰਗੇਜ਼ ਨਹੀਂ ਦਿਖਾਉਣਾ ਚਾਹੁੰਦਾ। ਤੇ ਕਿੱਥੇ ਮੈਂ ਨਿਲੱਜ, ਭਰੀ ਸਭਾ ਵਿਚ ਆਪਣੇ ਇਸ਼ਟ ਸਾਹਮਣੇ ਸੌਗੰਧਾਂ ਖਾ ਕੇ ਪ੍ਰਵਾਨ ਕੀਤੇ ਹੋਏ ਪਤੀ ਦੇ ਜਿਉਂਦੇ ਜੀਅ ਕਿਸੇ ਪਰਾਏ ਮਰਦ ਨਾਲ...ਮੇਰੀ ਸ਼ਰਮ ਹਯਾ ਕਿੱਧਰ ਗਈ! ...ਤੌਬਾ ਤੌਬਾ!!

"ਉਹ ਭਾਈ ਬੀਬਾ, ਖਿਮਾ ਕਰੀਂ, ਮੈਂ ਆਪਣਾ ਹੀ ਰੰਡੀ ਰੋਣਾ ਲੈ ਕੇ ਬਹਿ ਗਿਆ! ਮੈਨੂੰ ਤੇਰਾ ਖਿਆਲ ਹੀ ਨਹੀਂ ਆਇਆ ਧੀਏ। ਤੂੰ ਦੱਸ ਇਸ ਨਿਮਾਣੇ ਫਕੀਰ ਕੋਲ ਕਿਹੜੀ ਮਨਸ਼ਾ ਲੈ ਕੇ ਆਈ ਸੈਂ?"

"ਮਹਾਰਾਜ, ਮੇਰੀ 'ਮਨਸ਼ਾ' ਪੂਰੀ ਹੋ ਗਈ!" ਫਰਕਦੇ ਬੁੱਲ੍ਹਾਂ 'ਚੋਂ ਧੀਮੀ ਜਿਹੀ ਆਵਾਜ਼ ਨਿਕਲੀ ਤੇ ਰਾਮ ਪਿਆਰੀ ਫੱਕਰ ਦੇ ਪੈਰਾਂ 'ਤੇ ਡਿੱਗ ਪਈ। ਉਸ ਦਾ ਸਿਰ ਪਲੋਸਦਿਆਂ ਹੈਰਾਨ ਹੋਇਆ ਫੱਕਰ ਕਹਿੰਦਾ, "ਧੀਏ ਧਿਆਣੀਏ, ਮੈਂ ਕੁੱਛ ਸਮਝਿਆ ਨਹੀਂ? ਤੇਰੀ ਮਨਸ਼ਾ ਕਿਹੋ ਜਿਹੀ ਸੀ, ਜਿਹੜੀ ਇੱਥੇ ਆਉਂਦਿਆਂ ਹੀ ਪੂਰੀ ਹੋ ਗਈ?"

"ਸਾਂਈਂ ਲੋਕਾ, ਤੇਰੇ ਗੁਆਚੇ ਹੋਏ ਲੋਟੇ ਨੇ ਤਾਂ ਮੈਨੂੰ ਔਝੜੇ ਪਈ ਨੂੰ ਰਾਹੇ ਪਾ ਦਿੱਤਾ ਹੈ। ਹਨੇਰਿਆਂ ਵੱਲ ਵਧਦੀ ਜਾ ਰਹੀ ਨੂੰ ਨਵਾਂ ਜੀਵਨ ਦੇ ਦਿੱਤਾ ਹੈ। ਤੇਰਾ ਲੋਟਾ ਗਵਾਚਾ ਨਹੀਂ, ਉਹ ਤਾਂ ਮੇਰੀ ਗੁਆਚੀ ਇੱਜ਼ਤ ਲੱਭ ਲਿਆਇਆ ਹੈ। ਇਹੋ ਜਿਹੀਆਂ ਅਸੀਸਾਂ ਰਾਮ ਪਿਆਰੀ ਦੇ ਬੁੱਲ੍ਹਾਂ 'ਤੇ ਆਉਣ ਨੂੰ ਕਾਹਲੀਆਂ ਪੈ ਰਹੀਆਂ ਸਨ ਪਰ ਫੱਕਰ ਦੇ ਕਦਮਾਂ ਤੋਂ ਸਿਰ ਚੁੱਕਦਿਆਂ ਉਸ ਦੇ ਮੂੰਹੋਂ ਇਹੀ ਅਲਫਾਜ਼ ਨਿੱਕਲੇ,

"ਗੁਨਾਹਾਂ ਭਰੀ ਦਲਦਲ 'ਚ ਖੁੱਭਣੋਂ ਬਚਾਉਣ ਵਾਲੇ ਸਾਈਂ ਜੀ, ਰਹਿੰਦੀ ਜ਼ਿੰਦਗੀ ਤੇਰਾ ਪਰਉਪਕਾਰ ਨਹੀਂ ਭੁੱਲਾਂਗੀ!"

ਹੁਣ ਵਿਚਾਰਾ ਫੱਕਰ, ਇਹ ਸਾਰਾ ਕੁਝ ਦੇਖਦਾ ਹੋਇਆ ਮੂੰਹ ਅੱਡੀ ਖੜ੍ਹਾ ਸੀ ਕਿ ਇਹ ਮਾਜਰਾ ਕੀ ਹੋਇਆ?

# ਪਰਿੰਦੇ ਪਰ ਕਟਾ ਕੇ ਭਰ ਰਹੇ ਪਰਵਾਜ਼ ਦੇਖੋ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਗੈਰ-ਕਾਨੂੰਨੀ ਢੰਗ ਨਾਲ ਪਰਦੇਸਾਂ ਦੀ ਪਰਵਾਜ਼ ਭਰਨਾ ਵੀ ਕਠਿਨ ਤਪੱਸਿਆ ਤੋਂ ਘੱਟ ਨਹੀਂ ਹੈ। ਆਪਣੀ ਜਾਨ ਤਲੀ 'ਤੇ ਧਰ ਕੇ ਵਧੀਆ ਜ਼ਿੰਦਗੀ ਜਿਉਣ ਦੇ ਸੁਨਿਹਰੀ ਸੁਪਨਿਆਂ ਨੂੰ ਸਾਕਾਰ ਕਰਨਾ ਕਈ ਹੋਰ ਕੌਮਾਂ ਵਾਂਗ ਪੰਜਾਬੀਆਂ ਦੇ ਵੀ ਹਿੱਸੇ ਆਇਆ ਹੈ। ਇਮੀਗ੍ਰੇਸ਼ਨ ਦੇ ਚੱਕਰਾਂ ਵਿਚ ਪਏ ਹੋਏ ਬੰਦੇ ਨੂੰ ਸਾਨ ਫਰਾਂਸਿਸਕੋ ਦੀਆਂ ਉਚੀਆਂ ਅਤੇ ਸੋਹਣੀਆਂ ਇਮਾਰਤਾਂ ਭੂਚਾਲ ਦੀ ਮਾਰ ਹੇਠ ਆਏ ਹੋਏ ਸ਼ਹਿਰ ਵਰਗੀਆਂ ਲਗਦੀਆਂ ਹਨ। ਇਮੀਗ੍ਰੇਸ਼ਨ ਕੋਰਟ ਵਿਚੋਂ ਜਿਸ ਨੂੰ ਪੇਪਰਾਂ ਦੀ ਖੁਸ਼ੀ ਮਿਲ ਜਾਂਦੀ ਹੈ, ਉਹ ਝੱਟ ਵਕੀਲ ਬਣ ਜਾਂਦਾ ਹੈ। ਜਿਸ ਕਿਸੇ ਮੇਰੇ ਵਰਗੇ ਦਾ ਕੇਸ ਜੱਜ ਫੇਲ੍ਹ ਕਰ ਦਿੰਦਾ ਹੈ, ਫਿਰ ਰੱਬ ਹੀ ਜਾਣਦਾ ਹੈ ਕਿ ਬੰਦਾ ਨੌਵੀਂ ਮੰਜ਼ਿਲ ਤੋਂ ਲਿਫਟ ਰਾਹੀਂ ਥੱਲੇ ਕਿਵੇਂ ਉਤਰਦਾ ਹੈ? ਸ਼ਾਇਦ ਇੱਥੇ ਬੰਦਾ ਜੋੜੀਆਂ ਧੀਆਂ ਦਾ ਜਨਮ ਖਿੜੇ ਮੱਥੇ ਸਵੀਕਾਰ ਕਰ ਲਵੇ, ਪਰ ਪੇਪਰਾਂ ਦੀ ਮਾਰ ਸਹਿੰਦਿਆਂ ਪਰਿਵਾਰ ਤੋਂ ਵਿਛੜ ਕੇ ਕਾਲੇ ਪਾਣੀਆਂ ਵਰਗੇ ਦਿਨ ਹੰਢਾਉਣੇ ਕਦੇ ਮਨਜ਼ੂਰ ਨਾ ਕਰੇ। ਜਿਹੜੀਆਂ ਮਾਂਵਾਂ ਨੇ ਪੁੱਤਾਂ ਨੂੰ ਬੂਹੇ ਤੇਲ ਚੋਅ ਕੇ ਵਿਦਾ ਕੀਤਾ ਸੀ, ਉਨ੍ਹਾਂ ਮਾਂਵਾਂ 'ਚੋਂ ਬਥੇਰੀਆਂ ਬੂਹਿਆਂ 'ਤੇ ਪੁੱਤਾਂ ਨੂੰ ਉਡੀਕਦੀਆਂ ਜਹਾਨੋਂ ਤੁਰ ਗਈਆਂ। ਜੇ ਬੱਕਰੇ ਦੇ ਸਿਰ ਕਟਵਾਉਣ ਨਾਲ ਈਦ ਸੰਪੂਰਨ ਹੁੰਦੀ ਹੈ ਤਾਂ ਕੋਈ ਗੱਲ ਨਹੀਂ, ਜੇ ਆਪਣੇ ਲਈ ਸਾਰੀ ਜ਼ਿੰਦਗੀ ਹੀ ਦੁੱਖਾਂ ਨਾਲ ਹੰਢਾ ਲਈ ਹੋਵੇ, ਤੇ ਉਹੀ 'ਆਪਣੇ' ਰੁੱਤਾਂ ਵਾਂਗ ਬਦਲ ਜਾਣ ਤਾਂ ਫਿਰ ਕੀ ਬੀਤਦੀ ਹੋਵੇਗੀ? ਸੋਚੋ ਜ਼ਰਾ।

ਸੀਤਾ ਤੇ ਜੀਤਾ ਦੋ ਭਰਾ ਹਨ। ਜ਼ਮੀਨ ਗੁਜ਼ਾਰੇ ਜੋਗੀ ਹੀ ਸੀ। ਦੋਵੇਂ ਭਰਾ ਮਿਹਨਤੀ ਹੋਣ ਕਰਕੇ ਜ਼ਮੀਨ ਮਾਮਲੇ 'ਤੇ ਲੈ ਕੇ ਖੇਤੀ ਕਰਦੇ ਪਰ ਹਾੜ੍ਹੀ-ਸਾਉਣੀ ਆੜ੍ਹਤੀਏ ਦਾ ਹਿਸਾਬ ਵੀ ਬਰਾਬਰ ਨਾ ਹੁੰਦਾ।

ਸੀਤੇ ਦੀ ਤਾਂ ਜਾਨ ਨਿਕਲ ਜਾਂਦੀ, ਜਦੋਂ ਰੱਤੀ ਰਾਮ ਆੜ੍ਹਤੀਆ ਨਿੱਕੀ ਐਨਕ ਵਿਚੀਂ ਕਹਿੰਦਾ, "ਸੀਤਿਆ, ਐਤਕੀਂ ਫਿਰ ਤੇਰੇ ਸਿਰ ਦੋ ਹਜ਼ਾਰ ਟੁੱਟ ਗਿਆ।" ਹੋਰ ਜੱਟਾਂ ਵਿਚ ਬੈਠਾ ਸੀਤਾ ਜਿਵੇਂ ਧਰਤੀ ਵਿਚ ਗੱਡਿਆ ਗਿਆ ਹੋਵੇ। ਫਿਰ ਇਕ ਦਿਨ ਬਾਪੂ ਨੂੰ ਕਹਿ ਕੇ ਆਪਣੇ ਹਿੱਸੇ ਦਾ ਕਿੱਲਾ ਬੈਅ ਕਰਵਾ ਦਿੱਤਾ। ਬਾਪੂ ਨੂੰ ਲੱਗਿਆ ਜਿਵੇਂ ਅੱਧਾ ਕਲੇਜਾ ਕਿਸੇ ਨੇ ਵੱਢ ਲਿਆ ਹੋਵੇ। ਸੀਤੇ ਨੇ ਅਮਰੀਕਾ ਵਾਲਾ ਏਜੰਟ ਲੱਭ ਲਿਆ। ਜਿਸ ਦਿਨ ਘਰੋਂ ਤੁਰਨ ਲੱਗਿਆ, ਮਾਂ ਨੇ ਪੱਗ ਬੰਨ੍ਹੀ ਵਾਲਾ ਸਿਰ ਦੋਵਾਂ ਹੱਥਾਂ ਵਿਚ ਲੈ ਕੇ ਮੱਥਾ ਚੁੰਮਿਆ ਤੇ ਬੋਲੀ, "ਪੁੱਤ ਸਿਰ 'ਤੇ ਪੱਗ ਇਸ ਤਰ੍ਹਾਂ ਹੀ ਰੱਖੀਂ, ਪਰਮਾਤਮਾ ਤੇਰੇ ਅੰਗ-ਸੰਗ ਰਹੇਗਾ। ਜੁੱਗ-ਜੁੱਗ ਜੀਵੇਂ, ਜਵਾਨੀ ਮਾਣੇਂ।" ਨਾਲ ਹੀ ਮਾਂ ਦਾ ਗੱਚ ਭਰ ਆਇਆ। ਸੀਤੇ ਦੀ ਘਰ ਵਾਲੀ ਇਕ ਧੀ ਨੂੰ ਗੋਦੀ ਚੁੱਕੀ ਖੜ੍ਹੀ ਸੀ, ਦੂਜੀ ਧੀ ਲੱਤਾਂ ਨੂੰ ਚੁੰਬੜੀ ਹੋਈ ਸੀ। ਸੀਤੇ ਨੇ ਦੋਵਾਂ ਧੀਆਂ ਦੇ ਸਿਰ ਹੱਥ ਰੱਖ ਦਿੱਤਾ, ਬੇਬੇ-ਬਾਪੂ ਨੂੰ ਮੱਥਾ ਟੇਕ ਬੂਹੇ ਖੜ੍ਹੀ ਸੂਮੋ ਵਿਚ ਬੈਠ ਗਿਆ।

ਅਮਰੀਕਾ ਪਹੁੰਚ ਕੇ ਸੀਤੇ ਨੇ ਚੰਗੀ ਕਮਾਈ ਕੀਤੀ ਪਰ ਪੇਪਰਾਂ ਨੇ ਲੜ ਨਾ ਫੜਾਇਆ। ਪੰਜਾਬੀ ਵਕੀਲ ਵੀ ਰੱਤੀ ਰਾਮ ਆੜ੍ਹਤੀਏ ਵਰਗੇ ਨਿਕਲੇ, ਜਿਹੜੇ ਹਰ ਗੇੜੇ ਸੀਤੇ ਤੋਂ ਡਾਲਰ ਝਾੜ ਲੈਂਦੇ। ਜੀਤੇ ਨੇ ਆਪਣੇ ਹਿੱਸੇ ਦਾ ਕਿੱਲਾ ਵੀ ਬਾਪੂ ਤੋਂ ਬੈਅ ਕਰਵਾ ਦਿੱਤਾ। ਹੁਣ ਬਾਪੂ ਦਾ ਸਾਰਾ ਕਲੇਜਾ ਵੱਢਿਆ ਗਿਆ। ਜੀਤੇ ਦੇ ਪਾਸਪੋਰਟ 'ਤੇ ਅਮਰੀਕਾ ਦਾ ਵੀਜ਼ਾ ਲੱਗਿਆ ਹੀ ਸੀ, ਜਦੋਂ ਬਾਪੂ ਵੀ ਧੁਰ ਦੀ ਟਿਕਟ ਕੱਟੀ ਗਈ। ਬਾਪੂ ਦੇ ਫੁੱਲ ਕੀਰਤਪੁਰ ਪਾ ਕੇ ਰੋਂਦੀ ਬੇਬੇ ਦੇ ਪੈਰੀਂ ਹੱਥ ਲਾਏ, ਘਰਵਾਲੀ ਦੇ ਕੁੱਛੜ ਚੁੱਕੇ ਮੁੰਡੇ ਨੂੰ ਪਿਆਰ ਨਾਲ ਚੁੰਮ ਕੇ ਦਿੱਲੀ ਨੂੰ ਰਵਾਨਾ ਹੋ ਗਿਆ। ਪਰਦੇਸ ਵਿਚ ਸੀਤੇ ਤੇ ਜੀਤੇ ਨੇ ਗਲਵਕੜੀਆ ਪਾ ਕੇ ਖੁਸ਼ੀ ਮਨਾਈ। ਦੋਵੇਂ ਖੇਤਾਂ ਵਿਚ ਕੰਮ ਕਰਦੇ। ਜੀਤੇ ਦੇ ਪੇਪਰ ਵੀ ਭਰੇ ਪਰ ਗੱਲ ਨਾ ਬਣੀ। ਹੁਣ ਦੋਵੇਂ ਸੋਚਦੇ-ਚਲੋ ਪੰਜ ਸਾਲ ਲਾ ਕੇ, ਤੇ ਡਾਲਰ ਇਕੱਠੇ ਕਰਕੇ ਪਿੰਡ ਵਾਪਿਸ ਮੁੜ ਜਾਵਾਂਗੇ ਪਰ ਦੋਵੇਂ ਭੋਲੇ ਇਹ ਨਾ ਸਮਝੇ ਕਿ ਡਾਲਰਾਂ ਨੂੰ ਛੱਡਣ ਦਾ ਕਿਸੇ ਦਾ ਜੀਅ ਨਹੀਂ ਕਰਦਾ। ਦੋਵੇਂ ਕਮਾਈ ਕਰਦੇ। ਬਾਪੂ ਦੀ ਜ਼ਮੀਨ ਤਾਂ ਹਿੱਸੇ ਵੰਡ ਕੇ ਵੇਚੀ ਸੀ ਪਰ ਹੁਣ ਇਕੱਠੀ ਜ਼ਮੀਨ ਖਰੀਦਦਿਆਂ, ਵੀਹ ਕਿੱਲੇ ਬਣਾਉਂਦਿਆਂ ਪਤਾ ਹੀ ਨਾ ਲੱਗਿਆ ਕਦੋਂ ਦਸ ਸਾਲ ਬੀਤ ਗਏ। ਪੇਪਰਾਂ ਨੇ ਦੋਵਾਂ ਨੂੰ ਲੜ-ਸਿਰਾ ਨਾ ਫੜਾਇਆ। ਦੋਵੇਂ ਇਕ-ਦੂਜੇ ਨੂੰ ਕਹਿ ਛੱਡਦੇ, "ਬਾਈ ਹੁਣ ਤੂੰ ਪਿੰਡ ਮੁੜ ਜਾ। ਆਪਣੇ ਬੱਚੇ ਜਵਾਨ ਹੋ ਗਏ ਹਨ।" ਦੂਜਾ ਕਹਿੰਦਾ, "ਬਾਈ ਤੂੰ ਜਾਹ, ਧੀਆਂ ਮੁਟਿਆਰ ਹੋ ਗਈਆਂ ਹਨ।"

ਫਿਰ ਇਕ ਦਿਨ ਬੇਬੇ ਨੇ ਕਿਸੇ ਤੋਂ ਲਿਖਾ ਕੇ ਚਿੱਠੀ ਪਾਈ ਜਿਸ ਵਿਚ ਲਿਖਿਆ ਸੀ, "ਸੀਤੇ ਪੁੱਤ! ਵਿਰਨੀ ਦੀ ਕੰਧ, ਧੀਆਂ ਦੇ ਕੱਦ ਨਾਲੋਂ ਛੋਟੀ ਹੋ ਗਈ ਹੈ। ਬੂਹੇ ਖੜ੍ਹੀ ਬੇਰੀ ਤੋਂ ਹਰ ਕੋਈ ਬੇਰ ਤੋੜਨੇ ਚਾਹੁੰਦਾ ਹੈ। ਮੇਰੀਆਂ ਅੱਖਾਂ ਦੀ ਜੋਤ ਹੁਣ ਚੋਰ ਅਤੇ ਸਾਧੂ ਨੂੰ ਪਛਾਣਨੋਂ ਹੱਟ ਗਈ ਹੈ। ਪੁੱਤ ਤੂੰ ਜਲਦੀ ਪਿੰਡ ਆ ਕੇ ਧੀ ਦੀ ਡੋਲੀ ਤੋਰ ਦੇ, ਤੇ ਮਾਂ ਦੀ ਅਰਥੀ ਨੂੰ ਮੋਢਾ ਦੇ ਆ ਕੇ!! ਪੁੱਤ ਇੱਜ਼ਤ ਪੈਸੇ ਨਾਲ ਨਹੀਂ ਮਿਲਦੀ, ਪੈਸੇ ਇੱਜ਼ਤ ਨਾਲ ਮਿਲ ਜਾਂਦਾ ਹੈ। ਜਿਹੜੇ ਕਾਗਜ਼ ਪੰਦਰਾਂ ਸਾਲਾਂ ਵਿਚ ਨਹੀਂ ਬਣੇ, ਉਹ ਹੁਣ ਪੰਦਰਾਂ ਮਹੀਨਿਆਂ ਵਿਚ ਕਿਵੇਂ ਬਣ ਜਾਣਗੇ? ਪੁੱਤ ਅੱਗੇ ਤੇਰੀ ਮਰਜ਼ੀ ਹੈ...!"

ਸੀਤੇ ਨੂੰ ਸਮਝ ਨਾ ਆਵੇ ਕੀ ਕਰੇ। ਮਾਂ ਨੇ ਤਾਂ ਮੂੰਹ 'ਤੇ ਉਂਗਲੀ ਰੱਖ ਕੇ ਸਭ ਕੁਝ ਦੱਸ ਦਿੱਤਾ। ਵਕੀਲ ਡਾਲਰ ਖਾਣ ਦੇ ਮਾਰੇ ਲਾਰੇ 'ਤੇ ਲਾਰੇ ਲਾਈ ਜਾਂਦੇ। ਮਾਂ ਪੁੱਤਾਂ ਨੂੰ ਉਡੀਕਦੀ ਬੇਗਾਨਿਆਂ ਦੇ ਮੋਢੇ ਦਾ ਸਹਾਰਾ ਲੈ ਕੇ ਸਿਵਿਆਂ ਵਿਚ ਮੱਚ ਕੇ ਰਾਖ ਹੋ ਗਈ। ਦੋਵੇਂ ਭਰਾ ਇਕ-ਦੂਜੇ ਦੇ ਗਲ ਲੱਗ ਰੋ ਕੇ ਚੁੱਪ ਹੋ ਗਏ। ਇਸ ਦੇਸ਼ ਵਿਚ ਜਿਨ੍ਹਾਂ ਨੇ ਦੁੱਖ ਹੰਢਾਏ ਹਨ, ਉਨ੍ਹਾਂ ਦੇ ਹੰਝੂ ਵੀ ਪੱਥਰ ਹੋ ਗਏ ਹਨ। ਉਹ ਵਗਦੇ ਨਹੀਂ, ਅੱਖਾਂ ਵਿਚ ਹੀ ਰੜਕੀ ਜਾਂਦੇ ਹਨ।

ਜ਼ਮੀਨ ਦੀ ਦੇਖ-ਭਾਲ ਲਈ ਸੀਤੇ ਦੇ ਮਾਮੇ ਦਾ ਪੁੱਤਰ ਬੰਸਾ ਪਿੰਡ ਗੇੜਾ ਮਾਰਦਾ ਰਹਿੰਦਾ। ਇਨ੍ਹਾਂ ਨੇ ਬੰਸੇ ਨੂੰ ਜ਼ਮੀਨ ਦਾ ਮੁਖਤਿਆਰਨਾਮਾ ਦੇ ਛੱਡਿਆ। ਜੋ ਵੀ ਕੰਮ ਕਰਨਾ ਹੁੰਦਾ ਜਾਂ ਕਰਵਾਉਣਾ ਹੁੰਦਾ; ਬੰਸਾ ਹੀ ਕਰਦਾ। ਹੁਣ ਦੋਵਾਂ ਕੁੜੀਆਂ ਨੂੰ ਕਾਲਜ ਛੱਡਣ ਦੀ ਜ਼ਿੰਮੇਵਾਰੀ ਪਿੰਡ ਦੇ ਇਕ ਮਜ਼੍ਹਬੀ ਸਿੱਖ ਨੂੰ ਦੇ ਦਿੱਤੀ ਜੋ ਸੀਤੇ ਕੀ ਸਫਾਰੀ ਵਿਚ ਹੀ ਦੋਵੇਂ ਕੁੜੀਆਂ ਛੱਡ ਆਉਂਦਾ, ਤੇ ਛੁੱਟੀ ਹੋਈ ਤੋਂ ਲੈ ਆਉਂਦਾ। ਸਿਆਣੀ ਉਮਰ ਦਾ ਬੰਦਾ ਸੀ। ਜਿਸ ਦਿਨ ਢਿੱਲਾ-ਮੱਠਾ ਹੁੰਦਾ ਤਾਂ ਉਸ ਦਾ ਗੱਭਰੂ ਪੁੱਤ ਇਹ ਜ਼ਿੰਮੇਵਾਰੀ ਨਿਭਾਉਂਦਾ ਜੋ ਆਪ ਪੜ੍ਹਨੋਂ ਹਟਿਆ ਹੋਇਆ ਸੀ।

ਇਕ ਦਿਨ ਸੀਤੇ ਦੀ ਵੱਡੀ ਕੁੜੀ ਕਹਿੰਦੀ, "ਮਿੰਟੂ ਤੂੰ ਹੀ ਸਾਨੂੰ ਛੱਡਣ ਜਾਇਆ ਕਰ। ਬਾਬੇ ਨੂੰ ਰਹਿਣ ਦੇ। ਨਾਲੇ ਬਾਬਾ ਹੁਣ ਬਿਮਾਰ ਰਹਿੰਦਾ ਹੈ। ਮਿੰਟੂ ਵੀ ਕੁੜੀ ਦੇ ਅੱਖਾਂ ਵਿਚਲੇ ਇਸ਼ਾਰੇ ਨੂੰ ਸਮਝ ਗਿਆ। ਹੁਣ ਗੱਡੀ ਵਿਚਲੀ ਟੇਪ ਵਿਚ ਵੀ ਰੋਮਾਂਟਿਕ ਗਾਣੇ ਵੱਜਣ ਲੱਗੇ। ਮਿੰਟੂ ਦੀ ਰਹਿਣੀ-ਬਹਿਣੀ ਵਿਚ ਫਰਕ ਆ ਗਿਆ। ਇਕ, ਥੱਲੇ ਨਵੀਂ ਸਫਾਰੀ; ਨਾਲ ਬੈਠੀ ਅਮੀਰਾਂ ਦੀ ਧੀ; ਪਰ ਪਿਆਰ ਦੇ ਹਾਸੇ ਉਦੋਂ ਕਤਲ ਹੋ ਗਏ, ਜਦੋਂ ਦੋਵਾਂ ਨੂੰ ਹਰੇ-ਹਰੇ ਘਾਹ 'ਤੇ ਬੈਠਿਆਂ ਕਲੋਲਾਂ ਕਰਦਿਆਂ ਬੰਸੇ ਨੇ ਦਬੋਚ ਲਿਆ। ਦੋਵਾਂ ਦੀ ਚੰਗੀ ਮੁਰੰਮਤ ਕੀਤੀ। ਕੁੜੀ ਨੇ ਫਿਰ ਬੰਸੇ ਦੀ ਨਾ ਪ੍ਰਵਾਹ ਕਰਦਿਆਂ, ਮਿੰਟੂ ਨੂੰ ਜੱਫੀ ਪਾ ਲਈ, "ਮਿੰਟੂ ਮੈਂ ਤੇਰੇ ਬਿਨਾਂ ਨਹੀਂ ਰਹਿ ਸਕਦੀ।" ਕੁੜੀ ਮੁੜ-ਮੁੜ ਕਹਿ ਰਹੀ ਸੀ।

ਬੰਸੇ ਨੇ ਘਰ ਆ ਕੇ ਕਿਹਾ, "ਭਾਬੀ ਕੁੜੀ ਦੀ ਅਕਲ ਦਾ ਬੂਰ ਝੜ ਗਿਆ ਹੈ। ਹੁਣ ਫਲ ਦੀ ਆਸ ਨਾ ਰੱਖ। ਇਸ ਕੰਡਿਆਲੀ ਝਾੜੀ ਨੂੰ ਜੜ੍ਹੋਂ ਪੁੱਟ ਕੇ ਬਾਈ ਨੂੰ ਸੱਦ, ਤੇ ਇਸ ਨੂੰ ਗਲੋਂ ਲਾਹ। ਸਾਰਾ ਪਿੰਡ ਸਾਡੀ ਮਿੱਟੀ ਪੁੱਟੀ ਜਾਂਦਾ ਹੈ।" ਮਾਂ ਨੇ ਕੁੜੀ ਨੂੰ ਬਥੇਰਾ ਸਮਝਾਇਆ ਪਰ ਇਸ਼ਕ ਅੱਖੋਂ ਅੰਨ੍ਹਾ ਤੇ ਕੰਨੋਂ ਬੋਲਾ ਹੁੰਦਾ ਹੈ। ਕੁੜੀ ਦੇ ਸਿਰ ਜੂੰ ਵੀ ਨਾ ਸਰਕੀ, ਮਿੰਟੂ ਨਾਲ ਉਸੇ ਤਰ੍ਹਾਂ ਮਿਲਦੀ ਰਹੀ।

ਜੀਤੇ 'ਤੇ ਪਰਮਾਤਮਾ ਦਿਆਲ ਹੋ ਗਿਆ। ਰੱਬ ਨੇ ਉਸ ਦੀ ਚਿਰਾਂ ਬਾਅਦ ਨੇੜੇ ਹੋ ਕੇ ਸੁਣ ਲਈ ਸੀ। ਉਸ ਨੂੰ ਪੇਪਰ ਮਿਲ ਗਏ। ਘਰ ਵਾਲੀ ਤੇ ਮੁੰਡਾ ਉਸ ਕੋਲ ਪਹੁੰਚ ਗਏ। ਸੀਤਾ ਵੀ ਨਾਲ ਰਹਿਣ ਲੱਗ ਗਿਆ। ਹੁਣ ਸੀਤੇ ਨੂੰ ਵੀ ਆਸ ਬੱਝ ਗਈ ਕਿ ਰੱਬ ਨੇ ਬਾਰ੍ਹੀਂ ਸਾਲੀਂ ਤਾਂ ਸੁਣੀ ਨਹੀਂ; ਕੀ ਪਤਾ ਅਠ੍ਹਾਰੀਂ ਸਾਲੀਂ ਸੁਣ ਲਵੇ। ਅਜੇ ਸੁਨਹਿਰੀ ਸੁਪਨੇ ਵੇਖਦਾ ਹੀ ਸੀ ਕਿ ਪਿੰਡੋਂ ਬੰਸੇ ਦਾ ਫੋਨ ਆ ਗਿਆ, "ਬਾਈ ਲੱਖਾਂ ਵਿਚ ਲਕੋਈ ਅੱਗ ਦੇ ਭਾਂਬੜ ਨਿਕਲ ਗਏ ਨੇ। ਮੇਰੇ ਵੀ ਸਿਰ ਤੋਂ ਪਾਣੀ ਵਗ ਗਿਆ। ਕੁੜੀ ਮਜ਼੍ਹਬੀ ਸਿੱਖ ਦੇ ਮੁੰਡੇ ਨਾਲ ਨਿਕਲ ਗਈ ਤੇ ਕੋਰਟ ਮੈਰਿਜ ਕਰਵਾ ਲਈ ਹੈ। ਤੇਰੇ ਭਰਾਵਾਂ ਨੇ ਨਾ ਭੁਆ ਨੂੰ ਮੋਢਾ ਦਿੱਤਾ, ਨਾ ਕੁੜੀ ਦੀ ਡੋਲੀ ਹੱਥੀਂ ਤੋਰ ਸਕਿਆ। ਹੁਣ ਡਾਲਰ ਤਾਂ ਪੱਤਝੜ ਦੇ ਪੱਤਿਆਂ ਵਾਂਗ ਕੰਧਾਂ ਦੇ ਖੂੰਜਿਆਂ ਨਾਲ ਲੱਗਦੇ ਫਿਰਨਗੇ, ਸਰਦਾਰੀ ਵਾਲਾ ਹਾਰ ਹੁਣ ਗਲੋਂ ਲਾਹ ਕੇ ਆਪਣਾ ਘਰ ਸੰਭਾਲ। ਖਰਬੂਜ਼ੇ ਨੂੰ ਦੇਖ ਕੇ ਖਰਬੂਜ਼ਾ ਰੰਗ ਵਟਾਉਂਦਾ ਹੈ। ਜੇ ਦਿਲ ਵਿਚ ਕੋਈ ਆਸ ਹੈ ਤਾਂ ਆ ਕੇ ਛੋਟੀ ਕੁੜੀ ਦਾ ਵਿਆਹ ਕਰ ਦੇਹ।" ਇੰਨਾ ਕੁਝ ਕਹਿ ਕੇ ਬੰਸਾ ਫਤਿਹ ਬੁਲਾ ਗਿਆ।

ਇਹ ਸਭ ਸੁਣ ਕੇ ਸੀਤਾ ਜਿਵੇਂ ਸੁੰਨ ਹੋ ਗਿਆ ਹੋਵੇ, ਜਿਵੇਂ ਧੀ ਨੇ ਚੌਕ ਵਿਚ ਖੜ੍ਹਾ ਕੇ ਉਸ ਦੇ ਸੀਨੇ ਗੋਲੀ ਮਾਰ ਦਿੱਤੀ ਹੋਵੇ, ਇੱਜ਼ਤ ਦੇ ਫੁੱਲ ਪੈਰਾਂ ਥੱਲੇ ਮਧੋਲ ਕੇ ਤੁਰ ਗਈ ਹੋਵੇ!

ਸੀਤਾ ਕਚੀਚੀਆਂ ਲੈ ਕੇ, ਮੁੱਕੀਆਂ ਕੰਧਾਂ ਵਿਚ ਮਾਰਦਾ, ਕੀ ਕਰ ਸਕਦਾ ਸੀ? ਜਿਹੜੀ ਔਲਾਦ ਖਾਤਰ ਹਨੇਰ ਢੋਇਆ ਸੀ, ਉਹ ਹੀ ਧੋਖਾ ਦੇ ਗਈ। ਸੀਤਾ ਸਭ ਕੁਝ ਛੱਡ ਕੇ ਪਿੰਡ ਤੁਰ ਗਿਆ। ਰਿਸ਼ਤੇਦਾਰ ਇਕੱਠੇ ਕਰਕੇ ਧੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਮਿੰਟੂ ਦੀ ਹੀ ਰਹੀ। ਸੀਤੇ ਨੇ ਅੰਤ ਕਹਿ ਦਿੱਤਾ ਕਿ 'ਅੱਜ ਤੋਂ ਬਾਅਦ ਤੂੰ ਸਾਡੇ ਲਈ ਮਰ ਗਈ ਏਂ'।

ਛੋਟੀ ਧੀ ਨੂੰ ਕੈਨੇਡਾ ਵਿਆਹ ਦਿੱਤਾ। ਜ਼ਮੀਨ ਦੀ ਗੱਲਬਾਤ ਬੰਸੇ ਨਾਲ ਤੋਰੀ ਤਾਂ ਪਤਾ ਲੱਗਿਆ, ਨਾਲ ਦੇ ਪਿੰਡ ਵਾਲੀ ਪੰਜ ਕਿੱਲੇ ਜ਼ਮੀਨ ਬੰਸਾ ਬੈਅ ਕਰ ਗਿਆ ਹੈ। ਉਸ ਨੂੰ ਦਿੱਤੇ ਹੋਏ ਮੁਖਤਿਆਰਨਾਮੇ ਦਾ ਉਹ ਵੀ ਫਾਇਦਾ ਉਠਾ ਗਿਆ ਹੈ। ਕੋਰਟ-ਕਚਹਿਰੀਆਂ ਨੇ ਸੀਤਾ ਹੰਭਾ ਦਿੱਤਾ। ਸਭ ਕੁਝ ਛੱਡ ਕੇ ਧੀ ਕੋਲ ਕੈਨੇਡਾ ਆ ਗਿਆ।

ਸੀਤੇ ਦੀ ਧੀ ਕੋਲ ਤਿੰਨ ਧੀਆਂ ਹੋ ਗਈਆਂ। ਮਿੰਟੂ ਪੱਕਾ ਨਸ਼ਈ ਹੋ ਗਿਆ। ਜਿਹੜੀ ਧੀ ਨੇ ਕੈਨੇਡਾ, ਅਮਰੀਕਾ ਵਿਚ ਹੱਸਣਾ-ਵੱਸਣਾ ਸੀ, ਉਹ ਅੱਜ ਲੋਕਾਂ ਦੇ ਕੱਪੜੇ ਸਿਲਾਈ ਕਰਕੇ ਪੇਟ ਪਾਲਦੀ ਹੈ। ਸੋਹਣੀ ਨੇ ਤਾਂ ਮਹੀਂਵਾਲ ਖਾਤਰ ਆਪਣੀ ਜਾਨ ਦੇ ਦਿੱਤੀ। ਉਹ ਇਕ ਵਾਰ ਮਰ ਕੇ ਲੋਕਾਂ ਲਈ ਕਿੱਸਾ ਬਣ ਗਈ ਪਰ ਅੱਜ ਦੀਆਂ ਸੋਹਣੀਆਂ ਮਾਪਿਆਂ ਤੋਂ ਲਾ-ਪ੍ਰਵਾਹ ਹੋ ਕੇ ਨਿੱਤ ਦਿਨ ਨਵੀਂ ਮੌਤ ਮਰਦੀਆਂ ਨੇ। ਚੋਰਾਂ ਕੋਲੋਂ ਜਿੰਦਾ ਲਾ ਕੇ ਚਾਬੀ ਸਾਧਾਂ ਨੂੰ ਫੜਾਉਣ ਵਾਲਾ ਸੀਤਾ ਵੀਹ ਸਾਲ ਡਾਲਰਾਂ ਦੀ ਕਮਾਈ ਕਰਕੇ ਵੀ ਗਰੀਬ ਹੀ ਰਿਹਾ।

# ਬੰਦੇ ਦੀ ਯੋਗਤਾ ਨਹੀਂ, ਵਫਾਦਾਰੀ ਪੈਮਾਨਾ ਹੈ ਭਾਰਤੀ ਰਾਜਨੀਤੀ ਦਾ

**ਸਿਆਸਤ ਦਾ ਪਿੜ**

**ਜਤਿੰਦਰ ਪਨੂੰ**

**ਸਾਡੇ ਸਾਹਮਣੇ ਇਸ ਵੇਲੇ ਸਵਾਲ ਇਹ ਨਹੀਂ ਕਿ ਸੋਨੀਆ ਗਾਂਧੀ ਦੇ ਭਰੋਸੇਮੰਦ ਕਿਹੜੇ ਹਨ, ਸਗੋਂ ਇਹ ਹੈ ਕਿ ਇੱਕ 'ਭਰੋਸੇਮੰਦ' ਪੀ. ਚਿਦੰਬਰਮ ਨੇ ਮੁਲਕ ਦਾ ਜਲੂਸ ਕੱਢਵਾ ਦਿੱਤਾ ਹੈ। ਲੋੜੀਂਦੇ ਵਿਅਕਤੀਆਂ ਦੀ ਤਾਜ਼ਾ ਸੂਚੀ ਪਾਕਿਸਤਾਨ ਨੂੰ ਭੇਜਣ ਸਮੇਂ ਗਲਤੀ ਭਾਵੇਂ ਅਧਿਕਾਰੀਆਂ ਦੇ ਪੱਧਰ ਉਤੇ ਹੋਈ ਹੋਵੇ ਪਰ ਇਸ ਦੇਸ਼ ਵਿਚ ਇੱਕੋ ਪੱਧਰ ਦਾ ਪ੍ਰਬੰਧ ਨਹੀਂ, ਕਈ ਤਹਿਆਂ ਹਨ। ਕਿਸੇ ਦੂਜੇ ਦੇਸ਼ ਵੱਲ ਇਹੋ ਜਿਹੀ ਸੂਚੀ ਭੇਜਣ ਤੋਂ ਪਹਿਲਾਂ ਸਾਰੀਆਂ ਸਬੰਧਤ ਏਜੰਸੀਆਂ ਤੋਂ ਰਿਪੋਰਟ ਲੈ ਕੇ ਭੇਜਣੀ ਚਾਹੀਦੀ ਸੀ ਤਾਂ ਕਿ ਕੋਈ ਗਲਤੀ ਨਾ ਹੋਵੇ ਤੇ ਜੇ ਫਿਰ ਵੀ ਉਨ੍ਹਾਂ ਏਜੰਸੀਆਂ ਨੇ ਠੀਕ ਰਿਪੋਰਟ ਨਹੀਂ ਦਿੱਤੀ ਤਾਂ ਉਨ੍ਹਾਂ ਦੇ ਮੁਖੀਆਂ ਵਿਰੁਧ ਕਾਰਵਾਈ ਕੀਤੀ ਜਾਣੀ ਚਾਹੀਦੀ ਸੀ, ਜਿਹੜੀ ਨਹੀਂ ਕੀਤੀ ਗਈ।**

ਜਦੋਂ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਹਾਲੇ ਤੀਜਾ ਸਾਲ ਸ਼ੁਰੂ ਹੋਇਆ ਸੀ, ਓਦੋਂ ਇੱਕ ਅਹਿਮ ਮੁਕੱਦਮੇ ਵਿਚ ਇਹ ਸਰਕਾਰ ਅਦਾਲਤ ਵਿਚ ਹਾਰ ਗਈ। ਕੇਸ ਉਸ ਕਾਨੂੰਨੀ ਅਹਿਲਕਾਰ ਦੀ ਗਲਤੀ ਨਾਲ ਹਾਰਿਆ ਸੀ, ਜਿਹੜਾ ਪਹਿਲਾਂ ਵੀ ਦੋ ਕੇਸਾਂ ਦਾ ਭੱਠਾ ਬਿਠਾ ਚੁੱਕਾ ਸੀ। ਜਿਵੇਂ ਕਿ ਆਮ ਹੁੰਦਾ ਹੈ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕੋਲ ਵੀ ਏਦਾਂ ਦੇ ਜੀ-ਹਜ਼ੂਰੀਆਂ ਦੀ ਘਾਟ ਨਹੀਂ, ਜਿਹੜੇ ਆਪਣੇ ਵਰਗੇ ਹੋਰਨਾਂ ਦੇ ਪੈਰ ਮਿੱਧ ਕੇ ਅੱਗੇ ਲੰਘਣ ਲਈ ਢੁਕਵੇਂ ਮੌਕੇ ਦੀ ਤਾੜ ਵਿਚ ਰਹਿੰਦੇ ਹਨ। ਉਨ੍ਹਾਂ ਨੇ ਜਾ ਕੇ ਮੁੱਖ ਮੰਤਰੀ ਦੇ ਕੰਨਾਂ ਕੋਲ ਭੀੰ-ਭੀੰ ਕੀਤੀ ਕਿ 'ਇਹ ਬੰਦਾ ਕੰਮ ਦਾ ਨਹੀਂ, ਤੁਹਾਡੀ ਪੁਜ਼ੀਸ਼ਨ ਖਰਾਬ ਕਰਵਾ ਰਿਹਾ ਹੈ, ਇਸ ਦਾ ਕੋਈ ਬਦਲ ਲੱਭਣਾ ਚਾਹੀਦਾ ਹੈ।' ਅੱਧੀ ਸਦੀ ਨਾਲੋਂ ਵੱਧ ਰਾਜਨੀਤੀ ਵਿਚ ਰਹਿ ਕੇ ਕਈ ਪੱਤਣਾਂ ਨੂੰ ਤਰ ਚੁੱਕੇ ਬਾਦਲ ਨੇ ਹੱਸ ਕੇ ਕਿਹਾ, 'ਚਿੰਤਾ ਦੀ ਗੱਲ ਕੋਈ ਨਹੀਂ, ਜੇ ਉਹ ਤਿੰਨ ਕੇਸ ਹਾਰ ਗਿਆ ਹੈ ਤਾਂ ਚੌਥਾ ਜਿੱਤ ਜਾਵੇਗਾ, ਪਰ ਉਸ ਦੀ ਵਫਾਦਾਰੀ ਉਤੇ ਕਿੰਤੂ ਕੋਈ ਨਹੀਂ ਕਰ ਸਕਦਾ।' ਜਿਨ੍ਹਾਂ ਨੇ ਸਰਕਾਰਾਂ ਚਲਾਉਣੀਆਂ ਹੁੰਦੀਆਂ ਹਨ, ਨਾ ਉਹ ਕਿਸੇ ਬੰਦੇ ਦੀ ਕਾਰਗੁਜ਼ਾਰੀ ਨੂੰ ਵੇਖਦੇ ਹਨ, ਨਾ ਉਸ ਦੇ ਨਿੱਜੀ ਨੁਕਸਾਂ ਅਤੇ ਝਿੜਕਣਾਂ ਨੂੰ, ਆਪਣੇ ਨਾਲ ਨਿੱਜੀ ਵਫਾਦਾਰੀ ਹੀ ਸਭ ਤੋਂ ਵੱਡਾ ਪੈਮਾਨਾ ਹੁੰਦੀ ਹੈ।

ਇਹੋ ਗੱਲ ਸਾਨੂੰ ਹੁਣ ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਪਲਾਨੀਅੱਪਨ ਚਿਦੰਬਰਮ ਦੇ ਸਬੰਧ ਵਿਚ ਕਹਿਣੀ ਪੈ ਰਹੀ ਹੈ, ਜਿਸ ਨੇ ਲੋੜੀਂਦੇ ਵਿਅਕਤੀਆਂ ਦੀ ਸੂਚੀ ਪਾਕਿਸਤਾਨ ਨੂੰ ਭੇਜਣ ਦੇ ਮਾਮਲੇ ਵਿਚ ਮੁਲਕ ਦਾ ਜਲੂਸ ਕੱਢਵਾ ਕੇ ਰੱਖ ਦਿੱਤਾ ਹੈ। ਰਾਜੀਵ ਗਾਂਧੀ ਦੀ ਸਰਕਾਰ ਵੇਲੇ ਉਹ ਭਾਰਤ ਦੀ ਅੰਦਰੂਨੀ ਸੁਰੱਖਿਆ ਦੇ ਰਾਜ ਮੰਤਰੀ ਦੇ ਤੌਰ 'ਤੇ ਉਭਰਿਆ ਸੀ ਤੇ ਬਾਅਦ ਦੀਆਂ ਕਾਂਗਰਸੀ ਅਤੇ ਗੈਰ-ਕਾਂਗਰਸੀ ਸਰਕਾਰਾਂ ਦੌਰਾਨ ਖ਼ਜ਼ਾਨੇ ਦੇ ਮਾਮਲੇ ਵਿਚ 'ਦੂਜਾ ਮਨਮੋਹਨ ਸਿੰਘ' ਗਿਣਿਆ ਜਾਣ ਲੱਗ ਪਿਆ ਸੀ। ਫਰਕ ਬੱਸ ਏਨਾ ਸੀ ਕਿ ਮਨਮੋਹਨ ਸਿੰਘ ਨੇ ਨਾ ਕਦੇ ਪਾਰਟੀ ਛੱਡੀ, ਨਾ ਕਦੇ ਕਿਸੇ ਇਹੋ ਜਿਹੀ ਕੋਤਾਹੀ ਜਾਂ ਵਿਵਾਦ ਵਿਚ ਫਸਿਆ, ਜਿਹੋ ਜਿਹੀਆਂ ਗੱਲਾਂ ਵਿਚ ਚਿਦੰਬਰਮ ਫਸਿਆ ਰਹਿੰਦਾ ਹੈ ਪਰ ਦੋਵਾਂ ਦੀ ਨੇੜਤਾ ਸਦਾ ਰਹੀ ਹੈ। ਉਹ ਦੋਵੇਂ ਇਸ ਵਕਤ ਦੇ ਭਾਰਤ ਦੇ ਰਾਜ-ਦਰਬਾਰ ਦੀ 'ਅਸਲ ਮੁਖੀ' ਸੋਨੀਆ ਗਾਂਧੀ ਦੇ ਨਿੱਜੀ ਭਰੋਸੇਮੰਦ ਮੰਨੇ ਜਾਣ ਵਾਲਿਆਂ ਦੀ ਸੂਚੀ ਵਿਚ ਸਭ ਤੋਂ ਉਪਰਲੇ ਤਿੰਨਾਂ ਵਿਚ ਆਉਂਦੇ ਹਨ। ਤੀਜਾ ਬੰਦਾ ਪ੍ਰਣਬ ਮੁਕਰਜੀ ਹੈ, ਜਿਸ ਨੂੰ ਸੋਨੀਆ ਗਾਂਧੀ ਦੇ ਮਰਹੂਮ ਪਤੀ ਨੇ ਕਦੇ ਨੇੜੇ ਨਹੀਂ ਸੀ ਲੱਗਣ ਦਿੱਤਾ। ਜੇ ਉਸ ਨੂੰ ਇੰਦਰਾ ਗਾਂਧੀ ਦੀ ਮੌਤ ਮਗਰੋਂ ਰਾਜੀਵ ਗਾਂਧੀ ਦਾ ਸ਼ਰੀਕ ਬਣਾ ਕੇ ਪੇਸ਼ ਨਾ ਕੀਤਾ ਜਾਂਦਾ ਤਾਂ ਜਿੰਨਾ ਉਹ ਸਿਆਸੀ ਪੱਖੋਂ ਪਰਪੱਕ ਅਤੇ ਇਨ੍ਹਾਂ ਦੋਵਾਂ ਵਾਲੇ ਗੁਣਾਂ ਵਿਚ ਵੀ ਗਿਆਨਵਾਨ ਹੈ, ਸ਼ਾਇਦ ਹੁਣ ਪ੍ਰਧਾਨ ਮੰਤਰੀ ਵੀ ਉਸੇ ਨੇ ਹੋਣਾ ਸੀ।

ਸਾਡੇ ਸਾਹਮਣੇ ਇਸ ਵੇਲੇ ਸਵਾਲ ਇਹ ਨਹੀਂ ਕਿ ਸੋਨੀਆ ਗਾਂਧੀ ਦੇ ਭਰੋਸੇਮੰਦ ਕਿਹੜੇ ਹਨ, ਸਗੋਂ ਇਹ ਹੈ ਕਿ ਇੱਕ 'ਭਰੋਸੇਮੰਦ' ਪੀ. ਚਿਦੰਬਰਮ ਨੇ ਮੁਲਕ ਦਾ ਜਲੂਸ ਕੱਢਵਾ ਦਿੱਤਾ ਹੈ। ਲੋੜੀਂਦੇ ਵਿਅਕਤੀਆਂ ਦੀ ਤਾਜ਼ਾ ਸੂਚੀ ਪਾਕਿਸਤਾਨ ਨੂੰ ਭੇਜਣ ਸਮੇਂ ਗਲਤੀ ਭਾਵੇਂ ਅਧਿਕਾਰੀਆਂ ਦੇ ਪੱਧਰ ਉਤੇ ਹੋਈ ਹੋਵੇ ਪਰ ਇਸ ਦੇਸ਼ ਵਿਚ ਇੱਕੋ ਪੱਧਰ ਦਾ ਪ੍ਰਬੰਧ ਨਹੀਂ, ਕਈ ਤਹਿਆਂ ਹਨ। ਕਿਸੇ ਦੂਜੇ ਦੇਸ਼ ਵੱਲ ਇਹੋ ਜਿਹੀ ਸੂਚੀ ਭੇਜਣ ਤੋਂ ਪਹਿਲਾਂ ਸਾਰੀਆਂ ਸਬੰਧਤ ਏਜੰਸੀਆਂ ਤੋਂ ਰਿਪੋਰਟ ਲੈ ਕੇ ਭੇਜਣੀ ਚਾਹੀਦੀ ਸੀ ਤਾਂ ਕਿ ਕੋਈ ਗਲਤੀ ਨਾ ਹੋਵੇ ਤੇ ਜੇ ਫਿਰ ਵੀ ਉਨ੍ਹਾਂ ਏਜੰਸੀਆਂ ਨੇ ਠੀਕ ਰਿਪੋਰਟ ਨਹੀਂ ਦਿੱਤੀ ਤਾਂ ਉਨ੍ਹਾਂ ਦੇ ਮੁਖੀਆਂ ਵਿਰੁਧ ਕਾਰਵਾਈ ਕੀਤੀ ਜਾਣੀ ਚਾਹੀਦੀ ਸੀ, ਜਿਹੜੀ ਨਹੀਂ ਕੀਤੀ ਗਈ। ਕਾਰਨ ਏਥੇ ਵੀ ਓਹੀ ਜਾਪਦਾ ਹੈ, ਜਿਹੜਾ ਪ੍ਰਕਾਸ਼ ਸਿੰਘ ਬਾਦਲ ਦੇ ਮਾਮਲੇ ਵਿਚ ਸੀ। ਚਿਦੰਬਰਮ ਨੂੰ ਆਪਣੀਆਂ ਏਜੰਸੀਆਂ ਦੇ ਮੁਖੀਆਂ ਬਾਰੇ ਭਰੋਸਾ ਹੈ ਕਿ ਜੇ ਉਨ੍ਹਾਂ ਨੇ ਇੱਕ ਵਾਰੀ ਬੇਇੱਜ਼ਤੀ ਕਰਵਾ ਵੀ ਦਿੱਤੀ ਹੈ ਤਾਂ ਕੋਈ ਗੱਲ ਨਹੀਂ, ਬੰਦੇ ਉਹ ਪੱਕੇ ਵਫ਼ਾਦਾਰ ਹਨ ਅਤੇ ਏਦਾਂ ਦਾ ਭਰੋਸਾ ਡਾ. ਮਨਮੋਹਨ ਸਿੰਘ ਅਤੇ ਸੋਨੀਆ ਗਾਂਧੀ ਨੂੰ ਵੀ ਚਿਦੰਬਰਮ ਬਾਰੇ ਹੋਵੇਗਾ। ਕੀ ਇਹ ਮੁਲਕ ਭਰੋਸੇਮੰਦਾਂ ਦੇ ਐਬ ਢੱਕਣ ਜੋਗਾ ਹੋ ਕੇ ਰਹਿ ਗਿਆ ਹੈ?

ਕਿਸੇ ਵੀ ਹੋਰ ਬੰਦੇ ਦੀ ਗੱਲ ਕਰਨ ਤੋਂ



*ਪੀ. ਚਿਦੰਬਰਮ*

ਪਹਿਲਾਂ ਏਸੇ ਮਹੱਤਵਪੂਰਨ ਮੰਤਰੀ ਬਾਰੇ ਕੁਝ ਪਿਛਲੇ ਅਹਿਮ ਤੱਥ ਵੀ ਜਾਣ ਲੈਣੇ ਦਿਲਚਸਪ ਰਹਿਣਗੇ।

ਲੋਕ ਹੁਣ ਭੁੱਲ ਚੁੱਕੇ ਹਨ ਕਿ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਵਕਤ ਮਹਾਰਾਸ਼ਟਰ ਵਿਚ ਇੱਕ ਅਮਰੀਕੀ ਕੰਪਨੀ 'ਐਨਰਾਨ' ਇੱਕ ਬਿਜਲੀ ਪ੍ਰਾਜੈਕਟ ਲਾਉਣਾ ਚਾਹੁੰਦੀ ਸੀ ਅਤੇ ਭਾਰਤੀ ਜਨਤਾ ਪਾਰਟੀ ਅਤੇ ਸ਼ਿਵ ਸੈਨਾ ਦੋਸ਼ ਲਾ ਰਹੀਆਂ ਸਨ ਕਿ ਇਸ ਪ੍ਰਾਜੈਕਟ ਦੀ ਮਨਜ਼ੂਰੀ ਮੋਟੀ ਮਾਇਆ ਲੈ ਕੇ ਦਿੱਤੀ ਜਾ ਰਹੀ ਹੈ। ਨਰਸਿਮਹਾ ਰਾਓ ਨੂੰ ਇਹ ਮਨਜ਼ੂਰੀ ਮਜਬੂਰ ਹੋ ਕੇ ਰੋਕਣੀ ਪੈ ਗਈ ਪਰ ਜਦੋਂ ਸਿਰਫ ਤੇਰਾਂ ਦਿਨਾਂ ਲਈ ਪਹਿਲੀ ਵਾਰੀ ਵਾਜਪਾਈ ਸਰਕਾਰ ਬਣੀ, ਉਸ ਨੇ ਇਨ੍ਹਾਂ ਤੇਰਾਂ ਦਿਨਾਂ ਵਿਚ ਹੀ ਉਸ ਪ੍ਰਾਜੈਕਟ ਦੀ ਮਨਜ਼ੂਰੀ ਦੇ ਦਿੱਤੀ ਸੀ। ਜਿਸ ਪ੍ਰਾਜੈਕਟ ਦੀ ਮਨਜ਼ੂਰੀ ਬਾਰੇ ਉਹ ਆਪ ਕਹਿੰਦੇ ਸਨ ਕਿ ਇਸ ਪਿੱਛੇ ਪੈਸੇ ਦਾ ਲੈਣ-ਦੇਣ ਹੈ, ਉਹ ਪ੍ਰਾਜੈਕਟ ਉਨ੍ਹਾਂ ਨੇ ਆਪ ਵੀ ਮੁਫ਼ਤ ਵਿਚ ਪਾਸ ਨਹੀਂ ਕੀਤਾ ਹੋਣਾ। ਫਿਰ ਉਹ ਕੰਪਨੀ ਅਮਰੀਕਾ ਵਿਚ ਦੀਵਾਲੀਆ ਹੋ ਗਈ ਤੇ ਲੋਕਾਂ ਦਾ ਪੈਸਾ ਮਾਰਿਆ ਗਿਆ ਸੀ। ਚਿਦੰਬਰਮ ਸਾਹਿਬ ਉਸ ਕੰਪਨੀ ਦੇ ਕਾਨੂੰਨੀ ਵਕੀਲ ਹੁੰਦੇ ਸਨ।

ਇੱਕ ਹੋਰ ਵਿਦੇਸ਼ੀ ਕੰਪਨੀ ਬਰਤਾਨੀਆ ਦੀ 'ਵੇਦਾਂਤਾ ਰਿਸੋਰਸਿਜ਼' ਹੈ, ਜਿਸ ਵੱਲੋਂ ਕੀਤੀ ਜਾਂਦੀ ਖੁਦਾਈ ਕਈ ਵਾਰੀ ਵੱਡੇ ਵਿਵਾਦ ਦਾ ਵਿਸ਼ਾ ਬਣਦੀ ਰਹੀ ਹੈ ਤੇ ਚਿਦੰਬਰਮ ਉਸ ਕੰਪਨੀ ਦੇ ਡਾਇਰੈਕਟਰਾਂ ਵਾਲੇ ਬੋਰਡ ਵਿਚ ਵੀ ਰਹਿ ਚੁੱਕਾ ਹੈ। ਮੁੰਬਈ ਹਾਈ ਕੋਰਟ ਵਿਚ ਉਸ ਕੰਪਨੀ ਦੇ ਖਿਲਾਫ਼ ਚੱਲਦੇ ਕੇਸ ਵਿਚ ਉਹ 2003 ਤੱਕ ਵਕੀਲ ਦੇ ਫਰਜ਼ ਵੀ ਨਿਭਾਉਂਦਾ ਰਿਹਾ ਅਤੇ ਕਿਹਾ ਜਾਂਦਾ ਹੈ ਕਿ ਅਗਲੇ ਸਾਲ 2004 ਵਿਚ ਮਨਮੋਹਨ ਸਿੰਘ ਦੀ ਸਰਕਾਰ ਵਿਚ ਖਜ਼ਾਨਾ ਮੰਤਰੀ ਬਣਨ ਪਿੱਛੋਂ ਵੀ ਪੁਰਾਣੀ ਸਾਂਝ ਕਾਰਨ ਉਸ ਕੰਪਨੀ ਦਾ ਲਿਹਾਜ ਪਾਲਦਾ ਰਿਹਾ ਸੀ। ਏਦਾਂ ਦੇ ਦੋਸ਼ਾਂ ਦਾ ਉਸ ਨੇ ਕਦੀ ਜਵਾਬ ਹੀ ਨਹੀਂ ਦਿੱਤਾ ਕਿਉਂਕਿ ਉਹ ਈਮਾਨਦਾਰ ਪ੍ਰਧਾਨ ਮੰਤਰੀ ਦਾ 'ਈਮਾਨਦਾਰ ਭਰੋਸੇਮੰਦ' ਮੰਤਰੀ ਹੈ।

ਇੱਕ ਹੋਰ ਮੌਕੇ ਚਿਦੰਬਰਮ ਨੇ ਸਾਂਝਾ ਮੋਰਚਾ ਸਰਕਾਰ ਵਿਚ ਖਜ਼ਾਨਾ ਮੰਤਰੀ ਹੁੰਦਿਆਂ ਕਾਲੀ ਕਮਾਈ ਆਪਣੇ ਆਪ ਦੱਸਣ ਵਾਲੇ ਬੇਈਮਾਨਾਂ ਲਈ ਟੈਕਸ ਅਤੇ ਹੋਰ ਛੋਟਾਂ ਦੀ ਸਕੀਮ ਚਲਾ ਦਿੱਤੀ ਸੀ। ਓਦੋਂ ਉਸ ਸਕੀਮ ਦੀ ਵੀ ਬੜੀ ਬਦਨਾਮੀ ਹੁੰਦੀ ਰਹੀ ਸੀ। ਜਿਵੇਂ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਨੇ ਮੌਜੂਦਾ ਸਰਕਾਰ ਦੇ ਸਾਬਕਾ ਮੰਤਰੀ ਏ. ਰਾਜਾ ਵਾਲੇ ਟੂ-ਜੀ ਸਪੈਕਟ੍ਰਮ ਘੋਟਾਲੇ ਬਾਰੇ ਸਰਕਾਰ ਨੂੰ ਕਟਹਿਰੇ ਵਿਚ ਖੜਾ ਕੀਤਾ ਹੈ, ਉਵੇਂ ਹੀ ਉਸ ਵਕਤ ਦੇ ਕੈਗ ਨੇ ਖਜ਼ਾਨੇ ਨੂੰ ਅਰਬਾਂ ਨਹੀਂ, ਖਰਬਾਂ ਰੁਪਏ ਦਾ ਨੁਕਸਾਨ ਪੁਚਾਉਣ ਲਈ ਚਿਦੰਬਰਮ ਦੀ ਨੁਕਤਾਚੀਨੀ ਵੀ ਕੀਤੀ ਸੀ। ਬਾਵਜੂਦ ਇਸ ਦੇ ਚਿਦੰਬਰਮ ਸਾਹਿਬ ਦਾ ਅਕਸ ਈਮਾਨਦਾਰ ਬੰਦੇ ਵਾਲਾ ਬਣਿਆ ਰਿਹਾ ਸੀ।

ਸਾਡੇ ਸਾਹਮਣੇ ਇਸ ਵਕਤ ਕਿਸੇ ਮੰਤਰੀ ਦੇ ਈਮਾਨਦਾਰ ਹੋਣ ਜਾਂ ਨਾ ਹੋਣ ਦਾ ਮੁੱਦਾ ਨਹੀਂ, ਸਗੋਂ ਇਹ ਹੈ ਕਿ ਉਸ ਨੇ ਆਪਣੇ ਫ਼ਰਜ਼ ਨਿਭਾਉਣ ਵਿਚ ਏਨੀ ਕੋਤਾਹੀ ਕੀਤੀ ਹੈ ਕਿ ਸੰਸਾਰ ਭਰ ਵਿਚ ਭਾਰਤ ਦੀ ਸਥਿਤੀ ਹਾਸੋਹੀਣੀ ਬਣਾ ਕੇ ਰੱਖ ਦਿੱਤੀ ਹੈ। ਇਸ ਮਾਮਲੇ ਵਿਚ ਚਿਦੰਬਰਮ ਪਹਿਲਾ ਮੰਤਰੀ ਨਹੀਂ, ਤੇ ਸਾਨੂੰ ਯਕੀਨ ਕਰਨਾ ਚਾਹੀਦਾ ਹੈ ਕਿ ਉਹ ਆਖਰੀ ਵੀ ਨਹੀਂ ਹੋਵੇਗਾ ਕਿਉਂਕਿ ਕੁਝ ਹੋਰ ਮਿਸਾਲਾਂ ਵੀ ਹਨ।

ਭਾਰਤ ਦਾ ਇੱਕ ਮੰਤਰੀ ਪ੍ਰਫੁਲ ਪਟੇਲ ਹੈ, ਜਿਸ ਦੀ ਦੁਨੀਆਂ ਭਰ ਵਿਚ ਧੁੰਮ ਪੈਂਦੀ ਹੈ ਕਿ ਉਹ ਏਅਰ ਇੰਡੀਆ ਨੂੰ ਡੋਬਣ ਦਾ ਕਾਰਨ ਬਣ ਰਿਹਾ ਹੈ। ਉਸ ਦੇ ਨਾਂ ਨਾਲ ਸਭ ਤੋਂ ਅਲੋਕਾਰ ਵਿਵਾਦ ਇਹ ਜੁੜਿਆ ਕਿ ਪਿਛਲੇ ਸਾਲ ਆਈ ਪੀ ਐਲ ਕ੍ਰਿਕਟ ਮੈਚਾਂ ਦੌਰਾਨ ਉਸ ਦੀ ਧੀ ਨੇ ਇੱਕ ਦਿਨ ਹਵਾਈ ਜਹਾਜ਼ ਦੇ ਮੁਸਾਫ਼ਰਾਂ ਨੂੰ ਦੋ ਘੰਟੇ ਦੇ ਸਫ਼ਰ ਦੀ ਥਾਂ ਦਸ ਘੰਟੇ ਤੋਂ ਵੱਧ ਹਵਾ ਵਿਚ ਝੂਟੇ ਦਿਵਾਏ ਸਨ। ਕਿਸੇ ਪਾਸੇ ਜਾ ਰਹੇ ਜਹਾਜ਼ ਨੂੰ ਉਹ ਕੁੜੀ ਰਾਹ ਵਿਚੋਂ ਮੋੜ ਕੇ ਕਿਸੇ ਹੋਰ ਸ਼ਹਿਰ ਵੱਲ ਲੈ ਗਈ। ਓਥੋਂ ਇੱਕ ਆਈ ਪੀ ਐਲ ਕ੍ਰਿਕਟ ਟੀਮ ਚੁੱਕੀ ਅਤੇ ਉਸ ਨੂੰ ਕਿਧਰੇ ਹੋਰ ਛੱਡਣ ਪਿੱਛੋਂ ਜਹਾਜ਼ ਨੂੰ ਉਸ ਦੀ ਮੁੱਢਲੀ ਉਡਾਣ ਵਾਲੇ ਟਿਕਾਣੇ ਵੱਲ ਜਾਣ ਦਿੱਤਾ। ਏਨਾ ਸਮਾਂ ਉਸ ਉਡਾਣ ਵਾਲੇ ਮੁਸਾਫ਼ਰ ਓਸੇ ਜਹਾਜ਼ ਵਿਚ ਸੀਟਾਂ ਉਤੇ ਪੇਟੀਆਂ ਕੱਸ ਕੇ ਬੈਠੇ ਰਹੇ। ਕਿਸੇ ਹੋਰ ਨੇ ਏਦਾਂ ਕੀਤਾ ਹੁੰਦਾ ਤਾਂ ਇਹ ਜਹਾਜ਼ ਨੂੰ ਅਗਵਾ ਕਰਨ ਦਾ ਮਾਮਲਾ ਹੋ ਸਕਦਾ ਸੀ ਪਰ ਕਿਉਂਕਿ ਹਵਾਬਾਜ਼ੀ ਮੰਤਰੀ ਦੀ ਧੀ ਨੇ ਏਦਾਂ ਕੀਤਾ ਸੀ, ਜਿਹੜੀ ਆਈ ਪੀ ਐਲ ਕ੍ਰਿਕਟ ਨਾਲ ਜੁੜੀ ਹੋਈ ਸੀ, ਇਸ ਲਈ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ ਅਤੇ ਕਈ ਦਿਨ ਇਸ ਹਰਕਤ ਕਾਰਨ ਭਾਰਤ ਦੀ ਸਾਰੇ ਸੰਸਾਰ ਵਿਚ ਚਰਚਾ ਹੁੰਦੀ ਰਹੀ ਸੀ।

ਇਨ੍ਹਾਂ ਦੋਵਾਂ ਜਣਿਆਂ ਤੋਂ ਬਾਅਦ ਵਿਦੇਸ਼ ਮੰਤਰੀ ਕ੍ਰਿਸ਼ਨਾ ਦੀ ਗੱਲ ਕੀਤੀ ਜਾ ਸਕਦੀ ਹੈ। ਉਸ ਨੇ ਕਰਨਾਟਕਾ ਦਾ ਮੁੱਖ ਮੰਤਰੀ ਹੁੰਦਿਆਂ ਆਪਣਾ ਜਿੰਨਾ ਅਕਸ ਵਧੀਆ ਬਣਾਇਆ ਸੀ, ਓਨਾ ਕਿਸੇ ਵਿਰਲੇ ਦਾ ਹੀ ਬਣਦਾ ਹੈ। ਜਦੋਂ ਉਹ ਵਿਦੇਸ਼ ਮੰਤਰੀ ਬਣਿਆ, ਆਮ ਸਮਝ ਇਹ ਸੀ ਕਿ ਸਿਆਣਾ ਬੰਦਾ ਹੈ, ਵਾਹਵਾ ਸੋਚ ਕੇ ਚੱਲੇਗਾ ਪਰ ਚੱਲਦਾ ਉਹ ਕਿੰਨਾ ਕੁ ਸੋਚ ਕੇ ਹੈ, ਇਸ ਦਾ ਪਤਾ ਯੂ ਐਨ ਜਨਰਲ ਅਸੈਂਬਲੀ ਦੇ ਪਿਛਲੇ ਅਜਲਾਸ ਮੌਕੇ ਲੱਗ ਗਿਆ। ਓਥੇ ਉਸ ਨੇ ਜਦੋਂ ਭਾਸ਼ਣ ਕਰਨਾ ਸੀ ਤਾਂ ਪਹਿਲਾ ਡੇਢ ਮਿੰਟ ਆਪਣੇ ਭਾਸ਼ਣ ਦੀ ਥਾਂ ਪੁਰਤਗਾਲ ਦੇ ਵਿਦੇਸ਼ ਮੰਤਰੀ ਦਾ ਉਹ ਭਾਸ਼ਣ ਪੜ੍ਹਦਾ ਗਿਆ, ਜਿਹੜਾ ਉਹ ਆਪ ਹਾਲੇ ਹੁਣੇ ਪੜ੍ਹ ਕੇ ਹਟਿਆ ਸੀ। ਹੋਇਆ ਇਹ ਕਿ ਪੁਰਤਗਾਲ ਵਾਲੇ ਵਿਦੇਸ਼ ਮੰਤਰੀ ਨੇ ਜਦੋਂ ਆਪਣਾ ਭਾਸ਼ਣ ਪੜ੍ਹਿਆ ਤਾਂ ਆਮ ਰਵਾਇਤ ਅਨੁਸਾਰ ਉਸ ਦੀ ਇੱਕ-ਇੱਕ ਨਕਲ ਸਾਰੇ ਹਾਜ਼ਰ ਲੋਕਾਂ ਵਿਚ ਵੰਡ ਦਿੱਤੀ ਗਈ। ਭਾਰਤ ਦੇ ਵਿਦੇਸ਼ ਮੰਤਰੀ ਨੇ ਉਹ ਕਾਗਜ਼ ਲਿਆ ਅਤੇ ਆਪਣੀ ਫ਼ਾਈਲ ਦੇ ਕਾਗਜ਼ਾਂ ਵਿਚ ਰੱਖ ਲਿਆ। ਜਦੋਂ ਕ੍ਰਿਸ਼ਨਾ ਦੇ ਆਪਣੇ ਨਾਂ ਦਾ ਐਲਾਨ ਕੀਤਾ



*ਰਾਮ ਜੇਠਮਲਾਨੀ*

ਗਿਆ ਤਾਂ ਉਸ ਨੇ ਓਹੋ ਕਾਗਜ਼ ਚੁੱਕ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ। ਭਾਰਤ ਦੇ ਪੱਕੇ ਦੂਤ ਨੇ ਜਾ ਕੇ ਵਿਚੋਂ ਟੋਕ ਕੇ ਦੱਸਿਆ ਕਿ ਇਹ ਕਾਗਜ਼ ਆਪਣਾ ਨਹੀਂ, ਨਾਲੇ ਆਪਣੇ ਭਾਸ਼ਣ ਦਾ ਕਾਗਜ਼ ਉਸ ਦੇ ਹੱਥ ਫੜਾਇਆ ਤਾਂ ਡੌਰ-ਭੌਰ ਹੋਏ ਵਿਦੇਸ਼ ਮੰਤਰੀ ਕ੍ਰਿਸ਼ਨਾ ਨੇ ਜਿਵੇਂ ਉਹ ਭਾਸ਼ਣ ਪੜ੍ਹਿਆ, ਸਾਰੀ ਦੁਨੀਆਂ ਦੇ ਮੀਡੀਏ ਵਿਚ ਕਈ ਦਿਨ ਇਸ ਦੀ ਵੀ ਚਰਚਾ ਹੁੰਦੀ ਰਹੀ ਸੀ।

ਜੋ ਕੁਝ ਅਸੀਂ ਇਸ ਸਰਕਾਰ ਦੇ ਅਹਿਲਕਾਰਾਂ ਬਾਰੇ ਦੱਸਿਆ ਹੈ, ਉਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਸਾਰਾ ਨੁਕਸ ਏਸੇ ਸਰਕਾਰ ਵਾਲਿਆਂ ਵਿਚ ਹੈ ਤੇ ਬਾਕੀ ਠੀਕ ਹਨ। ਪਿਛਲੀ ਵਾਜਪਾਈ ਸਰਕਾਰ ਵੇਲੇ ਵੀ ਇਹੋ ਜਿਹੇ ਕਈ ਮੌਕੇ ਆਏ ਸਨ, ਜਿਨ੍ਹਾਂ ਦੀ ਚਰਚਾ ਉਦੋਂ ਹੁੰਦੀ ਰਹੀ ਸੀ, ਅੱਜ ਇਸ ਕਰ ਕੇ ਨਹੀਂ ਹੁੰਦੀ ਕਿ ਇਸ ਨੂੰ 'ਲੰਘ ਗਏ ਸੱਪ ਦੀ ਲਕੀਰ ਕੁੱਟਣਾ' ਕਿਹਾ ਜਾਵੇਗਾ। ਜੇ ਕੋਈ ਗੱਲ ਚਰਚਾ ਹੇਠ ਲਿਆਉਣੀ ਹੋਵੇ ਤਾਂ ਉਹ ਰਾਜਨੀਤਕ ਇਖਲਾਕ ਦੀ ਲਿਆਂਦੀ ਜਾ ਸਕਦੀ ਹੈ। ਜਿੱਥੋਂ ਤੱਕ ਰਾਜਨੀਤਕ ਇਖਲਾਕ ਦਾ ਸਵਾਲ ਹੈ, ਜੇ ਚਿਦੰਬਰਮ ਨੇ ਕਈ ਵਿਵਾਦ ਵਾਲੇ ਮਾਮਲਿਆਂ ਵਿਚ ਕੰਪਨੀਆਂ ਨਾਲ ਸਾਂਝ ਪਾਈ ਜਾਂ ਵਕੀਲ ਵਜੋਂ ਉਨ੍ਹਾਂ ਲਈ ਪੇਸ਼ ਹੋਏ ਹਨ ਤਾਂ ਇਹ ਮਿਸਾਲਾਂ ਭਾਰਤੀ ਜਨਤਾ ਪਾਰਟੀ ਵਿਚ ਵੀ ਮਿਲ ਜਾਂਦੀਆਂ ਹਨ।

ਸਭ ਤੋਂ ਵੱਡੀ ਮਿਸਾਲ ਤਾਂ ਭਾਰਤੀ ਜਨਤਾ ਪਾਰਟੀ ਦਾ ਅੱਜ ਦਾ ਪਾਰਲੀਮੈਂਟ ਮੈਂਬਰ ਰਾਮ ਜੇਠਮਲਾਨੀ ਹੀ ਹੈ। ਟੂ-ਜੀ ਸਪੈਕਟ੍ਰਮ ਦੇ ਘੋਟਾਲੇ ਵਿਰੁਧ ਸਾਬਕਾ ਮੰਤਰੀ ਏ. ਰਾਜਾ ਅਤੇ ਤਾਮਿਲਨਾਡੂ ਦੇ ਸਾਬਕਾ ਮੁੱਖ ਮੰਤਰੀ ਕਰੁਣਾਨਿਧੀ ਦੀ ਬੇਟੀ ਕਨੀਮੋਈ ਵਿਰੁਧ ਭਾਜਪਾ ਵਾਲੇ ਦੁਹਾਈ ਚੁੱਕ ਰਹੇ ਹਨ ਤੇ ਉਨ੍ਹਾਂ ਦਾ ਇਹੋ ਐਮ ਪੀ ਇੱਕ ਵਕੀਲ ਵਜੋਂ ਅਦਾਲਤ ਵਿਚ ਜਾ ਕੇ ਕਨੀਮੋਈ ਲਈ ਪੇਸ਼ ਹੋ ਕੇ ਉਸ ਨੂੰ ਬੇਗੁਨਾਹ ਕਹਿੰਦਾ ਹੈ।

ਛੱਤੀਸਗੜ੍ਹ ਦੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਅਜੀਤ ਜੋਗੀ ਦੇ ਪੁੱਤਰ ਅਮਿਤ ਜੋਗੀ ਦੇ ਖਿਲਾਫ ਕਤਲ ਦਾ ਮਾਮਲਾ ਭਾਜਪਾ ਆਗੂਆਂ ਨੇ ਹੀ ਚੁੱਕਿਆ ਸੀ, ਪਰ ਅਦਾਲਤ ਵਿਚ ਉਸ ਦਾ ਵਕੀਲ ਵੀ ਭਾਜਪਾ ਦਾ ਇਹੋ ਐਮ ਪੀ ਬਣਿਆ ਸੀ। ਦਿੱਲੀ ਦੇ ਬਹੁ-ਚਰਚਿਤ ਜੈਸਿਕਾ ਲਾਲ ਕਤਲ ਕੇਸ ਵਿਚ ਬੜੇ ਬਦਨਾਮ ਕਾਤਲ ਮਨੂੰ ਸ਼ਰਮਾ, ਜੋ ਕਾਂਗਰਸੀ ਮੰਤਰੀ ਦਾ ਪੁੱਤਰ ਸੀ, ਦਾ ਵਕੀਲ ਵੀ ਇਹੋ ਸੀ ਅਤੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਵਕਤ ਜਿਹੜੇ ਵੱਡੇ ਫ਼ਰਾਡੀਏ ਹਰਸ਼ਦ ਮਹਿਤਾ ਨੂੰ ਘੇਰਿਆ ਗਿਆ ਸੀ, ਉਸ ਦਾ ਵਕੀਲ ਵੀ ਇਹੋ ਬਣਿਆ ਸੀ, ਜਦ ਕਿ ਭਾਜਪਾ ਉਸ ਦੇ ਵਿਰੁਧ ਸਖਤੀ ਦੀ ਮੰਗ ਕਰ ਰਹੀ ਸੀ। ਹੋਰ ਤਾਂ ਹੋਰ, ਭਾਜਪਾ ਦੁਹਾਈ ਦਿੰਦੀ ਹੈ ਕਿ ਅਫ਼ਜ਼ਲ ਗੁਰੂ ਨੂੰ ਪਾਰਲੀਮੈਂਟ ਉਤੇ ਹਮਲੇ ਦੇ ਦੋਸ਼ ਵਿਚ ਫ਼ਾਂਸੀ ਦੀ ਸਜ਼ਾ ਮਿਲੀ ਹੋਈ ਹੈ, ਉਸ ਨੂੰ ਕਾਂਗਰਸ ਟੰਗਦੀ ਕਿਉਂ ਨਹੀਂ? ਪਾਰਟੀ ਦੇ ਬੜਬੋਲੇ ਪ੍ਰਧਾਨ ਨਿਤਿਨ ਗਡਕਰੀ ਨੇ ਇਹ ਵੀ ਕਹਿ ਦਿੱਤਾ ਸੀ, 'ਕਿਆ ਅਫ਼ਜ਼ਲ ਗੁਰੂ ਕਾਂਗਰਸ ਵਾਲੋਂ ਕਾ ਜਮਾਈ ਲਗਤਾ ਹੈ, ਕਿਆ ਇਨ ਲੋਗੋਂ ਨੇ ਉਸ ਕੋ ਅਪਨੀ ਬੇਟੀ ਬਿਆਹ ਰੱਖੀ ਹੈ?' ਉਸ ਅਫ਼ਜ਼ਲ ਗੁਰੂ ਦਾ ਕੇਸ ਵੀ ਭਾਜਪਾ ਵਾਲਾ ਇਹੋ ਐਮ ਪੀ ਵੱਖਰੇ ਰੰਗ ਵਿਚ ਲੈ ਰਿਹਾ ਹੈ। ਇਸ ਤੋਂ ਸਾਫ਼ ਹੈ ਕਿ ਉਹ ਪਾਰਟੀ ਦੀ ਲਾਈਨ ਅਨੁਸਾਰ ਨਹੀਂ ਚੱਲ ਰਿਹਾ ਪਰ ਪਾਰਟੀ ਦੇ ਅੰਦਰ ਹੈ, ਕਿਉਂਕਿ ਉਹ ਕੁਝ ਖਾਸ ਲੋਕਾਂ ਦਾ ਭਰੋਸੇਮੰਦ ਹੈ। ਉਹ ਖਾਸ ਕਿਹੜੇ ਹਨ? ਇਹ ਗੱਲ ਮੰਨਦਾ ਤਾਂ ਕੋਈ ਨਹੀਂ ਹੁੰਦਾ, ਸਿਰਫ਼ ਅੰਦਾਜ਼ੇ ਲਾਉਣੇ ਪੈਂਦੇ ਹਨ ਤੇ ਅੰਦਾਜ਼ਾ ਲਾਉਣ ਲਈ ਇਹ ਗੱਲ ਕਾਫ਼ੀ ਹੈ ਕਿ ਉਸ ਨੂੰ ਲਾਲ ਕ੍ਰਿਸ਼ਨ ਅਡਵਾਨੀ ਦੇ ਕਹਿਣ ਉਤੇ ਵਾਜਪਾਈ ਸਰਕਾਰ ਦਾ ਮੰਤਰੀ ਬਣਾਇਆ ਗਿਆ ਸੀ, ਪਰ ਜਦੋਂ ਉਸ ਨੇ ਵਜ਼ੀਰੀ ਛੱਡੀ, ਉਸੇ ਪ੍ਰਧਾਨ ਮੰਤਰੀ ਵਾਜਪਾਈ ਦੇ ਮੁਕਾਬਲੇ ਲਖਨਊ ਤੋਂ ਪਾਰਲੀਮੈਂਟ ਚੋਣ ਲੜਨ ਲਈ ਜਾ ਖੜੋਤਾ ਸੀ। ਸਾਫ਼ ਹੈ ਕਿ ਉਹ ਭਾਜਪਾ ਅੰਦਰ ਵਾਜਪਾਈ ਵਿਰੋਧੀ ਕੈਂਪ ਦਾ ਭਰੋਸੇਮੰਦ ਹੋਣ ਕਰ ਕੇ ਪਾਰਟੀ ਪੈਂਤੜੇ ਤੋਂ ਵੱਖਰੇ ਵਿਵਾਦ ਵਾਲੇ ਕੇਸ ਲੜ ਕੇ ਵੀ ਭਾਜਪਾ ਵਿਚ ਹੀ ਹੈ।

ਗੱਲ ਫਿਰ ਉਥੇ ਆ ਜਾਂਦੀ ਹੈ ਕਿ ਪਾਰਟੀਆਂ ਦੀ ਰਾਜਨੀਤੀ ਜਿਹੋ ਜਿਹੀ ਵੀ ਹੋਵੇ, ਜਦੋਂ ਮੁਲਕ ਦੇ ਮਾਣ-ਸਤਿਕਾਰ ਦਾ ਸਵਾਲ ਹੋਵੇ, ਉਦੋਂ ਕਿਸੇ ਦਾ ਲਿਹਾਜ ਨਹੀਂ ਕੀਤਾ ਜਾਣਾ ਚਾਹੀਦਾ। ਜੇ ਇਸ ਅਸੂਲ ਨੂੰ ਮੰਨਿਆ ਜਾਵੇ ਤਾਂ ਕਿਸੇ ਵੀ ਹੋਰ ਤੋਂ ਪਹਿਲਾਂ ਗ੍ਰਹਿ ਮੰਤਰੀ ਚਿਦੰਬਰਮ ਨੂੰ ਘਰ ਨੂੰ ਤੋਰ ਦਿੱਤਾ ਜਾਣਾ ਚਾਹੀਦਾ ਹੈ ਪਰ ਤੋਰਿਆ ਨਹੀਂ ਜਾਵੇਗਾ, ਕਿਉਂਕਿ ਜੇ ਉਹ ਗਲਤੀ ਵੀ ਕਰਦਾ ਹੈ ਤਾਂ ਕਰ ਜਾਵੇ, ਵਫ਼ਾਦਾਰੀ ਤੇ ਭਰੋਸੇਮੰਦਗੀ ਉਤੇ ਪੂਰਾ ਉਤਰਦਾ ਹੈ।

# ਕੁਵੈਤ ਵੱਲੋਂ ਪਾਕਿਸਤਾਨ ਸਮੇਤ 5 ਦੇਸ਼ਾਂ ਦੇ ਨਾਗਰਿਕਾਂ 'ਤੇ ਪਾਬੰਦੀ

**ਮਨਾਮਾ:** ਕੁਵੈਤ ਨੇ ਆਪਣੇ ਮੁਲਕ ਵਿਚ ਸੀਰੀਆ, ਇਰਾਕ, ਇਰਾਨ, ਪਾਕਿਸਤਾਨ ਤੇ ਅਫ਼ਗਾਨਿਸਤਾਨ ਦੇ ਨਾਗਰਿਕਾਂ ਦੀ ਆਮਦ 'ਤੇ ਰੋਕ ਲਾ ਦਿੱਤੀ ਹੈ। ਸਥਾਨਕ ਮੀਡੀਆ ਅਨੁਸਾਰ ਇਹ ਪਾਬੰਦੀ ਸਾਰੇ ਸੈਲਾਨੀ ਤੇ ਵਪਾਰਕ ਵੀਜ਼ਿਆਂ 'ਤੇ ਲਾਗੂ ਕੀਤੀ ਗਈ ਹੈ। ਉਕਤ ਪੰਜਾਂ ਮੁਲਕਾਂ ਵਿਚ ਵੱਖ-ਵੱਖ ਸੁਰੱਖਿਆ ਹਾਲਾਤਾਂ ਦੇ ਮੱਦੇਨਜ਼ਰ ਇਹ ਕਦਮ ਚੁੱਕਿਆ ਗਿਆ ਹੈ।

ਸੂਤਰਾਂ ਅਨੁਸਾਰ ਇਹ ਪਾਬੰਦੀ ਫਿਲਹਾਲ ਆਰਜ਼ੀ ਤੌਰ 'ਤੇ ਲਾਗੂ ਕੀਤੀਆਂ ਗਈਆਂ ਹਨ ਤੇ ਜਿਉਂ ਹੀ ਉਪਰੋਕਤ ਮੁਲਕਾਂ ਵਿਚ ਸੁਰੱਖਿਆ ਪੱਖ ਤੋਂ ਹਾਲਾਤ ਵਿਚ ਸਥਿਰਤਾ ਆਈ ਤਾਂ ਇਹ ਪਾਬੰਦੀਆਂ ਹਟਾ ਦਿੱਤੀਆਂ ਜਾਣਗੀਆਂ। ਮੌਜੂਦਾ ਹਾਲਾਤ ਵਿਚ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਸਮਾਜਿਕ ਮਾਮਲਿਆਂ ਤੇ ਕਿਰਤ ਅਧਿਕਾਰੀਆਂ ਨੇ ਇਸ ਗੱਲ ਤੋਂ ਇਨਕਾਰ ਕੀਤਾ ਸੀ ਕਿ ਕੁਵੈਤ ਵੱਲੋਂ ਉਕਤ ਪੰਜ ਮੁਲਕਾਂ ਦੇ ਨਾਗਰਿਕਾਂ ਦੀ ਕੁਵੈਤ ਆਮਦ ਜਾਂ ਉਨ੍ਹਾਂ ਨੂੰ ਵੀਜ਼ਾ ਜਾਰੀ ਕਰਨ ਵੇਲੇ ਕੋਈ ਪਾਬੰਦੀ ਲਾਈ ਜਾਵੇਗੀ।


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੂਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**


# ਰੂਹਾਨੀ ਤਸੱਲੀ ਤੋਂ ਸੱਖਣੇ ਹਨ ਸਟੀਫ਼ਨ ਹਾਅਕਿੰਗ ਦੇ ਜਵਾਬ

**ਕਰਮਜੀਤ ਸਿੰਘ***

ਸਟੀਫ਼ਨ ਹਾਅਕਿੰਗ ਇਕ ਵਾਰ ਮੁੜ ਭਲਵਾਨੀ ਅਖਾੜੇ ਵਿਚ ਉਤਰਿਆ ਹੈ। ਪਹਿਲਾਂ ਵਾਲੀ ਧਾਰਨਾ ਨੂੰ ਹੁਣ ਫਿਰ ਉਸ ਨੇ ਨਵੇਂ ਅੰਦਾਜ਼ ਵਿਚ ਪੇਸ਼ ਕਰਦਿਆਂ ਕਿਹਾ ਹੈ ਕਿ ਮੌਤ ਤੋਂ ਪਿਛੋਂ ਕੋਈ ਜੀਵਨ ਨਹੀਂ। ਯਾਨਿ ਕਿਸੇ ਰੱਬ-ਸ਼ਬ ਦੀ ਕੋਈ ਹੋਂਦ ਨਹੀਂ ਜੋ ਬੰਦਿਆਂ ਦੀ ਤਕਦੀਰ ਲਿਖਦਾ ਹੋਵੇ। ਸਟੀਫ਼ਨ ਹਾਅਕਿੰਗ ਆਪਣੀ ਧਾਰਨਾ ਨੂੰ ਵਿਗਿਆਨ ਦੇ ਨਜ਼ਰੀਏ ਤੋਂ ਹੀ ਪੇਸ਼ ਕਰਦਾ ਹੈ। ਖੁਦ ਆਪ ਉਹ ਦੁਨੀਆਂ ਦੇ ਉਨ੍ਹਾਂ ਮਹਾਨ ਸਾਇੰਸਦਾਨਾਂ ਵਿਚ ਗਿਣਿਆ ਜਾਂਦਾ ਹੈ ਜਿਨ੍ਹਾਂ ਨੇ ਭੌਤਿਕ ਵਿਗਿਆਨ ਦੇ ਖੇਤਰ ਵਿਚ ਇਕ ਨਵੀਂ ਛਾਪ ਛੱਡੀ ਹੈ।

ਸਮਾਂ ਜਾਂ ਵਕਤ ਕੀ ਹੈ? ਅਸਲ ਵਿਚ ਸਮਾਂ ਹੁੰਦਾ ਵੀ ਹੈ ਜਾਂ ਨਹੀਂ? ਜਾਂ ਇਹ ਸਾਡੀ ਕਲਪਨਾ ਦੀ ਹੀ ਕਾਢ ਹੈ? ਕੀ ਕਦੇ ਇਹੋ ਜਿਹਾ ਦੌਰ ਵੀ ਸੀ ਜਦੋਂ ਸਮਾਂ ਹੈ ਹੀ ਨਹੀਂ ਸੀ? ਇਨ੍ਹਾਂ ਸਵਾਲਾਂ ਉਤੇ ਉਸ ਦੀ ਕਿਤਾਬ 'ਬਰੀਫ਼ ਹਿਸਟਰੀ ਆਫ਼ ਟਾਈਮ' ਦੁਨੀਆਂ ਭਰ ਵਿਚ ਪ੍ਰਸਿੱਧ ਹੈ ਅਤੇ ਹੁਣ ਤੱਕ ਇਕ ਕਰੋੜ ਦੇ ਕਰੀਬ ਵਿਕ ਚੁੱਕੀ ਹੈ। ਕਈ ਬੋਲੀਆਂ ਵਿਚ ਇਸ ਪੁਸਤਕ ਦਾ ਤਰਜਮਾ ਵੀ ਹੋ ਚੁੱਕਾ ਹੈ। ਸ਼ਾਇਦ ਤੁਹਾਨੂੰ ਪਤਾ ਨਾ ਹੋਵੇ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਮਨਜੀਤ ਸਿੰਘ ਕੰਗ ਦੇ ਪਿਤਾ ਨੇ ਇਸ ਕਿਤਾਬ ਦਾ ਪੰਜਾਬੀ ਵਿਚ ਵੀ ਤਰਜਮਾ ਕੀਤਾ ਹੈ। ਉਂਜ ਵੀਹਵੀਂ ਸਦੀ ਦੇ ਨੰਬਰ ਇਕ ਸਾਇੰਸਦਾਨ ਆਈਨਸਟਾਈਨ ਨੇ 'ਟਾਈਮ' ਦੇ ਡੂੰਘੇ ਸਮੁੰਦਰਾਂ ਵਿਚ ਛਾਲ ਮਾਰ ਕੇ ਟਾਈਮ ਦਾ ਸਮੀਕਰਨ ਲੱਭ ਲਿਆ ਸੀ। ਇਸ ਦੁਨੀਆਂ ਦਾ ਸਭ ਤੋਂ ਵੱਡਾ ਦੁੱਖ ਇਹ ਹੈ ਕਿ ਇਥੇ ਹਰ ਚੀਜ਼ ਕਿਸੇ ਦੂਜੀ ਚੀਜ਼ ਨਾਲ ਜੁੜ ਕੇ ਹੀ ਆਪਣੇ ਅਰਥ ਸਿਰਜਦੀ ਹੈ। ਸਾਪੇਖ਼ਤਾ (ਰੈਲੇਟੇਵਿਟੀ) ਦੇ ਕਾਨੂੰਨ ਨੇ ਸਾਰਿਆਂ ਨੂੰ ਨਾਗ-ਵਲ ਪਾ ਰੱਖਿਆ ਹੈ।

ਸਟੀਫ਼ਨ ਹਾਅਕਿੰਗ ਬਾਰੇ ਇਕ ਹੋਰ ਅਸਚਰਜ ਸੱਚ ਜੋ ਸਾਡੇ ਤਨ-ਮਨ ਨੂੰ ਹੈਰਾਨਗੀ ਅਤੇ ਅਸਚਰਜਤਾ ਦੇ ਰੰਗਾਂ ਨਾਲ ਭਰ ਦਿੰਦਾ ਹੈ ਅਤੇ ਜੋ ਉਨ੍ਹਾਂ ਸਭਨਾਂ ਲਈ ਪ੍ਰੇਰਨਾ ਦਾ ਸਰਸਬਜ਼ ਚਸ਼ਮਾ ਹੈ ਜੋ ਜ਼ਿੰਦਗੀ ਵਿਚ ਹਾਰਾਂ ਤੋਂ ਪਿਛੋਂ ਢੇਰੀ ਢਾਹ ਕੇ ਬਹਿ ਜਾਂਦੇ ਹਨ। ਉਹ ਹਕੀਕਤ ਇਹ ਹੈ ਕਿ ਕਈ ਦਹਾਕਿਆਂ ਤੋਂ ਕੁਰਸੀ ਹੀ ਉਸ ਦਾ ਘਰ ਹੈ। ਜਿਵੇਂ ਘੋਰ ਸੰਕਟ ਦੇ ਇਕ ਦੌਰ ਵਿਚ ਘੋੜਿਆਂ ਦੀ ਕਾਠੀ ਹੀ ਸਿੰਘਾਂ ਦਾ ਘਰ ਹੋਇਆ ਕਰਦੀ ਸੀ, ਇਵੇਂ ਕੁਰਸੀ ਹੀ ਇਸ ਅਜਬ ਵਿਗਿਆਨੀ ਦਾ ਨਿਵਾਸ ਸਥਾਨ ਬਣ ਚੁੱਕਾ ਹੈ। ਉਸ ਦੇ ਸਾਰੇ ਅੰਗ ਕਰੀਬ ਕਰੀਬ ਨਕਾਰਾ ਹੋ ਚੁੱਕੇ ਸਨ। ਉਹ ਬੋਲ ਵੀ ਨਹੀਂ ਸਕਦਾ। ਸਿਰਫ਼ ਵਿਗਿਆਨਕ ਉਪਕਰਨਾਂ ਕਰਕੇ ਹੀ ਉਹ ਸਵਾਲਾਂ ਦੇ ਜਵਾਬ ਦਿੰਦਾ ਹੈ ਅਤੇ ਕਈ ਵਰ੍ਹਿਆਂ ਤੋਂ ਉਹ ਕੁਰਸੀ ਉਤੇ ਹੀ ਬੈਠਾ ਰਹਿੰਦਾ ਹੈ। ਪਰ ਫਿਰ ਵੀ ਸਾਡੇ ਇਸ ਵਿਸ਼ਾਲ ਤੇ ਅੰਤਹੀਣ ਬ੍ਰਹਿਮੰਡ ਬਾਰੇ ਜਿਹੜੇ ਰਾਜ਼ ਉਸ ਨੇ ਖੋਲ੍ਹੇ ਹਨ ਉਹ ਵਿਗਿਆਨ ਦਾ ਕੀਮਤੀ ਖਜ਼ਾਨਾ ਤਾਂ ਹਨ ਹੀ ਪਰ ਨਾਲ ਹੀ ਅਜਿਹੇ ਲੋਕਾਂ ਲਈ ਵੀ ਨਵੀਂ ਜਗਿਆਸਾ ਦਾ ਦਰਵਾਜ਼ਾ ਖੋਲ੍ਹਦੇ ਹਨ ਜੋ ਟਿਕੀ ਰਾਤ ਨੂੰ ਤਾਰਿਆਂ



ਸਟੀਫ਼ਨ ਹਾਅਕਿੰਗ

ਨਾਲ ਭਰੇ ਆਕਾਸ਼ ਨੂੰ ਵੇਖ ਕੇ ਅਸਚਰਜਤਾ ਦਾ ਰੂਪ ਹੀ ਬਣ ਜਾਂਦੇ ਹਨ ਤੇ ਕਹਿ ਉਠਦੇ ਹਨ: ਇਹ ਅਸੰਖਾਂ ਧਰਤੀਆਂ ਕਿਵੇਂ ਬਣੀਆਂ (ਅਸੰਖ ਕਹੇ ਸਿਰ ਭਾਰ ਹੋਇ)? ਕਿਥੋਂ ਆਈਆਂ? ਕਿਥੇ ਚਲੇ ਜਾਣਗੀਆਂ? ਸਾਡੇ ਲਈ ਇਸ ਦੇ ਡੂੰਘੇ ਅਰਥ ਕੀ ਹਨ? ਸਟੀਫ਼ਨ ਹਾਅਕਿੰਗ ਬਿਨਾ ਸ਼ੱਕ ਇਨ੍ਹਾਂ ਸਵਾਲਾਂ ਦਾ ਜਵਾਬ ਤਾਂ ਦਿੰਦਾ ਹੈ ਪਰ ਸਾਰੇ ਜਵਾਬ ਅਧੂਰੇ ਹਨ, ਕੱਚੇ ਪਿੱਲੇ ਵੀ ਹਨ, ਅੰਤਮ ਸੱਚ ਵੀ ਨਹੀਂ। ਜਾਂ ਇਉਂ ਕਹਿ ਲਵੋ ਕਿ ਉਸ ਦੇ ਹਰੇਕ ਜਵਾਬ ਦੇ ਨਾਲ ਜਵਾਬ ਤੋਂ ਵੀ ਵੱਡਾ ਇਕ ਹੋਰ ਸਵਾਲ ਲੱਗਿਆ ਹੁੰਦਾ ਹੈ। ਉਪਨਿਸ਼ਦਾਂ ਨੇ ਵੀ ਇਨ੍ਹਾਂ ਸਵਾਲਾਂ ਉਤੇ ਬੜਾ ਜ਼ੋਰ ਲਾਇਆ ਹੈ ਅਤੇ ਇਨ੍ਹਾਂ ਸਵਾਲਾਂ ਬਾਰੇ ਫਿਲਾਸਫੀ ਦੀ ਦੁਨੀਆਂ ਵਿਚ ਸ਼ਾਇਦ ਹੀ ਕਿਤੇ ਤੁਹਾਨੂੰ ਵਗਦੇ ਦਰਿਆ ਵਾਲੀ ਰਵਾਨੀ ਮਿਲੇਗੀ ਜਿੰਨੀ ਇਨ੍ਹਾਂ ਸਵਾਲਾਂ ਬਾਰੇ ਉਪਨਿਸ਼ਦਾਂ ਵਿਚੋਂ ਮਿਲਦੀ ਹੈ। ਜਦੋਂ ਇਕ ਸੋਹਣੀ ਸੁਨੱਖੀ ਮੁਟਿਆਰ ਇਕ ਰਿਸ਼ੀ ਕੋਲ ਸਵਾਲ ਕਰਦੀ ਹੈ ਕਿ ਪਹਿਲਾਂ ਕੀ ਸੀ? ਤਾਂ ਰਿਸ਼ੀ ਉਸ ਦਾ ਜਵਾਬ ਦਿੰਦਾ ਹੈ। ਇਹ ਕੁੜੀ ਫਿਰ ਸਵਾਲ ਕਰਦੀ ਜਾਂਦੀ ਹੈ ਕਿ ਉਸ ਤੋਂ ਪਹਿਲਾਂ ਕੀ ਸੀ ਅਤੇ ਫਿਰ ਉਸ ਤੋਂ ਪਹਿਲਾਂ ਕੀ ਸੀ? ਤਾਂ ਰਿਸ਼ੀ ਥੱਕ ਕੇ ਜਵਾਬ ਦਿੰਦਾ ਹੈ ਕਿ "ਨਾ ਪੁੱਛ ਕੁੜੀਏ! ਇਨ੍ਹਾਂ ਸਵਾਲਾਂ ਦਾ ਕੋਈ ਆਖਰੀ ਜਵਾਬ ਨਹੀਂ। ਮੇਰਾ ਅਤੇ ਤੇਰਾ ਸਿਰ ਫਟ ਜਾਏਗਾ।"

ਜੇ ਤੁਸੀਂ ਪੱਛਮ ਦੀ ਫਿਲਾਸਫ਼ੀ ਦੇ ਦਰਿਆ ਵਿਚ ਕਦੇ ਛਾਲ ਮਾਰੀ ਹੋਵੇ ਤਾਂ ਆਪਣੇ ਨਿਤਸ਼ੇ (1844-1900) ਬਾਬਾ ਜੀ ਨੂੰ ਵੀ ਉਮਰ ਦੇ ਅਖੀਰਲੇ ਸਾਲਾਂ ਵਿਚ ਉਪਨਿਸ਼ਦਾਂ ਦੇ ਬਾਗ਼ ਵਿਚ ਸੈਰ ਕਰਨ ਦਾ ਸ਼ੌਕ ਜਾਗਿਆ ਸੀ। ਬਿਨਾਂ ਸ਼ੱਕ ਡੂੰਘੀਆਂ ਉਦਾਸੀਆਂ ਦਾ ਸਭ ਤੋਂ ਵੱਡਾ ਦਰਿਆ ਨਿਤਸ਼ੇ ਨੇ ਹੀ ਵਗਾਇਆ ਹੈ। ਹੁਣ ਤੱਕ ਵੀ ਆਸਤਕ ਤੇ ਨਾਸਤਕ, ਸਾਹਿਤਕਾਰ ਤੇ ਫਿਲਾਸਫ਼ਰ ਸਾਰੇ ਹੀ ਨਿਤਸ਼ੇ ਦੇ ਬਾਗ ਦੀ ਸੈਰ ਕਰਨ ਨੂੰ ਆਪਣਾ ਧੰਨ ਭਾਗ ਸਮਝਦੇ ਹਨ। ਸਟੀਫਨ ਹਾਅਕਿੰਗ ਤੋਂ ਰਤਾ ਕੁ ਪਾਸੇ ਜਾਣ ਦੀ ਗੁਸਤਾਖੀ ਕਰਦਿਆਂ ਇਹ ਅਣਸੁਣੀ ਖ਼ਬਰ ਸੁਣਾਉਣ ਨੂੰ ਚਿੱਤ ਕਰ ਆਇਆ ਹੈ ਕਿ 20-21 ਵਰ੍ਹਿਆਂ ਦੀ ਇਕ ਹਸੀਨ ਰੂਸੀ ਫਿਲਾਸਫ਼ਰ ਲੋਅ ਸੋਲੋਮੀ ਵੀ ਨਿਤਸ਼ੇ ਦੀ ਜ਼ਿੰਦਗੀ ਵਿਚ ਇਕ ਸਮੇਂ ਆਈ ਸੀ। 'ਖੁਸ਼ਕ ਨਿਤਸ਼ੇ' ਉਸ ਸਮੇਂ ਨਿੱਕੀ ਨਿੱਕੀ ਕਣੀ ਦੇ ਮੀਂਹ ਨਾਲ ਸਾਰੇ ਦਾ ਸਾਰਾ ਭਿੱਜ ਗਿਆ ਸੀ ਜਦੋਂ ਇਸ ਹਸੀਨ ਮੁਟਿਆਰ ਨੇ ਫਿਲਾਸਫ਼ੀ ਦੇ ਗਹਿਰ-ਗੰਭੀਰ ਤੇ ਡੂੰਘੇ ਸਵਾਲਾਂ ਵਿਚ ਨਿਤਸ਼ੇ ਨੂੰ ਉਲਝਾ ਲਿਆ ਸੀ। ਸਾਡਾ ਇਹ ਉਦਾਸ ਫਿਲਾਸਫ਼ਰ ਇਕ ਤਰ੍ਹਾਂ ਨਾਲ ਉਸ ਕੁੜੀ ਨੂੰ ਪਿਆਰ ਕਰਨ ਲੱਗ ਪਿਆ ਸੀ ਅਤੇ ਦਿਲਚਸਪ ਅਤੇ ਉਦਾਸ ਕਰ ਦੇਣ ਵਾਲੀ ਹਕੀਕਤ ਇਹ ਹੈ ਕਿ ਇਸ਼ਕ ਦੀ ਇਹੋ ਬਿਮਾਰੀ ਉਸੇ ਕੁੜੀ ਨਾਲ ਜਰਮਨੀ ਦੇ ਇਕ ਹੋਰ ਸ਼ਾਇਰ ਰਿਲਕੇ ਨੂੰ ਵੀ ਲੱਗ ਗਈ ਸੀ। ਇਹ ਚੰਦਰੀ ਤਿਕੋਣ ਓੜਕ ਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਸਾਰਿਆਂ ਨੂੰ ਲੈ ਡੁੱਬੀ ਸੀ।

ਇਸ ਵਾਰ ਸਟੀਫ਼ਨ ਹਾਅਕਿੰਗ ਦਾ ਸਾਹਮਣਾ ਬਰਤਾਨੀਆ ਦੇ ਉਘੇ ਅਖ਼ਬਾਰ 'ਗਾਰਡੀਅਨ' ਨਾਲ ਸੀ। ਪਰ ਸਾਰੇ ਸਵਾਲਾਂ ਦੇ ਜਵਾਬ ਵਿਗਿਆਨ ਮੁਤਾਬਕ ਹੀ ਸਨ ਕੁਝ ਸਵਾਲ-ਜਵਾਬ ਇੰਜ ਹਨ।

ਸਵਾਲ: ਕੀ ਸਾਡੀ ਹੋਂਦ ਮਹਿਜ਼ ਤਕਦੀਰ ਹੀ ਸੀ?

ਜਵਾਬ: ਵਿਗਿਆਨ ਇਹ ਭਵਿੱਖਵਾਣੀ ਕਰਦੀ ਹੈ ਕਿ ਕਈ ਵੱਖ-ਵੱਖ ਤਰ੍ਹਾਂ ਦੇ ਬ੍ਰਹਿਮੰਡ ਆਪ ਮੁਹਾਰੇ ਹੀ 'ਕੁਝ ਵੀ ਨਹੀਂ' (ਆਊਟ ਆਫ਼ ਨਥਿੰਗ) ਵਿਚੋਂ ਪੈਦਾ ਹੋ ਜਾਂਦੇ ਹਨ। ਇਹ ਮਹਿਜ਼ ਮੌਕਾ-ਮੇਲ ਹੀ ਹੈ ਕਿ ਅਸੀਂ ਇਥੇ ਹਾਂ।

ਸਵਾਲ: ਜੇ ਅਸੀਂ ਇਥੇ ਹੀ ਹਾਂ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ?

ਜਵਾਬ: ਸਾਨੂੰ ਆਪਣੇ ਕੰਮਾਂ ਵਿਚੋਂ ਆਪਣੀ ਕੀਮਤ ਲੱਭਣੀ ਚਾਹੀਦੀ ਹੈ।

ਸਵਾਲ: ਕੀ ਤੁਹਾਨੂੰ ਮੌਤ ਕੋਲੋਂ ਡਰ ਲਗਦਾ ਹੈ?

ਜਵਾਬ: ਮੈਨੂੰ ਮੌਤ ਕੋਲੋਂ ਕੋਈ ਡਰ ਨਹੀਂ ਲੱਗਦਾ। ਮੇਰੇ ਸਾਹਮਣੇ ਏਨੇ ਕੰਮ ਪਏ ਹਨ, ਮੈਂ ਉਹ ਕਰਕੇ ਜਾਣਾ ਚਾਹੁੰਦਾ ਹਾਂ। ਮੈਂ ਦਿਮਾਗ ਨੂੰ ਕੰਪਿਊਟਰ ਵਾਂਗ ਸਮਝਦਾ ਹਾਂ, ਜਦੋਂ ਕੰਪਿਊਟਰ ਦੇ ਵੱਖ-ਵੱਖ ਹਿੱਸੇ ਕੰਮ ਕਰਨੇ ਬੰਦ ਕਰ ਦਿੰਦੇ ਹਨ ਤਾਂ ਕੰਪਿਊਟਰ ਦੀ ਕਹਾਣੀ ਖ਼ਤਮ ਹੋ ਜਾਂਦੀ ਹੈ। ਇਵੇਂ ਹੀ ਦਿਮਾਗ ਦੇ ਬੰਦ ਹੋਣ ਨਾਲ ਮਨੁੱਖ ਦੀ ਕਹਾਣੀ ਦਾ ਅੰਤ ਹੋ ਜਾਂਦਾ ਹੈ। ਮੌਤ ਤੋਂ ਪਿੱਛੋਂ ਜ਼ਿੰਦਗੀ ਦੀਆਂ ਗੱਲਾਂ ਕਰਨੀਆਂ ਪਰੀ ਕਹਾਣੀਆਂ ਵਾਂਗ ਹੀ ਹਨ ਕਿਉਂਕਿ ਲੋਕ 'ਹਨੇਰੇ' ਤੋਂ ਡਰਦੇ ਹਨ। ਉਪਰੋਕਤ ਜੁਆਬ ਤੁਹਾਨੂੰ ਰੂਹਾਨੀ ਤਸੱਲੀ ਨਹੀਂ ਦਿੰਦੇ ਕਿਉਂਕਿ ਬ੍ਰਹਿਮੰਡ ਦੀ ਅਨੰਤਤਾ ਤੁਹਾਨੂੰ ਕਦੇ ਵੀ ਨਾ ਬੁੱਝੇ ਜਾ ਸਕਣ ਵਾਲੇ ਸਵਾਲਾਂ ਸਾਹਮਣੇ ਖੜਾ ਕਰ ਦਿੰਦੀ ਹੈ। ਤੁਸੀਂ ਬੇਵੱਸ ਹੋ ਕੇ ਹਾਰ ਮੰਨ ਲੈਂਦੇ ਹੋ। ਇਸ ਪਵਿੱਤਰ ਹਾਰ ਦੀ ਮਹਾਨਤਾ ਹੀ ਮੌਤ ਪਿੱਛੋਂ ਤੁਹਾਨੂੰ ਜ਼ਿੰਦਗੀ ਦੀ ਤਲਾਸ਼ ਵੱਲ ਲੈ ਜਾਂਦੀ ਹੈ। ਵਿਗਿਆਨੀ-ਮਨ ਉਰੇ ਰਹਿ ਜਾਂਦਾ ਹੈ ਜਦਕਿ ਰੂਹਾਨੀ-ਮਨ ਅੰਦਰ ਸਿਤਾਰਿਆਂ ਤੋਂ ਅੱਗੇ ਵਲ ਜਾਣ ਦੀ ਤਾਂਘ ਤੇ ਪਿਆਸ ਕਦੇ ਵੀ ਮਰਦੀ ਨਹੀਂ।

ਵੈਸੇ ਵਿਗਿਆਨੀਆਂ ਵਿਚ ਵੀ ਬ੍ਰਹਿਮੰਡ ਦੀ ਸਿਰਜਣਾ ਦੇ ਹੈਰਾਨੀਜਨਕ ਸਵਾਲਾਂ ਬਾਰੇ ਬਣੀ ਸਮਝ ਵਿਚ ਇਕਸਾਰਤਾ ਨਹੀਂ, ਇਕਮਿਕਤਾ ਨਹੀਂ। ਇਕਸਾਰਤਾ ਹੋ ਵੀ ਨਹੀਂ ਸਕਦੀ ਕਿਉਂਕਿ ਜੇ ਮਨੁੱਖ ਟਾਈਮ ਦੀ ਰਫ਼ਤਾਰ ਜਿੰਨੀ ਯਾਨਿ ਇਕ ਲੱਖ 86 ਹਜ਼ਾਰ ਮੀਲ ਪ੍ਰਤੀ ਸੈਕਿੰਡ ਦੀ ਰਫ਼ਤਾਰ ਵੀ ਹਾਸਲ ਕਰ ਲਵੇ ਤਾਂ ਵੀ ਬ੍ਰਹਿਮੰਡ ਦੀ ਸੈਰ ਨਹੀਂ ਕੀਤੀ ਜਾ ਸਕਦੀ। ਇਹ ਗੱਲ ਆਈਨਸਟਾਈਨ ਨੂੰ ਵੀ ਪ੍ਰੇਸ਼ਾਨ ਕਰ ਰਹੀ ਸੀ। ਸਵਾਲਾਂ ਦੇ ਰੂਪ ਵਿਚ ਦੂਸਰੀ ਗੁੰਝਲ ਜਿਹੜੀ ਵਿਗਿਆਨ ਕੋਲੋਂ ਕਦੇ ਹੱਲ ਨਹੀਂ ਹੋ ਸਕਦੀ, ਉਹ ਇਹ ਹੈ ਕਿ ਕੋਈ ਚੀਜ਼ 'ਕੁਝ ਵੀ ਨਹੀਂ' ਵਿਚੋਂ ਕਿਵੇਂ ਪੈਦਾ ਹੋ ਸਕਦੀ ਹੈ, ਜਿਵੇਂ ਕਿ ਸਟੀਫ਼ਨ ਹਾਅਕਿੰਗ ਦਾਅਵਾ ਕਰਦਾ ਹੈ। ਵੈਸੇ ਇਹ ਗੱਲ ਆਪਣੇ ਆਪ ਵਿਚ ਵੀ ਕੀ ਗ਼ੈਰ-ਵਿਗਿਆਨਕ ਨਹੀਂ ਲਗਦੀ? ਇਹ ਸਵਾਲ ਸਾਡੀ ਅਮਿਟ ਪਿਆਸ ਦਾ ਕੇਂਦਰ ਬਣਿਆ ਰਹਿੰਦਾ ਹੈ ਕਿ ਆਖਰਕਾਰ ਪਦਾਰਥ ਆਇਆ ਕਿਥੋਂ? ਕੀ ਪਦਾਰਥ ਦੇ ਜਨਮ ਲੈਣ ਨਾਲ ਹੀ ਸਮੇਂ ਦਾ ਜਨਮ ਹੋਇਆ ਸੀ? ਖਲਾਅ (ਸਪੇਸ) ਦਾ ਕੀ ਮਤਲਬ ਹੈ? ਪਦਾਰਥ ਦੇ ਅਤੀ ਸੂਖ਼ਸ਼ਮ ਸਰੂਪ (ਸਬ ਅਟੋਮਿਕ ਕਣ) ਸਾਨੂੰ ਕਿਸ ਸਿੱਟੇ ਉਤੇ ਪਹੁੰਚਾਉਂਦੇ ਹਨ? ਪਦਾਰਥ ਤੋਂ ਪਹਿਲਾਂ ਕੀ ਸੀ? ਸਾਫ਼ ਜ਼ਾਹਿਰ ਹੈ ਕਿ ਵਿਗਿਆਨਕ-ਚੇਤਨਾ ਇਨ੍ਹਾਂ ਸਵਾਲਾਂ ਦੇ ਜਵਾਬ ਲੈਣ ਲਈ ਡੰਡ-ਬੈਠਕਾਂ ਕੱਢਦੀ ਰਹੇਗੀ। ਇਹ ਪਿਆਸ ਮਰਨੀ ਨਹੀਂ ਚਾਹੀਦੀ। ਖੋਜ ਜਾਰੀ ਰਹਿਣੀ ਚਾਹੀਦੀ ਹੈ ਕਿਉਂਕਿ ਖੋਜੀ ਕਾਫ਼ਰ ਬਣਨ ਵਿਚ ਵੀ ਆਪਣੀ ਹੀ ਕਿਸਮ ਦਾ ਇਕ ਅਨੂਠਾ ਸਵਾਦ ਹੈ। ਇਸ ਲਈ ਸਟੀਫ਼ਨ ਹਾਅਕਿੰਗ ਅਤੇ ਉਸ ਦੀ ਹਾਂ ਵਿਚ ਹਾਂ ਮਿਲਾਉਣ ਵਾਲਿਆਂ ਨੂੰ ਵੀ ਇਸ ਦੁਨੀਆਂ ਵਿਚ ਥਾਂ ਮਿਲੇਗੀ ਤੇ ਉਨ੍ਹਾਂ ਨੂੰ ਵੀ ਜੋ ਉਸ ਦੀ ਹਾਂ ਦਾ ਜਵਾਬ ਇਕ 'ਮੁਕੰਮਲ ਤੇ ਦ੍ਰਿੜ ਨਾਂਹ' ਵਿਚ ਦਿੰਦੇ ਹਨ। ਇਸ ਅਮੁੱਕ ਬਹਿਸ ਵਿਚ ਨਾ ਕਦੇ ਕਿਸੇ ਦੀ ਅੰਤਿਮ ਜਿੱਤ ਹੋਣੀ ਹੈ ਤੇ ਨਾ ਹੀ ਅੰਤਿਮ ਹਾਰ। ਇਨ੍ਹਾਂ ਦੋਵਾਂ ਧਿਰਾਂ ਦੀ ਸਾਂਝ ਨਦੀ ਦੇ ਦੋ ਕਿਨਾਰਿਆਂ ਵਰਗੀ ਸਾਂਝ ਹੋਵੇਗੀ। ਸ਼ਾਇਦ ਕਿਸੇ ਸ਼ਾਇਰ ਦੀ ਇਹ ਕਲਪਨਾ ਸਾਨੂੰ ਵਧੇਰੇ ਤਸੱਲੀ ਦਿੰਦੀ ਹੈ:

ਸਾਂਝ ਦਾ ਦਾਅਵਾ ਬੜਾ ਕਮਜ਼ੋਰ ਹੈ,
ਮੇਰੀ ਦੁਨੀਆਂ ਹੋਰ ਹੈ, ਤੇਰੀ ਹੋਰ ਹੈ।

*ਮੋਬਾਈਲ:99150-91063

## ਸੰਪਾਦਕ ਦੀ ਡਾਕ

### ਕਲਾ ਦਾ ਪਾਰਖੂ

ਜਦੋਂ ਤੋਂ ਪੰਜਾਬ ਟਾਈਮਜ਼ ਅਖਬਾਰ ਸ਼ੁਰੂ ਹੋਇਆ ਹੈ, ਇਹ ਲਗਾਤਾਰ ਉਚਾਈਆਂ ਛੋਹ ਰਿਹਾ ਹੈ। ਜਦੋਂ ਤੋਂ ਮੇਰੀ ਕੋਈ ਕਵਿਤਾ ਜਾਂ ਗੀਤ ਇਸ ਅਖਬਾਰ ਵਿਚ ਪ੍ਰਕਾਸ਼ਤ ਹੋਣੇ ਸ਼ੁਰੂ ਹੋਏ ਹਨ, ਅਨੇਕਾਂ ਹੀ ਕਲਾ ਪਾਰਖੂਆਂ ਅਤੇ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਸੱਜਣਾਂ ਦੇ ਫੋਨ ਆਏ ਹਨ ਅਤੇ ਉਨ੍ਹਾਂ ਹਮੇਸ਼ਾ ਮੇਰੀ ਹੌਸਲਾ ਅਫਜ਼ਾਈ ਕੀਤੀ ਹੈ। ਮੈਂ ਉਨ੍ਹਾਂ ਸਭਨਾਂ ਦਾ ਰਿਣੀ ਰਹਾਂਗਾ। ਸੰਪਾਦਕ ਸ. ਅਮੋਲਕ ਸਿੰਘ ਜੰਮੂ ਦੀ ਸਿਹਤਯਾਬੀ ਲਈ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ।

ਨਾਲ ਹੀ ਮਨ ਇਸ ਗੱਲੋਂ ਵੀ ਪ੍ਰਸੰਨ ਹੈ ਕਿ ਪੰਜਾਬ ਟਾਈਮਜ਼ ਵਿਚ ਉਨ੍ਹਾਂ ਲੇਖਕਾਂ ਦੇ ਲੇਖ ਤੇ ਰਚਨਾਵਾਂ ਪੜ੍ਹਨ ਨੂੰ ਮਿਲਦੀਆਂ ਹਨ ਜਿਨ੍ਹਾਂ ਦੇ ਆਪਣੇ ਲਫਜ਼ ਪੋਣੀ ਵਿਚੋਂ ਦੀ ਪੁਣੇ ਹੋਏ ਹਨ। ਖੁਸ਼ੀ ਹੈ ਕਿ ਪੰਜਾਬੀਆਂ ਨੂੰ ਕੁਝ ਚੰਗਾ ਪੜ੍ਹਨ ਨੂੰ ਮਿਲਦਾ ਹੈ ਅਤੇ ਉਹ ਇਸ ਵਿਚ ਚੰਗੀ ਰੁਚੀ ਵੀ ਰੱਖਦੇ ਹਨ। ਕਵਿਤਾ ਦੀਆਂ ਕੁਝ ਸਤਰਾਂ ਪੇਸ਼ ਹਨ:

ਸ਼ਾਇਰੀ ਦੇ ਲਫਜ਼ਾਂ ਨੂੰ ਮਿੱਠੀ ਜਿਹੀ ਜ਼ੁਬਾਨ ਦੇ।
ਲੋਹੜੇ ਦਾ ਦਰਦ ਦੇਹ, ਗਮਾਂ ਦਾ ਤੁਫਾਨ ਦੇ।
ਸੋਚ ਮੇਰੀ ਜਦੋਂ ਤੱਕ ਜਿਉਂਦੀ ਜਿੰਦ ਜਾਨ ਹੈ,
ਰੱਬਾ ਏਸ ਕਲਮ ਨੂੰ ਸੱਚ ਦਾ ਵਰਦਾਨ ਦੇ।

-ਸੁਖਵਿੰਦਰ ਬੋਦਲਾਂਵਾਲਾ
ਫੋਨ: 360-281-2624

# ਝੂਠੇ ਦੋਸ਼ ਦੀ ਸਜ਼ਾ ਭੁਗਤਦਿਆਂ...

## ਸਫਰ ਜ਼ਿੰਦਗੀ ਦਾ

ਬਹੁਤ ਸਾਰੇ ਲੋਕ ਇਕੱਠੇ ਹੋ ਕੇ ਇਕੋ ਹੀ ਗੱਲ ਕਹਿਣ ਤਾਂ ਉਹ ਸੱਚੀ ਲੱਗਣ ਲੱਗਦੀ ਹੈ। ਜਦੋਂ ਮੈਂ ਸੱਤਵੀਂ ਵਿਚ ਪੜ੍ਹਦੀ ਸਾਂ ਤਾਂ ਗਰਮੀਆਂ ਦੇ ਦਿਨੀਂ ਕੱਚਾ ਕੋਰਾ ਘੜਾ ਪਾਣੀ ਦਾ ਭਰ ਕੇ ਕਲਾਸ ਦੇ ਕਮਰੇ ਵਿਚ ਰੱਖਿਆ ਜਾਂਦਾ ਸੀ ਤਾਂ ਕਿ ਬੱਚੇ ਠੰਡਾ ਪਾਣੀ ਪੀ ਸਕਣ। ਪਾਣੀ ਘੜੇ ਵਿਚੋਂ ਭਰ ਕੇ ਪੀਣ ਲਈ ਕੱਚ ਦਾ ਗਲਾਸ ਹੁੰਦਾ ਸੀ। ਇਕ ਵਾਰ ਮੈਂ ਵੀ ਪਾਣੀ ਪੀਤਾ, ਗਲਾਸ ਘੜੇ ਦੇ ਕੋਲ ਰੱਖ ਬਾਹਰ ਵੱਡੇ ਵਿਹੜੇ ਵਿਚ ਕਲਾਸ ਵਿਚ ਆ ਕੇ ਬੈਠ ਗਈ। ਥੋੜੀ ਦੇਰ ਬਾਅਦ ਰੌਲਾ ਪੈ ਗਿਆ, ਕੱਚ ਦਾ ਗਲਾਸ ਟੁੱਟ ਗਿਆ ਹੈ, ਜਿਸ ਲਈ ਮੈਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਮੇਰੇ ਤੋਂ ਬਾਦ ਕੌਣ ਕਮਰੇ ਵਿਚ ਗਿਆ? ਕਿਹਨੇ ਪਾਣੀ ਪੀਤਾ? ਕਿਹਨੇ ਗਲਾਸ ਤੋੜਿਆ? ਮੈਂ ਖੁਦ ਹੈਰਾਨ ਸਾਂ ਪਰ ਮੈਂ ਗਲਾਸ ਨਹੀਂ ਸੀ ਤੋੜਿਆ। ਉਨ੍ਹਾਂ ਦਿਨਾਂ ਵਿਚ ਗਲਾਸ ਦੀ ਕੀਮਤ ਇਕ ਰੁਪਏ ਤੋਂ ਘੱਟ ਸੀ। ਮੈਂ ਚੰਗੇ ਖਾਂਦੇ ਪੀਂਦੇ ਘਰੋਂ ਸਾਂ, ਇਹ ਨਹੀਂ ਕਿ ਮੈਂ ਗਲਾਸ ਦੀ ਕੀਮਤ ਨਹੀਂ ਸੀ ਅਦਾ ਕਰ ਸਕਦੀ। ਦੁੱਖ ਇਸ ਗੱਲ ਦਾ ਸੀ ਕਿ ਜੋ ਕਸੂਰ ਮੈਂ ਕੀਤਾ ਹੀ ਨਹੀਂ, ਉਸ ਲਈ ਮੈਨੂੰ ਦੋਸ਼ੀ ਕਿਉਂ ਠਹਿਰਾਇਆ ਜਾ ਰਿਹਾ ਸੀ? ਸਿਰਫ ਇਸ ਲਈ ਕਿ ਮੈਂ ਹੀ ਅਖੀਰ 'ਤੇ ਗਲਾਸ ਨਾਲ ਪਾਣੀ ਪੀਂਦੀ ਵੇਖੀ ਗਈ ਸਾਂ।

ਇਸ ਗੱਲ ਦੀ ਸਮਝ ਮੈਨੂੰ ਛੋਟੀ ਉਮਰੇ ਹੀ ਪੈ ਗਈ ਸੀ ਕਿ ਜੇ ਬਹੁਤ ਸਾਰੇ ਲੋਕ ਇਕੱਠੇ ਹੋ ਕੇ ਇਕੋ ਹੀ ਗੱਲ ਕਹਿਣ, ਉਹ ਸੱਚੀ ਲੱਗਣ ਲੱਗਦੀ ਹੈ ਪਰ ਕਈ ਵਾਰ ਅਸਲੀਅਤ ਕੁਝ ਹੋਰ ਹੁੰਦੀ ਹੈ। ਜਿਸ 'ਤੇ ਵਾਪਰਦੀ ਹੈ ਸਿਰਫ ਤੇ ਸਿਰਫ ਸੱਚ ਉਸ ਨੂੰ ਹੀ ਪਤਾ ਹੁੰਦਾ ਹੈ। ਅੱਖੀਂ ਦੇਖੇ ਤੋ ਬਗੈਰ ਸੁਣੀ ਸੁਣਾਈ ਗੱਲ 'ਤੇ ਯਕੀਨ ਕਰਨਾ ਮੈਨੂੰ ਔਖਾ ਲਗਦਾ ਹੈ।

ਇਕ ਦਿਨ ਕਿਸੇ ਵਿਅਕਤੀ ਨੇ ਫੇਸ ਬੁੱਕ 'ਤੇ ਮੈਨੂੰ ਲਿਖਿਆ, ਦੇਵਿੰਦਰ ਜੀ ਤੁਸੀਂ ਦੁਖੀ ਪਤੀਆਂ ਬਾਰੇ ਵੀ ਲਿਖੋ, ਮੇਰੀ ਪਤਨੀ ਦਾਜ ਦੇ ਝੂਠੇ ਦੋਸ਼ ਲਾ ਕੇ ਮੇਰੇ ਤੋਂ ਧਨ ਹਾਸਿਲ ਕਰਨ ਲਈ ਮੇਰੀ ਥਾਣੇ ਤੇ ਕਚਹਿਰੀਆਂ ਵਿਚ ਖਿਚ-ਘੜੀਸ ਕਰ ਰਹੀ ਹੈ ਅਤੇ ਮੈਂ ਬਹੁਤ ਪ੍ਰੇਸ਼ਾਨ ਹਾਂ। ਮੇਰਾ ਆਪਣਾਂ ਵਿਚਾਰ ਹੈ ਕਿ ਝੂਠੇ ਕੇਸ ਬਣਾ ਕੇ ਔਰਤ ਦਾ ਮਰਦ ਨੂੰ ਜਾਂ ਮਰਦ ਦਾ ਔਰਤ ਨੂੰ ਲੁੱਟਣਾ ਸਰਾਸਰ ਗਲਤ ਹੈ। ਸੱਚਾ ਕੇਸ ਕਰਨ ਤੇ ਜਿੱਤਣ ਲਈ, ਸੱਚੀ ਆਤਮਾ ਦਾ ਹੋਣਾ ਬਹੁਤ ਜਰੂਰੀ ਹੈ। ਕਈ ਵਾਰ ਬੰਦਾ ਖੁਸ਼ ਹੁੰਦਾ ਹੈ, ਉਹਨੇ ਕਿਸੇ ਨੂੰ ਲੁੱਟ ਲਿਆ, ਦਰਅਸਲ ਉਹ ਬੰਦਾ ਲੋਭ ਵਿਚ ਐਨਾ ਅੰਨਾ ਹੁੰਦਾ ਹੈ ਕਿ ਉਸ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਹ ਖੁਦ ਹੀ ਲੁੱਟ ਹੋ ਰਿਹਾ ਹੈ। ਇਨਸਾਨ ਦੇ ਆਪਣੇ ਅੰਦਰਲੇ ਪੰਜ ਚੋਰ ਹੀ ਉਸ ਨੂੰ ਲੁੱਟ ਰਹੇ ਹਨ। ਗੁਰਬਾਣੀ ਵਿਚ ਲਿਖਿਆ ਹੈ,

ਐਸੀ ਕਲਾ ਨ ਖੇਡੀਐ
ਜਿਤੁ ਦਰਗਹ ਗਇਆ ਹਾਰੀਐ॥

ਜੇ ਝੂਠ ਬੋਲ ਕੇ ਦੁਨੀਆਂ ਦੀ ਕਚਹਿਰੀ ਵਿਚ ਕੋਈ ਜਿੱਤ ਵੀ ਜਾਂਦਾ ਹੈ ਤਾਂ ਵੀ ਇਹ ਉਸ ਦੀ ਆਪਣੀ ਹੀ ਹਾਰ ਹੈ। ਉਪਰ ਮਾਲਕ ਦੀ ਕਚਹਿਰੀ ਵਿਚ ਪੇਸ਼ੀ ਹੋਣੀ ਹੈ, ਫਿਰ ਦੁਨੀਆਂ ਦਾ ਕੋਈ ਵਕੀਲ ਉਥੇ ਕੰਮ ਨਹੀਂ ਆਉਂਦਾ:

ਜਬ ਲਗੁ ਮੋਹ ਮਗਨ ਸੰਗਿ ਮਾਇ॥
ਤਬ ਲਗੁ ਧਰਮਰਾਇ ਦੇਇ ਸਜਾਇ॥
ਬਾਣੀ ਸਾਨੂੰ ਸਭ ਕੁੱਝ ਸੱਚ ਦਸ ਰਹੀ ਹੈ:
ਅਨਿਕ ਭੋਗ ਬਿਖਿਆ ਕੇ ਕਰੈ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ॥

ਇਨਸਾਨ ਦੀ ਆਪਣੇ ਲੋਭ ਦੀ ਪਿਆਸ ਨਹੀਂ ਬੁੱਝਦੀ ਤੇ ਰੋਜ ਖਪ ਖਪ ਮਰ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ, ਸੱਚ ਉਚਾ ਹੈ ਪਰ ਉਸ ਤੋਂ ਵੀ ਉਚਾ ਹੈ ਸੱਚਾ ਜੀਉਣਾ।

ਅੱਜ ਹੋ ਸਕਦਾ ਹੈ, ਬਹੁਤ ਸਾਰੇ ਲੋਕ ਬੇਕਸੂਰ ਝੂਠ ਦੇ ਆਧਾਰ 'ਤੇ ਜੇਲ੍ਹਾਂ ਵਿਚ ਬੰਦ ਹੋਣ। ਉਮੀਦ ਕਰਦੀ ਹਾਂ, ਉਹ ਆਪਣਾ ਸੱਚ ਕਹਿਣ, ਆਪਣਾ ਹੱਕ ਤੇ ਸਹੀ ਇਨਸਾਫ ਲੈਣ ਵਿਚ ਸਫਲ ਹੋਣ। ਪਿਛੇ ਜਿਹੇ ਖਬਰ ਪੜ੍ਹੀ ਸੀ ਕਿ ਇਕ ਐਸੇ ਵਿਅਕਤੀ ਨੂੰ 20 ਸਾਲ ਮਗਰੋਂ ਰਿਹਾ ਕੀਤਾ ਗਿਆ ਜੋ ਦੋਸ਼ੀ ਨਹੀਂ ਸੀ। ਇੰਜ ਵੀ ਹੋਇਆ, ਡਾਕਟਰ ਨੇ ਅਪਰੇਸ਼ਨ ਸੱਜੀ ਲੱਤ ਦਾ ਕਰਨਾ ਸੀ, ਗਲਤੀ ਨਾਲ ਖੱਬੀ ਦਾ ਕਰ ਦਿੱਤਾ। ਕਿਸੇ ਹੋਰ ਦੀ ਗਲਤੀ ਲਈ ਸੱਚੇ, ਇਮਾਨਦਾਰ, ਨਿਰਦੋਸ਼ ਵਿਅਕਤੀ ਨੂੰ ਉਹ ਦੋਸ਼ ਭੁਗਤਣਾ ਪੈਂਦਾ ਜੋ ਉਸ ਨੇ ਕਦੇ ਕੀਤਾ ਨਹੀਂ ਹੁੰਦਾ। ਰੱਬ ਕਰੇ ਇਸ ਦੁਨੀਆਂ ਵਿਚ ਹਰ ਰੂਹ ਨੂੰ ਇਨਸਾਫ ਮਿਲੇ।

ਮੈਂ ਅੰਤ ਵਿਚ ਫਿਰ ਇਹ ਗੱਲ ਦੁਹਰਾਉਣਾ ਚਾਹੁੰਨੀ ਆਂ ਕਿ ਜੇ ਬਹੁਤ ਸਾਰੇ ਲੋਕ ਇਕੱਠੇ ਹੋ ਕੇ ਇਕੋ ਹੀ ਗੱਲ ਕਹਿਣ, ਜਰੂਰੀ ਨਹੀਂ ਉਹ ਸੱਚੀ ਹੁੰਦੀ ਹੈ, ਅਸਲੀਅਤ ਵਿਚ ਕੁਝ ਹੋਰ ਹੁੰਦਾ ਹੈ। ਜੇ ਸਾਰੇ ਅਸੀਂ ਉਸ ਸੱਚ ਨੂੰ ਜਾਣ ਸਕੀਏ, ਫਿਰ ਦੁਨੀਆਂ ਤੇ ਕਿਸੇ ਨੂੰ ਕਿਸੇ ਕਚਹਿਰੀ ਦੀ ਲੋੜ ਨਾ ਪਵੇ। ਮੈਂ ਇਹ ਵੀ ਨਹੀਂ ਕਹਿੰਦੀ ਕਿ ਲੋਕਾਂ ਦੀ ਕਹੀ ਹੋਈ ਹਰ ਗੱਲ ਝੂਠ ਹੁੰਦੀ ਹੈ। ਸੱਚ ਦੀ ਤਹਿ ਤੱਕ ਜਾਣ ਲਈ, ਸੱਚੀ ਅੱਖ ਦਾ ਪਾਰਖੂ ਹੋਣਾ ਤੇ ਸੱਚ ਨਾਲ ਦਿਲ ਤੋਂ ਪਿਆਰ ਹੋਣਾ ਜਰੂਰੀ ਹੈ।

ਗੁਰਬਾਣੀ ਵਿਚ ਵੀ ਲਿਖਿਆ ਹੈ:
ਸਚੁ ਤਾ ਪਰੁ ਜਾਣੀਐ
ਜਾ ਸਚਿ ਧਰੇ ਪਿਆਰੁ॥

-ਦੇਵਿੰਦਰ ਕੌਰ
deekaur2011@hotmail.com








# ਪੰਜ ਰਾਜਾਂ ਦੇ ਚੁਣੇ ਵਿਧਾਇਕਾਂ 'ਚੋਂ 257 ਅਪਰਾਧੀ !

ਨਵੀਂ ਦਿੱਲੀ: ਪੰਜ ਰਾਜਾਂ ਆਸਾਮ, ਕੇਰਲਾ, ਪੁਡੂਚੇਰੀ, ਤਾਮਿਲਨਾਡੂ ਤੇ ਪੱਛਮੀ ਬੰਗਾਲ 'ਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਚੁਣੇ ਗਏ ਵਿਧਾਇਕਾਂ ਵਿਚੋਂ 257 ਖਿਲਾਫ਼ ਅਪਰਾਧਿਕ ਕੇਸ ਦਰਜ ਹਨ। ਕੌਮੀ ਇਲੈਕਸ਼ਨ ਵਾਚ ਨਿਊਜ਼ ਵੱਲੋਂ ਜਾਰੀ ਰਿਪੋਰਟ ਮੁਤਾਬਿਕ 133 ਅਜਿਹੇ ਵਿਧਾਇਕ ਹਨ ਜਿਨ੍ਹਾਂ ਖਿਲਾਫ਼ ਕਤਲ, ਡਿਕੈਤੀ, ਚੋਰੀ ਆਦਿ ਦੇ ਗੰਭੀਰ ਕੇਸ ਦਰਜ ਹਨ। ਪੱਛਮੀ ਬੰਗਾਲ ਵਿਧਾਨ ਸਭਾ ਲਈ ਚੁਣੇ ਵਿਧਾਇਕਾਂ ਵਿਚੋਂ ਸਭ ਤੋਂ ਵੱਧ 102 ਖਿਲਾਫ਼ ਤੇ ਸਭ ਤੋਂ ਘੱਟ 9 ਕੇਸ ਪੁਡੂਚੇਰੀ ਦੇ ਵਿਧਾਇਕਾਂ ਖਿਲਾਫ਼ ਦਰਜ ਹਨ।

ਰਿਪੋਰਟ ਅਨੁਸਾਰ ਉਕਤ ਪੰਜ ਰਾਜਾਂ ਦੀਆਂ ਨਵੀਆਂ ਵਿਧਾਨ ਸਭਾਵਾਂ ਦੇ 268 ਵਿਧਾਇਕ ਕਰੋੜਪਤੀ ਹਨ। ਇਨ੍ਹਾਂ ਵਿਚੋਂ ਪੁਡੂਚੇਰੀ ਦੇ ਜ਼ਿਆਦਾਤਰ ਵਿਧਾਇਕ (ਤਕਰੀਬਨ 63 ਫੀਸਦੀ) ਕਰੋੜਪਤੀ ਹਨ ਜਦਕਿ ਪੱਛਮੀ ਬੰਗਾਲ ਦੇ ਸਭ ਤੋਂ ਘੱਟ (16 ਫੀਸਦੀ) ਵਿਧਾਇਕ ਕਰੋੜਪਤੀ ਹਨ। ਉਕਤ ਪੰਜ ਰਾਜਾਂ ਦੇ ਚੁਣੇ ਵਿਧਾਇਕਾਂ ਵਿਚੋਂ ਤਾਮਿਲਨਾਡੂ ਦੇ ਏ. ਨਾਰਾਇਣਨ (ਏ.ਆਈ.ਏ.ਡੀ.ਐਮ.ਕੇ.) ਦੀ ਜਾਇਦਾਦ ਸਭ ਤੋਂ ਵਧੇਰੇ (ਤਕਰੀਬਨ 103 ਕਰੋੜ) ਤੇ ਸਭ ਤੋਂ ਘੱਟ ਪੱਛਮੀ ਬੰਗਾਲ ਦੇ ਗੌਰੰਗਾ ਚੈਟਰਜੀ (ਮਾਰਕਸੀ ਪਾਰਟੀ) ਦੀ ਜਾਇਦਾਦ (ਤਕਰੀਬਨ 36 ਹਜ਼ਾਰ) ਦੇ ਲਗਭਗ ਹੈ। ਰਿਪੋਰਟ ਅਨੁਸਾਰ ਕੇਰਲਾ ਵਿਧਾਨ ਸਭਾ ਦੇ ਚੁਣੇ ਵਿਧਾਇਕਾਂ ਵਿਚੋਂ 67 ਖਿਲਾਫ਼ ਅਪਰਾਧਿਕ ਮਾਮਲੇ ਬਕਾਇਆ ਪਏ ਹਨ ਜਦਕਿ 67 ਵਿਚੋਂ 12 ਖਿਲਾਫ਼ ਕਤਲ ਤੇ ਹੋਰ ਗੰਭੀਰ ਮਾਮਲੇ ਦਰਜ ਹਨ। ਕੇਰਲਾ ਦੇ 35 ਵਿਧਾਇਕ ਕਰੋੜਪਤੀ ਹਨ।

# ਸੀ.ਬੀ.ਆਈ. ਵੱਲੋਂ ਕਲਮਾਡੀ ਖ਼ਿਲਾਫ਼ ਚਾਰਜਸ਼ੀਟ ਦਾਇਰ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਬਰਖ਼ਾਸਤ ਕੀਤੇ ਚੇਅਰਮੈਨ ਸੁਰੇਸ਼ ਕਲਮਾਡੀ ਖ਼ਿਲਾਫ਼ ਦਿੱਲੀ ਦੀ ਅਦਾਲਤ ਵਿਚ ਪਹਿਲੀ ਚਾਰਜਸ਼ੀਟ ਦਾਇਰ ਕੀਤੀ। ਇਸ 'ਚ ਉਸ ਨੂੰ ਖੇਡਾਂ ਦਾ ਠੇਕਾ ਸਵਿਸ ਫਰਮ ਨੂੰ ਦੇਣ 'ਚ ਕੀਤੀਆਂ ਬੇਨਿਯਮੀਆਂ ਦਾ ਮੁੱਖ ਦੋਸ਼ੀ ਠਹਿਰਾਇਆ ਗਿਆ ਹੈ।

ਜਾਂਚ ਏਜੰਸੀ ਨੇ ਆਪਣੀ 50 ਪੰਨਿਆਂ ਦੀ ਚਾਰਜਸ਼ੀਟ 'ਚ ਕਲਮਾਡੀ 'ਤੇ ਦੋਸ਼ ਲਾਇਆ ਹੈ ਕਿ ਉਹ ਇਸ ਮਾਮਲੇ 'ਚ ਮੁੱਖ ਦੋਸ਼ੀ ਹੈ ਕਿਉਂਕਿ ਫਰਮ ਨੂੰ ਠੇਕਾ ਦੇਣ ਬਾਰੇ ਫੈਸਲਾ ਲੈਣ ਦੇ ਅਧਿਕਾਰ ਸਿਰਫ ਉਸ ਕੋਲ ਹੀ ਸੀ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਤਲਵੰਤ ਸਿੰਘ ਨੇ ਮਾਮਲੇ ਦੀ ਅਗਲੀ ਸੁਣਵਾਈ ਦੀ 23 ਮਈ 'ਤੇ ਪਾਈ ਹੈ। ਕਲਮਾਡੀ ਤੋਂ ਇਲਾਵਾ ਸੀ.ਬੀ.ਆਈ. ਨੇ ਦੋ ਕੰਪਨੀਆਂ ਤੇ ਅੱਠ ਵਿਅਕਤੀਆਂ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਮੁਕੱਦਮਾ ਚਲਾਉਣ ਦੀ ਸਿਫ਼ਾਰਸ਼ ਵੀ ਕੀਤੀ ਹੈ। ਕਲਮਾਡੀ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਹ ਰਾਸ਼ਟਰਮੰਡਲ ਖੇਡਾਂ ਬਾਰੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਲਈ ਨਵੇਂ ਤੱਥ ਪੇਸ਼ ਕਰਨਾ ਚਾਹੁੰਦੇ ਹੈ। ਇਸ ਦੇ ਨਾਲ ਹੀ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਕਲਮਾਡੀ ਵਿਰੁੱਧ 'ਕਾਲੇ ਧਨ' ਨੂੰ ਚਿੱਟਾ ਕਰਨ ਦਾ ਕੇਸ ਦਰਜ ਕਰ ਦਿੱਤਾ ਹੈ। ਪਹਿਲਾਂ ਕਲਮਾਡੀ ਵਿਰੁੱਧ ਨਕਦੀ ਤੇ ਫੰਡਾਂ ਦੀ ਹੇਰਾਫੇਰੀ ਦੇ ਦੋਸ਼ ਲੱਗੇ ਸਨ। ਇਸ ਕਰਕੇ ਪੂਨਾ ਤੋਂ ਜਿੱਤੇ ਲੋਕ ਸਭਾ ਦੇ ਕਾਂਗਰਸੀ ਮੈਂਬਰ ਵਿਰੁੱਧ 'ਵਿਦੇਸ਼ੀ ਮੁਦਰਾਂ ਦੀ ਹੇਰਾਫੇਰੀ' ਕਰਨ ਦਾ ਕੇਸ ਵੀ ਦਰਜ ਹੋਇਆ ਸੀ।

ਸੀ.ਬੀ.ਆਈ. ਨੇ ਖੇਡਾਂ ਦੌਰਾਨ ਇਕ ਸਵਿਸ ਕੰਪਨੀ ਨੂੰ ਵਧਾ-ਚੜ੍ਹਾ ਠੇਕਾ ਦੇਣ ਨਾਲ ਸਰਕਾਰ ਦਾ 100 ਕਰੋੜ ਦੇ ਕਰੀਬ ਨੁਕਸਾਨ ਕਰਵਾਉਣ ਦੇ ਦੋਸ਼ 'ਚ ਕੇਸ ਦਰਜ ਕਰਕੇ ਗ੍ਰਿਫ਼ਤਾਰ ਕੀਤਾ ਸੀ। ਉਹ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਹੈ।




# ਤੇ ਅਸਾਂ ਤੇਰੀ ਤੋਰ ਵੇਖਣੀ...

**ਫਰਿਜ਼ਨੋ (ਐਸ. ਅਸ਼ੋਕ ਭੌਰਾ):** ਇਥੋਂ ਨਜ਼ਦੀਕੀ ਕਸਬੇ ਕੰਕਰਡ ਵਿਚ ਡਾ. ਹਰਮੇਸ਼ ਕੁਮਾਰ ਅਤੇ ਉਨ੍ਹਾਂ ਦੀ ਸੰਸਥਾ ਸਬ ਫਾਊਂਡੇਸ਼ਨ ਵਲੋਂ ਕਰਾਏ ਗਏ ਵਿਸਾਖੀ ਸਮਾਗਮ ਵਿਚ ਗੀਤ ਸੰਗੀਤ, ਸਕਿੱਟਾਂ, ਐਕਸ਼ਨ ਸਾਂਗ ਅਤੇ ਭੰਗੜੇ ਦੀਆਂ ਚੰਗੀਆਂ ਰੌਣਕਾਂ ਲੱਗੀਆਂ। ਤਿਤਲੀਆਂ ਵਰਗੀਆਂ ਗੋਰੀਆਂ ਕੁੜੀਆਂ ਭੰਗੜਾ ਬੀਟ 'ਤੇ ਹਵਾ ਵਿਚ ਉਡੀਆਂ ਤਾਂ ਦਰਬਾਰ ਇੰਦਰ ਦੇਵ ਦਾ ਹੀ ਲੱਗਦਾ ਸੀ। ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਭਾਸ਼ਾ ਦੇ ਸਾਂਝੇ ਮਿਸ਼ਰਣ ਵਿਚ ਮੰਚ ਸੰਚਾਲਨ ਕਰਨ ਵਾਲੀ ਗੁਜਰਾਤੀ ਬੀਬੀ ਦੀਪਾ ਠਾਕੁਰ ਨੇ ਮੇਲੇ ਨੂੰ ਸੱਚ ਮੁੱਚ ਹੀ ਰੌਣਕ ਮੇਲਾ ਬਣਾਈ ਰੱਖਿਆ। ਗੀਤਕਾਰ ਮੱਖਣ ਲੁਹਾਰ ਦੇ ਨਾਲ ਨਾਲ ਹੋਰ ਵੀ ਪੰਜਾਬੀ, ਗੈਰ ਪੰਜਾਬੀ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਲੌਰਾ ਹਾਫ ਮਾਈਸਟਰ ਮੇਰ ਮੁੱਖ ਮਹਿਮਾਨ ਸਨ ਅਤੇ ਕਾਊਂਟੀ ਵਲੋਂ ਕੈਰਨ ਮਾਈਕਰੇਨ ਵਿਸ਼ੇਸ਼ ਮਹਿਮਾਨ ਸਨ। ਹੋਰ ਸਰਕਾਰੀ ਅਧਿਕਾਰੀ ਅਤੇ ਮੁੱਖ ਧਾਰਾ ਦੇ ਅਮੈਰਿਕਨ ਵੀ ਪਹੁੰਚੇ ਹੋਏ ਸਨ।



ਮੇਲੇ ਦਾ ਅਰੰਭ ਭਾਈ ਹਰਬਿਲਾਸ ਸਿੰਘ ਝਿੰਗੜਾਂ ਅਤੇ ਭਾਈ ਸੁਖਦੇਵ ਸਿੰਘ ਦੇ ਸ਼ਬਦ ਗਾਇਨ ਨਾਲ ਹੋਇਆ। ਪੰਜਾਬੀ ਲੋਕ ਗਾਇਕ ਸੁਖਵਿੰਦਰ ਪੰਛੀ ਨੇ ਕਰੀਬ ਇਕ ਘੰਟਾ ਆਪਣੇ ਗੀਤਾਂ, ਹੀਰੇ ਡੋਲੀ ਬਹਿ ਗਈ ਖੇੜਿਆਂ ਦੀ, ਸ਼ਾਹਾਂ ਦੀਏ ਕੁੜੀਏ, ਦਿਲ ਵੱਟੇ ਦੇਵੇ ਭੈੜਾ ਛੱਲੇ ਮੁੰਦੀਆਂ, ਤੂੰ ਚਾਹੁੰਦਾ ਰਹਿ ਦਿਲਦਾਰ, ਦਿੱਲੀ ਦੇ ਹਵਾਈ ਅੱਡੇ ਉਤੇ, ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ ਆਦਿ ਨਾਲ ਸਮਾਂ ਬੰਨ੍ਹੀਂ ਰੱਖਿਆ।





## ਭਾਰਤੀ ਜੋੜਾ ਦੋਸ਼ੀ ਕਰਾਰ

**ਨਿਊ ਯਾਰਕ:** ਭਾਰਤੀ ਮੂਲ ਦੇ ਅਮਰੀਕਾ 'ਚ ਨਿਊ ਜਰਸੀ ਦੇ ਨੇੜੇ ਕਲੋਸਟਰ 'ਚ ਰਹਿ ਰਹੇ ਇਕ ਜੋੜੇ ਨੂੰ ਭਾਰਤ 'ਚ ਬਣੀਆਂ ਦਵਾਈਆਂ ਅਮਰੀਕਾ 'ਚ ਆਪਣੇ ਗਾਹਕਾਂ ਲਈ ਗੈਰ ਕਾਨੂੰਨੀ ਢੰਗ ਨਾਲ ਖਰੀਦਣ ਦੇ ਮਾਮਲੇ 'ਚ ਦੋਸ਼ੀ ਪਾਇਆ ਗਿਆ ਹੈ।

ਨੀਤਾ ਪਟੇਲ ਤੇ ਹਰਸ਼ਦ ਪਟੇਲ ਨੂੰ ਅਮਰੀਕਾ ਦੇ ਜ਼ਿਲ੍ਹਾ ਜੱਜ ਦੇ ਸਾਹਮਣੇ ਫਾਰਮਾਸਿਊਟੀਕਲ ਦੇ ਲਾਇਸੰਸ ਤੋਂ ਬਿਨਾਂ ਦਵਾਈਆਂ ਵੇਚਣ ਦੇ ਦੋਸ਼ ਲੱਗੇ ਸਨ। ਉਨ੍ਹਾਂ ਨਾਲ ਉਨ੍ਹਾਂ ਦੇ ਇਕ ਹੋਰ ਭਾਰਤੀ ਸਾਥੀ ਘੋਸ਼ ਵੀ ਦੋਸ਼ੀ ਪਾਇਆ ਗਿਆ ਤੇ ਉਸ ਨੂੰ ਅੱਠ ਮਹੀਨੇ ਦੀ ਕੈਦ ਦੀ ਸਜ਼ਾ ਹੋਈ ਹੈ। ਪਟੇਲ ਜੋੜੇ ਨੂੰ ਵੱਧ ਤੋਂ ਵੱਧ 10 ਸਾਲ ਦੀ ਕੈਦ ਤੇ 2.5 ਲੱਖ ਡਲਰ ਜੁਰਮਾਨਾ ਹੋ ਸਕਦਾ ਹੈ। ਉਨ੍ਹਾਂ ਨੂੰ ਸਜ਼ਾ 23 ਅਗਸਤ ਨੂੰ ਸੁਣਾਈ ਜਾਵੇਗੀ।

*Visit us on the web:*
*www.punjabtimesusa.com*

## ਡਾ. ਸੁਖਦੇਵ ਸਿੰਘ ਕੈਨੇਡਾ, ਅਮਰੀਕਾ ਦੇ ਦੌਰੇ 'ਤੇ



ਡਾ. ਸੁਖਦੇਵ ਸਿੰਘ

**ਲੁਧਿਆਣਾ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਸਾਹਿਤ ਅਕਾਡਮੀ ਦੇ ਜਨਰਲ ਸਕੱਤਰ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਿਚ ਅਧਿਆਪਕ ਡਾ. ਸੁਖਦੇਵ ਸਿੰਘ ਸਿਰਸਾ 26 ਮਈ ਤੋਂ 30 ਜੂਨ ਤਕ ਨਾਰਥ ਅਮੈਰਿਕਾ ਦਾ ਵੈਨਕੂਵਰ ਤੋਂ ਦੌਰਾ ਸ਼ੁਰੂ ਕਰਨਗੇ। ਇਸ ਦੌਰਾਨ ਉਹ ਨਵੇਂ ਲੇਖਕਾਂ ਨੂੰ ਪਛਾਨਣ ਤੇ ਅਕਾਡਮੀ ਨਾਲ ਜੁੜਨ ਲਈ ਪ੍ਰੇਰਨਗੇ ਤਾਂ ਜੋ ਪੰਜਾਬੀ ਨੂੰ ਅੰਤਰਰਾਸ਼ਟਰੀ ਪੱਧਰ ਉਤੇ ਵਿਕਸਤ ਕਰਨ ਲਈ ਇਕ ਟੀਮ ਦਾ ਗਠਨ ਕੀਤਾ ਜਾ ਸਕੇ।

ਇਹ ਜਾਣਕਾਰੀ ਦਿੰਦਿਆਂ ਸਭਾ ਦੇ ਇਕ ਬਿਆਨ ਵਿਚ ਦੱਸਿਆ ਗਿਆ ਹੈ ਕਿ ਲੋਕਲ ਸਾਹਿਤ ਸਭਾਵਾਂ ਰਾਹੀਂ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



*ਹਿਊਸਟਨ: ਹਰਜੀਤ ਕੁਮਾਰ ਫਰਾਲਾ ਜਿਸ ਨੇ ਓਪਨ ਕੈਟਾਗਰੀ ਵਿਚ 250 ਕਿਲੋ ਬੈਂਚ ਪਰੈਸ ਅਤੇ 3 ਕੁਇੰਟਲ 2 ਕਿਲੋ 500 ਗ੍ਰਾਮ ਦੀ ਡੈਡ ਲਿਫਟ ਲਾ ਕੇ ਇਥੇ ਹੋਏ ਪਾਵਰ ਲਿਫਟਿੰਗ ਮੁਕਾਬਲਿਆਂ ਵਿਚ ਪਹਿਲੀ ਪੁਜੀਸ਼ਨ ਹਾਸਲ ਕੀਤੀ। ਹਰਜੀਤ ਕੁਮਾਰ ਹੁਣ ਵਰਲਡ ਚੈਂਪੀਅਨਸ਼ਿਪ ਲਈ ਚੁਣਿਆ ਗਿਆ ਹੈ ਜੋ ਕਿ 1 ਤੋਂ 7 ਨਵੰਬਰ ਤੱਕ ਰੀਨੋ, ਨੇਵਾਡਾ ਵਿਚ ਹੋ ਰਹੀ ਹੈ। ਇਸ ਮੁਕਾਬਲੇ ਵਿਚ ਕੁਲ 92 ਖਿਡਾਰੀ ਮੁੰਡੇ-ਕੁੜੀਆਂ ਨੇ ਹਿੱਸਾ ਲਿਆ। ਜ਼ਿਕਰਯੋਗ ਹੈ ਕਿ ਹਰਜੀਤ ਦਾ ਵੱਡਾ ਭਰਾ ਹਰਜਿੰਦਰ ਕੁਮਾਰ ਵੀ ਪਾਵਰ ਲਿਫਟਿੰਗ ਮੁਕਾਬਲਿਆਂ ਵਿਚ ਪਹਿਲੀਆਂ ਪੁਜੀਸ਼ਨਾਂ ਲੈ ਰਿਹਾ ਹੈ। ਇਸ ਤੋਂ ਪਹਿਲਾਂ ਉਹ ਰਾਮਗੜ੍ਹੀਆ ਕਾਲਜ, ਫਗਵਾੜਾ ਦੇ ਮੁਕਾਬਲਿਆਂ ਵਿਚ ਗੋਲਡ ਮੈਡਲਿਸਟ ਰਹਿ ਚੁਕਾ ਹੈ। (ਫੋਟੋ ਤੇ ਵੇਰਵਾ: ਇਕਬਾਲ ਜੱਬੋਵਾਲੀਆ)*







ੴ ਸਤਿਗੁਰ ਪ੍ਰਸਾਦਿ

*ਸੰਤ ਕਾ ਮਾਰਗ ਧਰਮ ਕੀ ਪੌੜੀ ਕੋ ਵਡਭਾਗੀ ਪਾਵੈ॥*

# ਗੁਰਦੁਆਰਾ ਸਾਹਿਬ ਐਲ-ਸਬਰਾਂਟੇ, ਕੈਲੀਫੋਰਨੀਆ

## 61ਵੀਂ ਬਰਸੀ

# ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ

## 5 ਜੂਨ, 2011, ਦਿਨ ਐਤਵਾਰ



ਸੰਤ ਬਾਬਾ ਪ੍ਰੇਮ ਸਿੰਘ ਜੀ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕੀ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਵੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ ਅਤੇ ਵਿਦਿਆ-ਦਾਨੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਾਲਾਨਾ ਬਰਸੀ ਗੁਰਦੁਆਰਾ ਸਾਹਿਬ, ਐਲ-ਸਬਰਾਂਟੇ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ।

### ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
3 ਜੂਨ, 2011 ਦਿਨ ਸ਼ੁੱਕਰਵਾਰ, ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
5 ਜੂਨ, 2011 ਦਿਨ ਐਤਵਾਰ, ਸਵੇਰੇ 10 ਵਜੇ



ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ 2 ਵਜੇ ਤੱਕ ਕਥਾ-ਕੀਰਤਨ ਦਾ ਪਰਵਾਹ ਚੱਲੇਗਾ। ਉਪਰੰਤ 2 ਵਜੇ ਅਰਦਾਸ ਹੋਵੇਗੀ। ਸਮੂਹ ਸਾਧ ਸੰਗਤ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਮੇਤ, ਸਮੇਂ ਸਿਰ ਗੁਰੂ ਘਰ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਇਸ ਮੌਕੇ 'ਤੇ 11 ਵਜੇ ਤੋਂ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ। ਲੰਗਰ ਦੀ ਸੇਵਾ ਸੰਤ ਜੀ ਦੇ ਸ਼ਰਧਾਲੂਆਂ ਵਲੋਂ ਹੋਵੇਗੀ ਜੀ।

*61st Barsi of Sant Baba Prem Singh Ji Muralewale (Begowal, Distt. Kapurthala) is being celebrated at Gurudwara Sahib. El-Sobrante from June 3 to June 5, 2011. All are requested to participate in paying homage to the great Saint of the 20th Century & Seek God's blessings.*

*For More Info. Please Contact:*
Col Paramjit S. Gahra 510-703-8437; Col Puran S. Ghotra 707-704-6915; Sharanjit S. Kamma 650-238-8525; Harjit Singh 707-334-7514; Jit Singh 650-580-4477; Malkit Singh 510-860-7811; Daljit Singh 650-826-1357

Ad space sponsored by

**Law Office of Manpreet Singh Gahra**

***Berkeley Office :*** *2161, Shattuck Ave., Suite#304, Berkeley, CA 94704*

***Phone: 510-841-4582***

***Sacramento Office : Ph. 916-924-1617***

# ਯੁਗਾਂਤਰ ਆਸ਼ਰਮ ਗਦਰ ਲਹਿਰ ਦਾ ਖੋਜ ਕੇਂਦਰ ਬਣੇ: ਪ੍ਰੋ. ਚਮਨ ਲਾਲ

**ਸੈਨ ਫਰਾਂਸਿਸਕੋ (ਹੁਸਨ ਲੜੋਆ ਬੰਗਾ):** ਸ਼ਹੀਦ ਕਰਤਾਰ ਸਿੰਘ ਸਰਾਭੇ ਦੀ ਕੁਰਬਾਨੀ ਅਤੇ ਗਦਰ ਲਹਿਰ ਨੇ ਭਾਰਤ ਦੀ ਆਜ਼ਾਦੀ ਦੇ ਸੰਕਲਪ ਨੂੰ ਪੈਦਾ ਕੀਤਾ ਅਤੇ ਆਜ਼ਾਦੀ ਦੇ ਸੰਘਰਸ਼ ਦਾ ਮੁੱਢ ਬੰਨ੍ਹਣ ਵਿਚ ਸ਼ਹੀਦ ਸਰਾਭੇ ਦੀ ਕੁਰਬਾਨੀ ਦਾ ਬਹੁਤ ਵੱਡਮੁੱਲਾ ਯੋਗਦਾਨ ਹੈ। ਇਹ ਵਿਚਾਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੇ ਭਾਰਤੀ ਭਾਸ਼ਾ ਕੇਂਦਰ ਦੇ ਸਾਬਕਾ ਮੁਖੀ ਪ੍ਰੋ. ਚਮਨ ਲਾਲ ਨੇ ਸ਼ਹੀਦ ਕਰਤਾਰ ਸਿੰਘ ਸਰਾਭੇ ਦੇ 115ਵੇਂ ਜਨਮ ਦਿਨ ਮੌਕੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਅਤੇ ਸੈਂਟਰ ਆਫ ਇੰਡੋ-ਯੂ ਐਸ ਡਾਇਲਾਗ ਸੰਸਥਾ ਵੱਲੋਂ ਸਾਂਝੇ ਤੌਰ ਤੇ ਇਥੇ ਯੁਗਾਂਤਰ ਆਸ਼ਰਮ ਵਿਖੇ ਮਨਾਏ ਗਏ ਸਮਾਗਮ ਵਿਚ ਕਹੇ।



ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਜਨਮ ਸਮਾਗਮ ਵਿਚ ਸ਼ਾਮਲ ਪ੍ਰੋ. ਚਮਨ ਲਾਲ ਤੇ ਹੋਰ ਪਤਵੰਤੇ ਸੱਜਣ। ਫੋਟੋ:ਹੁਸਨ ਲੜੋਆ ਬੰਗਾ

ਇਹ ਪਹਿਲੀ ਵਾਰ ਸੀ ਕਿ ਇਨ੍ਹਾਂ ਦੋਵਾਂ ਸੰਸਥਾਵਾਂ ਨੇ ਉਸ ਜਗ੍ਹਾ ਤੇ ਸਮਾਗਮ ਕੀਤਾ ਜਿਥੇ ਬੈਠ ਕੇ ਕਰਤਾਰ ਸਿੰਘ ਸਰਾਭੇ ਤੇ ਉਨ੍ਹਾਂ ਦੇ ਸਾਥੀਆਂ ਨੇ ਗਦਰ ਅਖਬਾਰ ਸ਼ੁਰੂ ਕੀਤਾ ਅਤੇ ਗਦਰ ਪਾਰਟੀ ਦਾ ਪਹਿਲਾ ਹੈਡਕੁਆਟਰ ਬਣਾਇਆ। ਪ੍ਰੋ. ਚਮਨ ਲਾਲ ਨੇ ਕਿਹਾ ਕਿ ਜਿਸ ਜਗ੍ਹਾ ਤੇ ਬੈਠ ਕੇ ਭਾਰਤ ਦੀ ਆਜ਼ਾਦੀ ਦੀ ਤਹਿਰੀਕ ਲਿਖੀ ਗਈ, ਅੱਜ ਇਸ ਜਗ੍ਹਾ ਦੀ ਹਾਲਤ ਬੇਹੱਦ ਤਰਸਯੋਗ ਹੈ। ਜੇ ਭਾਰਤ ਸਰਕਾਰ ਯੁਗਾਂਤਰ ਆਸ਼ਰਮ ਨੂੰ ਨਹੀਂ ਸਾਂਭ ਸਕਦੀ ਅਤੇ ਇਸ ਜਗ੍ਹਾ ਅਜਾਇਬ ਘਰ ਅਤੇ ਲਾਇਬਰੇਰੀ ਨਹੀਂ ਬਣਾ ਸਕਦੀ ਤਾਂ ਇਸ ਨੂੰ ਬਰਕਲੇ ਯੂਨੀਵਰਸਿਟੀ ਨੂੰ ਦੇ ਦੇਣਾ ਚਾਹੀਦਾ ਹੈ ਤਾਂ ਜੋ ਇਥੇ ਗਦਰ ਲਹਿਰ ਦਾ ਖੋਜ ਕੇਂਦਰ ਸਥਾਪਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਆਸ਼ਰਮ ਅਤੇ ਸਟਾਕਟਨ ਗੁਰੂ ਘਰ ਭਾਰਤੀ ਭਾਈਚਾਰੇ ਦੀ ਵਿਰਾਸਤ ਹਨ ਅਤੇ ਭਾਰਤੀਆਂ ਅਤੇ ਸਿੱਖਾਂ ਦੀ ਪਹਿਚਾਣ ਦੇ ਕੇਂਦਰ ਹਨ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਦੇ ਬੁੱਤ ਲਾਉਣ ਦੀ ਬਜਾਏ ਆਜ਼ਾਦੀ ਦੇ ਨਾਇਕ ਸੋਹਣ ਸਿੰਘ ਭਕਨਾ ਅਤੇ ਕਰਤਾਰ ਸਿੰਘ ਸਰਾਭੇ ਦੇ ਬੁੱਤ ਲੱਗਣੇ ਚਾਹੀਦੇ ਹਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਸੈਂਟਰ ਦੇ ਪ੍ਰਧਾਨ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਗਦਰ ਲਹਿਰ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਣ ਦਾ ਉਪਰਾਲਾ ਕਰ ਰਹੀ ਹੈ। ਭਾਰਤ ਦੀ ਆਜ਼ਾਦੀ ਦੇ ਨਾਇਕਾਂ ਦੀਆਂ ਯਾਦਗਾਰਾਂ ਦੀ ਅੱਜ ਜੋ ਹਾਲਤ ਬਹੁਤੀ ਵਧੀਆ ਨਹੀਂ ਤਾਂ ਇਸ ਲਈ ਜਿਥੇ ਸਮੇਂ ਦੀਆਂ ਸਰਕਾਰਾਂ ਦੋਸ਼ੀ ਹਨ ਉਥੇ ਸਾਡਾ ਇਨ੍ਹਾਂ ਸੂਰਮਿਆਂ ਅਤੇ ਲਹਿਰਾਂ ਪ੍ਰਤੀ ਨਾਂਹ-ਪੱਖੀ ਵਤੀਰਾ ਵੀ ਜ਼ਿੰਮੇਵਾਰ ਹੈ। ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਸੁਰਿੰਦਰ ਸੀਰਤ, ਰੇਸ਼ਮ ਸਿੱਧੂ, ਡਾ. ਹਰਮੇਸ਼ ਕੁਮਾਰ, ਸੁਖਦੇਵ ਸਿੰਘ, ਗੁਲਿੰਦਰ ਗਿੱਲ ਅਤੇ ਪ੍ਰੋ. ਬਲਵਿੰਦਰ ਸਿੰਘ ਲਾਲੀ ਧਨੋਆ ਨੇ ਵੀ ਸੰਬੋਧਨ ਕੀਤਾ ਜਦੋਂ ਕਿ ਪ੍ਰਧਾਨਗੀ ਮੰਡਲ ਵਿਚ ਡਾ. ਚਮਨ ਲਾਲ, ਸੁਰਿੰਦਰ ਸੀਰਤ, ਗੁਲਿੰਦਰ ਗਿੱਲ ਅਤੇ ਡਾ. ਹਰਮੇਸ਼ ਕੁਮਾਰ ਸ਼ਾਮਲ ਸਨ।

ਸਮਾਗਮ ਦੇ ਦੂਸਰੇ ਸੈਸ਼ਨ ਵਿਚ ਕਵੀ ਦਰਬਾਰ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਡਾ. ਖੁਆਜਾ ਅਸ਼ਰਫ, ਪ੍ਰੋ. ਚਮਨ ਲਾਲ, ਹਰਭਜਨ ਸਿੰਘ ਢਿੱਲੋਂ ਅਤੇ ਕੁਲਦੀਪ ਧਾਲੀਵਾਲ ਨੇ ਕੀਤੀ। ਸੈਸ਼ਨ ਦੇ ਸ਼ੁਰੂ ਵਿਚ ਹਰਮਨ ਪਿਆਰੇ ਗਾਇਕ ਸੁਖਦੇਵ ਸਾਹਿਲ ਨੇ ਇਨਕਲਾਬੀ ਗੀਤ ਤੇ ਗਜਲਾਂ ਪੇਸ਼ ਕੀਤੀਆਂ। ਸੁਰਿੰਦਰ ਸੀਰਤ, ਕੁਲਵਿੰਦਰ, ਹਰਭਜਨ ਸਿੰਘ ਢਿੱਲੋਂ, ਮਾਸਟਰ ਧਰਮਪਾਲ ਰਿੰਕੂ, ਰੇਸ਼ਮ ਸਿੱਧੂ, ਡਾ. ਖੁਆਜਾ ਅਸ਼ਰਫ, ਫਾਰੂਕ ਤਰਾਜ, ਨਵਨੀਤ ਪੰਨੂੰ, ਡਾ. ਚਮਲ ਲਾਲ ਅਤੇ ਗੁਲਸ਼ਨ ਦਿਆਲ ਨੇ ਕਵਿਤਾਵਾਂ ਪੇਸ਼ ਕੀਤੀਆਂ।

## ਸਤਵੰਤ ਨਿੱਜਰ ਇੰਡੀਆਨਾ ਕਾਂਗਰਸ ਦੇ ਪ੍ਰਧਾਨ ਬਣੇ

**ਇੰਡੀਅਨਐਪੋਲਿਸ (ਬਿਊਰੋ):** ਸ੍ਰੀ ਸਤਵੰਤ ਸਿੰਘ ਨਿੱਜਰ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਇੰਡੀਆਨਾ ਨਾਰਥ ਯੂ ਐਸ ਏ ਦੇ ਪ੍ਰਧਾਨ ਚੁਣੇ ਗਏ ਹਨ। ਉਹ ਪਹਿਲੇ ਪ੍ਰਧਾਨ ਵਰਿੰਦਰ ਸਾਹੀ ਦੀ ਥਾਂ ਲੈਣਗੇ ਜੋ ਕਿ ਆਪਣੇ ਨਿੱਜੀ ਰੁਝੇਵਿਆਂ ਕਾਰਨ ਪਾਰਟੀ ਲਈ ਸਮਾਂ ਨਹੀਂ ਸਨ ਕੱਢ ਸਕਦੇ। ਇਸ ਸਬੰਧੀ ਫੈਸਲਾ ਪਾਰਟੀ ਇਕਾਈ ਦੀ ਇਥੇ ਲੰਘੇ ਐਤਵਾਰ ਇੰਡੀਆ ਪੈਲੇਸ ਰੈਸਟੋਰੈਂਟ ਵਿਚ ਹੋਈ ਮੀਟਿੰਗ ਵਿਚ ਲਿਆ ਗਿਆ। ਇਸ ਮੀਟਿੰਗ ਵਿਚ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਯੂ ਐਸ ਏ (ਨਾਰਥ ਅਮੈਰਿਕਾ) ਦੇ ਪ੍ਰਧਾਨ ਸ੍ਰੀ ਅਜੈਬ ਸਿੰਘ ਹੋਰ ਆਗੂਆਂ ਸਤਨਾਮ ਸਿੰਘ ਮਿਨਹਾਸ, ਭੁਪਿੰਦਰ ਸਿੰਘ ਬਿੱਲਾ ਅਤੇ ਪੀਟਾ ਸਹੋਤਾ ਸਮੇਤ ਪਹੁੰਚੇ ਹੋਏ ਸਨ।



ਸਤਵੰਤ ਸਿੰਘ

ਇਸੇ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਮਹਿੰਦਰ ਸਿੰਘ ਕੇਪੀ ਅਤੇ ਹਾਲ ਹੀ ਵਿਚ ਬਣੇ ਮੀਤ ਪ੍ਰਧਾਨ ਸ੍ਰੀ ਕੇਵਲ ਸਿੰਘ ਢਿੱਲੋਂ ਨੇ ਸ੍ਰੀ ਸਤਵੰਤ ਨਿੱਜਰ ਨੂੰ ਇਸ ਨਿਯੁਕਤੀ ਲਈ ਫੋਨ 'ਤੇ ਵਧਾਈ ਦਿੱਤੀ ਹੈ।

ਹੋਰ ਅਹੁਦੇਦਾਰਾਂ ਵਿਚ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਨਾਗਰਾ, ਮੀਤ ਪ੍ਰਧਾਨ ਬਲਵਿੰਦਰ ਸਿੰਘ ਖੱਖ, ਜਨਰਲ ਸੈਕਟਰੀ ਚਤਰਪਾਲ ਸਿੰਘ ਆਹਲੂਵਾਲੀਆ, ਸਕੱਤਰ ਪਰਮਜੀਤ ਸਿੰਘ ਗਿੱਧਾ, ਵਿੱਤ ਸਕੱਤਰ ਗੁਰਦੀਪ ਸਿੰਘ ਨਿੱਜਰ ਅਤੇ ਕੁਲਵੰਤ ਸਿੰਘ ਦਿਓਲ ਸ਼ਾਮਲ ਹਨ। ਸੁਖਦੇਵ ਸਿੰਘ ਸਮਰਾ, ਹਰਵਿੰਦਰ ਸਿੰਘ ਬੋਲਾ, ਸਰਬਜੀਤ ਸਿੰਘ ਅਤੇ ਬਲਜੀਤ ਸਿੰਘ ਬੋਰਡ ਮੈਂਬਰਾਂ ਵਿਚ ਸ਼ਾਮਲ ਹਨ।


*Visit us on the web:*
*www.punjabtimesusa.com*
*To Advertise with us*
*Call: 847-359-0746, e-*








# ਪਾਕਿ 'ਚ ਮੁੜ ਹੋ ਸਕਦੀ ਹੈ ਐਬਟਾਬਾਦ ਵਰਗੀ ਕਾਰਵਾਈ: ਓਬਾਮਾ

**ਲੰਡਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਜੇ ਪਾਕਿਸਤਾਨ ਵਿਚ ਕੋਈ ਖ਼ਤਰਨਾਕ ਅਤਿਵਾਦੀ ਆਗੂ ਪਾਇਆ ਗਿਆ ਤਾਂ ਉਹ ਓਸਾਮਾ ਬਿਨ ਲਾਦਿਨ ਨੂੰ ਮਾਰਨ ਲਈ ਕੀਤੇ ਗਏ ਐਬਟਾਬਾਦ ਜਿਹਾ ਅਪਰੇਸ਼ਨ ਕਰਨ ਦੀ ਮੁੜ ਆਗਿਆ ਦੇਣਗੇ। ਬਰਤਾਨੀਆ ਦੇ ਆਪਣੇ ਦੌਰੇ ਤੋਂ ਪੂਰਬਲੀ ਸ਼ਾਮ ਬੀ.ਬੀ.ਸੀ. ਨਾਲ ਮੁਲਾਕਾਤ 'ਚ ਓਬਾਮਾ ਨੇ ਕਿਹਾ ਕਿ ਉਨ੍ਹਾਂ ਨੂੰ ਪਾਕਿਸਤਾਨੀ ਪ੍ਰਭੂਸੱਤਾ ਦਾ ਪੂਰਾ ਖਿਆਲ ਹੈ ਪਰ ਇਹੋ ਜਿਹੇ ਐਕਸ਼ਨ ਕੀਤੇ ਬਗੈਰ ਅਤਿਵਾਦ ਦਾ ਖ਼ਾਤਮਾ ਸੰਭਵ ਨਹੀਂ ਹੈ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਜੇ ਤਾਲਿਬਾਨ ਆਗੂ ਮੁੱਲਾ ਉਮਰ ਜਾਂ ਅਲਕਾਇਦਾ ਦੇ ਚੋਟੀ ਦੇ ਆਗੂ ਪਾਕਿਸਤਾਨ ਜਾਂ ਕਿਸੇ ਹੋਰ ਪ੍ਰਭੂਸੱਤਾ ਸੰਪੰਨ ਖਿੱਤੇ ਵਿਚ ਨਜ਼ਰੀਂ ਪੈਂਦੇ ਹਨ ਤਾਂ ਉਹ ਕੀ ਕਰਨਗੇ ਤਾਂ ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਇਕਤਰਫਾ ਕਾਰਵਾਈ ਕੀਤੀ ਜਾਵੇਗੀ।

ਓਬਾਮਾ ਨੇ ਕਿਹਾ ਕਿ ਉਨ੍ਹਾਂ ਦਾ ਕੰਮ ਅਮਰੀਕਾ ਨੂੰ ਸੁਰੱਖਿਅਤ ਬਣਾਉਣਾ ਹੈ। ਉਹ ਪਾਕਿਸਤਾਨ ਦੀ ਪ੍ਰਭੂਸੱਤਾ ਦਾ ਬਹੁਤ ਸਤਿਕਾਰ ਕਰਦੇ ਹਨ ਪਰ ਉਨ੍ਹਾਂ ਲੋਕਾਂ ਨੂੰ ਖੁੱਲ੍ਹ ਨਹੀਂ



ਨਹੀਂ ਦਿੱਤੀ ਜਾ ਸਕਦੀ ਜੋ ਸਾਡੇ ਜਾਂ ਸਾਡੇ ਇਤਹਾਦੀਆਂ ਦੇ ਲੋਕਾਂ ਨੂੰ ਮਾਰਨ ਦੀਆਂ ਯੋਜਨਾਵਾਂ ਘੜ ਰਹੇ ਹਨ। ਅਸੀਂ ਕੋਈ ਐਕਸ਼ਨ ਕੀਤੇ ਬਗੈਰ ਇਸ ਤਰ੍ਹਾਂ ਦੀਆਂ ਯੋਜਨਾਵਾਂ ਨੂੰ ਸਿਰੇ ਚੜ੍ਹਨ ਦੀ ਆਗਿਆ ਨਹੀਂ ਦੇ ਸਕਦੇ।

ਜ਼ਿਕਰਯੋਗ ਹੈ ਕਿ ਐਬਟਾਬਾਦ ਵਿਚ ਦੋ ਮਈ ਨੂੰ ਛਾਪਾਮਾਰ ਕਾਰਵਾਈ ਨਾਲ ਇਸਲਾਮਾਬਾਦ ਸਕਤੇ 'ਚ ਆ ਗਿਆ ਸੀ ਤੇ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਵੀ ਤਣਾਅ ਵਧ ਗਿਆ ਸੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਬਿਨ ਲਾਦਿਨ ਦਾ ਕਤਲ ਇਕ ਹੋਕੇ ਦਾ ਪ੍ਰਤੀਕ ਬਣ ਸਕਦਾ ਸੀ ਜਿਥੋਂ ਸਾਡੇ ਪਾਕਿਸਤਾਨ ਨਾਲ ਵਧੇਰੇ ਕਰੀਬੀ ਸਬੰਧਾਂ ਦੀ ਨਵੀਂ ਸ਼ੁਰੂਆਤ ਹੋ ਸਕਦੀ ਸੀ। ਇਸੇ ਦੌਰਾਨ ਓਬਾਮਾ ਨੇ ਕਿਹਾ ਹੈ ਕਿ ਪਾਕਿਸਤਾਨ ਦਾ ਭਾਰਤ ਲਈ ਖ਼ਬਤ ਆਪਣੇ ਗੁਆਂਢੀ ਨੂੰ ਹੋਂਦ ਲਈ ਵੱਡੇ ਖਤਰੇ ਵਜੋਂ ਦੇਖਣ ਲਈ ਮਜਬੂਰ ਕਰਦਾ ਹੈ ਜੋ ਵੱਡੀ ਗਲਤੀ ਹੈ ਤੇ ਜੇਕਰ ਇਸਲਾਮਾਬਾਦ ਸ਼ਰੀਕੇਬਾਜ਼ੀ ਵਾਲੀ ਇਹ ਮਾਨਸਿਕਤਾ ਬਦਲ ਦੇਵੇ ਤਾਂ ਇਹ ਬਿਹਤਰ ਕੰਮ ਕਰ ਸਕੇਗਾ। ਓਬਾਮਾ ਨੇ ਕਿਹਾ ਕਿ ਉਹ ਤੇ ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਸਮਝਦੇ ਹਨ ਕਿ ਪਾਕਿਸਤਾਨ ਨੂੰ ਭਾਰਤ ਬੜਾ ਬੜਾ ਵੱਡਾ ਖ਼ਬਤ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਚਾਹੁੰਦਾ ਹੈ ਕਿ ਪਾਕਿਸਤਾਨ ਨੂੰ ਇਹ ਸਮਝ ਆ ਜਾਵੇ ਕਿ ਇਸ ਦੇ ਲਈ ਸਭ ਤੋਂ ਵੱਡਾ ਖ਼ਤਰਾ ਬਾਹਰੋਂ ਨਹੀਂ ਬਲਕਿ ਇਸ ਦੇ ਘਰ 'ਚ ਪਲਿਆ ਹੋਇਆ ਹੈ। ਇਸੇ ਦੌਰਾਨ ਇਹ ਖੁਲਾਸਾ ਹੋਇਆ ਹੈ ਕਿ ਅਮਰੀਕਾ ਚਾਹੁੰਦਾ ਹੈ ਕਿ ਪਾਕਿਸਤਾਨ ਉਨ੍ਹਾਂ ਵਿਅਕਤੀਆਂ ਦੀ ਨਿਸ਼ਾਨਦੇਹੀ ਕਰਨ ਵਿਚ ਮਦਦ ਕਰੇ ਜਿਨ੍ਹਾਂ ਦੇ ਨਾਵਾਂ ਦਾ ਐਬਟਾਬਾਦ ਵਿਚ ਲਾਦਿਨ ਦੇ ਟਿਕਾਣੇ ਤੋਂ ਮਿਲੀਆਂ ਫਾਈਲਾਂ ਵਿਚ ਜ਼ਿਕਰ ਆਇਆ ਹੈ।

'ਡਾਅਨ' ਅਖ਼ਬਾਰ ਨੇ ਆਪਣੇ ਕੂਟਨੀਤਕ ਸੂਤਰਾਂ ਦੇ ਹਵਾਲੇ ਨਾਲ ਲਿਖਿਆ ਕਿ ਅਮਰੀਕਾ ਚਾਹੁੰਦਾ ਹੈ ਕਿ ਫਾਈਲਾਂ ਵਿਚ ਜਿਨ੍ਹਾਂ ਵਿਅਕਤੀਆਂ ਦੇ ਨਾਂ ਆਏ ਹਨ ਉਨ੍ਹਾਂ ਬਾਰੇ ਸਾਂਝੀਆਂ ਜਾਂਚ ਟੀਮਾਂ ਬਣਾਈਆਂ ਜਾਣ ਤੇ ਇਸ ਮੰਤਵ ਲਈ ਉਸ ਨੇ ਬਰਤਾਨੀਆ, ਕੈਨੇਡਾ ਤੇ ਇਤਹਾਦੀ ਮੁਲਕਾਂ ਨਾਲ ਸੰਪਰਕ ਕੀਤਾ ਹੈ। ਰਿਪੋਰਟ ਮੁਤਾਬਕ ਅਮਰੀਕਾ ਨੇ ਇਸ ਬਾਰੇ ਪਾਕਿਸਤਾਨ ਤੋਂ ਵੀ ਸਹਿਯੋਗ ਮੰਗਿਆ ਹੈ ਤੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਖੀਰ ਤਕ ਇਸ ਮਾਮਲੇ ਦੀ ਪੈਰਵੀ ਕਰਨ ਦਾ ਅਹਿਦ ਦੁਹਰਾਇਆ। ਸੀ.ਆਈ.ਏ. ਨੇ ਦੁਨੀਆ ਵਿਚ ਸ਼ੱਕੀ ਦਹਿਸ਼ਤਪਸੰਦਾਂ ਦੀ ਹਰਕਤ ਵਾਚਣ ਲਈ ਚੌਵੀ ਘੰਟੇ ਕਾਰਜਸ਼ੀਲ ਰਹਿਣ ਵਾਲੀ ਇਕ ਟਾਸਕ ਫੋਰਸ ਕਾਇਮ ਕੀਤੀ ਹੈ।

## ਪਾਕਿਸਤਾਨ ਵਲੋਂ ਜਵਾਬੀ ਕਾਰਵਾਈ ਦੀ ਧਮਕੀ

**ਇਸਲਾਮਾਬਾਦ:** ਪਾਕਿਸਤਾਨ ਦੀ ਸ਼ਕਤੀਸ਼ਾਲੀ ਖ਼ੁਫੀਆ ਏਜੰਸੀ ਆਈ.ਐਸ.ਆਈ. ਦੇ ਮੁਖੀ ਅਹਿਮਦ ਸ਼ੁਜਾ ਪਾਸ਼ਾ ਨੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਨੇ ਦੇਸ਼ ਦੇ ਕਬਾਇਲੀ ਖੇਤਰਾਂ ਵਿਚ ਡਰੋਨ ਹਮਲੇ ਬੰਦ ਨਾ ਕੀਤੇ ਤਾਂ ਪਾਕਿਸਤਾਨ ਨੂੰ ਜਵਾਬੀ ਕਾਰਵਾਈ ਕਰਨੀ ਪੈ ਸਕਦੀ ਹੈ। ਪਾਸ਼ਾ ਨੇ ਦੌਰੇ 'ਤੇ ਆਏ ਸੀ.ਆਈ.ਆਈ. ਦੇ ਡਿਪਟੀ ਡਾਇਰੈਕਟਰ ਮਾਈਕਲ ਮੌਰੇਲ ਤੇ ਆਈ.ਐਸ.ਆਈ. ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ 'ਚ ਇਹ ਸਖ਼ਤ ਸਟੈਂਡ ਲਿਆ। ਐਬਟਾਬਾਦ ਅਪਰੇਸ਼ਨ ਤੋਂ ਬਾਅਦ ਪਾਸ਼ਾ ਦੀ ਦੇਸ਼ ਵਿਚ ਭਾਰੀ ਨੁਕਤਾਚੀਨੀ ਹੋਈ ਸੀ।

'ਦਿ ਐਕਸਪ੍ਰੈਸ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਪਾਸ਼ਾ ਨੇ ਅਮਰੀਕੀ ਡਰੋਨ ਹਮਲਿਆਂ ਦੇ ਸਵਾਲ 'ਤੇ ਠੋਸ ਸਟੈਂਡ ਲਿਆ ਹੈ। ਪਤਾ ਚੱਲਿਆ ਕਿ ਪਾਸ਼ਾ ਨੇ ਮੌਰੇਲ ਨੂੰ ਆਖਿਆ ਹੈ ਕਿ ਜੇ ਉਹ ਡਰੋਨ ਹਮਲੇ ਬੰਦ ਕਰਨ ਦੀ ਕੋਈ ਰਣਨੀਤੀ ਸਾਹਮਣੇ ਨਹੀਂ ਲਿਆਉਂਦੇ ਤਾਂ ਜਵਾਬੀ ਕਾਰਵਾਈ ਕਰਨੀ ਪਵੇਗੀ। ਪਾਸ਼ਾ ਨੇ ਨਾਟੋ ਹੈਲੀਕਾਪਟਰਾਂ ਵੱਲੋਂ ਪਾਕਿਸਤਾਨੀ ਖਿੱਤੇ ਵਿਚ ਘੁਸਪੈਠ ਦੀ ਤਾਜ਼ਾ ਘਟਨਾ ਦਾ ਵੀ ਜ਼ਿਕਰ ਕੀਤਾ ਤੇ ਜਿਸ ਨੂੰ ਅਮਰੀਕਾ ਤੇ ਪਾਕਿਸਤਾਨ ਦੇ ਰੱਖਿਆ ਸਹਿਯੋਗ ਲਈ ਧੱਕਾ ਕਰਾਰ ਦਿੱਤਾ। ਮੌਰੇਲ ਨੇ ਆਈ.ਐਸ.ਆਈ. ਦੇ ਅਪਰੇਸ਼ਨਲ ਲੀਡਰਾਂ ਤੇ ਏਜੰਸੀ ਵੱਲੋਂ ਦਹਿਸ਼ਤਵਾਦ ਨਾਲ ਟਾਕਰੇ ਲਈ ਕਾਇਮ ਕੀਤੀ ਡਵੀਜ਼ਨ ਦੇ ਮੈਂਬਰਾਂ ਨਾਲ ਵੀ ਮੁਲਾਕਾਤ ਕੀਤੀ।

ਸੁਣਨ ਵਿਚ ਆਇਆ ਕਿ ਦੋਵਾਂ ਧਿਰਾਂ ਨੇ ਅਜਿਹੇ ਤੌਰ-ਤਰੀਕਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਿਨ੍ਹਾਂ ਰਾਹੀਂ ਭਵਿੱਖ ਵਿਚ ਡਰੋਨ ਹਮਲਿਆਂ ਦੀ ਲੋੜ ਨਾ ਪਵੇ।

# ਅਲ-ਕਾਇਦਾ ਵੱਲੋਂ ਲੰਦਨ ਨੂੰ ਤਬਾਹ ਕਰਨ ਦੀ ਧਮਕੀ

ਲੰਦਨ: ਉਸਾਮਾ-ਬਿਨ-ਲਾਦੇਨ ਦੇ ਮਾਰੇ ਜਾਣ ਪਿੱਛੋਂ ਅਲ-ਕਾਇਦਾ ਦਾ ਸਰਗਨਾ ਸੈਫ ਅਲ ਅਦਲ ਲੰਦਨ 'ਤੇ ਵੱਡੇ ਅਤਿਵਾਦੀ ਹਮਲੇ ਦੀ ਯੋਜਨਾ ਬਣਾ ਰਿਹਾ ਹੈ। ਸੈਫ ਨੇ ਆਪਣੇ ਸਮਰਥਕਾਂ ਨੂੰ ਲੰਦਨ ਤਬਾਹ ਕਰਨ ਦੀ ਹਦਾਇਤ ਦਿੱਤੀ ਹੈ। ਲਾਦੇਨ ਦੀ ਮੌਤ ਪਿੱਛੋਂ ਦੁਨੀਆ ਦੇ ਸਭ ਤੋਂ ਖਤਰਨਾਕ ਅਤਿਵਾਦੀ ਸੰਗਠਨ ਦੇ ਮੁਖੀ ਦੇ ਤੌਰ 'ਤੇ ਕੰਮ ਕਰ ਰਹੇ ਅਦਲ ਨੇ ਲਾਦੇਨ ਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ ਸੀ।

ਤਾਲਿਬਾਨ ਦੇ ਬੁਲਾਰੇ ਅਹਿਸਾਨਉਲਾ ਅਹਿਸਾਨ ਨੇ ਕਿਹਾ ਕਿ ਨਵੇਂ ਨੇਤਾ ਨੇ ਲੰਦਨ ਲਈ ਵੱਡੀ ਯੋਜਨਾ ਬਣਾਉਣ ਲਈ ਕਿਹਾ ਹੈ। ਉਨ੍ਹਾਂ ਦਾ ਖਿਆਲ ਹੈ ਕਿ ਬਰਤਾਨੀਆ ਯੂਰਪ ਦੀ ਰੀੜ੍ਹ ਦੀ ਹੱਡੀ ਹੈ ਤੇ ਇਸ ਨੂੰ ਤਬਾਹ ਕਰਨਾ ਪਵੇਗਾ। ਤਾਲਿਬਾਨ ਤੇ ਅਲ-ਕਾਇਦਾ ਦੇ ਨੇਤਾਵਾਂ ਨੇ ਪਾਕਿਸਤਾਨ ਦੀ ਸਰਹੱਦ ਨਾਲ ਲਗਦੇ ਅਫਗਾਨਿਸਤਾਨ ਦੇ ਇਲਾਕੇ ਵਿਚ ਮੀਟਿੰਗ ਕਰਕੇ ਅਦਲ ਦੀ ਭੂਮਿਕਾ 'ਤੇ ਚਰਚਾ ਕੀਤੀ। ਇਹ 51 ਸਾਲਾ ਅਲ-ਕਦਲ ਕਿਸੇ ਸਮੇਂ ਬਿਨ-ਲਾਦੇਨ ਦੀ ਸੁਰੱਖਿਆ ਦਾ ਕੰਮ ਦੇਖਦਾ ਸੀ। ਅਲ-ਕਾਇਦਾ ਦੀ ਇਸ ਯੋਜਨਾ ਦੀ ਭਿਣਕ ਲਗਦੇ ਹੀ ਬਰਤਾਨਵੀ ਟਰਾਂਸਪੋਰਟ ਪੁਲਿਸ ਨੇ ਲੰਦਨ ਨੂੰ ਚੱਲਣ ਵਾਲੀ ਰੇਲ ਗੱਡੀ, ਸਟੇਸ਼ਨ ਤੇ ਜ਼ਮੀਨਦੋਜ਼ ਇਲਾਕਿਆਂ ਵਿਚ ਹਥਿਆਰ ਲਿਜਾਣ ਦੀ ਇਜਾਜ਼ਤ ਦੇਣ ਦੀ ਕਵਾਇਦ ਚਲ ਰਹੀ ਹੈ। ਬਰਤਾਨਵੀ ਸੁਰੱਖਿਆ ਅਧਿਕਾਰੀਆਂ ਨੂੰ ਇਹ ਚਿੰਤਾ ਸਤਾ ਰਹੀ ਹੈ ਕਿ ਸੰਭਾਵਤ ਹਮਲਾ ਨਵੰਬਰ 2008 ਦੇ ਮੁੰਬਈ ਹਮਲੇ ਦੀ ਤਰਜ਼ 'ਤੇ ਹੋ ਸਕਦਾ ਹੈ। ਮੈਨਚੈਸਟਰ ਦੇ ਈਸਟਰ ਸ਼ਾਪਿੰਗ ਬੰਬ ਸਾਜ਼ਿਸ਼ ਨੂੰ ਪਹਿਲੀ ਵਾਰ ਬਿਨ ਲਾਦੇਨ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਅਲ-ਕਾਇਦਾ ਦੇ ਮਾਰੇ ਗਏ ਮੁਖੀ ਲਾਦੇਨ ਦੇ ਐਬਟਾਬਾਦ ਵਿਚ ਮੌਜੂਦ ਟਿਕਾਣੇ ਤੋਂ ਮਿਲੀਆਂ ਫਾਈਲਾਂ ਤੋਂ ਇਹ ਖੁਲਾਸਾ ਹੁੰਦਾ ਹੈ ਕਿ ਲਾਦੇਨ ਮੈਨਚੈਸਟਰ ਵਿਚ ਸਰਗਰਮ ਅਤਿਵਾਦੀ ਸੰਗਠਨ ਦਾ ਮੁੱਖ ਦਿਮਾਗ ਸੀ। ਇਨ੍ਹਾਂ ਫਾਈਲਾਂ ਨੂੰ ਬਰਤਾਨੀਆਂ ਦੀ ਖੁਫ਼ੀਆ ਏਜੰਸੀ ਐਮ ਆਈ-5 ਨੂੰ ਸੌਂਪਿਆ ਜਾ ਰਿਹਾ ਹੈ। ਇਥੇ ਦੱਸਣਯੋਗ ਹੈ ਕਿ ਲੰਦਨ ਇਸ ਤੋਂ ਪਹਿਲਾਂ ਵੀ ਅਤਿਵਾਦੀ ਹਮਲਿਆਂ ਦਾ ਸ਼ਿਕਾਰ ਹੋ ਚੁੱਕਾ ਹੈ। 7 ਜੁਲਾਈ 2005 ਨੂੰ ਲੰਦਨ ਦੀਆਂ ਟਿਊਬ ਟਰੇਨਾਂ ਤੇ ਡਬਲ ਡੈਕਰ ਬੱਸਾਂ ਵਿਚ ਲਗਾਤਾਰ ਹੋਏ ਆਤਮਘਾਤੀ ਹਮਲਿਆਂ ਵਿਚ 56 ਵਿਅਕਤੀ ਮਾਰੇ ਗਏ ਤੇ 700 ਦੇ ਲਗਭਗ ਜ਼ਖ਼ਮੀ ਹੋਏ ਸਨ। ਮਰਨ ਵਾਲਿਆਂ ਵਿਚ ਚਾਰ ਫਿਦਾਈਨ ਹਮਲਾਵਰ ਵੀ ਸ਼ਾਮਲ ਸਨ।

## ਭ੍ਰਿਸ਼ਟਾਚਾਰ: ਰਾਜਾ ਨੇ ਗਦਾਫ਼ੀ ਨੂੰ ਪਛਾੜਿਆ!

**ਨਿਊਯਾਰਕ:** ਭਾਰਤ ਦੇ ਸਾਬਕਾ ਦੂਰਸੰਚਾਰ ਮੰਤਰੀ ਏ. ਰਾਜਾ ਨੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਦੁਨੀਆ ਦੇ ਵੱਡੇ-ਵੱਡੇ ਤਾਨਾਸ਼ਾਹਾਂ ਨੂੰ ਪਿੱਛੇ ਛੱਡ ਦਿੱਤਾ ਹੈ। ਟਾਈਮ ਰਸਾਲੇ ਨੇ ਘੁਟਾਲੇ ਤੇ ਸੱਤਾ ਦੀ ਗ਼ਲਤ ਵਰਤੋਂ ਮਾਮਲੇ 'ਚ ਰਾਜਾ ਨੂੰ ਦੂਸਰੇ ਨੰਬਰ 'ਤੇ ਰੱਖਿਆ ਹੈ। ਏ. ਰਾਜਾ ਨੇ ਸੱਤਾ ਦੀ ਗ਼ਲਤ ਵਰਤੋਂ ਕਰਦੇ ਲੀਬੀਆ ਦੇ ਤਾਨਾਸ਼ਾਹ ਗਦਾਫੀ ਨੂੰ ਪਛਾੜ ਦਿੱਤਾ ਹੈ। ਟਾਈਮ ਰਸਾਲੇ ਮੁਤਾਬਿਕ ਸੱਤਾ ਦੀ ਗ਼ਲਤ ਵਰਤੋਂ ਕਰਨ ਵਾਲੇ 10 ਲੋਕਾਂ 'ਚ ਰਾਜਾ ਨੂੰ ਇਸ ਲਈ ਦੂਸਰੇ ਨੰਬਰ 'ਤੇ ਰੱਖਿਆ ਗਿਆ ਕਿਉਂਕਿ ਉਸ ਦੇ ਕਾਰਨ ਸਰਕਾਰੀ ਖਜ਼ਾਨੇ ਨੂੰ ਹੁਣ ਤੱਕ ਦਾ ਸਭ ਤੋਂ ਵੱਡਾ ਘਾਟਾ ਪਿਆ ਹੈ। ਇਹ ਭਾਰਤੀ ਇਤਿਹਾਸ 'ਚ ਹੁਣ ਤੱਕ ਦਾ ਸਭ ਤੋਂ ਵੱਡਾ ਘੁਟਾਲਾ ਹੈ। ਇਸ ਮਾਮਲੇ ਵਿਚ ਪਹਿਲੇ ਨੰਬਰ 'ਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਰਿਚਰਡ ਨਿਕਸਨ ਹਨ। ਗਦਾਫੀ ਇਸ ਸੂਚੀ 'ਚ ਚੌਥੇ ਨੰਬਰ 'ਤੇ ਹਨ।

# ਵਿਕੀਲੀਕਸ: ਮੁੰਬਈ ਹਮਲਿਆਂ ਨੇ ਉਡਾਈ ਸੀ ਪ੍ਰਧਾਨ ਮੰਤਰੀ ਦੀ ਨੀਂਦ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 26/11 ਦੇ ਮੁੰਬਈ ਦਹਿਸ਼ਤੀ ਹਮਲੇ ਤੋਂ ਬਾਅਦ ਅਮਰੀਕੀ ਡਿਪਲੋਮੈਂਟਾਂ ਨੂੰ ਇਹ ਦੱਸਿਆ ਸੀ ਕਿ ਉਨ੍ਹਾਂ ਨੂੰ ਇਨ੍ਹਾਂ ਰਿਪੋਰਟਾਂ ਕਾਰਨ ਰਾਤਾਂ ਨੂੰ ਨੀਂਦ ਨਹੀਂ ਸੀ ਆਉਂਦੀ ਕਿ ਪਾਕਿਸਤਾਨ ਵਿਚਲੇ ਦਹਿਸ਼ਤੀ ਅਨਸਰ ਅਜਿਹੇ ਹੋਰ ਹਮਲੇ ਕਰ ਸਕਦੇ ਹਨ।

ਇਕ ਟੀ.ਵੀ. ਚੈਨਲ ਵੱਲੋਂ ਹਾਸਲ ਕੀਤੀਆਂ ਵਿਕੀਲੀਕਸ ਕੇਬਲਜ਼ ਦੇ ਖੁਲਾਸੇ ਇਹ ਦਰਸਾਉਂਦੇ ਹਨ ਕਿ ਡਾ. ਮਨਮੋਹਨ ਸਿੰਘ ਨੇ ਜੂਨ 2009 ਵਿਚ ਅਮਰੀਕੀ ਉਪ ਮੰਤਰੀ ਨਿਕਲਸ ਬਰਨਜ਼ ਨੂੰ ਦੱਸਿਆ ਸੀ ਕਿ ਉਹ ਰਾਤਾ ਵੇਲੇ ਬੇਚੈਨ ਰਹਿੰਦੇ ਸਨ। 11 ਅਗਸਤ 2009 ਨੂੰ ਬਰਨਜ਼ ਵੱਲੋਂ ਭੇਜੀ ਇਕ ਸਫਾਰਤੀ ਰਿਪੋਰਟ ਵਿਚ ਕਿਹਾ ਗਿਆ ਸੀ ਕਿ 'ਪ੍ਰਧਾਨ ਮੰਤਰੀ ਨੂੰ ਇਹ ਖਦਸ਼ਾ ਵਾਰ-ਵਾਰ



ਸਤਾਉਂਦਾ ਸੀ ਕਿ ਇਕ ਪਾਸੇ ਤਾਂ ਉਹ ਪਾਕਿਸਤਾਨ ਨਾਲ ਅਮਨ ਕਾਇਮ ਕਰਨ ਲਈ ਪਹਿਲ ਕਰਦੇ ਆ ਰਹੇ ਹਨ ਤੇ ਦੂਜੇ ਪਾਸੇ ਪਾਕਿਸਤਾਨੀ ਧਰਤੀ ਨੂੰ ਹੀ ਭਾਰਤ ਖ਼ਿਲਾਫ਼ ਹਮਲਿਆਂ ਲਈ ਵਰਤਿਆ ਜਾ ਰਿਹਾ ਹੈ। ਇਸ ਘਟਨਾਕ੍ਰਮ ਤੋਂ ਡਾ. ਮਨਮੋਹਨ ਸਿੰਘ ਨੂੰ ਇਹੀ ਮਹਿਸੂਸ ਹੁੰਦਾ ਸੀ ਕਿ ਉਹ ਦੇਸ਼ ਵਾਸੀਆਂ ਨੂੰ ਮੂੰਹ ਕਿਵੇਂ ਦਿਖਾ ਸਕਣਗੇ।' ਇਕ ਹੋਰ ਕੇਬਲ ਇਹ ਦਰਸਾਉਂਦੀ ਹੈ ਕਿ ਕੌਮੀ ਸੁਰੱਖਿਆ ਸਲਾਹਕਾਰ ਐਮ.ਕੇ. ਨਾਰਾਇਣਨ ਨੇ ਭਾਰਤ ਵਿਚ ਅਮਰੀਕੀ ਰਾਜਦੂਤ ਵਿਮੋਥੀ ਰੋਇਮਰ ਨੂੰ ਦੱਸਿਆ ਸੀ ਕਿ ਪਾਕਿਸਤਾਨ ਬਾਰੇ ਨੀਤੀ ਨੂੰ ਲੈ ਕੇ ਉਨ੍ਹਾਂ (ਨਾਰਾਇਣਨ) ਦੇ ਪ੍ਰਧਾਨ ਮੰਤਰੀ ਨਾਲ ਮਤਭੇਦ ਸਨ।

ਕਿਯਾਨੀ ਚਾਹੁੰਦਾ ਸੀਵਧੇਰੇ ਡਰੋਨ ਹਮਲੇ

ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਅਸਫਾਕ ਪ੍ਰਵੇਜ਼ ਕਿਯਾਨੀ ਨੇ ਫ਼ੌਜ ਦੇ ਜਨਤਕ ਰੁਖ ਦੇ ਉਲਟ ਅਤਿਵਾਦੀਆਂ ਖਿਲਾਫ ਲੜਾਈ 'ਚ ਮਦਦ ਦੇ ਲਈ ਜ਼ਿਆਦਾ ਡਰੋਨ ਹਮਲੇ ਦੀ ਅਮਰੀਕਾ ਕੋਲੋਂ ਮੰਗ ਕੀਤੀ ਸੀ। ਇਸ ਖੁਲਾਸਾ ਵਿਕੀਲੀਕਸ ਵੱਲੋਂ ਲੀਕ ਕੀਤੇ ਗਏ ਸੰਦੇਸ਼ ਤੋਂ ਹੋਇਆ ਹੈ।

'ਡਾਨ' ਅਖ਼ਬਾਰ ਨੇ ਅਮਰੀਕਾ ਸਰਕਾਰ ਦੇ ਗੁਪਤ ਸੰਦੇਸ਼ਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਜਨਵਰੀ 2008 'ਚ ਪਾਕਿਸਤਾਨੀ ਫ਼ੌਜ ਆਪਣੀ ਫ਼ੌਜੀ ਸਰਗਰਮੀਆਂ ਲਈ ਜ਼ਿਆਦਾ ਡਰੋਨ ਮਦਦ ਮੰਗ ਰਹੀ ਸੀ। 22 ਜਨਵਰੀ 2008 ਨੂੰ ਪ੍ਰਮੁੱਖ ਅਮਰੀਕੀ ਅਧਿਕਾਰੀ ਐਡਮਿਰਲ ਵਿਲੀਅਮ ਜੇ. ਫੇਲਨ ਦੇ ਨਾਲ ਮੁਲਾਕਾਤ 'ਚ ਜਨਰਲ ਕਿਯਾਨੀ ਨੇ ਅਮਰੀਕਾ ਨੂੰ ਕਿਹਾ ਸੀ ਕਿ ਉਹ ਦੱਖਣ ਵਜ਼ੀਰਸਤਾਨ ਦੇ ਹੰਗਾਮੀ ਹਾਲਤ ਦੇ ਇਲਾਕੇ 'ਚ ਡਰੋਨ ਦੇ ਨਾਲ ਲਗਾਤਾਰ ਮਦਦ ਪਹੁੰਚਾਉਂਦੇ ਰਹੇ।

# ਪਾਕਿਸਤਾਨ ਨੂੰ ਸੌਂਪੀ ਸੂਚੀ ਵਿਚਲੇ ਭਗੌੜੇ ਭਾਰਤ 'ਚੋਂ ਹੀ ਮਿਲੇ

- ਭਾਰਤੀ ਸੂਹੀਆ ਤੰਤਰ ਦੀ ਖੁੱਲ੍ਹੀ ਪੋਲ
- ਸੀ.ਬੀ.ਆਈ. ਦਾ ਇੰਸਪੈਕਟਰ ਮੁਅੱਤਲ

**ਨਵੀਂ ਦਿੱਲੀ:** ਭਾਰਤੀ ਸੂਹੀਆ ਤੰਤਰ ਦੀ ਪੋਲ ਉਸ ਵੇਲੇ ਖੁੱਲ੍ਹ ਗਈ ਜਦੋਂ ਪਾਕਿਸਤਾਨ ਨੂੰ ਸੌਂਪੀ ਖਤਰਨਾਕ ਭਗੌੜੇ ਅਪਰਾਧੀਆਂ ਦੀ ਸੂਚੀ 'ਚੋਂ ਕਈ ਦੇਸ਼ 'ਚ ਹੀ ਮੌਜੂਦ ਮਿਲੇ। ਮਿਲੀ ਜਾਣਕਾਰੀ ਅਨੁਸਾਰ ਭਗੌੜਾ ਫਿਰੋਜ਼ ਅਬਦੁਲ ਖਾਨ ਜਿਸ ਨੂੰ ਸਰਕਾਰ ਪਾਕਿਸਤਾਨ 'ਚ ਛੁਪਿਆ ਸਮਝ ਰਹੀ ਸੀ, ਦਰਅਸਲ ਮੁੰਬਈ ਦੀ ਕੇਂਦਰੀ ਜੇਲ੍ਹ ਵਿਚ ਬੰਦ ਹੈ। ਇਸੇ ਤਰ੍ਹਾਂ ਇਕ ਹੋਰ 'ਭਗੌੜਾ' ਰਾਜ ਕੁਮਾਰ ਮੇਘਨ ਜੋ ਉਲਫਾ ਦਾ ਆਗੂ ਹੈ, ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੀ ਹਿਰਾਸਤ 'ਚ ਮਿਲਿਆ। ਇਹ ਲਗਾਤਾਰ ਤੀਜਾ ਅਜਿਹਾ ਮਾਮਲਾ ਹੈ।

ਇਸ ਤੋਂ ਪਹਿਲਾਂ ਵਜ਼ਹੂਰ ਕਮਰ ਖਾਨ ਮਹਾਂਰਾਸ਼ਟਰ ਦੇ ਥਾਣੇ ਸ਼ਹਿਰ 'ਚ ਰਹਿੰਦਾ ਮਿਲਿਆ ਸੀ ਤੇ ਉਹ ਜ਼ਮਾਨਤ 'ਤੇ ਜੇਲ੍ਹ ਵਿਚੋਂ ਰਿਹਾਅ ਹੋ ਕੇ ਬਾਹਰ ਹੈ। ਹੁਣ 51 ਸਾਲਾ ਫਿਰੋਜ਼ ਤੇ ਰਾਜ ਕੁਮਾਰ ਮੇਘਨ ਬਾਰੇ ਪਤਾ ਲੱਗਣ 'ਤੇ ਸਰਕਾਰ ਸਾਰਾ ਦੋਸ਼ ਮੁੰਬਈ ਪੁਲੀਸ ਤੇ ਸੀ.ਬੀ.ਆਈ. ਉੱਤੇ ਮੜ੍ਹ ਰਹੀ ਹੈ। ਸੀ.ਬੀ.ਆਈ. ਨੇ ਇਸ ਸਬੰਧੀ ਇੰਸਪੈਕਟਰ ਨੂੰ ਮੁਅੱਤਲ ਕਰ ਦਿੱਤਾ ਤੇ ਇਕ ਐਸ.ਪੀ. ਤੇ ਇਕ ਡੀ.ਐਸ.ਪੀ. ਦੀ ਬਦਲੀ ਕਰ ਦਿੱਤੀ।

ਅਸਲ 'ਚ ਸੂਹੀਆ ਏਜੰਸੀਆਂ ਵੱਲੋਂ ਕੀਤੀ ਗੜਬੜੀ ਦੇ ਤਿੰਨ ਮਾਮਲੇ ਸਾਹਮਣੇ ਆਏ ਹਨ। ਦੋ ਮਾਮਲਿਆਂ ਦਾ ਸਬੰਧ ਪਾਕਿਸਤਾਨ ਨੂੰ ਭੇਜੀ ਗਈ 50 'ਮੋਸਟ ਵਾਂਟੇਡ' ਅਪਰਾਧੀਆਂ ਦੀ ਸੂਚੀ ਨਾਲ ਸੀ ਤੇ ਤੀਜਾ ਮਾਮਲਾ ਪੁਰੂਲੀਆ ਹਥਿਆਰ ਕਾਂਡ ਦੇ ਮੁੱਖ ਮੁਲਜ਼ਮ ਕਿਮ ਡੇਵੀ ਦੀ ਡੈਨਮਾਰਕ ਕੋਲੋਂ ਸਪੁਰਦਗੀ ਲੈਣ ਦਾ ਹੈ।

ਸੀ.ਬੀ.ਆਈ. ਦੀ ਟੀਮ 1995 ਦੇ ਪੁਰੂਲੀਆ ਕਾਂਡ ਦੇ ਮੁੱਖ ਮੁਲਜ਼ਮ ਕਿਮ ਡੇਵੀ ਦੀ ਸਪੁਰਦਗੀ ਲੈਣ ਲਈ ਮਿਆਦ ਪੁਗਾ ਚੁੱਕੇ ਵਾਰੰਟਾਂ 'ਤੇ ਕੋਪਨਹੈਗਨ ਪੁੱਜ ਗਈ ਪਰ ਟੀਮ ਨੂੰ ਉਦੋਂ ਪਾਣੀ-ਪਾਣੀ ਹੋਣਾ ਪਿਆ ਜਦੋਂ ਡੇਵੀ ਦੇ ਵਕੀਲ ਨੇ ਅਦਾਲਤੀ ਕਾਰਵਾਈ ਦੌਰਾਨ ਦੱਸਿਆ ਕਿ ਕੋਲਕਾਤਾ 'ਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵੱਲੋਂ ਉਸ ਦੇ ਮੁਵੱਕਿਲ ਵਿਰੁੱਧ ਜਾਰੀ ਵਾਰੰਟਾਂ ਦੀ ਮਿਆਦ ਇਸ ਸਾਲ ਜਨਵਰੀ 'ਚ ਮੁੱਕ ਚੁੱਕੀ ਹੈ।

ਡੈਨਮਾਰਕ ਦੀ ਰਾਜਧਾਨੀ 'ਚ ਸਥਾਨਕ ਅਥਾਰਟੀ ਦੀ ਮਦਦ ਲਈ ਪੁੱਜੀ ਟੀਮ ਨੇ ਫੌਰੀ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਤੋਂ ਡੇਵੀ ਦੇ ਸੱਜਰੇ ਵਾਰੰਟ ਮੰਗਵਾਏ। ਏਜੰਸੀ ਦੀ ਕੋਲਕਾਤਾ ਸਪੈਸ਼ਲ ਅਪਰਾਧ ਸ਼ਾਖਾ ਦੇ ਅਧਿਕਾਰੀਆਂ ਨੇ ਹਫੜਾ-ਦਫੜੀ 'ਚ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਤੋਂ ਨਵੇਂ ਵਾਰੰਟ ਹਾਸਲ ਕੀਤੇ ਤੇ ਇਨ੍ਹਾਂ ਦੀ ਕਾਪੀ ਕੋਪਨਹੈਗਨ ਟੀਮ ਨੂੰ ਭੇਜੀ ਗਈ। ਟੀਮ ਨੂੰ ਪੂਰੀ ਤਰ੍ਹਾਂ ਲੈਸ ਕਰਨ ਲਈ ਮਗਰੋਂ ਵਾਰੰਟਾਂ ਦੀ ਅਸਲੀ ਕਾਪੀ ਵੀ ਭੇਜੀ ਗਈ।

### ਹੁਣ ਪਾਕਿ ਨੂੰ ਸੋਧੀ ਸੂਚੀ ਭੇਜੀ ਜਾਵੇਗੀ

**ਨਵੀਂ ਦਿੱਲੀ:** ਭਾਰਤ ਅਤਿ-ਲੋੜੀਂਦੇ 50 ਅਤਿਵਾਦੀਆਂ ਦੀ ਸੂਚੀ ਨੂੰ ਪੂਰੀ ਤਰ੍ਹਾਂ ਸੋਧ ਕੇ ਸਭ ਨਾਵਾਂ ਦੀ ਪੂਰੀ ਜਾਂਚ-ਪੜਤਾਲ ਕਰਕੇ ਇਹ ਪਾਕਿਸਤਾਨ ਨੂੰ ਭੇਜੇਗਾ ਕਿਉਂਕਿ ਹਾਲ ਦੀ ਘੜੀ ਇਸ ਸੂਚੀ 'ਚ ਲਗਾਤਾਰ ਗੜਬੜ ਸਾਹਮਣੇ ਆ ਰਹੀ ਹੈ। ਇਸ ਸਾਰੇ ਕੁਝ ਤੋਂ ਸ਼ਰਮਿੰਦੀ ਹੋਈ ਸੀ.ਬੀ.ਆਈ. ਨੇ ਉਨ੍ਹਾਂ ਮੁਲਜ਼ਮਾਂ ਦੀ ਸੂਚੀ ਵੈੱਬਸਾਈਟ ਤੋਂ ਹਟਾ ਲਈ ਹੈ ਜਿਨ੍ਹਾਂ ਲਈ ਇੰਟਰਪੋਲ ਰੈੱਡ ਕਾਰਨਰ ਨੋਟਿਸ ਜਾਰੀ ਹੋਏ ਸਨ ਕਿਉਂਕਿ ਇਹ ਏਜੰਸੀ ਨੂੰ ਹੋਰ ਕੇਸਾਂ 'ਚ ਲੋੜੀਂਦੇ ਸਨ।।ਗ੍ਰਹਿ ਮੰਤਰਾਲੇ ਨੇ ਕੇਂਦਰੀ ਜਾਂਚ ਬਿਊਰੋ, ਖੁਫੀਆ ਬਿਊਰੋ ਤੇ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੂੰ ਨਿਰਦੇਸ਼ ਦਿੱਤੇ ਹਨ ਕਿ ਪਾਕਿਸਤਾਨ ਨੂੰ ਦਿੱਤੇ ਨਾਵਾਂ ਦੀ ਸੂਚੀ ਦੀ ਪੂਰੀ ਤਰ੍ਹਾਂ ਪੜਤਾਲ ਕੀਤੀ ਜਾਵੇ।

## ਭਾਰਤੀ ਮੂਲ ਦਾ ਵਕੀਲ ਬਣਿਆ ਸਿੰਗਾਪੁਰ ਦਾ ਵਿਦੇਸ਼ ਮੰਤਰੀ

**ਸਿੰਗਾਪੁਰ:** ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲੀ ਹਸੇਨ ਲੂੰਗ ਨੇ ਆਪਣੇ ਮੰਤਰੀ ਮੰਡਲ ਵਿਚ ਫੇਰ ਬਦਲ ਕਰਦਿਆਂ ਭਾਰਤੀ ਮੂਲ ਦੇ ਵਕੀਲ ਕੇ. ਸ਼ਨਮੁਗਮ ਨੂੰ ਸਿੰਗਾਪੁਰ ਦਾ ਵਿਦੇਸ਼ ਮੰਤਰੀ ਨਿਯੁਕਤ ਕੀਤਾ ਹੈ। ਜ਼ਿਕਰਯੋਗ ਹੈ ਕਿ ਸੱਤ ਮਈ ਨੂੰ ਪਈਆਂ ਵੋਟਾਂ ਦੌਰਾਨ ਸੱਤਾਧਾਰੀ ਪੀਪਲਜ਼ ਐਕਸ਼ਨ ਪਾਰਟੀ (ਪੀ.ਏ.ਪੀ.) ਨੇ ਵੱਡੇ ਬਹੁਮਤ ਨਾਲ ਜਿੱਤ ਹਾਸਲ ਕੀਤੀ ਹੈ। ਨਵੀਂ ਕੈਬਨਿਟ ਨੇ 21 ਮਈ ਨੂੰ ਸਹੁੰ ਚੁੱਕੀ। ਪਾਰਟੀ ਦੇ ਪੁਰਾਣੇ ਆਗੂ ਤੇ ਲੀ ਦੇ ਪਿਤਾ ਲੀ ਕੁਆਂ ਯੇ ਤੇ ਗੋਹ ਚੋਕ ਟੋਂਗ (ਦੋਵੇਂ ਸਾਬਕਾ ਪ੍ਰਧਾਨ ਮੰਤਰੀ) ਮੰਤਰੀ ਮੰਡਲ ਵਿਚ ਸ਼ਾਮਲ ਨਹੀਂ ਹੋਏ। ਤਾਮਿਲ ਮੂਲ ਦੇ ਸ਼ਨਮੁਗਮ ਕੋਲ ਕਾਨੂੰਨ ਮੰਤਰਾਲੇ ਦੀ ਜ਼ਿੰਮੇਵਾਰੀ ਹੋਵੇਗੀ। ਇਸੇ ਤਰ੍ਹਾਂ ਟੀਓ ਚੀ ਹੀਨ ਉਪ ਪ੍ਰਧਾਨ ਮੰਤਰੀ ਰਹਿਣਗੇ ਤੇ ਉਨ੍ਹਾਂ ਕੋਲ ਕੌਮੀ ਸੁਰੱਖਿਆ ਤੇ ਗ੍ਰਹਿ ਮੰਤਰਾਲੇ ਹੋਵੇਗਾ। ਲੀ ਦੇ ਪਿਤਾ ਨੇ ਸਰਕਾਰ ਵਿੱਚ ਸ਼ਾਮਲ ਨਾ ਹੋਣ ਦਾ ਫੈਸਲਾ ਕੀਤਾ ਹੈ।

## ਤਾਲਿਬਾਨ ਵੱਲੋਂ ਪਾਕਿ ਜਲ ਸੈਨਾ ਦੇ ਹਵਾਈ ਅੱਡੇ 'ਤੇ ਹਮਲਾ, 13 ਸੈਨਿਕ ਤੇ 4 ਅਤਿਵਾਦੀ ਹਲਾਕ

**ਕਰਾਚੀ:** ਉਸਾਮਾ ਬਿਨ ਲਾਦਿਨ ਦੀ ਮੌਤ ਤੋਂ ਬਾਅਦ ਅਤਿਵਾਦੀਆਂ ਨੇ ਪਾਕਿਸਤਾਨ 'ਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ। ਇਸ ਵਾਰ ਉਨ੍ਹਾਂ ਨੇ ਪਾਕਿਸਤਾਨੀ ਜਲ ਸੈਨਾ ਦੇ ਅੱਡੇ ਨੂੰ ਨਿਸ਼ਾਨਾ ਬਣਾਇਆ। ਅਤਿਵਾਦੀਆਂ ਨੇ ਇਹ ਹਮਲਾ 22 ਮਈ ਦੀ ਰਾਤ ਨੂੰ ਕੀਤਾ ਤੇ ਇਹ ਦੋਵਾਂ ਧਿਰਾਂ 'ਚ ਤਕਰੀਬਨ ਪੰਦਰਾਂ ਘੰਟੇ ਚਲਦੀ ਰਹੀ। ਇਸ ਮੁਕਾਬਲੇ 'ਚ ਸੁਰੱਖਿਆ ਦਸਤਿਆਂ ਦੇ 13 ਜਵਾਨ ਮਾਰੇ ਗਏ ਜਦੋਂਕਿ ਚਾਰ ਅਤਿਵਾਦੀਆਂ ਨੇ ਆਪਣੇ-ਆਪ ਨੂੰ ਬਾਰੂਦ ਨਾਲ ਉਡਾ ਦਿੱਤਾ। ਉਧਰ ਪਾਕਿਸਤਾਨੀ ਮੀਡੀਏ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਚਾਰ ਅਤਿਵਾਦੀ ਜ਼ਿੰਦਾ ਫੜੇ ਗਏ ਹਨ। ਇਸ ਮੌਕੇ ਅਤਿਵਾਦੀਆਂ ਨੇ ਰਾਕਟ ਲਾਂਚਰਾਂ ਰਾਹੀਂ ਗੋਲੀਬਾਰੀ ਕਰਕੇ ਦੋ ਪੀ-3 ਸੀ ਓਰੀਅਨਜ਼ ਹਵਾਈ ਜਹਾਜ਼ਾਂ ਨੂੰ ਨਸ਼ਟ ਕਰ ਦਿੱਤਾ। ਪਾਕਿਸਤਾਨ ਨੇ ਇਹ ਹਵਾਈ ਜਹਾਜ਼ ਪਿਛਲੇ ਸਾਲ ਹੀ ਅਮਰੀਕਾ ਕੋਲੋਂ ਲਏ ਸਨ। ਇਹ ਫ਼ੌਜੀ ਹਵਾਈ ਅੱਡਾ ਕਰਾਚੀ ਤੋਂ 10 ਕਿਲੋਮੀਟਰ ਹਟਵਾਂ ਹੈ।

ਪਾਕਿਸਤਾਨ ਦੀ ਤਹਿਰੀਕ-ਏ-ਤਾਲਿਬਾਨ ਦੇ ਬੁਲਾਰੇ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲੈਂਦਿਆਂ ਚਿਤਾਵਨੀ ਦਿੱਤੀ ਹੈ ਕਿ ਅਲ-ਕਾਇਦਾ ਦੇ ਮੁਖੀ ਓਸਾਮਾ ਬਿਨ ਲਾਦਿਨ ਨੂੰ ਮਾਰੇ ਜਾਣ ਦਾ ਬਦਲਾ ਇਸ ਤੋਂ ਵੀ ਵੱਡੇ ਹਮਲੇ ਕਰਕੇ ਲਿਆ ਜਾਵੇਗਾ। ਹਮਲਾ ਸ਼ੁਰੂ ਹੋਣ ਵੇਲੇ ਹੀ ਤਾਲਿਬਾਨਾਂ ਨੇ ਰਾਕਟ ਦਾਗ ਕੇ ਹਵਾਈ ਜਹਾਜ਼ ਨੂੰ ਨਸ਼ਟ ਕਰ ਦਿੱਤਾ। ਇਹ ਵੀ ਦੱਸਿਆ ਜਾ ਰਿਹਾ ਸੀ ਕਿ ਅਤਿਵਾਦੀਆਂ ਨੇ ਫ਼ੌਜੀ ਹਵਾਈ ਅੱਡੇ ਦੀ ਚਾਰ-ਦੀਵਾਰੀ ਉਲੰਘਣ ਲਈ ਪੌੜੀ ਦੀ ਵਰਤੋਂ ਕੀਤੀ। ਇਹ ਵੀ ਸ਼ੱਕ ਕੀਤਾ ਜਾ ਰਿਹਾ ਹੈ ਕਿ ਕੁਝ ਅਤਿਵਾਦੀਆਂ ਸੀਵਰੇਜ ਪਾਈਪ ਰਾਹੀਂ ਅੰਦਰ ਦਾਖ਼ਲ ਹੋਏ। ਉਧਰ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ, ਪ੍ਰਧਾਨ ਮੰਤਰੀ ਰਜ਼ਾ ਗਿਲਾਨੀ ਤੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਇਸ ਹਮਲੇ ਦੀ ਨਿੰਦਾ ਕਰਦਿਆਂ ਪ੍ਰਣ ਦੁਹਰਾਇਆ ਕਿ ਉਹ ਦਹਿਸ਼ਤਗਰਦਾਂ ਨੂੰ ਆਪਣੀ ਜ਼ਮੀਨ ਤੋਂ ਉਖਾੜ ਕੇ ਹੀ ਦਮ ਲੈਣਗੇ।

### ਭਾਰਤ ਮਨੁੱਖੀ ਅਧਿਕਾਰ ਕੌਂਸਲ ਦਾ ਮੈਂਬਰ

**ਸੰਯੁਕਤ ਰਾਸ਼ਟਰ:** ਭਾਰਤ ਤੇ 14 ਹੋਰ ਮੁਲਕਾਂ ਨੂੰ ਜਨੇਵਾ 'ਚ 47 ਮੈਂਬਰੀ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦਾ ਮੈਂਬਰ ਚੁਣ ਲਿਆ ਗਿਆ ਹੈ। ਭਾਰਤ ਨੂੰ ਇਸ ਕੌਂਸਲ ਵਿਚ ਏਸ਼ਿਆਈ ਬਲਾਕ ਦੇ ਖਾਤੇ ਵਿਚੋਂ ਸੀਟ ਮਿਲੀ ਹੈ।

## ਪ੍ਰੋ. ਭੁੱਲਰ ਵੱਲੋਂ ਮੌਤ ਦੀ ਸਜ਼ਾ ਉਮਰ ਕੈਦ 'ਚ ਬਦਲਣ ਦੀ ਮੰਗ

### ਸੁਪਰੀਮ ਕੋਰਟ ਵੱਲੋਂ ਸਰਕਾਰ ਤੋਂ ਜਵਾਬ ਤਲਬੀ

**ਨਵੀਂ ਦਿੱਲੀ:** ਕਾਂਗਰਸੀ ਆਗੂ ਮਨਿੰਦਰਜੀਤ ਸਿੰਘ ਬਿੱਟਾ 'ਤੇ 1993 'ਚ ਮਾਰੂ ਹਮਲੇ ਤੇ ਹੋਰ ਦੋਸ਼ਾਂ 'ਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਵੱਲੋਂ ਦਾਇਰ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਨੂੰ ਜਵਾਬ ਦੇਣ ਲਈ ਕਿਹਾ ਹੈ। ਪ੍ਰੋ. ਭੁੱਲਰ ਨੇ ਆਪਣੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰਨ ਦੀ ਅਪੀਲ ਅਦਾਲਤ 'ਚ ਪਾਈ ਹੈ। ਜਸਟਿਸ ਜੀ.ਐਸ. ਸਿੰਘਵੀ ਤੇ ਸੀ.ਕੇ. ਪ੍ਰਸਾਦ 'ਤੇ ਆਧਾਰਤ ਬੈਂਚ ਨੇ ਸਰਕਾਰ ਨੂੰ ਛੇ ਹਫਤੇ ਦਾ ਸਮਾਂ ਦਿੰਦਿਆਂ ਅੱਠ ਸਾਲ ਤੋਂ ਭੁੱਲਰ ਦੀ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ 'ਚ ਹੋ ਰਹੀ ਦੇਰੀ ਦੇ ਕਾਰਨ ਵੀ ਪੁੱਛੇ ਹਨ।

ਅਦਾਲਤ ਨੇ ਕਿਹਾ ਹੈ ਕਿ ਹੈਰਾਨੀ ਦੀ ਗੱਲ ਹੈ ਕਿ ਪਿਛਲੇ ਅੱਠ ਸਾਲ ਤੋਂ ਰਹਿਮ ਦੀ ਅਪੀਲ ਬਕਾਇਆ ਪਈ ਹੈ। ਪ੍ਰੋ. ਭੁੱਲਰ ਵੱਲੋਂ ਪੇਸ਼ ਹੁੰਦਿਆਂ ਸੀਨੀਅਰ ਵਕੀਲ ਕੇ.ਟੀ.ਐਸ. ਤੁਲਸੀ ਨੇ ਕਿਹਾ ਕਿ ਉਸ ਦੇ ਮੁਵੱਕਿਲ ਨੂੰ ਜਦੋਂ



ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ

25 ਅਗਸਤ 2001 ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ, ਉਦੋਂ ਤੋਂ ਤਿਹਾੜ ਜੇਲ੍ਹ ਦੀ ਕੋਠੜੀ 'ਚ ਰੱਖਿਆ ਹੋਇਆ ਹੈ। ਫਾਹੇ ਲਾਏ ਜਾਣ ਦੀ ਉਡੀਕ ਨੇ ਉਸ ਨੂੰ ਇੰਨਾ ਤੰਗ-ਪ੍ਰੇਸ਼ਾਨ ਕਰ ਦਿੱਤਾ ਹੈ ਕਿ ਉਸ ਦਾ ਮਾਨਸਿਕ ਤਵਾਜ਼ਨ ਹਿੱਲ ਗਿਆ ਹੈ ਤੇ ਹੁਣ ਸ਼ਾਹਦਰਾ ਸਥਿਤ 'ਇੰਸਟੀਚਿਊਟ ਆਫ ਹਿਊਮਨ ਬਿਹੇਵੀਅਰ ਐਂਡ ਅਲਾਇਡ ਸਾਇੰਸਿਜ਼' 'ਚ ਉਸ ਦਾ ਇਲਾਜ ਕਰਾਉਣਾ ਪੈ ਰਿਹਾ ਹੈ। ਵਕੀਲ ਨੇ ਕਿਹਾ ਕਿ ਇਸ ਤੋਂ ਇਲਾਵਾ ਪ੍ਰੋ. ਭੁੱਲਰ ਨਿਰਾਸ਼ਾ, ਹਾਈ ਬਲੱਡ ਪ੍ਰੈਸ਼ਰ, ਜੋੜਾਂ ਦੇ ਤੇ ਸਪੋਂਡੇਲਾਇਟਿਸ ਜਿਹੀਆਂ ਬਿਮਾਰੀਆਂ ਵੀ ਚਿੰਬੜ ਗਈਆਂ ਹਨ। ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੰਦਿਆਂ ਤੁਲਸੀ ਨੇ ਕਿਹਾ ਕਿ ਜੇਕਰ ਉਸ ਨੂੰ ਫਾਂਸੀ ਲਾਉਣ 'ਚ ਇੰਨੀ ਦੇਰੀ ਹੋਣੀ ਹੈ ਤਾਂ ਉਸ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰ ਦੇਣੀ ਚਾਹੀਦੀ ਹੈ। ਉਨ੍ਹਾਂ ਦਲੀਲ ਦਿੱਤੀ ਕਿ ਕਿਸੇ ਨੂੰ ਮੌਤ ਦੀ ਸਜ਼ਾ ਦੇ ਨਾਲ ਨਾਲ ਉਮਰ ਕੈਦ ਨਹੀਂ ਦਿੱਤੀ ਜਾ ਸਕਦੀ। ਪ੍ਰੋ. ਭੁੱਲਰ 'ਤੇ ਆਈ.ਪੀ.ਐਸ. ਅਧਿਕਾਰੀ ਐਸ.ਐਸ. ਸੈਣੀ 'ਤੇ ਹਮਲੇ ਦੇ ਮਾਮਲੇ 'ਚ ਵੀ ਮੁਕੱਦਮਾ ਚੱਲਿਆ ਸੀ ਜਿਸ 'ਚੋਂ ਉਸ ਨੂੰ ਬਰੀ ਕਰ ਦਿੱਤਾ ਗਿਆ ਸੀ।

## ਪੰਜਾਬ ਵੱਲੋਂ ਕੇਂਦਰ ਕੋਲ ਕਰਜ਼ਾ ਮੁਆਫ਼ੀ ਦੀ ਮੁੜ ਫਰਿਆਦ

**ਨਵੀਂ ਦਿੱਲੀ:** ਪੰਜਾਬ ਸਰਕਾਰ ਨੇ ਕਰਜ਼ੇ ਦੀ ਪੰਡ ਹੌਲੀ ਕਰਨ ਲਈ ਇਕ ਵਾਰ ਫਿਰ ਹਮਲਾ ਮਾਰਿਆ ਹੈ ਤੇ ਕੇਂਦਰ ਕੋਲ ਫਰਿਆਦ ਕੀਤੀ ਹੈ ਕਿ ਸੂਬੇ ਸਿਰ ਚੜ੍ਹਿਆ ਸਾਰੇ ਦਾ ਸਾਰਾ ਕਰਜ਼ਾ ਮੁਆਫ਼ ਕੀਤਾ ਜਾਵੇ। ਨਵੀਂ ਦਿੱਲੀ 'ਚ 12ਵੀਂ ਪੰਜ ਸਾਲਾ ਯੋਜਨਾ ਬਣਾਉਣ ਬਾਰੇ ਹੋਈ ਮੀਟਿੰਗ ਮੌਕੇ ਪੰਜਾਬ ਦਾ ਪੱਖ ਰੱਖਦਿਆਂ ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਕਿਹਾ ਕਿ ਕੇਂਦਰ ਸਰਕਾਰ ਰਾਜ ਦਾ ਸਾਰਾ ਕਰਜ਼ਾ ਮੁਆਫ਼ ਕਰੇ ਜਾਂ ਘੱਟੋ-ਘੱਟ ਕਰਜ਼ੇ ਦਾ ਪੁਨਰ ਨਿਰਧਾਰਨ ਕੀਤਾ ਜਾਵੇ। ਕੇਂਦਰ ਵੱਲੋਂ ਗੁਆਂਢੀ ਸੂਬਿਆਂ ਨੂੰ ਉਦਯੋਗਾਂ ਲਈ ਟੈਕਸਾਂ 'ਚ ਛੋਟ ਦੇਣ ਬਾਰੇ ਨੀਤੀ ਦਾ ਵਿਰੋਧ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਇਸ ਨਾਲ ਪੰਜਾਬ ਦਾ ਵਿਕਾਸ ਪਹਿਲਾਂ ਹੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਜਿਸ ਕਰਕੇ ਇਨ੍ਹਾਂ ਛੋਟਾਂ ਨੂੰ ਅੱਗੇ ਨਾ ਵਧਾਇਆ ਜਾਵੇ।

ਵਿੱਤ ਮੰਤਰੀ ਨੇ ਸਰਹੱਦੀ ਸੂਬਾ ਹੋਣ ਤੇ ਦੇਸ਼ ਦੇ ਵਿਕਾਸ ਲਈ ਪਾਏ ਯੋਗਦਾਨ ਦਾ ਵਾਸਤਾ ਪਾ ਕੇ ਰਾਜ ਲਈ ਵਿਸ਼ੇਸ਼ ਦਰਜੇ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕਰਜ਼ੇ ਦੇ ਭਾਰ ਹੇਠ ਦੱਬੇ ਸੂਬਿਆਂ ਪੰਜਾਬ, ਪੱਛਮੀ ਬੰਗਾਲ ਤੇ ਕੇਰਲਾ ਦੀ ਮਾਲੀ ਹਾਲਤ ਸੁਧਾਰਨ ਲਈ ਬਣਾਈ ਕੇਂਦਰੀ ਕਮੇਟੀ ਦੀ ਰਿਪੋਰਟ ਜਲਦ ਜਾਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅਤਿਵਾਦ ਵਿਰੁਧ ਲੜਾਈ ਦੌਰਾਨ ਸੁਰੱਖਿਆ ਸੈਨਾਵਾਂ 'ਤੇ ਖਰਚੇ ਲਈ ਦਿੱਤਾ ਗਿਆ ਕਰਜ਼ਾ ਮੁਆਫ਼ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ 13ਵੇਂ ਵਿੱਤ ਕਮਿਸ਼ਨ ਅਨੁਸਾਰ ਕੇਂਦਰੀ ਟੈਕਸਾਂ 'ਚ ਸੂਬੇ ਦਾ ਹਿੱਸਾ 1.299 ਫੀਸਦੀ ਤੋਂ ਮਾਮੂਲੀ ਵਧ ਕੇ 1.389 ਫੀਸਦੀ ਹੀ ਹੋਇਆ ਹੈ ਜਦਕਿ ਤਨਖਾਹ ਕਮਿਸ਼ਨ ਤੇ ਕਰਜ਼ੇ ਦੇ ਵਿਆਜ ਦੀ ਅਦਾਇਗੀ ਨੇ ਸੂਬੇ ਲਈ ਵੱਡੀਆਂ ਮਾਲੀ ਮੁਸ਼ਕਲਾਂ ਖੜ੍ਹੀਆਂ ਕੀਤੀਆਂ ਹਨ। ਦੇਸ਼ 'ਚ ਹਰੀ ਕ੍ਰਾਂਤੀ ਲਿਆਉਣ ਵਾਲੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਲਈ ਉਨ੍ਹਾਂ ਸਾਲਾਨਾ 100 ਕਰੋੜ ਰੁਪਏ ਦੀ ਗਰਾਂਟ ਦੀ ਮੰਗ ਰੱਖੀ।

ਉਨ੍ਹਾਂ ਕੇਂਦਰ ਸਰਕਾਰ ਨੂੰ ਕਿਹਾ ਕਿ ਪੰਜਾਬ 'ਚ ਖੇਤੀ ਕਰਜ਼ੇ ਮੁਆਫ਼ ਕਰਨ ਤੇ ਨਹਿਰਾਂ ਦੇ ਪੁਨਰ ਨਿਰਮਾਣ ਲਈ 3800 ਕਰੋੜ ਦਾ ਪ੍ਰਾਜੈਕਟ ਜਲਦ ਮਨਜ਼ੂਰ ਕੀਤੇ ਜਾਣ। ਉਨ੍ਹਾਂ ਕਿਹਾ ਕਿ ਪੰਜਾਬ ਵੱਲੋਂ 11ਵੀਂ ਪੰਜ ਸਾਲਾ ਯੋਜਨਾ ਨੂੰ 84 ਫੀਸਦੀ ਤੱਕ ਲਾਗੂ ਕਰਨ 'ਚ ਸਫਲਤਾ ਹਾਸਲ ਕੀਤੀ ਗਈ ਹੈ ਤੇ ਨਵੇਂ ਮਾਪਦੰਡਾਂ ਅਨੁਸਾਰ ਰਾਜ ਦੀ ਵਿਕਾਸ ਦਰ ਦੇਸ਼ ਦੀ ਵਿਕਾਸ ਦਰ ਦੇ ਬਰਾਬਰ ਹੈ। ਵਿੱਤ ਮੰਤਰੀ ਨੇ ਸੂਬੇ 'ਚ ਮਨਰੇਗਾ ਤੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦਾ ਵਿਸਥਾਰ ਕਰਨ ਦੀ ਮੰਗ ਰੱਖੀ। ਸੂਬੇ ਦੇ ਵਪਾਰਕ ਹਿੱਤਾਂ ਬਾਰੇ ਬੋਲਦਿਆਂ ਵਿੱਤ ਮੰਤਰੀ ਨੇ ਆਖਿਆ ਕਿ ਦਿੱਲੀ-ਮੁੰਬਈ ਫਰੇਟ ਕੋਰੀਡੋਰ ਤੇ ਪੂਰਬੀ ਫਰੇਟ ਕੋਰੀਡਰ ਨੂੰ ਅੰਮ੍ਰਿਤਸਰ ਤੱਕ ਵਧਾਇਆ ਜਾਵੇ। ਵਿੱਤ ਮੰਤਰੀ ਨੇ ਪਾਕਿਸਤਾਨ ਨਾਲ ਨਵੇਂ ਵਪਾਰਕ ਸਬੰਧ ਬਣਾਉਣ ਤੇ ਹੁਸੈਨੀਵਾਲਾ ਸਰਹੱਦ ਨੂੰ ਵਪਾਰ ਲਈ ਖੋਲ੍ਹੇ ਜਾਣ ਦੀ ਮੰਗ ਵੀ ਰੱਖੀ। #


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ ਆਯੁਰਵੈਦਿਕ ਰਤਨ ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627

Quik Signs

Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ, ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ, ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# Global Multi Services

## ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।

> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

**Financing Available For Buying Trucks**

High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant

DMV Lic No. 62822
Insurance Lic No. 0G73739





Rajinder Singh



Manitpal Singh

ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ, ਫੋਨ 209-982-9996

ਫੈਕਸ:209-982-9997

# ਨਵੰਬਰ '84: ਕਸ਼ਮੀਰ ਦੇ ਸਿੱਖਾਂ 'ਤੇ ਵੀ ਵਰ੍ਹਿਆ ਸੀ ਕਹਿਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਨਵੰਬਰ 1984 'ਚ ਦੇਸ਼ ਭਰ 'ਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਪਰ ਬੜੇ ਦੁੱਖ ਦੀ ਗੱਲ ਹੈ ਕਿ ਜਿਥੇ ਇਸ ਕਾਰੇ ਦੇ ਦੋਸ਼ੀਆਂ ਨੂੰ ਅਜੇ ਤਾਈਂ ਸਜ਼ਾ ਨਹੀਂ ਦਿੱਤੀ ਗਈ ਉਥੇ ਅਨੇਕਾਂ ਹੀ ਉਹ ਦਰਦਨਾਕ ਘਟਨਾਵਾਂ ਦਾ ਸੱਚ ਅਜੇ ਵੀ ਲੋਕਾਂ ਸਾਹਮਣੇ ਨਹੀਂ ਆਇਆ

**ਗੁਰਦੁਆਰੇ ਵਿਚੋਂ ਕੱਢ ਕੇ ਸਾੜੇ ਸਨ 16 ਸਿੱਖ**

ਜਿਨ੍ਹਾਂ 'ਚ ਸਿੱਖਾਂ ਨੂੰ ਗਿਣ-ਮਿਥ ਕੇ ਨਿਸ਼ਾਨਾ ਬਣਾਇਆ ਗਿਆ ਸੀ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਿੱਖਸ ਫਾਰ ਜਸਟਿਸ ਨੇ ਹੁਣ ਜੰਮੂ-ਕਸ਼ਮੀਰ ਵਿਚ ਰਿਆਸੀ ਨੇੜੇ ਮਾਰੇ ਗਏ 16 ਸਿੱਖਾਂ ਦੀ ਦਰਦਨਾਕ ਦਾਸਤਾਨ ਸਾਹਮਣੇ ਲਿਆਂਦੀ ਹੈ। ਦੋਹਾਂ ਜਥੇਬੰਦੀਆਂ ਨੇ ਪੀੜਤ ਪਰਿਵਾਰਾਂ ਨੂੰ ਨਾਲ ਲੈ ਕੇ ਘਟਨਾ ਵਾਲੀ ਥਾਂ ਦਾ ਦੌਰਾ ਕਰਕੇ ਮਾਰੇ ਗਏ 16 ਸਿੱਖਾਂ ਦੀ ਸੂਚੀ ਜਾਰੀ ਕੀਤੀ ਹੈ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਤੇ ਭਾਰਤ ਵਿਚ ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਦੱਸਿਆ ਕਿ ਦੋਸ਼ੀਆਂ ਨੂੰ ਨਾ ਤਾਂ ਅਜੇ ਤਾਈਂ ਸਜ਼ਾਵਾਂ ਮਿਲੀਆਂ ਹਨ ਤੇ ਨਾ ਹੀ ਇਸ ਕਾਂਡ ਦੇ ਪੀੜਤਾਂ ਨੂੰ ਅਜੇ ਤਾਈਂ ਕਿਸੇ ਤਰ੍ਹਾਂ ਦਾ ਇਨਸਾਫ਼ ਮਿਲਿਆ ਹੈ।

ਰਿਆਸੀ ਸਥਿਤ ਤਲਵਾੜਾ ਕਾਲੋਨੀ ਦੇ ਗੁਰਦੁਆਰਾ ਸਾਹਿਬ ਵਿਚ ਪਹਿਲੀ ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮਨਾਉਣ ਦੀਆਂ ਤਿਆਰੀਆਂ ਵਿਚ ਰੁੱਝੀਆਂ ਹੋਈਆਂ ਸਨ। ਇਲਾਕੇ ਦੇ ਲੋਕਾਂ ਤੋਂ ਇਲਾਵਾ ਸੰਗਤਾਂ ਵਿਚ ਸਲਾਲ ਡੈਮ ਦੇ ਸਰਕਾਰੀ ਕਰਮਚਾਰੀ ਵੀ ਸਨ ਜਿਨ੍ਹਾਂ ਨੇ ਇਹ ਗੁਰਦੁਆਰਾ ਅਥਾਹ ਸ਼ਰਧਾ ਤੇ ਸਤਿਕਾਰ ਨਾਲ ਬਣਾਇਆ ਸੀ। ਉਸ ਮੌਕੇ ਰਿਆਸੀ ਵੱਲੋਂ ਆਏ ਹਜੂਮ ਨੇ ਹਮਲਾ ਕੀਤਾ ਤੇ ਗੁਰਦੁਆਰਾ ਸਾਹਿਬ ਦੇ ਅੰਦਰ ਮੌਜੂਦ 16 ਸਿੱਖਾਂ ਨੂੰ ਇਹ ਭਰੋਸਾ ਦੇ ਕੇ ਬਾਹਰ ਬੁਲਾ ਲਿਆ ਕਿ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ ਪਰ ਜਿਵੇਂ ਹੀ ਇਹ ਸਿੰਘ ਬਾਹਰ ਆਏ ਉਨ੍ਹਾਂ 'ਤੇ ਰਾਡਾਂ, ਸਰੀਏ ਆਦਿ ਨਾਲ ਹਮਲਾ ਕਰ ਦਿੱਤਾ ਤੇ ਬੁਰੀ ਤਰ੍ਹਾਂ ਕੁੱਟਮਾਰ ਕਰਨ ਉਪਰੰਤ ਉਨ੍ਹਾਂ 'ਤੇ ਮਿੱਟੀ ਦਾ ਤੇਲ ਪਾ ਕੇ ਜਿਉਂਦਿਆਂ ਸਾੜ ਦਿੱਤਾ ਗਿਆ।


afl ieMZiaf iswK stUzYNts PYzryÈn dy pRDfn krnYl isMG pIr muhMmd iswK kqlyafm bfry jfxkfrI idMdy hoey.

ਇਸ ਹੌਲਨਾਕ ਵਰਤਾਰੇ ਦੌਰਾਨ ਸ. ਗੁਰਮੇਲ ਸਿੰਘ, ਬੀਰ ਸਿੰਘ, ਮਨਜੀਤ ਸਿੰਘ, ਰਤਨ ਸਿੰਘ, ਮੁਖਤਿਆਰ ਸਿੰਘ, ਜਨਕ ਸਿੰਘ, ਅਮਰ ਸਿੰਘ, ਹੀਰਾ ਸਿੰਘ, ਰੇਸ਼ਮ ਸਿੰਘ, ਗਿਆਨ ਸਿੰਘ, ਰਛਪਾਲ ਸਿਘ, ਰਣਜੀਤ ਸਿੰਘ, ਸਲਵਿੰਦਰ ਸਿੰਘ, ਸਤਨਾਮ ਸਿੰਘ, ਤਰਸੇਮ ਸਿੰਘ, ਭੁਪਿੰਦਰ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ।

ਸ. ਪੀਰ ਮੁਹੰਮਦ ਨੇ ਦੱਸਿਆ ਕਿ ਗੁਰਦੁਆਰਾ ਸਿੰਘ ਸਭਾ ਸ਼ਹੀਦਾਂ ਤਲਵਾੜਾ ਵਿਖੇ ਇਨ੍ਹਾਂ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਬਕਾਇਦਾ ਪੱਥਰ ਲੱਗਾ ਹੋਇਆ ਹੈ ਜਿਸ 'ਤੇ ਉਕਤ ਸਾਰੇ ਸ਼ਹੀਦ ਸਿੰਘਾਂ ਦੇ ਨਾਂ ਅੰਕਿਤ ਹਨ। ਇਸ ਇਲਾਕੇ ਵਿਚ ਇਸ ਵੇਲੇ ਸ. ਕੁਲਦੀਪ ਸਿੰਘ ਸਲਾਲਡੈਮ ਦਾ ਸਿਰਫ਼ ਇਕ ਹੀ ਸਿੱਖ ਪਰਿਵਾਰ ਪੱਕੇ ਤੌਰ 'ਤੇ ਰਹਿ ਰਿਹਾ ਹੈ ਜਦਕਿ ਬਾਕੀ ਸਿੱਖ ਸੀ.ਆਰ.ਪੀ., ਫੌਜ ਤੇ ਸਲਾਲ ਡੈਮ 'ਤੇ ਡਿਊਟੀ ਕਰਨ ਵਾਲੇ ਹਨ ਜੋ ਕਿ ਗੁਰਦੁਆਰਾ ਸਾਹਿਬ ਆਉਂਦੇ ਜਾਂਦੇ ਹਨ।

ਸ. ਪੀਰ ਮੁਹੰਮਦ ਨੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਜਨਾਬ ਉਮਰ ਅਬਦੁੱਲਾ ਤੋਂ ਮੰਗ ਕੀਤੀ ਹੈ ਕਿ ਉਹ ਹਰਿਆਣਾ ਸਰਕਾਰ ਵਾਂਗ ਤਲਵਾੜਾ 'ਚ ਵਾਪਰੇ ਇਸ ਖ਼ੂਨੀ ਕਾਂਡ ਦੀ ਪੂਰੀ ਜਾਂਚ ਕਰਵਾਉਣ ਤੇ ਸਿੱਖਾਂ ਦੇ ਇਨਸਾਫ਼ ਦਿਵਾਉਣ। ਇਸ ਮੌਕੇ ਉਨ੍ਹਾਂ ਦੇ ਨਾਲ ਪੀੜਤ ਪਰਿਵਾਰਾਂ 'ਚੋਂ ਬੀਬੀ ਸੰਦੇਸ਼ ਕੌਰ, ਬੀਬੀ ਕਿਸ਼ਨ ਕੌਰ, ਨੰਬਰਦਾਰ ਦਰਬਾਰਾ ਸਿੰਘ, ਸ. ਇੰਦਰਜੀਤ ਸਿੰਘ ਨੇ ਕਿਹਾ ਕਿ 27 ਸਾਲਾਂ ਬਾਅਦ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਿੱਖਸ ਫਾਰ ਜਸਟਿਸ ਦੀ ਟੀਮ ਨਾਲ ਗੁਰਦੁਆਰਾ ਸਿੰਘ ਸਭਾ ਤਲਵਾੜਾ ਦੀ ਉਸ ਜਗ੍ਹਾ ਦਾ ਦੌਰਾ ਕੀਤਾ ਹੈ ਜਿਥੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸ਼ਹੀਦ ਹੋਏ ਸਨ ਤੇ ਨਾਲ ਉਨ੍ਹਾਂ ਦੇ ਜ਼ਖ਼ਮਾਂ 'ਤੇ ਕੁਝ ਮਲ੍ਹਮ ਲੱਗੀ ਹੈ।

## ਭਨਿਆਰਾਂ ਦੇ ਗ੍ਰੰਥ ਦਾ ਅੰਗਰੇਜ਼ੀ 'ਚ ਤਰਜਮਾ ਕਰਨ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਉਹ ਪਿਆਰਾ ਸਿੰਘ ਭਨਿਆਰਾਂ ਵਾਲੇ ਵੱਲੋਂ ਲਿਖੇ 'ਭਵ ਸਾਗਰ ਸਮੁੰਦਰ ਅਮਰਬਾਣੀ ਗ੍ਰੰਥ' ਦਾ ਅੰਗਰੇਜ਼ੀ ਅਨੁਵਾਦ ਕਰਵਾ ਕੇ ਤੇ ਉਸ ਦੀ ਸੀਲਬੰਦ ਰਿਪੋਰਟ ਪਹਿਲੀ ਜੂਨ ਨੂੰ ਅਦਾਲਤ ਸਾਹਮਣੇ ਲਿਆਏ।

ਜਸਟਿਸ ਐਮ.ਐਮ. ਕੁਮਾਰ, ਜਸਟਿਸ ਐਮ.ਐਮ.ਐਸ. ਬੇਦੀ ਤੇ ਜਸਟਿਸ ਜਤਿੰਦਰ ਚੌਹਾਨ ਦੇ ਤਿੰਨ ਮੈਂਬਰੀ ਬੈਂਚ ਨੇ ਸਰਕਾਰ ਨੂੰ ਕਿਹਾ ਹੈ ਕਿ ਉਹ ਗ੍ਰੰਥ ਦਾ ਪਹਿਲੀ ਜੂਨ ਤੱਕ ਅਨੁਵਾਦ ਕਰਵਾ ਕੇ ਪੇਸ਼ ਕਰੇ ਤੇ ਬੈਂਚ ਵੱਲੋਂ ਅਗਲੀ ਸੁਣਵਾਈ ਤਿੰਨ ਜੂਨ ਨੂੰ ਕੀਤੀ ਜਾਵੇਗੀ।

ਬੈਂਚ ਨੇ ਪੰਜਾਬ ਸਰਕਾਰ ਨੂੰ ਆਪਣੀ ਰਿਪੋਰਟ 20 ਮਈ ਤੱਕ ਪੇਸ਼ ਕਰਨ ਦਾ ਸਮਾਂ ਦਿੱਤਾ ਸੀ। ਇਸ 'ਤੇ ਬੈਂਚ ਨੇ ਇਸ ਦਾ ਅਨੁਵਾਦ ਅੰਗਰੇਜ਼ੀ ਵਿਚ ਕਰਕੇ ਲਿਆਉਣ ਲਈ ਕਿਹਾ। ਇਸ ਵਿਵਾਦਗ੍ਰਸਤ ਗ੍ਰੰਥ ਦੀ ਘੋਖ ਕਰਨ ਲਈ ਬਣੀ ਪੰਜ ਮੈਂਬਰੀ ਕਮੇਟੀ ਨੂੰ ਪਹਿਲਾਂ ਆਪਣੀ ਰਿਪੋਰਟ 31 ਮਾਰਚ ਤੱਕ ਪੇਸ਼ ਕਰਨ ਲਈ ਕਿਹਾ ਗਿਆ ਸੀ। ਕਮੇਟੀ ਵਿਚ ਗੁਰੂ ਨਾਨਕ ਦੇਵ 'ਵਰਸਿਟੀ ਦੇ ਬਲਵੰਤ ਸਿੰਘ ਢਿੱਲੋਂ, ਪੰਜਾਬ 'ਵਰਸਿਟੀ ਦੇ ਜੋਧ ਸਿੰਘ, ਨਰੇਸ਼ ਮੈਣੀ, ਠਾਕੁਰ ਦਾਸ ਰੰਜਨ ਤੇ ਦਰਸ਼ਨ ਸਿੰਘ ਸ਼ਾਮਲ ਹਨ। ਪੰਜਾਬ ਸਰਕਾਰ ਨੇ ਇਸ 'ਤੇ 15 ਦਸੰਬਰ 2008 ਨੂੰ ਪਾਬੰਦੀ ਲਾ ਦਿੱਤੀ ਸੀ ਤੇ ਬਾਬੇ ਨੇ ਉਸ ਨੂੰ ਚੁਣੌਤੀ ਦਿੱਤੀ ਸੀ।

# ਪੰਜਾਬ: ਚਿੜੀਆਂ ਵਾਂਗ ਕੁੜੀਆਂ ਵੀ ਗਾਇਬ ਹੋਣ ਲੱਗੀਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਅੱਲ੍ਹੜ ਉਮਰ ਦੀਆਂ ਕੁੜੀਆਂ ਵੱਡੀ ਗਿਣਤੀ ਵਿਚ ਘਰੋਂ 'ਲਾਪਤਾ' ਹੋ ਰਹੀਆਂ ਹਨ। ਪਿਛਲੇ ਦਹਾਕੇ 'ਚ 1387 ਕੁੜੀਆਂ ਲਾਪਤਾ ਹੋਣ ਦੇ ਮਾਮਲੇ ਨੇ ਕਈ ਸਵਾਲ ਖੜਵੇ ਕੀਤੇ ਹਨ। ਉਧਰ ਪੁਲਿਸ ਨੇ 1387 ਕੁੜੀਆਂ ਵਿਚੋਂ 978 ਦੇ ਲੱਭਣ ਦਾ ਦਾਅਵਾ ਕੀਤਾ ਹੈ। ਪੁਲਿਸ ਅਨੁਸਾਰ ਕੁਝ ਕੁੜੀਆਂ ਨੇ ਘਰੋਂ ਭੱਜ ਕੇ ਪ੍ਰੇਮ ਵਿਆਹ ਕਰਾ ਲਏ ਸਨ। ਮਾਪਿਆਂ ਨੇ ਪੁਲਿਸ ਨੂੰ ਰਿਪੋਰਟ ਕਰ ਦਿੱਤੀ। ਇਸੇ ਤਰ੍ਹਾਂ ਕਈ ਮਾਮਲਿਆਂ ਵਿਚ ਕੁੜੀਆਂ ਦੇ ਵਿਦੇਸ਼ ਚਲੇ ਜਾਣ ਦੇ ਤੱਥ ਵੀ ਸਾਹਮਣੇ ਆਏ ਹਨ। ਉਂਝ ਪੰਜਾਬ ਪੁਲਿਸ ਦੀ ਅਪਰਾਧ ਸ਼ਾਖਾ ਤੇ ਇੰਟੈਲੀਜੈਂਸ ਵੱਲੋਂ ਪੇਸ਼ ਤੱਥਾਂ 'ਚ ਕਾਫ਼ੀ ਵਖਰੇਵਾਂ ਹੈ। ਅਪਰਾਧ ਸ਼ਾਖਾ ਨੇ ਤਾਂ 1999 ਤੋਂ 2010 ਤੱਕ ਦੇ ਸਮੇਂ ਦੌਰਾਨ 1387 ਕੁੜੀਆਂ ਦੇ ਲਾਪਤਾ ਹੋਣ, 978 ਲੱਭਣ ਤੇ 409 ਦੇ ਅਜੇ ਤੱਕ ਵੀ ਲਾਪਤਾ ਰਹਿਣ ਦੀ ਗੱਲ ਕਹੀ ਹੈ ਜਦੋਂਕਿ ਇੰਟੈਲੀਜੈਂਸ ਵਿੰਗ ਵੱਲੋਂ ਇਸ ਸਮੇਂ ਦੌਰਾਨ 1440 ਕੁੜੀਆਂ ਦੇ ਲਾਪਤਾ ਹੋਣ, 1055 ਦੇ ਲੱਭਣ ਤੇ 385 ਦੀ ਅਜੇ ਤੱਕ ਵੀ ਕੋਈ ਸੂਹ ਨਾ ਮਿਲਣ ਦੇ ਅੰਕੜੇ ਇਕੱਤਰ ਕੀਤੇ ਗਏ ਹਨ।

ਪੰਜਾਬ ਪੁਲਿਸ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਕੁੜੀਆਂ ਦੇ ਗਾਇਬ ਹੋਣ ਬਾਰੇ ਰਿਪੋਰਟ ਪੇਸ਼ ਕੀਤੀ ਹੈ ਜਿਸ ਮੁਤਾਬਕ 15 ਤੋਂ 25 ਸਾਲ ਤੱਕ ਦੀ ਉਮਰ ਦੀਆਂ ਜ਼ਿਆਦਾਤਰ ਕੁੜੀਆਂ ਲਾਪਤਾ ਹੁੰਦੀਆਂ ਹਨ। ਰਿਪੋਰਟ ਮੁਤਾਬਿਕ ਹੁਸ਼ਿਆਰਪੁਰ ਜ਼ਿਲ੍ਹੇ ਵਿਚੋਂ ਜ਼ਿਆਦਾ

**ਦਹਾਕੇ 'ਚ 1387 ਕੁੜੀਆਂ ਲਾਪਤਾ**



ਕੁੜੀਆਂ ਲਾਪਤਾ ਹੁੰਦੀਆਂ ਹਨ। ਇਸੇ ਤਰ੍ਹਾਂ ਲੁਧਿਆਣਾ, ਜਲੰਧਰ ਤੇ ਮੁਹਾਲੀ ਵਿਚ ਹੋਰਾਂ ਸ਼ਹਿਰਾਂ ਦੇ ਮੁਕਾਬਲੇ ਜ਼ਿਆਦਾ ਕੁੜੀਆਂ ਲਾਪਤਾ ਹੁੰਦੀਆਂ ਹਨ। ਮਾਮਲਾ ਹਾਈ ਕੋਰਟ ਵਿਚ ਪਹੁੰਚਣ ਕਾਰਨ ਪੁਲਿਸ ਦੀ ਅਪਰਾਧ ਸ਼ਾਖਾ ਨੇ 1999 ਤੋਂ 2010 ਦੇ ਸਮੇਂ ਦੌਰਾਨ ਲਾਪਤਾ ਕੁੜੀਆਂ ਦੇ ਵਾਰਸਾਂ ਤੱਕ ਪਹੁੰਚ ਕਰਕੇ ਰਿਪੋਰਟ ਤਿਆਰ ਕੀਤੀ ਹੈ। ਹਾਈ ਕੋਰਟ ਵਿਚ ਸੌਂਪੀ ਗਈ ਰਿਪੋਰਟ ਮੁਤਾਬਕ ਦੁਆਬੇ ਤੇ ਮਾਲਵੇ ਦੇ ਜ਼ਿਲ੍ਹਿਆਂ ਵਿਚ ਲਾਪਤਾ ਕੁੜੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਦੋਂਕਿ ਮਾਝੇ ਦੇ ਤਿੰਨਾਂ ਜ਼ਿਲ੍ਹਿਆਂ ਵਿਚ ਇਹ ਗਿਣਤੀ ਬਹੁਤ ਘੱਟ ਹੈ। ਇਨ੍ਹਾਂ 12 ਸਾਲ ਦੇ ਸਮੇਂ ਦੌਰਾਨ ਲਾਪਤਾ ਕੁੜੀਆਂ ਦੇ ਕੁੱਲ 1387 ਮਾਮਲਿਆਂ ਵਿਚੋਂ ਅੰਮ੍ਰਿਤਸਰ, ਗੁਰਦਾਸਪੁਰ ਤੇ ਤਰਨਤਾਰਨ ਨਾਲ ਸਬੰਧਤ ਸਿਰਫ਼ 54 ਕੇਸ ਹੀ ਸਾਹਮਣੇ ਆਏ ਸਨ। ਇਨ੍ਹਾਂ ਵਿਚੋਂ ਇਸ ਸਮੇਂ 22 ਲਾਪਤਾ ਹਨ ਜਦੋਂਕਿ ਬਾਕੀਆਂ ਬਾਰੇ ਪੁਲਿਸ ਨੇ ਪਤਾ ਲਾ ਲੈਣ ਦਾ ਦਾਅਵਾ ਕੀਤਾ ਹੈ। ਰਿਪੋਰਟ ਮੁਤਾਬਕ ਰਾਜ ਵਿਚ ਸਭ ਤੋਂ ਘੱਟ ਲੜਕੀਆਂ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਵਿਚ ਹੀ ਲਾਪਤਾ ਹੋਈਆਂ ਸਨ। ਰਿਪੋਰਟ ਮੁਤਾਬਿਕ 12 ਸਾਲ ਦੇ ਸਮੇਂ ਦੌਰਾਨ 15 ਸਾਲ ਤੱਕ ਦੀ ਉਮਰ ਦੀਆਂ 388 ਕੁੜੀਆਂ, 16 ਤੋਂ 25 ਸਾਲ ਤੱਕ ਦੀ ਉਮਰ ਦੀਆਂ 523 ਕੁੜੀਆਂ, 19 ਤੋਂ 25 ਸਾਲ ਤੱਕ ਦੀ ਉਮਰ ਦੀਆਂ ਕੁੜੀਆਂ 436 ਤੇ 26 ਸਾਲ ਤੋਂ ਵੱਡੀ ਉਮਰ ਦੀਆਂ 40 ਔਰਤਾਂ ਲਾਪਤਾ ਹੋਈਆਂ।

ਜ਼ਿਲ੍ਹਾ ਹੁਸ਼ਿਆਰਪੁਰ ਵਿਚ 12 ਸਾਲ ਦੇ ਵਕਫੇ ਦੌਰਾਨ ਕੁੱਲ 288 ਕੁੜੀਆਂ ਲਾਪਤਾ ਹੋਈਆਂ। ਇਨ੍ਹਾਂ ਵਿਚੋਂ ਸਿਰਫ਼ 19 ਤੋਂ 25 ਸਾਲ ਤੱਕ ਦੀ ਉਮਰ ਦੀਆਂ ਕੁੜੀਆਂ ਦੀ ਗਿਣਤੀ 197 ਹੈ। ਇਸ ਜ਼ਿਲ੍ਹੇ ਵਿਚ ਪੁਲਿਸ ਨੇ 245 ਮਾਮਲੇ ਹੱਲ ਕਰਨ ਦਾ ਦਾਅਵਾ ਕੀਤਾ ਹੈ ਪਰ 43 ਅਜੇ ਵੀ ਲਾਪਤਾ ਹਨ। ਲੁਧਿਆਣਾ ਵਿਚ ਵੀ ਇਸ ਸਮੇਂ ਦੌਰਾਨ 154 ਕੁੜੀਆਂ ਲਾਪਤਾ ਹੋਈਆਂ ਹਨ। ਇਥੇ 16 ਤੋਂ 18 ਸਾਲ ਦੀ ਉਮਰ ਦੀਆਂ ਕੁੜੀਆਂ ਦੀ ਗਿਣਤੀ 83 ਹੈ ਤੇ 15 ਸਾਲ ਤੱਕ ਦੀ ਉਮਰ ਦੀਆਂ ਕੁੜੀਆਂ ਦੀ ਗਿਣਤੀ 71 ਹੈ। ਇਸ ਜ਼ਿਲ੍ਹੇ ਦੀ ਪੁਲਿਸ 90 ਮਾਮਲੇ ਹੱਲ ਕਰ ਸਕੀ ਤੇ 64 ਕੁੜੀਆਂ ਦਾ ਅਜੇ ਕੋਈ ਥਹੁ ਪਤਾ ਨਹੀਂ ਹੈ। ਪੰਜਾਬ ਵਿਚ ਤੀਜੇ ਨੰਬਰ 'ਤੇ ਮੁਹਾਲੀ ਦਾ ਨਾਂ ਆਉਂਦਾ ਹੈ। ਇਸ ਜ਼ਿਲ੍ਹੇ ਵਿਚੋਂ 142 ਕੁੜੀਆਂ ਲਾਪਤਾ ਹੋਈਆਂ ਤੇ 16 ਤੋਂ 18 ਸਾਲ ਦੀਆਂ ਕੁੜੀਆਂ ਦੀ ਗਿਣਤੀ 115 ਹੈ।

## ਅੰਮ੍ਰਿਤਸਰ ਦੇ ਪਿੰਡ 'ਚ ਅਣਖ਼ ਲਈ ਪ੍ਰੇਮੀ ਜੋੜੇ ਦਾ ਕਤਲ

**ਚੋਗਾਵਾਂ:** ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਭੁੱਲਰ 'ਚ ਅਣਖ ਖ਼ਾਤਰ ਇਕ ਹੋਰ ਪ੍ਰੇਮੀ ਜੋੜੇ ਦਾ ਕਤਲ ਕਰ ਦਿੱਤਾ ਗਿਆ। ਲੜਕੀ ਦੇ ਪਿਤਾ ਨੇ ਕਤਲ ਕਰਨ ਮਗਰੋਂ ਆਪਣੇ ਆਪ ਨੂੰ ਪੁਲਿਸ ਹਵਾਲੇ ਕਰ ਦਿੱਤਾ। ਸਰਬਜੀਤ ਸਿੰਘ ਉਰਫ਼ ਸਾਬਾ (25) ਪੁੱਤਰ ਕੁਲਵੰਤ ਸਿੰਘ ਤੇ ਅਮਰਜੀਤ ਕੌਰ ਉਰਫ਼ ਗੁੱਡੋ (21) ਪੁੱਤਰੀ ਕੁਲਵਿੰਦਰ ਸਿੰਘ ਦੇ ਕੁਝ ਸਮੇਂ ਤੋਂ ਸਬੰਧ ਸਨ। ਦੋਵਾਂ ਦੇ ਘਰ ਵੀ ਆਹਮੋ-ਸਾਹਮਣੇ ਹੀ ਸਨ ਤੇ ਇਕੋ ਬਰਾਦਰੀ ਦੇ ਸਨ। ਲੜਕੀ ਤੇ ਉਸ ਦਾ ਪਰਿਵਾਰ ਚਾਹੁੰਦਾ ਸੀ ਕਿ ਦੋਵਾਂ ਦਾ ਵਿਆਹ ਹੋ ਜਾਵੇ ਪਰ ਸਰਬਜੀਤ ਵਿਆਹ ਨਹੀਂ ਕਰਨਾ ਚਾਹੁੰਦਾ ਸੀ ਪਰ ਰਿਸ਼ਤਾ ਕਾਇਮ ਰੱਖਣਾ ਚਾਹੁੰਦਾ ਸੀ। ਅਮਰਜੀਤ ਕੌਰ ਦੇ ਪਰਿਵਾਰ ਨੇ ਦੋਵਾਂ ਨੂੰ ਰਿਸ਼ਤਾ ਖ਼ਤਮ ਕਰਨ ਲਈ ਕਿਹਾ ਪਰ ਲੜਕੀ ਸਰਬਜੀਤ ਨੂੰ ਮਿਲਦੀ ਰਹੀ। 20 ਮਈ ਦੀ ਰਾਤ ਦੋਵੇਂ ਪ੍ਰੇਮੀ-ਪ੍ਰੇਮਿਕਾ ਮਿਲਣ ਲਈ ਇਕੱਠੇ ਹੋਏ ਸਨ। ਇਸ ਦੀ ਭਿਣਕ ਪੈਣ 'ਤੇ ਕੁੜੀ ਦੇ ਪਿਓ ਤੇ ਉਸ ਦੇ ਦੋ ਭਰਾਵਾਂ ਨੇ ਦੋਵਾਂ ਦਾ ਕਤਲ ਕਰ ਦਿੱਤਾ। ਕਤਲ ਕਰਨ ਮਗਰੋਂ ਕੁੜੀ ਦਾ ਪਿਓ ਖ਼ੁਦ ਪੁਲੀਸ ਥਾਣਾ ਲੋਪੋਕੇ ਪੇਸ਼ ਹੋ ਗਿਆ। ਪਿੰਡ ਵਾਸੀਆਂ ਅਨੁਸਾਰ ਲੜਕਾ ਪੰਜ ਸਾਲ ਦੁਬਈ ਰਹਿਣ ਤੋਂ ਬਾਅਦ 4-5 ਮਹੀਨੇ ਪਹਿਲਾਂ ਹੀ ਪਿੰਡ ਪਰਤਿਆ ਸੀ। ਲੜਕੇ ਦੇ ਪਿਤਾ ਦੇ ਬਿਆਨਾਂ 'ਤੇ ਪੁਲੀਸ ਨੇ ਤਿੰਨ ਵਿਅਕਤੀਆਂ ਕੁਲਵਿੰਦਰ ਸਿੰਘ, ਹਰਪ੍ਰੀਤ ਸਿੰਘ ਹੈਪੀ, ਗੁਰਪ੍ਰੀਤ ਸਿੰਘ (ਕੁੜੀ ਦੇ ਭਰਾ) ਖ਼ਿਲਾਫ਼ ਪਰਚਾ ਦਰਜ ਕਰ ਲਿਆ ਹੈ।

# ਪਾਕਿਸਤਾਨੀ ਗੁਰਧਾਮਾਂ ਬਾਰੇ ਲਿਖੀ ਪੁਸਤਕ ਵਿਵਾਦ 'ਚ ਘਿਰੀ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਲੇਖਕ ਇਕਬਾਲ ਕੈਸਰ ਵੱਲੋਂ ਪਾਕਿਸਤਾਨ ਸਥਿਤ ਗੁਰਧਾਮਾਂ ਬਾਰੇ ਲਿਖੀ ਪੁਸਤਕ 'ਪਾਕਿਸਤਾਨ ਵਿਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਵਿਚ ਦਰਸਾਏ ਗਏ ਕੁਝ ਗੁਰਦੁਆਰਿਆਂ ਦੀਆਂ ਇਮਾਰਤਾਂ ਨੂੰ ਲੈ ਕੇ ਨਵਾਂ

**ਇਕਬਾਲ ਕੈਸਰ ਦੀ ਕਿਤਾਬ 'ਤੇ ਇਤਰਾਜ਼**

ਵਿਵਾਦ ਉਭਰਿਆ ਹੈ। ਇਤਿਹਾਸਕਾਰ ਤੇ ਖੋਜਕਰਤਾ ਸੁਰਿੰਦਰ ਕੋਛੜ ਨੇ ਇਕਬਾਲ ਕੈਸਰ ਵੱਲੋਂ ਆਪਣੀ ਪੁਸਤਕ ਵਿਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਕਰਾਚੀ ਤੇ ਸਿੰਧ ਦੇ ਬੁਲਾਨੀ ਸ਼ਹਿਰ ਵਿਚ ਦਰਸਾਏ ਗਏ ਦੋ ਗੁਰਦੁਆਰਿਆਂ ਦੀਆਂ ਇਮਾਰਤਾਂ 'ਤੇ ਇਤਰਾਜ਼ ਦਾ ਉਠਾਇਆ ਹੈ। ਸ੍ਰੀ ਕੋਛੜ ਵੀ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਤੇ ਸਿੱਖ ਯਾਦਗਾਰਾਂ ਬਾਰੇ 'ਦਰਸ਼ਨ ਦੀਦਾਰੇ' ਪੁਸਤਕ ਲਿਖ ਚੁੱਕੇ ਹਨ।।

ਕਰਾਚੀ ਸ਼ਹਿਰ ਦੀ ਐਮ.ਆਰ. ਜਸਟਿਸ ਕਿਆਨੀ ਰੋਡ 'ਤੇ ਆਰਟ ਕੌਂਸਲ ਦੇ ਸਾਹਮਣੇ ਬਣੀ ਪੁਰਾਣੀ ਹਿੰਦੂ ਜਿਮਖਾਨਾ ਇਮਾਰਤ ਦੀ ਤਸਵੀਰ ਦਿਖਾਉਂਦੇ ਹੋਏ ਸ੍ਰੀ ਕੋਛੜ ਨੇ ਦਾਅਵਾ ਕੀਤਾ ਕਿ ਜਨਾਬ ਕੈਸਰ ਨੇ ਆਪਣੀ ਪੁਸਤਕ ਦੇ ਸਫ਼ਾ 128 'ਤੇ ਇਸ ਇਮਾਰਤ ਨੂੰ ਗੁਰਦੁਆਰਾ ਪਹਿਲੀ ਪਾਤਸ਼ਾਹੀ ਕਰਾਚੀ ਕਰਾਰ ਦਿੱਤਾ ਹੈ ਜਦੋਂਕਿ ਇਹ ਇਮਾਰਤ 1925 ਵਿਚ ਬਣੇ ਜਿਮਖ਼ਾਨਾ ਦੀ ਇਮਾਰਤ ਹੈ ਜਿਸ 'ਤੇ ਅੱਜ ਵੀ 'ਸੇਠ ਰਾਮ ਗੋਪਾਲ ਗੋਵਰਧਨ ਦਾਸ ਮਹੋਤਾ-ਹਿੰਦੂ ਜਿਮਖਾਨਾ' ਉਕਰਿਆ ਹੋਇਆ ਹੈ। ਇਸ ਇਮਾਰਤ ਨੂੰ ਹੁਣ ਪਾਕਿਸਤਾਨ ਸਰਕਾਰ ਵੱਲੋਂ ਸਿੰਧ ਕਲਚਰਲ ਹੈਰੀਟੇਜ ਐਕਟ 1994 ਅਧੀਨ ਸੁਰੱਖਿਅਤ ਇਮਾਰਤ ਐਲਾਨ ਦਿੱਤਾ ਗਿਆ ਹੈ ਤੇ ਇਸ ਇਮਾਰਤ ਵਿਚ ਨੈਸ਼ਨਲ ਅਕੈਡਮੀ ਆਫ ਪਰਫਾਰਮਿੰਗ ਆਰਟ ਚੱਲ ਰਹੀ ਹੈ।


ihMdU ijmKfnf iemfrq ijs nUM ikqfb `c gurduafrf pihlI pfqÈfhI drsfieaf igaf hY.

ਇਕਬਾਲ ਕੈਸਰ ਦੀ ਪੁਸਤਕ ਵਿਚ ਸਫ਼ਾ 136 'ਤੇ ਦਰਸਾਏ ਗਏ ਇਕ ਹੋਰ ਗੁਰਦੁਆਰੇ ਦੀ ਇਮਾਰਤ 'ਤੇ ਇਤਰਾਜ਼ ਕਰਦਿਆਂ ਸ੍ਰੀ ਕੋਛੜ ਨੇ ਕਿਹਾ ਕਿ ਇਸ ਇਮਾਰਤ ਨੂੰ ਲੇਖਕ ਨੇ ਗੁਰਦੁਆਰਾ ਪਹਿਲੀ ਪਾਤਸ਼ਾਹੀ ਬੁਲਾਨੀ ਲਿਖਿਆ ਹੋਇਆ ਹੈ। ਇਹ ਇਮਾਰਤ ਸਿੰਧ ਦੇ ਬੁਲਾਨੀ ਸ਼ਹਿਰ ਦੇ ਸੰਤ ਆਜੂ ਲਾਲ ਝੋਲੀ ਲਾਲ ਦੀ ਯਾਦਗਾਰ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਇਮਾਰਤ ਦੇ ਬਾਹਰ ਉਰਦੂ ਵਿਚ ਯਾਦਗਾਰ ਦਾ ਨਾਂ ਵੀ ਲਿਖਿਆ ਹੋਇਆ ਹੈ। ਸ੍ਰੀ ਕੋਛੜ ਨੇ ਦੋਸ਼ ਲਾਇਆ ਕਿ ਪਾਕਿਸਤਾਨੀ ਲੇਖਕ ਨੇ ਇਹ ਆਮ ਇਮਾਰਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰੇ ਦਸ ਕੇ ਸਿੱਖ ਸ਼ਰਧਾਲੂਆਂ ਨੂੰ ਗੁੰਮਰਾਹ ਕਰਨ ਦਾ ਯਤਨ ਕੀਤਾ ਹੈ। ਉਸ ਵੱਲੋਂ ਕੀਤੀ ਗਈ ਇਹ ਕਾਰਵਾਈ ਵੱਡੀ ਗਲਤੀ ਹੈ ਜਿਸ ਨਾਲ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

ਉਨ੍ਹਾਂ ਪਾਕਿਸਤਾਨੀ ਲੇਖਕ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਇਤਿਹਾਸ ਖੋਜ ਬੋਰਡ ਦੇ ਡਾਇਰੈਕਟਰ ਰੂਪ ਸਿੰਘ ਜੋ ਖ਼ੁਦ ਵੀ ਪਾਕਿਸਤਾਨ ਸਥਿਤ ਗੁਰਧਾਮਾਂ ਬਾਰੇ 'ਗੁਰਦੁਆਰੇ-ਗੁਰਧਾਮ' ਪੁਸਤਕ ਲਿਖ ਚੁੱਕੇ ਹਨ, ਨੇ ਕਿਹਾ ਕਿ ਕਰਾਚੀ ਵਿਚ ਪਹਿਲੀ ਪਾਤਸ਼ਾਹੀ ਨਾਲ ਸਬੰਧਤ ਕਿਸੇ ਇਤਿਹਾਸਕ ਗੁਰਦੁਆਰੇ ਬਾਰੇ ਕੋਈ ਜਾਣਕਾਰੀ ਨਹੀਂ ਹੈ ਤੇ ਨਾ ਹੀ ਉਨ੍ਹਾਂ ਆਪਣੀ ਪੁਸਤਕ ਵਿਚ ਅਜਿਹੇ ਗੁਰਦੁਆਰਿਆਂ ਬਾਰੇ ਕੋਈ ਜ਼ਿਕਰ ਕੀਤਾ ਹੈ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਵਿਚ ਵੀ ਕਰਾਚੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਕਿਸੇ ਗੁਰਦੁਆਰੇ ਦਾ ਕੋਈ ਜ਼ਿਕਰ ਨਹੀਂ ਹੈ।

# ਓਬਾਮਾ ਲਈ ਘਰੇਲੂ ਜੰਗ ਜਿੱਤਣੀ ਹੁਣ ਵਧੇਰੇ ਅਹਿਮ

***ਕਾਂਗਰਸ 'ਚ ਇਹ ਗੱਲ ਉਭਰਨੀ ਸ਼ੁਰੂ ਹੋ ਗਈ ਹੈ ਕਿ ਦੇਸ਼ ਦੇ ਅਰਥਚਾਰੇ ਨੂੰ ਲੀਹੇ ਪਾਉਣ ਲਈ ਸਮਾਜਿਕ ਸਹੂਲਤਾਂ 'ਚ ਕਟੌਤੀ ਕਰਨ ਤੋਂ ਪਹਿਲਾਂ ਸਰਕਾਰੀ ਖ਼ਜ਼ਾਨੇ ਦੀਆਂ ਉਹ ਚੋਰ ਮੋਰੀਆਂ ਬੰਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿਨ੍ਹਾਂ 'ਚੋਂ ਜੰਗ ਦੇ ਨਾਂ 'ਤੇ ਪੈਸੇ ਧੁਸਿਆ ਜਾਂਦਾ ਹੈ। ਖ਼ਜ਼ਾਨੇ ਦੀਆਂ ਇਨ੍ਹਾਂ ਚੋਰ ਮੋਰੀਆਂ ਨੂੰ ਬੰਦ ਕਰਨ ਲਈ ਓਬਾਮਾ ਪ੍ਰਸ਼ਾਸਨ ਦੇ ਦਾਅਵੇ ਅਤੇ ਵਾਅਦੇ ਕਿੱਥੋਂ ਤੱਕ ਖ਼ਰੇ ਸਾਬਿਤ ਹੁੰਦੇ ਹਨ, ਇਹ ਤਾਂ ਸਮਾਂ ਹੀ ਦੱਸੇਗਾ; ਪਰ ਓਬਾਮਾ ਐਂਡ ਪਾਰਟੀ ਲਈ ਇਹ ਸਮਾਂ ਬਹੁਤ ਅਹਿਮੀਅਤ ਰੱਖਦਾ ਹੈ; ਕਿਉਂਕਿ ਇਹ ਅਗਲੀਆਂ ਚੋਣਾਂ ਤੋਂ ਪਹਿਲਾਂ ਵਾਲਾ ਸਮਾਂ ਹੈ। ਜੇਕਰ ਆਰਥਿਕਤਾ ਲਈ ਸਾਰਥਿਕ ਕਦਮ ਨਾ ਚੁੱਕੇ ਤਾਂ ਖੇਡ ਉਲਟੀ ਵੀ ਹੋ ਸਕਦੀ ਹੈ। ਬਿਨ ਲਾਦਿਨ ਵਾਲੀ ਸਫ਼ਲਤਾ ਬਹੁਤ ਲੰਬਾ ਚਿਰ ਨਹੀਂ ਟਿਕ ਸਕਦੀ।***

**ਹਰਜਿੰਦਰ ਦੁਸਾਂਝ**

ਜਦ ਜੰਗ ਦੀ ਗੱਲ ਤੁਰਦੀ ਹੈ ਤਾਂ ਅੱਠਵੀਂ ਜਮਾਤ 'ਚ ਦੇਖੀ ਪੰਜਾਬੀ ਫਿਲਮ 'ਉਡੀਕਾਂ' ਅਤੇ ਸਤਿਕਾਰਯੋਗ ਬਜ਼ੁਰਗ ਦੋਸਤ ਕੇਸਰ ਸਿੰਘ ਨਾਵਲਿਸਟ ਦਾ ਨਾਵਲ 'ਜੰਗ ਜਾਂ ਅਮਨ' ਯਾਦ ਆ ਜਾਂਦਾ ਹੈ। 1962 ਦੀ ਹਿੰਦ-ਚੀਨ ਜੰਗ ਦੇ ਆਧਾਰ 'ਤੇ ਬਣੀ 'ਉਡੀਕਾਂ' ਜੰਗ 'ਤੇ ਬਣਨ ਵਾਲੀ ਉਹ ਪਹਿਲੀ ਪੰਜਾਬੀ ਫਿਲਮ ਹੈ ਜਿਸ ਨੇ ਕਈ ਕੌਮੀ ਇਨਾਮ ਹਾਸਿਲ ਕੀਤੇ ਸਨ। ਮਰਹੂਮ ਕੇਸਰ ਸਿੰਘ ਹੁਰਾਂ ਦਾ ਨਾਵਲ 'ਜੰਗ ਜਾਂ ਅਮਨ' ਦੂਜੇ ਸੰਸਾਰ ਯੁੱਧ 'ਤੇ ਗਏ ਇਕ ਪੰਜਾਬੀ ਫੌਜੀ ਅਤੇ ਉਸ ਦੇ ਟੱਬਰ ਦੀ ਕਹਾਣੀ ਹੈ। ਨਾਵਲ ਦਾ ਨਾਇਕ ਅਮਲੀ ਸੀ ਅਤੇ ਬਾਕੀ ਨਾਵਲ ਦਾ ਤਾਣਾ-ਬਾਣਾ ਉਸ ਦੁਆਲੇ ਬੁਣਿਆ ਗਿਆ ਸੀ। ਇਹ ਨਾਵਲ ਕਈ ਸਾਲ ਪੰਜਾਬ ਦੇ ਸਕੂਲਾਂ 'ਚ ਸਿਲੇਬਸ ਵਜੋਂ ਲੱਗਾ ਰਿਹਾ। ਫਿਲਮ ਤੇ ਨਾਵਲ ਦੀਆਂ ਕਹਾਣੀਆਂ ਇਹੋ ਬਾਤ ਪਾਉਂਦੀਆਂ ਹਨ ਕਿ ਜੰਗ ਦੌਰਾਨ ਆਵਾਮ, ਫੌਜੀ ਅਤੇ ਉਨ੍ਹਾਂ ਦੇ ਪਰਿਵਾਰ ਕਿਸ ਤਰ੍ਹਾਂ ਦਾ ਆਰਥਿਕ, ਸਮਾਜਿਕ ਅਤੇ ਪਰਿਵਾਰਕ ਸੰਤਾਪ ਭੋਗਦੇ ਹਨ। ਦੂਜੇ ਬੰਨ੍ਹੇ ਸਿਆਸਤਦਾਨ, ਜ਼ਖੀਰੇਬਾਜ਼ ਵਪਾਰੀ ਅਤੇ ਭ੍ਰਿਸ਼ਟ ਅਫ਼ਸਰ ਕਿਵੇਂ ਹਾਲਾਤ ਨੂੰ ਆਪਣੇ ਮੁਫ਼ਾਦ ਲਈ ਵਰਤਦੇ ਹਨ। ਦੋਵੇਂ ਕਹਾਣੀਆਂ ਪਿਛਲੀ ਸਦੀ ਦੇ ਅੱਧ 'ਚ ਛਿੜੀਆਂ ਜੰਗਾਂ ਬਾਰੇ ਹਨ। ਸੋਚਣ ਵਾਲੀ ਗੱਲ ਹੈ ਕਿ ਅੱਧੀ-ਪੌਣੀ ਸਦੀ ਪਹਿਲਾਂ ਜਦੋਂ ਫੌਜੀ ਜੰਗ ਜਿੱਤ ਕੇ ਜਾਂ ਹਾਰ ਕੇ ਮੁੜਦੇ ਸਨ ਤਾਂ ਜਿਹੜੀ ਜੰਗ ਉਨ੍ਹਾਂ ਨੂੰ ਆਪਣੇ ਘਰ ਦੇ ਮੁਹਾਜ 'ਤੇ ਲੜਨੀ ਪੈਂਦੀ ਸੀ, ਉਸ ਲੜਾਈ 'ਚ ਕੋਈ ਬਹੁਤਾ ਫ਼ਰਕ ਨਹੀਂ ਪਿਆ। 'ਉਡੀਕਾਂ' ਫਿਲਮ ਵਿਚਲਾ ਮੁਨਾਫ਼ੇਖੋਰ ਬਾਣੀਆ ਜੰਗ ਦੇ ਦਿਨਾਂ 'ਚ ਦਾਲਾਂ ਵਿਚ ਮਿੱਟੀ-ਰੋੜ ਮਿਲਾ ਕੇ ਵੇਚਣ ਲੱਗਾ। ਜਦ ਲੋਕਾਂ ਨੇ ਉਸ ਨੂੰ ਦਾਲਾਂ 'ਚੋਂ ਨਿਕਲਦੇ ਮਿੱਟੀ-ਰੋੜਿਆਂ ਦੀ ਸ਼ਿਕਾਇਤ ਕੀਤੀ ਤਾਂ ਉਹ ਦੁਹਾਈ ਦੇਣ ਲੱਗਾ-ਦੇਸ਼ ਖਤਰੇ ਵਿਚ ਹੈ। ਅਜਿਹੇ ਹਾਲਾਤ ਵਿਚ ਇਸ ਭਾਅ ਵੀ ਅਜਿਹੀ ਦਾਲ ਮਿਲ ਜਾਵੇ ਤਾਂ ਕੀ ਇਹ ਘੱਟ ਹੈ? ਕੋਝੇ ਮਜ਼ਾਕ ਨਾਲ ਲੋਕਾਂ ਨੂੰ ਕਹਿੰਦਾ ਕਿ ਸਰਹੱਦ 'ਤੇ ਫੌਜੀ ਗੋਲੀਆਂ ਖਾ ਰਹੇ ਹਨ ਤਾਂ ਕੀ ਤੁਸੀਂ ਦਾਲਾਂ 'ਚ ਰੋੜ ਵੀ ਨਹੀਂ ਖਾ ਸਕਦੇ? ਉਸ ਫਿਲਮ ਵਰਗੇ ਹਾਲਾਤ ਅੱਜ ਅਮਰੀਕਾ 'ਚ ਹਨ। ਜਦ ਕੋਈ ਖੁਰਾਕੀ ਵਸਤਾਂ ਦੀਆਂ ਵਧ ਰਹੀਆਂ ਕੀਮਤਾਂ ਬਾਰੇ ਗੱਲ ਕਰਦਾ ਤਾਂ ਉਸ ਨੂੰ ਮਾੜੇ ਅਰਥਚਾਰੇ ਦੌਰਾਨ ਲੜੀਆਂ ਜਾ ਰਹੀਆਂ ਜੰਗਾਂ ਦਾ ਹਵਾਲਾ ਦੇ ਕੇ ਦੇਸ਼ ਭਗਤੀ ਦਾ ਦੁਸ਼ਾਂਦਾ ਪਿਲਾਇਆ ਜਾਂਦਾ ਹੈ।

ਦੂਜੇ ਪਾਸੇ, ਖਾੜੀ ਦੇ ਦੇਸ਼ਾਂ 'ਚ ਪੈਦਾ ਹੋਈ ਉਥਲ-ਪੁਥਲ ਦਾ ਲਾਹਾ ਲੈ ਕੇ ਤੇਲ ਕੰਪਨੀਆਂ ਬਿਨਾ ਵਜ੍ਹਾ ਤੇਲ ਦੀਆਂ ਕੀਮਤਾਂ ਵਧਾ ਰਹੀਆਂ ਹਨ; ਜਦਕਿ ਨਾ ਤਾਂ ਤੇਲ ਦਾ ਉਤਪਾਦਨ ਘਟਿਆ ਹੈ, ਤੇ ਨਾ ਹੀ ਇਸ ਦਾ ਸਪਲਾਈ 'ਤੇ ਕੋਈ ਅਸਰ ਪਿਆ ਹੈ। ਵੈਸੇ ਵੀ, ਅਮਰੀਕਾ ਖਾੜੀ ਦੇਸ਼ਾਂ ਦੇ ਤੇਲ 'ਤੇ ਨਿਰਭਰ ਨਹੀਂ ਕਰਦਾ। ਲਗਭਗ ਸਾਰਾ ਤੇਲ ਤਾਂ ਕੈਨੇਡਾ, ਮੈਕਸੀਕੋ ਅਤੇ ਲਾਤੀਨੀ ਅਮਰੀਕੀ ਤੋਂ ਆਉਂਦਾ ਹੈ। ਸੋ, ਤੇਲ ਦੀਆਂ ਕੀਮਤਾਂ ਵਧਾਉਣਾ, ਸਮੇਂ ਦਾ ਲਾਹਾ ਲੈਣ ਵਾਲੀ ਗੱਲ ਹੈ।

ਉਸਾਮਾ ਬਿਨ ਲਾਦਿਨ ਵਾਲੇ ਘਟਨਾਕ੍ਰਮ ਤੋਂ ਬਾਅਦ ਰਾਸ਼ਟਰਪਤੀ ਓਬਾਮਾ ਨੇ ਐਲਾਨ ਕੀਤਾ ਕਿ ਆਉਣ ਵਾਲੇ ਦਿਨਾਂ 'ਚ ਆਰਥਿਕਤਾ ਹੋਰ ਸਿਹਤਯਾਬ ਕਰਨ ਲਈ ਹੋਰ ਉਪਰਾਲੇ ਕਰਨਗੇ। ਨਾਲ ਹੀ ਉਨ੍ਹਾਂ ਬਿਆਨ ਦਿੱਤਾ ਕਿ ਜਿਹੜੇ ਲੋਕ ਬਿਨਾ ਵਜ੍ਹਾ ਤੇਲ ਦੀਆਂ ਕੀਮਤਾਂ ਚੜ੍ਹਾ ਰਹੇ ਹਨ, ਉਨ੍ਹਾਂ ਦੀ ਜਾਂਚ ਕਰਕੇ ਹਿਸਾਬ-ਕਿਤਾਬ ਕੀਤਾ ਜਾਏਗਾ। ਕੁਝ ਲੋਕਾਂ ਦਾ ਕਹਿਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਕੋਲ ਅਜਿਹਾ ਕੋਈ ਕਾਨੂੰਨ ਨਹੀਂ ਜਿਸ ਤਹਿਤ ਉਹ ਤੇਲ ਕੰਪਨੀਆਂ ਨੂੰ ਨੱਥ ਪਾ ਸਕਣ। ਉਹ ਸਾਬਕਾ ਰਾਸ਼ਟਰਪਤੀ ਜਾਰਜ ਬੁਸ਼ ਦਾ ਹਵਾਲਾ ਦਿੰਦੇ ਹਨ ਕਿ ਅਜਿਹੇ ਬਿਆਨ ਤਾਂ ਉਨ੍ਹਾਂ ਨੇ ਵੀ ਦਿੱਤੇ ਸਨ, ਜਦੋਂ ਉਨ੍ਹਾਂ ਦੀਆਂ ਮਿੱਤਰ ਸਮਝੀਆਂ ਜਾਂਦੀਆਂ ਤੇਲ ਕੰਪਨੀਆਂ ਨੇ ਕੈਟਰੀਨਾ ਕੁਦਰਤੀ ਆਫ਼ਤ ਮੌਕੇ ਭਾਅ ਬੇਲੋੜੇ ਹੀ ਚੁੱਕ ਦਿੱਤੇ ਸਨ; ਜਿਸ ਨਾਲ ਬੁਸ਼ ਨੂੰ ਲੋਕਾਂ ਦੀ ਕਰੜੀ ਆਲੋਚਨਾ ਅਤੇ ਗੁੱਸਾ ਸਹਿਣਾ ਪਿਆ ਸੀ।

ਇਸ ਗੱਲ ਵਿਚ ਕਾਫ਼ੀ ਹੱਦ ਤੱਕ ਸੱਚਾਈ ਹੈ, ਪਰ ਇਸ ਦੇ ਨਾਲ ਇਹ ਵੀ ਸੱਚ ਹੈ ਕਿ ਇਨ੍ਹਾਂ ਤੇਲ ਕੰਪਨੀਆਂ ਦੀਆਂ ਵਾਗਾਂ ਵੀ ਬੁਸ਼ ਪ੍ਰਸ਼ਾਸਨ ਨੇ ਹੀ ਹੋਰ ਮੋਕਲੀਆਂ ਕੀਤੀਆਂ ਸਨ। ਇਨ੍ਹਾਂ ਨੂੰ ਉਤਪਾਦਨ ਵਧਾਉਣ ਅਤੇ ਖੋਜ ਕਾਰਜਾਂ ਦੇ ਨਾਂ 'ਤੇ ਟੈਕਸ ਦੀਆਂ ਭਾਰੀ ਛੋਟਾਂ ਮਿਲੀਆਂ ਤੇ ਉਪਰੋਂ ਵੱਖਰੀ ਸਬਸਿਡੀ ਮਨਜ਼ੂਰ ਕੀਤੀ ਗਈ। ਹੁਣ ਜਦੋਂ ਗੈਸ ਪੰਪਾਂ 'ਤੇ ਗੈਸ ਦੀ ਕੀਮਤ ਚਾਰ ਡਾਲਰ ਫ਼ੀ ਗੈਲਨ ਦਾ ਅੰਕੜਾ ਪਾਰ ਕਰ ਚੁੱਕੀ ਹੈ ਤਾਂ ਸਾਧਾਰਨ ਅਮਰੀਕਨ ਤਾਂ ਕਾਰ ਦੀ ਟੈਂਕੀ ਪੂਰੀ ਭਰਨ ਤੋਂ ਵੀ ਹਿਚਕਚਾ ਰਹੇ ਹਨ ਤਾਂ ਅਮਰੀਕਾ ਦੀਆਂ ਪੰਜ ਵੱਡੀਆਂ ਤੇਲ ਕੰਪਨੀਆਂ ਸਾਬਕਾ ਰਾਸ਼ਟਰਪਤੀ ਬੁਸ਼ ਵੱਲੋਂ ਪੱਧਰੇ ਕੀਤੇ ਰਾਹਾਂ ਥਾਣੀਂ ਹੋਰ ਸਬਸਿਡੀ ਦੀ ਮੰਗ ਕਰ ਰਹੀਆਂ



ਹਨ; ਜਦਕਿ ਇਨ੍ਹਾਂ ਪੰਜ ਵੱਡੀਆਂ ਕੰਪਨੀਆਂ ਨੇ ਚਾਲੂ ਸਾਲ ਦੇ ਪਹਿਲੇ ਤਿੰਨ ਮਹੀਨਿਆਂ 'ਚ ਕੁਲ ਮਿਲਾ ਕੇ ਬੱਤੀ ਬਿਲੀਅਨ ਡਾਲਰ ਦਾ ਮੁਨਾਫ਼ਾ ਕਮਾਇਆ ਹੈ।

ਬੀਤੇ ਸਾਲ ਇਨ੍ਹਾਂ ਕੰਪਨੀਆਂ ਨੂੰ ਚਾਰ ਬਿਲੀਅਨ ਡਾਲਰ ਦੀ ਸਬਸਿਡੀ ਦਿੱਤੀ ਗਈ ਸੀ। ਤੇਲ 'ਤੇ ਬਾਦਸ਼ਾਹਤ ਕਰਨ ਵਾਲੀ ਕੰਪਨੀ ਕੋਨਕੋ ਫਿਲਿਪਸ ਦੇ ਮੁਖੀ ਨੇ ਪਹਿਲੀ ਤਿਮਾਹੀ ਦਾ ਆਪਣਾ ਮੁਨਾਫ਼ਾ ਤਿੰਨ ਬਿਲੀਅਨ ਡਾਲਰ ਦਿਖਾਇਆ ਹੈ। ਮੁਨਾਫੇ ਦੀ ਰਿਪੋਰਟ ਜਾਰੀ ਕਰਦਿਆਂ ਨਾਲ ਹੀ ਉਹ ਇਹ ਕਹਿ ਰਿਹਾ ਹੈ ਕਿ ਤੇਲ ਕੰਪਨੀਆਂ ਦੀ ਸਬਸਿਡੀ ਕੱਟਣਾ ਗੈਰ-ਅਮਰੀਕੀ ਕਾਰਜ ਹੈ; ਜਦ ਕਿ ਸਾਲ ਕੁ ਪਹਿਲਾਂ ਵੱਡੀਆਂ ਕੰਪਨੀਆਂ ਨੂੰ ਕਿਹਾ ਗਿਆ ਸੀ ਕਿ ਉਹ ਅਮਰੀਕੀ ਸੰਸਦ 'ਚ ਪੇਸ਼ ਹੋ ਕੇ ਦੱਸਣ ਕਿ ਉਨ੍ਹਾਂ ਨੂੰ ਸਬਸਿਡੀ ਕਿਉਂ ਦਿੱਤੀ ਜਾਵੇ? ਹੁਣ ਜਦੋਂ ਆਮ ਨਾਲੋਂ ਵੱਧ ਤੇਲ ਕੱਢਿਆ ਜਾ ਰਿਹਾ ਹੈ ਤਾਂ ਉਕਤ ਮੁਖੀ ਹੀ ਕਹਿੰਦਾ ਹੈ ਕਿ ਉਨ੍ਹਾਂ ਨੂੰ ਇਸ ਫਾਇਦੇ ਦੀ ਲੋੜ ਨਹੀਂ। ਹੁਣ ਜਦੋਂ ਤੋਂ ਖਾੜੀ ਦੇਸ਼ਾਂ 'ਚ ਰੌਲਾ ਪਿਆ ਹੈ ਤਾਂ ਉਸ ਦੇ ਨਾਲ ਹੀ ਇਹ ਹੋਰ ਸਬਸਿਡੀ ਦੀ ਮੰਗ ਕਰਨ ਲੱਗ ਪਏ। ਇਸ ਦੇ ਨਾਲ ਹੀ ਇਹ ਲੋਕਾਂ 'ਚ ਤੇਲ ਸਪਲਾਈ ਦਾ ਹਊਆ ਪੈਦਾ ਕਰ ਰਹੇ ਹਨ ਤੇ ਦੂਜੇ ਪਾਸੇ ਵੱਧ ਤੋਂ ਵੱਧ ਸਬਸਿਡੀ ਲੈਣ ਲਈ ਕਾਂਗਰਸ 'ਚ ਲਾਬੀ ਕਰ ਰਹੇ ਹਨ।

ਹੁਣੇ ਜਿਹੇ ਜੋ ਆਜ਼ਾਦਾਨਾ ਜਾਂਚ ਰਿਪੋਰਟਾਂ ਆਈਆਂ ਹਨ, ਉਨ੍ਹਾਂ ਤੋਂ ਸਪੱਸ਼ਟ ਹੋ ਗਿਆ ਹੈ ਕਿ ਜੰਗ ਦੌਰਾਨ ਤੇਲ ਉਤਪਾਦਨ ਘਟਣ ਦਾ ਬਹਾਨਾ ਲਾ ਕੇ ਜਿਹੜੀ ਸਬਸਿਡੀ ਇਨ੍ਹਾਂ ਤੇਲ ਕੰਪਨੀਆਂ ਨੂੰ ਮਿਲੀ, ਉਸ ਨਾਲ ਇਨ੍ਹਾਂ ਸਿਰਫ਼ ਆਪਣਾ ਮੁਨਾਫ਼ਾ ਹੀ ਵਧਾਇਆ ਹੈ। ਇਸ ਦਾ ਫਾਇਦਾ ਤੇਲ ਕੰਪਨੀਆਂ ਅਤੇ ਇਨ੍ਹਾਂ ਦੇ ਹਿੱਸੇਦਾਰਾਂ ਨੂੰ ਹੀ ਹੋਇਆ ਹੈ। ਕੰਪਨੀਆਂ ਦੇ ਅਹੁਦੇਦਾਰਾਂ ਨੇ ਆਪਣੀਆਂ ਤਨਖਾਹਾਂ, ਭੱਤੇ ਅਤੇ ਬੋਨਸ ਵਧਾਏ ਜਾਂ ਲਗਜ਼ਰੀ ਵਾਲਾ ਹੋਰ ਸਾਮਾਨ ਹੀ ਖਰੀਦਿਆ ਹੈ। ਅਜਿਹੀਆਂ ਰਿਪੋਰਟਾਂ ਆਉਣ ਤੋਂ ਬਾਅਦ ਅਮਰੀਕੀ ਸੰਸਦ ਦੇ ਲੋਕ ਪੱਖੀ ਸੰਸਦ ਮੈਂਬਰਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਜਦੋਂ ਸਕੂਲਾਂ 'ਚ ਕਲਾਸਾਂ ਬੰਦ ਹੋ ਰਹੀਆਂ ਹਨ, ਹਸਪਤਾਲਾਂ 'ਚ ਦਵਾਈਆਂ ਘਟਦੀਆਂ ਜਾ ਰਹੀਆਂ ਅਤੇ ਹੋਰ ਸਮਾਜਿਕ ਸਹੂਲਤਾਂ 'ਤੇ ਕੱਟ ਲੱਗ ਰਹੇ ਹਨ ਤਾਂ ਤੇਲ ਕੰਪਨੀਆਂ ਨੂੰ ਸਬਸਿਡੀ ਕਿਉਂ? ਬਜਟ ਘਾਟੇ ਨੂੰ ਘੱਟ ਕਰਨ ਅਤੇ ਪੰਪਾਂ 'ਤੇ ਤੇਲ ਕੀਮਤਾਂ ਥਾਂ ਸਿਰ ਕਰਨ ਲਈ ਤੇਲ ਕੰਪਨੀਆਂ ਦੀ ਅਜਾਰੇਦਾਰੀ ਤੋੜਨ ਦਾ ਵੇਲਾ ਆ ਗਿਆ ਹੈ।

ਇਸ ਸਬੰਧੀ ਡੈਮੋਕਰੈਟਿਕ ਪਾਰਟੀ ਦੇ ਤੇਜ਼-ਤਰਾਰ ਸੈਨੇਟਰ ਸ਼ੈਰਡ ਬਰਾਊਨ ਨੇ 'ਵੱਡੀਆਂ ਕੰਪਨੀਆਂ ਨੂੰ ਟੈਕਸ ਛੋਟ ਬੰਦ' ਨਾਂ ਦੇ ਬਿੱਲ ਦਾ ਖਰੜਾ ਵੀ ਤਿਆਰ ਕਰ ਲਿਆ ਹੈ। ਇਸ ਖਰੜੇ 'ਚ ਵਾਲ ਸਟਰੀਟ ਦੇ ਉਨ੍ਹਾਂ ਲੋਕਾਂ ਖਿਲਾਫ਼ ਕਾਰਵਾਈ ਕਰਨ ਦੀ ਗੱਲ ਕੀਤੀ ਗਈ ਹੈ ਜਿਹੜੇ ਆਪਣੇ ਮੁਫਾਦ ਲਈ ਤੇਲ ਕੀਮਤਾਂ ਉਪਰ ਸ਼ਰਤਾਂ ਲਾਉਂਦੇ ਹਨ ਤੇ ਫਿਰ ਤੇਲ ਕੀਮਤਾਂ ਬਾਰੇ ਫ਼ਰਜ਼ੀ ਅੰਦਾਜ਼ੇ ਲਾ ਕੇ ਦਿੰਦੇ ਹਨ। ਇਸ ਵਿਚ ਤੇਲ ਉਤਪਾਦਨ ਕੰਪਨੀਆਂ ਦੀ ਜਥੇਬੰਦੀ ਓ.ਪੀ.ਈ.ਸੀ. ਦੇ ਖਿਲਾਫ਼ ਐਕਸ਼ਨ ਲੈਣ ਦੀ ਗੱਲ ਵੀ ਸ਼ਾਮਿਲ ਹੈ ਕਿਉਂਕਿ ਇਹ ਅੰਦਰਖਾਤੇ ਸਲਾਹ ਕਰਕੇ ਹੀ ਤੇਲ ਦੀਆਂ ਕੀਮਤਾਂ ਮਿੱਥ ਲੈਂਦੇ ਹਨ ਤੇ ਫਿਰ ਕੋਈ ਬਹਾਨਾ ਲੱਭ ਕੇ ਭਾਅ ਚਾੜ੍ਹ ਦਿੰਦੇ ਹਨ। ਖਰੜੇ 'ਚ ਕਿਹਾ ਗਿਆ ਹੈ ਕਿ ਸਭ ਮਤਭੇਦ ਭੁਲਾ ਕੇ ਤੇਲ ਕੰਪਨੀਆਂ ਨੂੰ ਮਿਲਦੀ ਸਬਸਿਡੀ ਬੰਦ ਕਰਨ ਲਈ ਵੋਟਿੰਗ ਕਰਨੀ ਚਾਹੀਦੀ ਹੈ। ਖਰੜੇ ਦੇ ਅੰਤ 'ਚ ਲਿਖਿਆ ਗਿਆ ਹੈ ਕਿ ਬਦੇਸ਼ੀ ਤੇਲ ਨੂੰ ਸਾਫ਼ ਕਰਨ ਲਈ ਟੈਕਸ 'ਚ ਛੋਟ ਦੇਣਾ ਕੀ ਗੈਰ-ਅਮਰੀਕੀ ਕੰਮ ਨਹੀਂ? ਜਿਹੜੀ ਟੈਕਸ ਛੋਟ ਬਦੇਸ਼ੀ ਤੇਲ ਸਾਫ ਕਰਨ ਲਈ ਦਿੱਤੀ ਜਾ ਰਹੀ ਹੈ, ਕਿਉਂ ਨਾ ਉਹ ਛੋਟ ਦੇਸ਼ ਦੇ ਅੰਦਰੂਨੀ ਤੇ ਬਦਲਵੇਂ ਊਰਜਾ ਸਾਧਨਾਂ ਨੂੰ ਦਿੱਤੀ ਜਾਵੇ? ਤੇਲ ਕੰਪਨੀਆਂ ਨੂੰ ਸਬਸਿਡੀ ਬੰਦ ਕਰਨ ਨੂੰ ਗੈਰ-ਅਮਰੀਕੀ ਕੰਮ ਕਹਿਣ ਵਰਗੀਆਂ ਗੱਲਾਂ ਨੂੰ ਹੁਣ ਹੋਰ ਨਹੀਂ ਬਰਦਾਸ਼ਤ ਕੀਤਾ ਜਾ ਸਕਦਾ। ਰਾਸ਼ਟਰਪਤੀ ਓਬਾਮਾ ਦੇ ਬਿਆਨਾਂ ਤੋਂ ਅਤੇ ਸੰਸਦ 'ਚ ਪੇਸ਼ ਹੋਏ ਖਰੜੇ ਤੋਂ ਲਗਦਾ ਹੈ ਕਿ ਜੰਗ ਦੇ ਨਾਂ 'ਤੇ ਕਾਲੇ ਸੋਨੇ (ਤੇਲ) ਦਾ ਵਪਾਰ ਚਮਕਾਉਣ ਵਾਲੀਆਂ ਕੰਪਨੀਆਂ 'ਤੇ ਚਾਂਦਮਾਰੀ ਹੋਣ ਦੀ ਵਾਰੀ ਹੈ। ਇਸ ਤੱਥ ਦੀ ਗਵਾਹੀ ਇਹ ਗੱਲ ਵੀ ਭਰਦੀ ਹੈ ਕਿ ਰਾਸ਼ਟਰਪਤੀ ਓਬਾਮਾ ਸ਼ੁਰੂ ਤੋਂ ਹੀ ਜੰਗ ਦੌਰਾਨ ਜੰਗ ਦੇ ਨਾਂ 'ਤੇ ਬਿਜਨੈਸ ਚਮਕਾਉਣ ਵਾਲਿਆਂ ਨੂੰ ਕਰੜੇ ਹੱਥੀਂ ਲੈ ਰਹੇ ਹਨ। ਓਬਾਮਾ ਨੂੰ ਵੈਸੇ ਵੀ ਜੰਗ ਵਿਰੋਧੀ ਰਾਸ਼ਟਰਪਤੀ ਮੰਨਿਆ ਜਾਂਦਾ ਹੈ ਜਦ ਕਿ ਬੁਸ਼ ਕਈ ਗੱਲਾਂ ਉਤੇ ਪਰਦਾ ਪਾਉਣ ਲਈ ਆਪਣੇ-ਆਪ ਨੂੰ ਜੰਗੀ ਹਾਲਾਤ ਵਾਲਾ ਰਾਸ਼ਟਰਪਤੀ ਹੋਣ ਦਾ ਵਾਸਤਾ ਦਿੰਦੇ ਸਨ। ਜਦ ਬੁਸ਼ ਨੇ ਯੂ.ਐਨ.ਓ. ਅਤੇ ਨਾਟੋ ਵਰਗੀਆਂ ਸੰਸਥਾਵਾਂ ਨੂੰ ਨਜ਼ਰਅੰਦਾਜ਼ ਕਰਕੇ ਇਰਾਕ 'ਤੇ ਹਮਲਾ ਕਰਨ ਦਾ ਫੈਸਲਾ ਕੀਤਾ ਸੀ, ਤਾਂ ਓਬਾਮਾ ਉਨ੍ਹਾਂ ਕੁਝ ਕੁ ਸੈਨੇਟਰਾਂ 'ਚੋਂ ਸਨ ਜਿਨ੍ਹਾਂ ਨੇ ਜੰਗ ਦਾ ਵਿਰੋਧ ਕੀਤਾ ਸੀ।

ਖੈਰ, ਜੰਗ ਸ਼ੁਰੂ ਹੋਈ ਤਾਂ ਜੰਗ 'ਤੇ ਗਈ ਫੌਜ ਨੂੰ ਸਲਾਹ-ਮਸ਼ਵਰਾ ਦੇਣ ਲਈ ਰਿਟਾਇਰ ਅਫ਼ਸਰ ਰੱਖੇ ਗਏ। ਕਈ ਸਾਬਕਾ ਅਫ਼ਸਰ ਤਾਂ ਇਕ ਪਾਸੇ ਸਲਾਹਕਾਰ ਬਣੇ ਹੋਏ ਸਨ ਤੇ ਦੂਜੇ ਪਾਸੇ ਸਪਲਾਈ ਕੰਪਨੀਆਂ ਨਾਲ ਵੀ ਕੰਮ ਕਰ ਰਹੇ ਸਨ। ਹੈਰਾਨੀ ਉਦੋਂ ਹੋਈ ਜਦੋਂ ਪਤਾ ਲੱਗਾ ਕਿ ਵਾਲਮਾਰਟ ਸਟੋਰ ਜਿਹੜਾ ਪੈਨ 50 ਸੈਂਟ ਨੂੰ ਵੇਚ ਰਿਹਾ ਹੈ, ਉਹੀ ਪੈਨ ਫੌਜ ਨੂੰ ਪੰਜ ਡਾਲਰ ਦਾ ਸਪਲਾਈ ਹੋ ਰਿਹਾ ਹੈ। ਖਾਣਾ ਸਪਲਾਈ ਕਰਨ ਵਾਲੀ ਕੰਪਨੀ ਨੇ ਬਿਨਾ ਕਿਸੇ ਜਾਂਚ-ਪੜਤਾਲ ਦੇ ਖਾਣਾ ਤਿਆਰ ਕਰਨ ਲਈ ਸਸਤੇ ਭਾਅ ਗੈਰ-ਕਾਨੂੰਨੀ ਪਰਵਾਸੀ ਰੱਖੇ ਹੋਏ ਸਨ ਜੋ ਫੌਜੀ ਸੁਰੱਖਿਆ 'ਤੇ ਵੱਡਾ ਸਵਾਲੀਆ ਨਿਸ਼ਾਨ ਸੀ।

ਸੰਨ 2009 ਵਿਚ ਸਭ ਤੋਂ ਵੱਡਾ ਸਕੈਂਡਲ ਤਾਂ ਉਦੋਂ ਸਾਹਮਣੇ ਆਇਆ ਜਦੋਂ ਲਾਸ ਏਂਜਲਸ ਦੇ ਇਕ ਪੱਤਰਕਾਰ ਨੇ ਇਹ ਸੂਹ ਕੱਢ ਲਈ ਕਿ ਪੈਂਟਾਗਨ ਨੇ ਦੋ ਸੌ ਦੇ ਕਰੀਬ ਰਿਟਾਇਰ ਹੋ ਚੁੱਕੇ ਜਨਰਲ ਜੰਗ ਦੌਰਾਨ ਸਲਾਹ ਦੇਣ ਲਈ ਸਲਾਹਕਾਰ ਵਜੋਂ ਰੱਖੇ ਹੋਏ ਸਨ ਜਿਨ੍ਹਾਂ ਦੀ ਤਨਖਾਹ ਸਾਢੇ ਚਾਰ ਸੌ ਡਾਲਰ ਪ੍ਰਤੀ ਘੰਟਾ ਦੇ ਹਿਸਾਬ ਮਿੱਥੀ ਹੋਈ ਹੈ ਜਦ ਕਿ ਆਮ ਲੋਕ ਘੱਟੋ-ਘੱਟ ਰੇਟ ਦਾ ਕੰਮ ਲੱਭਣ ਲਈ ਭਟਕਦੇ ਫਿਰਦੇ ਹਨ। ਇਹੀ ਨਹੀਂ, ਫੌਜ ਦੇ ਸਲਾਹਕਾਰ ਬਣੇ 80 ਫੀਸਦੀ ਜਨਰਲਾਂ ਦੇ ਸਬੰਧ ਫੌਜ ਨੂੰ ਸਪਲਾਈ ਕਰਨ ਵਾਲੀਆਂ ਕੰਪਨੀਆਂ ਨਾਲ ਸਨ। ਅਜਿਹੀ ਹਨ੍ਹੇਰਗਰਦੀ ਨੂੰ ਅੱਗੇ ਤੋਂ ਠੱਲ੍ਹਣ ਲਈ ਹੁਣ ਅਮਰੀਕੀ ਸੰਸਦ ਵਿਚ '2012 ਡਿਫੈਂਸ ਆਥੋਰਾਈਜੇਸ਼ਨ ਐਕਟ' ਨਾਂ ਦਾ ਕਾਨੂੰਨ ਪਾਸ ਕਰ ਦਿੱਤਾ ਗਿਆ ਹੈ। ਇਸ ਕਾਨੂੰਨ ਤਹਿਤ ਪੈਂਟਾਗਾਨ ਜੇਕਰ ਰਿਟਾਇਰ ਅਫ਼ਸਰਾਂ ਨੂੰ ਮੁੜ ਨੌਕਰੀ 'ਤੇ ਜਾਂ ਸਲਾਹਕਾਰਾਂ ਵਜੋਂ ਰੱਖਦਾ ਹੈ ਤਾਂ ਉਨ੍ਹਾਂ ਨੂੰ ਸਾਲ 'ਚ ਚਾਰ ਵਾਰ ਲੋਕਾਂ ਅਤੇ ਸੰਸਦ ਨੂੰ ਇਸ ਬਾਰੇ ਦੱਸਣਾ ਹੋਵੇਗਾ ਕਿ ਉਨ੍ਹਾਂ ਨੇ ਕਿਹੜੇ ਰਿਟਾਇਰ ਅਫ਼ਸਰ ਮੁੜ ਰੱਖੇ ਹਨ, ਅਤੇ ਉਨ੍ਹਾਂ ਦੀ ਤਨਖਾਹ ਕਿੰਨੀ ਹੈ? ਇਸ ਤੋਂ ਬਿਨਾਂ, ਜੇਕਰ ਪੈਂਟਾਗਾਨ ਸਮਝਦਾ ਹੈ ਕਿ ਉਨ੍ਹਾਂ ਨੂੰ ਜੰਗੀ ਰਣਨੀਤੀ ਤਿਆਰ ਕਰਨ ਜਾਂ ਕੋਈ ਵੀ ਫੌਜੀ ਓਪਰੇਸ਼ਨ ਕਰਨ ਲਈ ਪੁਰਾਣੇ ਜਨਰਲ ਦੀ ਸਲਾਹ ਦੀ ਲੋੜ ਹੈ ਤਾਂ ਸੇਵਾਮੁਕਤ ਜਨਰਲਾਂ ਨੂੰ ਰੱਖਣ ਤੋਂ ਪਹਿਲਾਂ ਸੰਸਦ ਵਿਚਲੀ 'ਆਰਮਡ ਸਰਵਿਸਿਜ਼ ਕਮੇਟੀ' ਨਾਲ ਸਲਾਹ-ਮਸ਼ਵਰਾ ਕਰੇਗਾ ਤੇ ਇਹ ਦੱਸਣਾ ਪਵੇਗਾ ਕਿ ਉਨ੍ਹਾਂ ਨੂੰ ਕਿਹੜੇ ਜਨਰਲ ਦੀ ਅਤੇ ਕਿਉਂ ਸਲਾਹ ਦੀ ਲੋੜ ਹੈ? ਇਸ ਦੇ ਨਾਲ ਹੀ, ਕੰਮ ਕਰਦੇ ਜਨਰਲਾਂ ਤੋਂ ਵੀ ਪੁੱਛਿਆ ਜਾਵੇਗਾ ਕਿ ਉਨ੍ਹਾਂ ਨੂੰ ਸਲਾਹ ਦੀ ਕੀ ਲੋੜ ਹੈ? ਇਉਂ, ਜਦੋਂ ਤੋਂ ਪੈਂਟਾਗਾਨ ਦੇ ਖਿਲਾਫ਼ ਸਖ਼ਤ ਰੁਖ਼ ਅਪਨਾਇਆ ਗਿਆ ਹੈ, ਉਦੋਂ ਤੋਂ ਹੀ ਇਸ ਨੇ 30 ਦੇ ਕਰੀਬ ਅਜਿਹੇ ਸਲਾਹਕਾਰ ਸਾਬਕਾ ਜਨਰਲਾਂ ਦੀ ਛੁੱਟੀ ਕਰ ਦਿੱਤੀ ਹੈ।

ਇਹ ਵੀ ਕਿੰਨੇ ਦੁੱਖ ਅਤੇ ਸ਼ਰਮ ਵਾਲੀ ਗੱਲ ਹੈ ਕਿ ਜਦੋਂ ਸਧਾਰਨ ਘਰਾਂ ਦੇ ਬੱਚੇ ਤਾਂ ਮੁਹਾਜ਼ 'ਤੇ ਮਰ ਰਹੇ ਹਨ, ਤਾਂ ਫੌਜ ਦੀ ਲਾਲ ਫੀਤਾਸ਼ਾਹੀ ਜੰਗ ਦੇ ਨਾਂ 'ਤੇ ਪੈਸੇ ਬਣਾਉਣ ਦੀ ਤਾਕ 'ਚ ਹੈ। ਪੈਂਟਾਗਾਨ 'ਚ ਹੋਈਆਂ ਬੇਨਿਯਮੀਆਂ ਕਾਰਨ ਕਾਂਗਰਸ ਅਤੇ ਓਬਾਮਾ ਪ੍ਰਸ਼ਾਸਨ ਦੇ ਤੇਵਰ ਇਸ ਖਿਲਾਫ਼ ਤਿੱਖੇ ਹੋਏ ਹਨ। ਕਾਂਗਰਸ 'ਚ ਇਹ ਗੱਲ ਉਭਰਨੀ ਸ਼ੁਰੂ ਹੋ ਗਈ ਹੈ ਕਿ ਦੇਸ਼ ਦੇ ਅਰਥਚਾਰੇ ਨੂੰ ਲੀਹੇ ਪਾਉਣ ਲਈ ਸਮਾਜਿਕ ਸਹੂਲਤਾਂ 'ਚ ਕਟੌਤੀ ਕਰਨ ਤੋਂ ਪਹਿਲਾਂ ਸਰਕਾਰੀ ਖ਼ਜ਼ਾਨੇ ਦੀਆਂ ਉਹ ਚੋਰ ਮੋਰੀਆਂ ਬੰਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿਨ੍ਹਾਂ 'ਚੋਂ ਜੰਗ ਦੇ ਨਾਂ 'ਤੇ ਪੈਸਾ ਧੁਸਿਆ ਜਾਂਦਾ ਹੈ। ਖ਼ਜ਼ਾਨੇ ਦੀਆਂ ਇਨ੍ਹਾਂ ਚੋਰ ਮੋਰੀਆਂ ਨੂੰ ਬੰਦ ਕਰਨ ਲਈ ਓਬਾਮਾ ਪ੍ਰਸ਼ਾਸਨ ਦੇ ਦਾਅਵੇ ਅਤੇ ਵਾਅਦੇ ਕਿੱਥੋਂ ਤੱਕ ਖ਼ਰੇ ਸਾਬਿਤ ਹੁੰਦੇ ਹਨ, ਇਹ ਤਾਂ ਸਮਾਂ ਹੀ ਦੱਸੇਗਾ; ਪਰ ਓਬਾਮਾ ਐਂਡ ਪਾਰਟੀ ਲਈ ਇਹ ਸਮਾਂ ਬਹੁਤ ਅਹਿਮ ਹੈ; ਕਿਉਂਕਿ ਇਹ ਅਗਲੀਆਂ ਚੋਣਾਂ ਤੋਂ ਪਹਿਲਾਂ ਵਾਲਾ ਸਮਾਂ ਹੈ। ਜੇਕਰ ਆਰਥਿਕਤਾ ਲਈ ਸਾਰਥਿਕ ਕਦਮ ਨਾ ਚੁੱਕੇ ਤਾਂ ਖੇਡ ਉਲਟੀ ਵੀ ਹੋ ਸਕਦੀ ਹੈ। ਬਿਨ ਲਾਦਿਨ ਵਾਲੀ ਸਫ਼ਲਤਾ ਬਹੁਤ ਲੰਬਾ ਚਿਰ ਨਹੀਂ ਟਿਕ ਸਕਦੀ। ਜਿਵੇਂ ਬੜੇ ਬੁਸ਼ ਨੇ ਇਰਾਕ ਦੀ ਪਹਿਲੀ ਜੰਗ ਜਿੱਤ ਕੇ ਕੁਵੈਤ ਨੂੰ ਆਜ਼ਾਦ ਕਰਵਾਉਣ ਦਾ ਜਸ ਤਾਂ ਖੱਟ ਲਿਆ ਸੀ ਪਰ ਦੇਸ਼ ਦੀ ਡਿੱਗਦੀ ਜਾ ਰਹੀ ਆਰਥਿਕਤਾ ਨੂੰ ਕੋਈ ਥੰਮ੍ਹੀ ਨਹੀਂ ਸੀ ਦੇ ਸਕਿਆ ਜਿਸ ਦੀ ਬਦੌਲਤ ਦੂਜੇ ਫੇਰੇ ਦੇਸ਼ ਦੀਆਂ ਕੁੰਜੀਆਂ ਬਿੱਲ ਕਲਿੰਟਨ ਦੇ ਹੱਥ ਚਲੀਆਂ ਗਈਆਂ ਸਨ।

ਹੂੰ! ਗੱਲ ਕਿਧਰੋਂ ਕਿੱਧਰ ਚਲੀ ਗਈ। ਮੈਂ ਗੱਲ ਕਰ ਰਿਹਾ ਸਾਂ ਕੇਸਰ ਸਿੰਘ ਹੁਰਾਂ ਦੇ ਨਾਵਲ 'ਜੰਗ ਜਾਂ ਅਮਨ' ਦੀ। ਇਸ ਨਾਵਲ ਦਾ ਅੰਤ ਇਨ੍ਹਾਂ ਸ਼ਬਦਾਂ ਨਾਲ ਹੁੰਦਾ ਹੈ, ਜਦੋਂ ਨਾਵਲ ਦਾ ਨਾਇਕ ਜੰਗ ਤੋਂ ਘਰ ਮੁੜਦਾ ਹੈ ਤਾਂ ਘਰ 'ਚ ਮੰਦਹਾਲੀ ਦਾ ਦੌਰ ਹੁੰਦਾ ਹੈ। ਪਰਿਵਾਰਕ ਤਾਣਾ-ਬਾਣਾ ਬੁਰੀ ਤਰ੍ਹਾਂ ਉਲਝ ਚੁੱਕਾ ਹੁੰਦਾ ਹੈ। ਲੇਖਕ ਇਸ ਗੱਲ ਦਾ ਫੈਸਲਾ ਪਾਠਕਾਂ 'ਤੇ ਛੱਡ ਦਿੰਦਾ ਹੈ ਕਿ ਉਹੀ ਫੈਸਲਾ ਕਰਨ ਕਿ ਜੰਗ ਜਿੱਤ ਕੇ ਮੁੜਿਆ ਫੌਜੀ ਘਰ ਦੇ ਮੁਹਾਜ਼ 'ਤੇ ਹੁਣ ਜੰਗ ਕਰੇਗਾ ਜਾਂ ਅਮਨ ਅਪਣਾਏਗਾ। ਨਾਵਲ ਦੇ ਬਹੁਤੇ ਪਾਠਕਾਂ ਨੇ ਅਮਨ ਦੇ ਪੱਖ 'ਚ ਹਾਮੀ ਭਰੀ ਸੀ। ਬਹੁਤੇ ਆਲੋਚਕਾਂ ਦਾ ਖਿਆਲ ਸੀ ਕਿ ਘਰ, ਪਰਿਵਾਰ ਅਤੇ ਦੇਸ਼ ਨੂੰ ਮੰਦਹਾਲੀ 'ਚੋਂ ਕੱਢਣ ਲਈ ਅਮਨ ਦਾ ਰਸਤਾ ਹੀ ਸਹੀ ਹੁੰਦਾ ਹੈ। ਜੰਗ ਭਾਵੇਂ ਕਈ ਵਾਰ ਅਣਚਾਹੀ ਵੀ ਲੜਨੀ ਪੈ ਜਾਂਦੀ ਹੈ, ਪਰ ਇਹ ਕੁਝ ਸੁਆਰਨ ਨਾਲੋਂ ਵਿਗਾੜਦੀ ਵੱਧ ਹੈ। ਸਿਆਣੇ ਕਹਿੰਦੇ ਹਨ ਕਿ ਭੁੱਖੇ ਪੇਟ ਤਾਂ ਭਗਤੀ ਵੀ ਨਹੀਂ ਹੁੰਦੀ, ਜੰਗ ਤਾਂ ਦੂਰ ਦੀ ਗੱਲ ਹੈ। ਓਬਾਮਾ ਸਾਹਿਬ ਅਤਿਵਾਦ ਖਿਲਾਫ਼ ਸਫ਼ਲਤਾ ਦੇ ਨਾਲ-ਨਾਲ ਜੇਕਰ ਆਰਥਿਕ ਮੁਹਾਜ਼ 'ਤੇ ਜਿੱਤ ਨਾ ਸਕੇ ਤਾਂ ਅਗਲੀ ਵਾਰ ਉਨ੍ਹਾਂ ਦੀ ਜਿੱਤ ਜਾਂ ਹਾਰ ਦਾ ਫੈਸਲਾ 'ਜੰਗ ਜਾਂ ਅਮਨ' ਵਾਂਗ ਪਾਠਕਾਂ ਦੇ ਹੱਥ ਹੈ।

## ਜਾ ਕੈ ਸਿਮਰਿਣ ਸਭੁ ਕਛੁ ਪਾਈਐ

**ਗੁਰਬਾਣੀ ਗਿਆਨ**

ੴ ਸਤਿਗੁਰ ਪ੍ਰਸਾਦਿ॥
ਸੋਰਠ ਮਹਲਾ 5
ਜਾ ਕੈ ਸਿਮਰਿਣ ਸਭੁ ਕਛੁ ਪਾਈਐ
ਬਿਰਥੀ ਘਾਲ ਨ ਜਾਈ॥
ਤਿਸੁ ਪ੍ਰਭ ਤਿਆਗਿ ਅਵਰ ਕਤ ਰਾਚਹੁ
ਜੋ ਸਭ ਮਹਿ ਰਹਿਆ ਸਮਾਈ॥੧॥
ਹਰਿ ਹਰਿ ਸਿਮਰਹੁ ਸੰਤ ਗੋਪਾਲਾ॥
ਸਾਧਸੰਗਿ ਮਿਲ ਨਾਮੁ ਧਿਆਵਹੁ
ਪੂਰਨ ਹੋਵੈ ਘਾਲਾ॥੧॥ਰਹਾਉ॥
ਸਾਰਿ ਸਮਾਲੈ ਨਿਤਿ ਪ੍ਰਤਿਪਾਲੈ
ਪ੍ਰੇਮ ਸਹਿਤ ਗਲਿ ਲਾਵੈ॥
ਕਹੁ ਨਾਨਕ ਪ੍ਰਭ ਤੁਮਰੇ ਬਿਸਰਤ
ਜਗਤ ਜੀਵਨੁ ਕੈਸੇ ਪਾਵੈ॥

ਪੰਜਵੇਂ ਸਤਿਗੁਰੂ ਅਰਜਨ ਦੇਵ ਜੀ ਇਸ ਸ਼ਬਦ ਵਿਚ ਪਰਮਾਤਮਾ ਦੇ ਨਾਮ ਸਿਮਰਨ ਦੀ ਮਹਾਨਤਾ ਦਰਸਾ ਕੇ ਉਸ ਪ੍ਰਭੂ ਦੀ ਸਿਫ਼ਤ ਕਰ ਰਹੇ ਹਨ, ਹੇ ਪ੍ਰਭੂ ਦੇ ਪਿਆਰੇ ਭਗਤ ਜਨੋ! ਉਸ ਗੋਪਾਲ ਭਾਵ ਇਸ ਜਗਤ ਦੇ ਪਾਲਣਹਾਰ ਪ੍ਰਭੂ ਦਾ ਸਦਾ ਹੀ ਸਿਮਰਨ ਕਰਦੇ ਰਹਿਣਾ ਚਾਹੀਦੇ ਅਤੇ ਸਾਧ ਸੰਗਤ ਵਿਚ ਬੈਠ ਕੇ ਉਸ ਸੰਸਾਰ ਦੇ ਮਾਲਕ ਪ੍ਰਭੂ ਦਾ ਨਾਮ ਜਪਣਾ ਚਾਹੀਦੇ। ਹੇ ਭਾਈ! ਜੋ ਜੀਵ ਸਦਾ ਹੀ ਉਸ ਮਾਲਕ ਪ੍ਰਭੂ ਦੀ ਸ਼ਰਣ ਵਿਚ ਰਹਿੰਦੇ ਹਨ, ਪ੍ਰਭੂ ਉਨ੍ਹਾਂ ਦੀ ਘਾਲ ਥਾਇ ਪਾ ਕੇ ਆਪਣੇ ਗਲ ਨਾਲ ਲਾ ਲੈਂਦੇ ਹਨ।

ਹਰਿ ਹਰਿ ਸਿਮਰਹੁ ਸੰਤ ਗੋਪਾਲਾ॥
ਸਾਧਸੰਗਿ ਮਿਲ ਨਾਮੁ ਧਿਆਵਹੁ
ਪੂਰਨ ਹੋਵੈ ਘਾਲਾ॥੧॥ਰਹਾਉ॥

ਹੇ ਭਾਈ! ਪ੍ਰਮੇਸ਼ਰ ਪਿਤਾ ਦੇ ਨਾਮ ਸਿਮਰਨ ਕਰਨ ਕਰਕੇ ਜੀਵ ਨੂੰ ਸਾਰੇ ਪਦਾਰਥ ਮਿਲ ਜਾਂਦੇ ਹਨ ਅਤੇ ਉਹ ਪ੍ਰਭੂ ਪਿਤਾ ਸਾਡੀ ਮਿਹਨਤ ਨੂੰ ਕਦੀ ਅਜਾਈਂ ਨਹੀਂ ਜਾਣ ਦਿੰਦਾ। ਐਸੇ ਮਹਾਨ ਪ੍ਰਭੂ ਦਾ ਸਿਮਰਨ ਸਵਾਸ-ਸਵਾਸ ਕਰਨਾ ਹੀ ਚਾਹੀਏ ਜੋ ਜ਼ੱਰੇ-ਜ਼ੱਰੇ ਵਿਚ ਵਿਆਪਕ ਹੈ ਪਰ ਹੇ ਭਾਈ! ਹੇ ਸੰਸਾਰ ਦੇ ਲੋਕੋ!! ਤੁਸੀਂ ਐਸੇ ਪ੍ਰਭੂ ਨੂੰ ਛੱਡ ਕੇ ਦੁਨਿਆਵੀ ਧੰਦਿਆਂ ਵਿਚ ਹੀ ਲੱਗੇ ਪਏ ਹੋ।

ਸਾਰਿ ਸਮਾਲੈ ਨਿਤਿ ਪ੍ਰਤਿਪਾਲੈ
ਪ੍ਰੇਮ ਸਹਿਤ ਗਲਿ ਲਾਵੈ॥
ਕਹੁ ਨਾਨਕ ਪ੍ਰਭ ਤੁਮਰੇ ਬਿਸਰਤ
ਜਗਤ ਜੀਵਨੁ ਕੈਸੇ ਪਾਵੈ॥

ਹੇ ਭਾਈ! ਉਹ ਮਾਲਕ ਤਾਂ ਕ੍ਰਿਪਾ ਦਾ ਸਾਗਰ ਹੈ ਅਤੇ ਸਭ ਜੀਵਾਂ ਦੀ ਸਾਰ ਲੈਂਦਾ ਹੈ, ਸਭ ਜੀਵਾਂ ਦੀ ਪ੍ਰਤਿਪਾਲਣਾ ਵੀ ਕਰਦਾ ਹੈ, ਆਪਣੇ ਭਗਤ-ਜਨਾਂ ਅਤੇ ਆਪਣੇ ਪਿਆਰਿਆਂ ਨੂੰ ਪਿਆਰ ਨਾਲ ਗਲੇ ਵੀ ਲਾਉਂਦਾ ਹੈ ਅਤੇ ਇਹ ਨਾਨਕ ਆਖਦਾ ਹੈ-ਹੇ ਮੇਰੇ ਪ੍ਰਭੂ ਜੀਉ! ਆਪ ਜੀ ਨੂੰ ਵਿਸਾਰ ਕੇ ਭਲਾ ਇਹ ਜੀਵ ਆਪ ਦੀ ਪ੍ਰਾਪਤੀ ਕਿਵੇਂ ਕਰ ਸਕਦਾ ਹੈ। ਸੋ, ਹੇ ਮੇਰੇ ਪ੍ਰਭ ਜੀਉ! ਕ੍ਰਿਪਾ ਕਰਕੇ ਸਾਨੂੰ ਆਪਣਾ ਨਾਮ ਸਿਮਰਨ ਦੇਹ।

ਆਉ ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

# ਬਾਂਦਰ ਬਣਿਆ ਨਿਓਲ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958


ਚਾੜ੍ਹ'ਤੀ ਬੱਕਰੀ ਗੁੱਲਾਂ 'ਤੇ, ਬਾਂਦਰ ਤੋਂ ਬੰਦਾ ਬਣਿਆ ਤਾਂ ਸੁਣਿਆ ਸੀ, ਨਿਓਲ ਵਾਲੀ ਗੱਲ ਤਾਂ ਤੇਰੇ ਮੂੰਹੋਂ ਹੀ ਸੁਣੀ ਹੈ? ਪਰ ਜਨਾਬ ਇਹ ਭਾਸ਼ਾ ਦੇ ਮਾਮਲੇ ਹਨ, ਇਥੇ ਗੁੜ ਦਾ ਗੋਬਰ ਆਮ ਹੀ ਹੋ ਜਾਂਦਾ ਹੈ।

ਮੀਰਕੈਟ ਨਿਓਲ ਪਰਿਵਾਰ ਦਾ ਇਕ ਛੋਟਾ ਜਿਹਾ ਜਾਨਵਰ ਹੈ ਜਿਸ ਦਾ ਮੁਖ ਵਸੇਬਾ ਦੱਖਣੀ ਅਫਰੀਕਾ ਦਾ ਕਾਲਾਹਾਰੀ ਮਾਰੂਥਲ ਹੈ। ਇਹ ਜਾਨਵਰ 20-25 ਦੇ ਝੁੰਡਾਂ ਵਿਚ ਰਹਿੰਦਾ ਹੈ ਤੇ ਇਸ ਦੀ ਔਸਤ ਉਮਰ 12-14 ਸਾਲ ਹੈ। ਅੱਜ ਅਸੀਂ ਮੀਰਕੈਟ ਸ਼ਬਦ ਦੀ ਧੁੰਦ ਫਰੋਲਣੀ ਹੈ। ਨਿਚਿੰਤ ਰਹੋ, ਸ਼ਬਦਾਂ ਦੀਆਂ ਕਹਾਣੀਆਂ ਦੱਸਣ ਲੱਗੇ ਮੈਂ ਆਮ ਤੌਰ 'ਤੇ ਪੰਜਾਬੀ ਜਾਂ ਭਾਰਤੀ ਪ੍ਰਸੰਗ ਦਾ ਖਿਆਲ ਰਖਦਾ ਹਾਂ। ਪੁਰਾਣੇ ਸ਼ਬਦਾਂ ਨੂੰ ਨਵੇਂ ਅਰਥ ਦੇਣ ਲੱਗਿਆਂ ਜਾਂ ਅਰਥਾਂ ਲਈ ਨਵੇਂ ਸ਼ਬਦ ਚੁਣਨ ਲੱਗਿਆ ਮਨੁਖ ਬਹੁਤੀ ਸੋਚ ਵਿਚਾਰ ਨਹੀਂ ਕਰਦਾ, ਇਹ ਅਕਸਰ ਹੀ ਖੜੇ ਪੈਰ ਦਾ ਕੰਮ ਹੁੰਦਾ ਹੈ। ਨਾਲੇ ਹਰ ਜਣਾ-ਖਣਾ ਸ਼ਬਦਾਂ ਦੇ ਮੁਢ ਦੀ ਲੱਖਣਾ ਲਾਉਣ ਤੋਂ ਨਹੀਂ ਟਲਦਾ। ਇਸ ਪ੍ਰਵਿਰਤੀ ਨੂੰ ਕੋਸ਼ਕਾਰਾਂ ਨੇ ਲੋਕ-ਨਿਰੁਕਤੀ (Folk-etymology) ਦਾ ਨਾਂ ਦਿੱਤਾ ਹੈ। ਮੀਰਕੈਟ ਸ਼ਬਦ ਦੀ ਚਰਚਾ ਕਰਦਿਆਂ ਅਸੀਂ ਇਹ ਤਿੰਨੋਂ ਪ੍ਰਵਿਰਤੀਆਂ ਕਾਰਜਸ਼ੀਲ ਹੁੰਦੀਆਂ ਦੇਖਾਂਗੇ। ਇਸ ਜਾਨਵਰ ਦਾ ਭਾਰਤ ਨਾਲ ਦੂਹਰਾ ਸਬੰਧ ਹੈ। ਸੁਣੋ! ਕਿਸ ਪੰਜਾਬੀ ਨੇ ਸੜਕ ਕੰਢੇ ਸਪੇਰੇ ਦੇ ਮਜਮੇ ਵਿਚ ਸੱਪ ਤੇ ਨਿਓਲੇ ਨੂੰ ਲੜਦਿਆਂ ਨਹੀਂ ਤੱਕਿਆ? ਦੋਹਾਂ ਜਾਨਵਰਾਂ ਦੇ ਆਪਸੀ ਵੈਰ ਬਾਰੇ ਕਈ ਕਹਾਣੀਆਂ ਵੀ ਪ੍ਰਚਲਿਤ ਹਨ। ਅਜੇ ਕਲ੍ਹ ਤੱਕ ਯੂਰਪੀ ਲੋਕ ਤਾਂ ਭਾਰਤ ਨੂੰ ਸਪੇਰਿਆਂ ਦਾ ਦੇਸ਼ ਹੀ ਸਮਝਦੇ ਰਹੇ ਸਨ। ਨਿਓਲ ਨੂੰ ਅੰਗਰੇਜ਼ੀ ਵਿਚ ਮੌਂਗੂਜ਼ (mongoose) ਆਖਦੇ ਹਨ। ਪੱਛਮੀ ਸਾਮਰਾਜੀ ਪੁਰਤਗੀਜ਼ਾਂ, ਡੱਚਾਂ, ਅੰਗਰੇਜ਼ਾਂ, ਫਰਾਂਸੀਸੀਆਂ ਨੇ ਨਾ ਸਿਰਫ ਸਾਡੀ ਦੌਲਤ ਨੂੰ ਹੀ ਲੁੱਟਿਆ ਬਲਕਿ ਸਾਡੇ ਸ਼ਬਦਾਂ ਤੇ ਵੀ ਖੂਬ ਹੱਥ ਫੇਰਿਆ। ਮਰਾਠੀ ਸ਼ਬਦ ਮੈਂਗਸ ਇਸੇ ਲੁੱਟ ਦਾ ਸ਼ਿਕਾਰ ਹੋਇਆ। ਦਰਾਵੜੀ ਭਾਸ਼ਾਵਾਂ ਜਿਵੇਂ ਤੈਲਗੂ ਵਿਚ ਇਸ ਨੂੰ ਮੈਂਗਿਸੂ ਤੇ ਕੰਨੜ ਵਿਚ ਮੁੰਗਸ ਆਖਦੇ ਹਨ। ਖਿਆਲ ਹੈ ਕਿ ਇਹ ਮੁਢਲੇ ਤੌਰ 'ਤੇ ਦਰਾਵੜੀ ਸ਼ਬਦ ਹੈ। ਭਾਰਤ ਵਿਚ ਵਸੇ ਪੁਰਤਗਾਲੀਆਂ ਨੇ ਇਹ ਸ਼ਬਦ ਏਥੋਂ ਚੁਕਿਆ ਤੇ mangusto ਦੇ ਰੂਪ ਵਿਚ ਆਪਣੇ ਦੇਸ਼ ਵਿਚ ਵਾੜ ਦਿੱਤਾ। ਅੰਗਰੇਜ਼ੀ ਵਿਚ ਇਹ ਸ਼ਬਦ ਪਹੁੰਚਾ ਤਾਂ ਲੋਕ-ਨਿਰੁਕਤੀ ਨੇ ਇਸ ਨੂੰ ਆਪਣੇ ਜਾਣੇ ਪਹਿਚਾਣੇ ਸ਼ਬਦ goose ਨਾਲ ਜਾ ਜੋੜਿਆ ਤੇ ਸ਼ਬਦ ਬਣ ਗਿਆ mongoose, ਹਾਲਾਂ ਕਿ ਇਸ ਦਾ goose ਨਾਲ ਕੋਈ ਸਬੰਧ ਨਹੀਂ। ਨਾਲ ਲਗਦੀ ਗੱਲ ਇਹ ਵੀ ਦੱਸ ਦੇਵਾਂ ਕਿ ਪੰਜਾਬੀ 'ਹੰਸ' ਅੰਗਰੇਜ਼ੀ goose ਦਾ ਸੁਜਾਤੀ ਹੈ। ਅੰਗਰੇਜ਼ੀ ਦੇ ਪੁਰਾਣੇ ਤੇ ਧੱਕੜ ਕੋਸ਼ਕਾਰ ਜੌਨਸਨ ਨੇ



ਸੱਪ ਤੇ ਨਿਓਲਾ

ਆਪਣੇ ਕੋਸ਼ ਵਿਚ ਮੌਂਗੂਜ਼ ਦੀ ਪਰਿਭਾਸ਼ਾ ਇਉਂ ਕੀਤੀ ਹੈ, "ਇਕ ਵੱਡਾ ਸਾਰਾ ਜਲਮੁਰਗਾ, ਨਾ ਜਾਣੇ ਮੁਹਾਵਰਿਆਂ ਵਿਚ ਇਹ ਕਿਉਂ ਮੂਰਖਤਾ ਕਰਕੇ ਜਾਣਿਆ ਜਾਂਦਾ ਹੈ।" ਜਰਮਨ ਮੁਹਾਵਰਾ ਹੈ, 'Dumme Gans' ਅਰਥਾਤ ਬੁਧੂ ਹੰਸ। ਮਜ਼ੇ ਵਾਲੀ ਗੱਲ ਹੈ ਕਿ ਇਸ ਦਾ ਮਤਲਬ ਹੈ, ਮੂਰਖ ਔਰਤ। ਇਹ ਹੈ ਪੂਰਬ ਤੇ ਪੱਛਮ ਦਾ ਫਰਕ, ਸਾਡੇ ਹੰਸ ਵਿਵੇਕ ਤੇ ਸ਼ਾਨ ਦਾ ਪ੍ਰਤੀਕ ਹੈ ਜੋ ਦੁਧ ਤੇ ਪਾਣੀ ਨੂੰ ਵੱਖ ਵੱਖ ਕਰ ਸਕਦਾ ਹੈ ਤੇ ਜੋ ਮੋਤੀ ਚੁਗਦਾ ਹੈ ਪਰ ਯੂਰਪੀ ਭਾਸ਼ਾਵਾਂ ਅੰਗਰੇਜ਼ੀ, ਫਰਾਂਸੀਸੀ, ਪੋਲਿਸ਼, ਸਵੀਡਿਸ਼, ਹੰਗੇਰੀਅਨ, ਰੂਸੀ, ਇਤਾਲਵੀ ਆਦਿ ਵਿਚ ਇਹ ਸਿਧੜਪੁਣੇ ਅਤੇ ਫੂਹੜਪੁਣੇ ਦਾ ਪ੍ਰਤੀਕ ਹੈ; ਸਾਡੇ ਉਲੂ ਮੂਰਖਤਾ ਦਾ ਮਜਮੂਆ ਹੈ ਤੇ ਉਧਰ ਸਿਆਣਪ ਦਾ!

...ਮੀਰਕੈਟ ਸ਼ਬਦ ਮੁਖ ਤੌਰ 'ਤੇ ਅਫਰੀਕਾਨ ਭਾਸ਼ਾ ਵਿਚ ਵਰਤਿਆ ਜਾਂਦਾ ਹੈ। ਅਫਰੀਕਾਨ ਦੱਖਣੀ ਅਫਰੀਕਾ ਦੀ ਇਕ ਭਾਰੋਪੀ ਭਾਸ਼ਾ ਦਾ ਨਾਂ ਹੈ ਜਿਸ ਵਿਚ 90% ਸ਼ਬਦ ਡੱਚ ਭਾਸ਼ਾ ਦੇ ਹਨ ਕਿਉਂਕਿ ਉਥੇ ਡੱਚਾਂ ਦਾ ਰਾਜ ਰਿਹਾ ਹੈ। ਇਕ ਮੱਤ ਅਨੁਸਾਰ ਅੰਗਰੇਜ਼ੀ ਨੇ ਮੀਰਕੈਟ ਸ਼ਬਦ ਇਸ ਅਫਰੀਕਾਨ ਭਾਸ਼ਾ ਤੋਂ ਲਿਆ ਤੇ ਅਫਰੀਕਾਨ ਨੇ ਅੱਗੋਂ ਡੱਚ ਤੋਂ। ਡੱਚ ਭਾਸ਼ਾ ਵਿਚ ਮੀਰਕੈਟ ਇਕ ਕਿਸਮ ਦੇ ਬਾਂਦਰ ਨੂੰ ਕਹਿੰਦੇ ਹਨ। ਡੱਚ ਰਾਹੀਂ ਆਇਆ ਅੰਗਰੇਜ਼ੀ ਮੀਰਕੈਟ ਸ਼ਬਦ ਦਾ ਜੇ ਪੰਜਾਬੀ ਵਿਚ ਅਨੁਵਾਦ ਕਰੀਏ ਤਾਂ ਬਣਦਾ ਹੈ ਝੀਲ-ਬਿੱਲੀ: ਮੀਰ=ਝੀਲ, ਕੈਟ=ਬਿੱਲੀ। ਪਰ ਖੁਦ ਅੰਗਰੇਜ਼ੀ ਵਿਚ ਝੀਲ ਲਈ ਸੁਤੰਤਰ ਤੌਰ ਤੇ ਮੀਰ ਸ਼ਬਦ ਨਹੀਂ ਵਰਤਿਆ ਜਾਂਦਾ, ਹਾਂ ਇਸ ਦੀ ਰਹਿੰਦ-ਖੂੰਹਦ ਹੋਰ ਸ਼ਬਦਾਂ ਵਿਚ ਦਿਸਦੀ ਹੈ ਜਿਵੇਂ mermaid (ਜਲਪਰੀ) ਵਿਚ mer ਦਾ ਅਰਥ ਝੀਲ ਜਾਂ ਪਾਣੀ ਹੀ ਹੈ। ਖੈਰ, ਸੱਚਾਈ ਇਹ ਹੈ ਕਿ ਬਾਂਦਰ ਹੋਵੇ ਜਾਂ ਨਿਓਲ, ਮੀਰਕੈਟ ਜਾਨਵਰ ਦਾ ਨਾ ਝੀਲ ਨਾਲ ਕੋਈ ਪਿਆਰ ਹੈ ਤੇ ਨਾ ਹੀ ਬਿੱਲੀ ਨਾਲ ਕੋਈ ਲਾਗਾ-ਦੇਗਾ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਡੱਚ ਭਾਸ਼ਾ ਨੇ ਇਹ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਮਰਕਟ, ਜੋ ਬਾਂਦਰ ਦਾ ਹੀ ਇਕ ਹੋਰ ਨਾਂ ਹੈ, ਦੇ ਕਿਸੇ ਰੂਪ ਤੋਂ ਲਿਆ। ਉਨ੍ਹਾਂ ਅਨੁਸਾਰ ਸ਼ਾਇਦ ਅਫਰੀਕਾ ਨੂੰ ਜਾ ਰਹੇ ਡੱਚ ਈਸਟ ਇੰਡੀਆ ਕੰਪਨੀ ਦੇ ਕਿਸੇ ਜਹਾਜ਼ ਵਿਚ ਭਾਰਤ ਤੋਂ ਚੜ੍ਹਨ ਵਾਲੇ ਮਲਾਹ ਨੇ ਇਹ ਸ਼ਬਦ ਉਥੇ ਪਹੁੰਚਾਇਆ। ਡੱਚ ਈਸਟ ਇੰਡੀਆ ਕੰਪਨੀ ਦੇ ਵਪਾਰੀ ਭਾਰਤੀ ਬਾਂਦਰਾਂ ਤੋਂ ਵਾਕਿਫ ਸਨ ਪਰ ਡੱਚ ਆਬਾਦਕਾਰਾਂ ਨੇ ਇਹ ਸ਼ਬਦ ਗਲਤ ਜਾਨਵਰ ਨੂੰ ਦੇ ਦਿੱਤਾ ਪਰ ਇਸ ਮਤ ਵਿਚ ਸੱਚਾਈ ਨਹੀਂ ਦਿਸਦੀ ਕਿਉਂਕਿ ਡੱਚ ਈਸਟ ਇੰਡੀਆ ਕੰਪਨੀ ਦੱਖਣੀ ਅਫਰੀਕਾ ਵਿਚ ਸਤਾਰਵੀਂ ਸਦੀ ਦੇ ਸ਼ੁਰੂ ਵਿਚ ਸਥਾਪਤ ਹੋਈ ਜਦਕਿ ਬਾਂਦਰ ਦੇ ਅਰਥਾਂ ਵਿਚ ਮੀਰਕੈਟ ਸ਼ਬਦ ਵੱਖ ਵੱਖ ਰੂਪਾਂ ਵਿਚ ਜਰਮੈਨਿਕ ਭਾਸ਼ਾਵਾਂ (ਡੱਚ, ਜਰਮਨ ਆਦਿ) ਵਿਚ ਚੌਧਵੀਂ ਸਦੀ ਤੋਂ ਵੀ ਢੇਰ ਪਹਿਲਾਂ ਮੌਜੂਦ ਸੀ। ਭਾਸ਼ਾ ਵਿਗਿਆਨੀ ਇਸ ਸ਼ਬਦ ਦਾ ਭਾਰਤੀ ਮਰਕਟ ਨਾਲ ਸਬੰਧ ਹੋਣ ਵਾਲੇ ਮਸਲੇ ਨੂੰ ਸੁਲਝਾ ਨਹੀਂ ਸਕੇ। ਕੀ ਏਨੇ ਪ੍ਰਾਚੀਨ ਸਮੇਂ ਵਿਚ ਭਾਰਤ ਦਾ ਯੂਰਪ ਨਾਲ ਜਹਾਜ਼ੀ ਰਾਬਤਾ ਸੀ? ਇਕ ਅੰਗਰੇਜ਼ ਸ਼ਬਦ-ਖੋਜੀ ਹੈਨਰੀ ਬਰੈਡਲੇ ਦੀ ਇਕ ਉਨ੍ਹੀਵੀਂ ਸਦੀ ਦੀ ਲਿਖਤ ਦਾ ਹਵਾਲਾ ਦਿੰਦਾ ਹਾਂ,

"ਤੇਰ੍ਹਵੀਂ ਸਦੀ ਤੋਂ ਹੀ ਜਰਮਨ ਭਾਸ਼ਾ ਵਿਚ ਬਾਂਦਰ ਇਕ ਅਨੋਖੇ ਸ਼ਬਦ 'ਮੀਰਕਾਟਜ਼ੇ' ਕਰਕੇ ਜਾਣਿਆ ਜਾਂਦਾ ਹੈ ਜਿਸ ਦਾ ਸ਼ਾਬਦਿਕ ਅਰਥ ਬਣਦਾ ਹੈ 'ਸਮੁੰਦਰੀ ਬਿੱਲੀ'। ਡੱਚ ਤੇ ਹੋਰ ਨਿਮਨ ਜਰਮਨ ਭਾਸ਼ਾਵਾਂ ਵਿਚ ਵੀ ਇਹ ਮੀਰਕੈਟ ਦੇ ਰੂਪ ਵਿਚ ਮਿਲਦਾ ਹੈ। ਮੈਨੂੰ ਨਹੀਂ ਪਤਾ ਇਹ ਸ਼ਬਦ ਕਿੰਨਾ ਪੁਰਾਣਾ ਹੈ ਪਰ ਜਰਮਨ ਨਿਰੁਕਤਕਾਰ ਇਸ ਨੂੰ ਆਪਣਾ ਦੇਸੀ ਸ਼ਬਦ ਹੀ ਦਸਦੇ ਹੋਏ ਵਿਆਖਿਆ ਕਰਦੇ ਹਨ ਕਿ ਇਸ ਜਾਨਵਰ ਦੀ ਸ਼ਕਲ ਬਿੱਲੀ ਨਾਲ ਮਿਲਦੀ ਹੈ ਤੇ ਸਮੁੰਦਰ ਪਾਰੋਂ ਆਇਆ ਹੈ। ਹੋਰ ਕੁਝ ਨਹੀਂ ਤਾਂ ਇਹ ਸੰਜੋਗ ਦੀ ਹੀ ਗੱਲ ਹੈ ਕਿ ਹਿੰਦੁਸਤਾਨੀ ਵਿਚ ਬਾਂਦਰ ਲਈ ਮਰਕਟ ਸ਼ਬਦ ਹੈ। ਇਹ ਸੱਚਾਈ ਹੈ ਕਿ ਭਾਸ਼ਾਵਾਂ ਵਿਚ ਸੰਜੋਗੀ ਸਮਾਨਤਾਵਾਂ ਹੁੰਦੀਆਂ ਹਨ ਪਰ ਕਿਉਂਕਿ ਮੀਰਕਾਟਜ਼ੇ ਇਕ ਲੋਕ-ਨਿਰੁਕਤੀ ਨਾਲ ਘੜਿਆ ਸ਼ਬਦ ਪ੍ਰਤੀਤ ਹੁੰਦਾ ਹੈ, ਇਸ ਲਈ ਬਿਹਤਰ ਹੋਵੇਗਾ ਜੇ ਇਸ ਸ਼ਬਦ ਨੂੰ ਕਿਸੇ ਬਦੇਸ਼ੀ ਸ਼ਬਦ ਦੇ ਵਿਗੜੇ ਰੂਪ ਵਜੋਂ ਸਮਝਿਆ ਜਾਵੇ। ਕੀ ਕੋਈ ਅਜਿਹਾ ਗਿਆਤ ਰਸਤਾ ਹੈ ਜਿਸ ਰਾਹੀਂ ਇਹ ਭਾਰਤੀ ਸ਼ਬਦ 1300 ਸੰਨ ਤੋਂ ਵੀ ਪਹਿਲਾਂ ਜਰਮਨੀ ਵਿਚ ਦਾਖਲ ਹੋ ਗਿਆ?"


ਸਾਡੀਆਂ ਭਾਸ਼ਾਵਾਂ ਵਿਚ ਮਰਕਟ ਬਾਂਦਰ ਨੂੰ ਕਹਿੰਦੇ ਹਨ ਭਾਵੇਂ ਇਹ ਪੰਜਾਬੀ ਵਿਚ ਆਮ ਸ਼ਬਦ ਨਹੀਂ। ਗੁਰਬਾਣੀ ਵਿਚ ਭਗਤ ਕਬੀਰ ਦਾ ਦੋਹਾ ਹੈ:

ਮਰਕਟ ਮੁਸਟੀ ਅਨਾਜ ਕੀ
ਮਨ ਬਉਰਾ ਰੇ ਲੀਨੀ ਹਾਥ ਪਸਾਰਿ॥
ਛੂਟਨ ਕੋ ਸਹਸਾ ਪਰਿਆ
ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ॥

ਹੇ ਮੇਰੇ ਕਮਲੇ ਮਨ, ਬਾਂਦਰ ਨੇ ਅਨਾਜ ਦੀ ਮੁੱਠੀ ਤਾਂ ਭਰ ਲਈ ਹੈ ਪਰ ਹੁਣ ਡਰਦਾ ਫਿਰਦਾ ਹੈ ਕਿ ਇਸ ਕੈਦ 'ਚੋਂ ਕਿਵੇਂ ਨਿਕਲੇ। ਇਸ ਲਈ ਘਰ ਘਰ ਨਚਦਾ ਫਿਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਬਾਂਦਰ ਦੇ ਅਰਥਾਂ ਵਿਚ ਮਰਕਟ ਸ਼ਬਦ ਦੀ ਵਰਤੋਂ ਕੀਤੀ ਹੈ।

ਅਸੀਂ ਵੀ ਇਸ ਤਰ੍ਹਾਂ ਦਾ ਇਕ ਸ਼ਬਦ ਘੜਿਆ ਹੈ। ਪਾਣੀ ਵਿਚ ਰਹਿਣ ਵਾਲੇ ਇਕ ਜਾਨਵਰ ਨੂੰ ਅੰਗਰੇਜ਼ੀ ਵਿਚ otter ਕਹਿੰਦੇ ਹਨ ਤੇ ਅਸੀਂ ਇਸ ਨੂੰ ਉਦਬਿਲਾਉ ਦਾ ਨਾਂ ਦਿੱਤਾ ਹੈ: ਉਦ ਦਾ ਮਤਲਬ ਹੁੰਦਾ ਹੈ ਪਾਣੀ, ਤੇ ਬਿਲਾਉ ਤਾਂ ਬਿੱਲਾ ਹੀ ਹੈ। ਸਮੁੰਦਰ (ਸਮੁੰਦਰ=ਸਮ+ਉਦਰ) ਸ਼ਬਦ ਵਿਚ ਪਾਣੀ ਦੇ ਅਰਥਾਂ ਵਾਲਾ ਏਹੀ ਉਦਰ ਆਉਂਦਾ ਹੈ। ਸੰਸਕ੍ਰਿਤ ਉਦਰ ਅਤੇ ਅੰਗਰੇਜ਼ੀ otter ਸੁਜਾਤੀ ਸ਼ਬਦ ਹਨ। ਗੱਲ ਤਾਂ ਇਹ ਕਰਨੀ ਸੀ ਕਿ ਅਸੀਂ ਜੋ ਇਸ ਸ਼ਬਦ ਨਾਲ ਬਿਲਾਉ ਲਾਇਆ ਹੈ, ਉਹ ਠੀਕ ਨਹੀਂ ਕਿਉਂਕਿ ਉਦਬਿਲਾਉ ਦਾ ਬਿਲਾ ਜਾਤੀ ਨਾਲ ਕੋਈ ਸਬੰਧ ਨਹੀਂ।

ਹੁਣ ਉਦਬਿਲਾਵ ਜਿਹੀਆਂ ਊਲ-ਜਲੂਲ ਗੱਲਾਂ ਛੱਡ ਕੇ, ਆਪਾਂ ਕਹਾਣੀ ਦਾ ਅਗਲਾ ਕਾਂਡ ਛੂਹੰਦੇ ਹਾਂ। ਅਸੀਂ ਮਰਕਟ ਤੋਂ ਚੱਲੇ ਸੀ। ਅਸਲ ਵਿਚ ਸੰਸਕ੍ਰਿਤ ਵਿਚ ਮਰਕਟ ਦੇ ਦੋ ਮਾਇਨੇ ਹਨ। ਇਕ ਬਾਂਦਰ ਤਾਂ ਅਸੀਂ ਨਜਿੱਠ ਹੀ ਲਿਆ, ਦੂਜਾ ਹੈ ਮਕੜੀ। ਭੇਤ ਵਾਲੀ ਗੱਲ ਹੈ ਕਿ ਮਕੜੀ ਸ਼ਬਦ ਬਣਿਆ ਹੀ ਮਰਕਟ ਤੋਂ ਹੈ ਤੇ ਕੀੜਾ-ਮਕੌੜਾ ਸਮਾਸ ਵਿਚ ਆਉਂਦਾ ਮਕੌੜਾ ਵੀ ਇਸੇ ਤੋਂ। ਹੈਰਾਨੀ ਵਾਲੀ ਗੱਲ ਹੈ ਕਿ ਇਕ ਨਿੱਕੇ ਤੇ ਨਿਗੂਣੇ ਜਿਹੇ ਜਾਨਵਰ ਮਕੜੀ ਦਾ ਬਾਂਦਰ ਨਾਲ ਕੀ ਸਬੰਧ ਹੈ ਜੋ ਦੋਹਾਂ ਲਈ ਸਾਡੇ ਬਜ਼ੁਰਗਾਂ ਨੇ ਇਕ ਹੀ ਨਾਂ ਧਰ ਦਿੱਤਾ? ਨੀਝ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਦੋਹਾਂ ਜਾਨਵਰਾਂ ਵਿਚ ਸਾਂਝ ਇਸ ਗੱਲ ਦੀ ਹੈ ਕਿ ਦੋਹਾਂ ਦੇ ਅੰਗ ਬੜੇ ਲੰਬੇ ਲੰਬੇ ਬੇਡੌਲ ਜਿਹੇ ਹੁੰਦੇ ਹਨ। ਦੋਹਾਂ ਨੇ ਛੜੱਪੇ ਤੇ ਟਪੂਸੀਆਂ ਮਾਰਨੀਆਂ ਹੁੰਦੀਆਂ ਹਨ, ਇਸ ਲਈ ਉਨ੍ਹਾਂ ਦੇ ਅੰਗ ਇਸ ਤਰ੍ਹਾਂ ਵਿਕਸਤ ਹੋ ਗਏ।



ਮੀਰਕੈਟ

ਦੂਜੀ ਗੱਲ ਹੈ ਕਿ ਜੇ ਤੁਸੀਂ ਮਕੜੀ ਦਾ ਜਾਲਾ ਵਿਛਾਇਆ ਦੇਖੋ ਤੇ ਨਾਲ ਹੀ ਪੂਛ ਤੇ ਲੱਤਾਂ ਸਮੇਤ ਦਰਖਤ ਨਾਲ ਚੁੰਬੜਿਆ ਬਾਂਦਰ ਦੇਖੋ ਤਾਂ ਦੋਨਾਂ ਜਾਨਵਰਾਂ ਦੀ ਸਮਰੂਪਤਾ ਸਮਝ ਆ ਜਾਵੇਗੀ। ਮਕੜੀ ਤੇ ਬਾਂਦਰ ਦੀ ਸਾਂਝ ਏਥੇ ਹੀ ਨਹੀਂ, ਮੈਕਸੀਕੋ ਤੋਂ ਬਰਾਜ਼ੀਲ ਤੀਕਰ ਦੱਖਣੀ ਅਮਰੀਕਾ ਵਿਚ ਇਕ ਬਾਂਦਰ ਦੀ ਕਿਸਮ ਪਾਈ ਜਾਂਦੀ ਹੈ ਜਿਸ ਨੂੰ ਮਕੜ-ਬਾਂਦਰ (spider monkey) ਕਿਹਾ ਜਾਂਦਾ ਹੈ। ਇਸ ਮਕੜ-ਬਾਂਦਰ ਦੀਆਂ ਲੱਤਾਂ, ਬਾਹਵਾਂ ਤੇ ਪੂਛ ਆਪਣੇ ਕਦ ਕਾਠ ਦੇ ਮੁਕਾਬਲੇ ਬਹੁਤ ਲੰਬੇ ਚੌੜੇ ਹੁੰਦੇ ਹਨ, ਇਸੇ ਲਈ ਇਨ੍ਹਾਂ ਨੂੰ ਇਹ ਨਾਂ ਮਿਲਿਆ। ਜ਼ਿੰਬਾਬਵੇ ਦੇ ਇਕ ਵਿਸ਼ਵਾਸ ਅਨੁਸਾਰ ਇਸ ਨੂੰ ਸੂਰਜੀ ਫਰਿਸ਼ਤਾ ਕਿਹਾ ਜਾਂਦਾ ਹੈ ਕਿਉਂਕਿ ਇਹ ਉਨ੍ਹਾਂ ਦੇ ਪਸ਼ੂਆਂ ਨੂੰ ਬਘਿਆੜਾਂ ਤੋਂ ਬਚਾਉਂਦਾ ਹੈ।

# ਭਗਵੰਤ ਮਾਨ ਦੀ ਗੱਲ ਸੁਣਨੀ ਜ਼ਰੂਰੀ ਕਿਉਂ ਹੈ?

ਐਸ. ਅਸ਼ੋਕ ਭੌਰਾ

ਵੇਖਿਆ ਹੋਣੈ ਕਿ ਜਿਉਂਦੀ ਮੱਛੀ ਪਾਣੀ ਦੇ ਵਹਿਣ ਦੇ ਉਲਟ ਚਲਦੀ ਹੈ, ਕੇਵਲ ਮਰੀਆਂ ਹੋਈਆਂ ਮੱਛੀਆਂ ਨੇ ਹੀ ਪਾਣੀ ਦੇ ਨਾਲ ਵਹਿ ਜਾਣਾ ਹੁੰਦਾ ਹੈ। ਪੰਜਾਬ ਦੀ ਸਥਿਤੀ 'ਤੇ ਜੇ ਰਾਜਨੀਤਕ ਵਿਸ਼ਲੇਸ਼ਣ ਕਰਨਾ ਹੋਵੇ ਤਾਂ 'ਉਤਰ ਕਾਟੋ ਮੈਂ ਚੜ੍ਹਾਂ' ਵਾਲੀ ਸਥਿਤੀ ਹੀ ਬਣੀ ਰਹੀ ਹੈ। ਪਿਛਲੇ ਢਾਈ ਦਹਾਕਿਆਂ ਤੋਂ ਤਾਂ ਇਹ ਆਮ ਹੀ ਹੋ ਗਿਆ ਹੈ ਕਿ ਟਰਮ ਪੂਰੀ ਹੋ ਰਹੀ ਹੈ, ਯਾਨਿ ਕਿ ਨੀਲੀਆਂ ਤੇ ਚਿੱਟੀਆਂ ਦੇ ਆਉਣ-ਜਾਣ ਦਾ ਸਿਲਸਿਲਾ ਜਾਰੀ ਹੈ। ਜਿੰਨੇ ਘੁਟਾਲੇ ਹੋਏ ਹਨ, ਲੀਡਰਾਂ ਦੀਆਂ ਜਾਇਦਾਦਾਂ ਦੇ ਰੌਲੇ ਪਏ ਹਨ, ਭ੍ਰਿਸ਼ਟਾਚਾਰ ਨੱਚ ਰਿਹਾ ਹੈ। ਸੱਚ ਇਹ ਹੈ ਕਿ ਇਕ ਲੁੱਟਣ ਲਈ ਆਣ ਬੈਠਦਾ ਹੈ ਤੇ ਦੂਜਾ ਲੁੱਟ ਕੇ ਚਲੇ ਜਾਂਦਾ ਹੈ। ਹਾਲ ਹੀ 'ਚ ਮੈਂ ਕਾਂਗਰਸ ਦੇ ਇਕ ਸਾਬਕਾ ਵਿਧਾਇਕ ਦੇ ਦਿਲਚਸਪ ਬਿਆਨ ਤੋਂ ਬਾਅਦ ਕਿ 'ਪੰਜਾਬ ਦੀ ਜਨਤਾ ਕਾਹਲੀ ਪਈ ਹੋਈ ਐ ਕਿ ਕਿਹੜੀ ਘੜੀ ਕੈਪਟਨ ਸਾਹਿਬ ਪੰਜਾਬ ਸਾਂਭ ਲੈਣ' ਪੁੱਛਿਆ ਕਿ ਕਿਤੇ ਅਮਰੀਕਾ ਤੋਂ ਓਬਾਮਾ ਆਉਣ ਲੱਗਾ? ਅਸਲ ਵਿਚ ਪੰਜਾਬ 'ਚ ਤੀਜਾ ਬਦਲ ਹੈ ਹੀ ਨਹੀਂ ਸੀ। ਸਿਰਫ ਦੋ ਹੀ 'ਬੱਦਲ' ਨੇ। ਬਸਪਾ ਦਾ ਬੜੀ ਦੇਰ ਪਹਿਲਾਂ ਟਾਇਰ ਪੰਚਰ ਹੋ ਗਿਆ ਸੀ, ਬਲਵੰਤ ਸਿੰਘ ਰਾਮੂਵਾਲੀਏ ਦਾ ਇਕ ਵੀ ਤੀਰ ਨਿਸ਼ਾਨੇ ਨਹੀਂ ਲੱਗਾ। ਜੇ ਪੂਰੀ ਦੁਨੀਆ ਵਿਚ ਬੈਠੇ ਸੁਚੇਤ ਤੇ ਸੁਹਿਰਦ ਪੰਜਾਬੀ ਮਨਪ੍ਰੀਤ ਸਿੰਘ ਬਾਦਲ ਦੇ ਹੱਕ ਵਿਚ ਉਠ ਖੜ੍ਹੇ ਹੋਏ ਹਨ ਤਾਂ ਸੱਚ ਹੈ ਕਿ ਵਗਦੀਆਂ ਪੌਣਾਂ ਰੁਕਦੀਆਂ ਨਹੀਂ ਹੁੰਦੀਆਂ। ਮਨ ਇਹ ਵੀ ਲੈਣਾ ਚਾਹੀਦੈ ਕਿ ਪੰਜਾਬ ਦੇ ਇਤਿਹਾਸ ਭਾਵੇਂ ਕੁਝ ਵੀ ਰਿਹਾ ਹੋਵੇ, ਵਿਰਾਸਤ ਕੁਝ ਵੀ ਹੋਵੇ ਪਰ ਹੁਣ ਇਹ ਜਾਂ ਤਾਂ ਬਾਦਲਾਂ ਦਾ ਪੰਜਾਬ ਲਗਦੈ, ਤੇ ਜਾਂ ਫਿਰ ਭੱਠਲ ਤੇ ਅਮਰਿੰਦਰ ਦਾ।

ਖੈਰ! ਰਾਜਨੀਤੀ ਨਾਲ ਮੇਰਾ ਭਾਵੇਂ ਲਾਗਾ-ਦੇਗਾ ਨਹੀਂ ਰਿਹਾ ਪਰ ਬਹੁਤ ਸਾਰੇ ਰਾਜਨੀਤਕ ਲੋਕਾਂ ਨੂੰ ਮੈਂ ਨੇੜੇ ਤੋਂ ਨਹੀਂ, ਤੇੜੇ ਤੋਂ ਵੀ ਜਾਣਦਾ ਹਾਂ। ਜਿਹੜੇ ਕੱਲ੍ਹ ਮੱਝਾਂ-ਗਾਵਾਂ ਵੇਚਦੇ ਸੀ, ਕੱਲ੍ਹ ਏਜੰਟਾਂ ਨਾਲ ਧੱਕੇ ਖਾ ਕੇ ਇਟਲੀ ਦੇ ਸੂਰ ਫਾਰਮਾਂ 'ਚ ਕੰਮ ਕਰਦੇ ਸੀ; ਅੱਜ ਮੰਤਰੀ-ਵਿਧਾਇਕ ਬਣ ਕੇ ਮੌਜਾਂ ਲੁੱਟ ਰਹੇ ਹਨ। ਇਹ ਸਾਰਾ ਕੁਝ ਤਾਂ ਚੱਲ ਰਿਹਾ ਹੈ, ਕਿਉਂਕਿ ਰਾਜਨੀਤੀ 'ਚ ਯੋਗਤਾ ਦੀ ਕੋਈ ਥਾਂ ਹੀ ਨਹੀਂ। ਇਹਦੇ 'ਚ ਪ੍ਰਵੇਸ਼ ਕਰਨ ਲਈ ਕਿਸੇ ਮੰਤਰੀ-ਸੰਤਰੀ ਦਾ ਰਿਸ਼ਤੇਦਾਰ ਹੋਣਾ ਲਾਜ਼ਮੀ ਹੋ ਗਿਆ ਹੈ। ਪੁੱਤ-ਭਤੀਜਿਆਂ ਲਈ ਸੀਟਾਂ ਰਾਖਵੀਆਂ ਹਨ।



ਫਾਜ਼ਿਲਕਾ ਨੇੜੇ ਲੇਖਕ ਨਾਲ ਭਗਵੰਤ ਮਾਨ ਤੇਜਾ ਰੁਹੇਲਾ ਪਿੰਡ ਵਿਚ ਕੈਂਸਰ ਨਾਲ ਭਿੜ ਰਹੇ ਲੋਕਾਂ ਦੀ ਗੱਲ ਸੁਣਦਿਆਂ

ਕਈ ਸਾਲ ਹੋਏ ਮੈਂ ਲੰਡਨ ਵਿਚ ਸਾਂ। ਗਰਮੀ ਨਾਲ ਪੰਜਾਬ 'ਚ ਅੱਗ ਲੱਗੀ ਹੋਈ ਸੀ ਤੇ ਬਿਜਲੀ ਬੱਸ ਕੁਝ ਘੰਟਿਆਂ ਲਈ ਆਉਂਦੀ।

ਮੈਨੂੰ ਇਕ ਮਿੱਤਰ ਨੇ ਫੋਨ ਕੀਤਾ ਕਿ ਹਕੂਮਤ ਕਰ ਰਹੀ ਪਾਰਟੀ ਦਾ ਅਹਿਮ ਹਿੱਸਾ ਤੇ ਸਿਆਸਤਦਾਨ ਆਏ ਹਨ, ਤੁਹਾਨੂੰ ਮਿਲਾਉਂਦੇ ਹਾਂ। ਮੇਰੇ ਮਨ 'ਚ ਇਸ ਬਜ਼ੁਰਗ ਲਈ ਸਤਿਕਾਰ ਸੀ ਪਰ ਉਨ੍ਹਾਂ ਨੇ ਇਕ ਸੱਚ ਮੈਨੂੰ ਵਿਖਾਉਣਾ ਸੀ। ਜਿਸ ਗੱਡੀ ਵਿਚ ਮੈਂ ਉਨ੍ਹਾਂ ਨਾਲ ਬੈਠਿਆ, ਉਹਦੇ ਵਿਚ ਇਕ ਬੁੱਢੀ ਗੋਰੀ ਸੀ। ਜਦੋਂ ਅਸੀਂ ਧੁਰ ਪਹੁੰਚੇ ਤਾਂ ਪੰਜਾਬੋਂ ਆਇਆ ਇਹ ਮਹਾਂਪੁਰਸ਼ ਗਲਾਸ ਲਾ ਰਿਹਾ ਸੀ ਤੇ ਜਿਵੇਂ ਮੋਟਾ ਬੰਦਾ ਬਾਅਦ 'ਚ ਅਤੇ ਉਹਦਾ ਢਿੱਡ ਪਹਿਲਾਂ ਅੰਦਰ ਦਾਖਲ ਹੋ ਜਾਂਦਾ ਹੈ; ਇਵੇਂ ਅਸੀਂ ਬਾਹਰ ਰਹਿ ਗਏ, ਗੋਰੀ ਅੰਦਰ ਚਲੇ ਗਈ। ਬਾਹਰ ਘੰਟਾ ਬੈਠਾ ਰਿਹਾ। ਮੈਂ ਕਈ ਵਾਰ ਕਿਹਾ, 'ਮਿਲਾਓ ਸਾਹਿਬ ਨੂੰ' ਤਾਂ ਉਹ ਕਹਿਣ ਇਹੀ ਤਾਂ ਤੈਨੂੰ ਦਿਖਾਉਣ ਲਈ ਲਿਆਏ ਸਾਂ। ਸਾਹਿਬ ਗੋਰੀ ਨਾਲ ਮੁਲਾਕਾਤ ਤੋਂ ਵਿਹਲੇ ਹੋਣਗੇ ਤਾਂ ਹੀ ਨਾ। ਮੈਂ 'ਥੂ' ਕਹਿ ਕੇ ਚਲੇ ਗਿਆ।

## ਅਗਨਬਾਣ

ਇਵੇਂ ਦੂਜੀ ਪਾਰੀ ਵਾਲਿਆਂ ਦੀ ਗੱਲ ਦੱਸਦਾਂ ਕਿ ਮੈਨੂੰ ਸਕੂਲੇ ਪੁਲਿਸ ਰਾਹੀਂ ਵਾਇਰਲੈਸ ਸੰਦੇਸ਼ ਮਿਲਿਆ ਕਿ ਫਲਾਣੇ ਮੰਤਰੀ ਸਾਹਿਬ ਨੇ ਤੁਹਾਨੂੰ ਸਵੇਰੇ ਆਪਣੀ ਰਿਹਾਇਸ਼ 'ਤੇ ਬੁਲਾਇਆ ਹੈ। ਜਾ ਪਹੁੰਚਿਆ। ਮਾਰਚ ਦੀ ਇਕੀ ਤਾਰੀਖ। ਕਹਾਣੀ ਕੀ ਸੀ ਕਿ ਸੱਤਰ ਲੱਖ ਰੁਪਿਆ ਮਹਿਕਮੇ ਦਾ ਖਰਚਿਆ ਨਹੀਂ ਗਿਆ ਸੀ, ਇਕੱਤੀ ਨੂੰ ਪੈਸਾ ਲੈਪਸ ਹੋ ਜਾਣਾ ਸੀ। ਫਰਮਾਨ ਹੋਇਆ ਕਿ ਤੂੰ ਮੇਲੇ-ਮੂਲੇ ਲਾਉਨੈ, ਜਾਅਲੀ ਬਿੱਲ ਬਣਾ, ਲਾ ਬਿਲੇ ਇਨ੍ਹਾਂ ਨੂੰ। ਦਸ ਤੇਰਾ ਤੇ ਸੱਠ ਮੇਰਾ। ਮੈਂ ਕਿਹਾ ਕਿ ਨਾ ਮੈਂ ਕਿਸੇ ਦੇ ਥੱਪੜ ਮਾਰਿਆ, ਨਾ ਖਾਧਾ ਤੇ ਵਿਜੀਲੈਂਸ ਤੋਂ ਕੁੱਟ ਨੀਂ ਖਾ ਹੋਣੀ, ਕਿਉਂਕਿ ਤੁਹਾਡੀ ਟਰਮ ਹੁਣ ਪੂਰੀ ਹੋਣ ਵਾਲੀ ਹੈ। ਮੇਰੀ ਨਾਂਹ ਤੋਂ ਪਿੱਛੋਂ ਉਹ ਸਾਹਿਬ ਪੈਸਾ ਪੰਜ ਕੁ ਲੱਖ ਦੇ ਕੇ ਹੀ ਡਕਾਰ ਗਏ ਸਨ।

ਮੇਰਾ ਇਕ ਮਿੱਤਰ ਤਹਿਸੀਲਦਾਰ ਇਕ ਖਾਸ ਥਾਂ 'ਤੇ ਪੰਜ ਸਾਲ ਰਿਹਾ। ਉਹਨੂੰ ਮੈਂ ਸਹਿਜ-ਸੁਭਾਅ ਪੁੱਛਿਆ ਕਿ ਏਨੇ ਕੀਮਤੀ ਥਾਂ ਲਗਾਤਾਰ ਕਿਵੇਂ? ਜੁਆਬ ਸੀ-ਦਸ ਕਰੋੜ 'ਚ ਪੰਜ ਸਾਲ। ਫਿਰ ਪਤਾ ਲੱਗਾ ਕਿ ਇਹ ਦਸ ਕਰੋੜ ਉਪਰ ਹੀ ਦੇਣੇ ਪੈਂਦੇ ਹਨ। ਪੂਰੇ ਕਰਨ ਦਾ ਢੰਗ ਵੇਖੋ। ਇਸ ਜਗ੍ਹਾ 'ਤੇ ਦਸ ਤੋਂ ਪੰਦਰਾਂ ਰਜਿਸਟਰੀਆਂ ਰੋਜ਼ਾਨਾ ਹੁੰਦੀਆਂ ਹਨ, ਤੇ ਪੰਜ ਤੋਂ ਦਸ ਹਜ਼ਾਰ ਹਰ ਇਕ ਪਿੱਛੇ ਲੈਣਾ ਜਾਇਜ਼ ਹੈ। ਪੰਜ ਦਿਨਾਂ ਦੇ ਹਿਸਾਬ ਨਾਲ ਬਵੰਜਾ ਹਫਤਿਆਂ ਦਾ ਹਿਸਾਬ ਆਪੇ ਹੀ ਕਰ ਲਿਓ।

ਸੁਣਦੇ ਤਾਂ ਇਹ ਆਏ ਹਾਂ ਕਿ ਰੇਤ ਦੇ

(ਬਾਕੀ ਅਗਲੇ ਸਫੇ 'ਤੇ)

# ਪੁਸਤਕ 'ਗੱਲੀਂ ਬਾਤੀਂ' ਦੀ ਗੱਲ ਕਰਦਿਆਂ


**ਪੁਸਤਕ ਚਰਚਾ**

**ਪ੍ਰਿੰ. ਸਰਵਣ ਸਿੰਘ**

ਅਸ਼ੋਕ ਭੌਰੇ ਦੀ ਲਿਖੀ 'ਗੱਲੀਂ ਬਾਤੀਂ' ਸਾਧਾਰਨ ਪੁਸਤਕ ਨਹੀਂ। ਇਹ ਇਕ ਪੰਜਾਬੀ ਲੇਖਕ ਦਾ ਸਿਰਜਿਆ ਜ਼ਿੰਦਗੀ ਦੇ ਸਾਂਝੇ ਰੰਗਮੰਚ ਦਾ ਮਾਡਰਨ ਗ੍ਰੰਥ ਹੈ। ਜਿੱਦਣ ਦਾ ਮੇਰੇ ਹੱਥ ਆਇਐ ਮੈਂ ਇਹਨੂੰ ਆਪਣੇ ਸਿਰ੍ਹਾਣੇ ਰੱਖਿਆ ਹੋਇਐ। ਜਦੋਂ ਜਾਗ ਆਉਂਦੀ ਹੈ ਕੋਈ ਪੈਰਾ ਜਾਂ ਕੋਈ ਕਾਂਡ ਪੜ੍ਹਨ ਬੈਠ ਜਾਨਾਂ। ਮੈਨੂੰ ਕੁਝ ਨਾ ਕੁਝ ਨਵਾਂ ਸੁੱਝ ਜਾਂਦੈ ਜੋ ਮੇਰੇ ਲਿਖਣ ਦੇ ਕੰਮ ਆਉਂਦੈ। ਇਹਦੇ 'ਚ ਬੇਅੰਤ ਮਸਾਲਾ ਭਰਿਆ ਪਿਐ। ਇਸ ਵਿਚ ਨਿਬੰਧ, ਕਥਾ ਕਹਾਣੀ, ਰੇਖਾ ਚਿੱਤਰ, ਸਫ਼ਰਨਾਮਾ, ਜੀਵਨੀ, ਗੀਤਕਾਰੀ ਤੇ ਅਟੱਲ ਕਥਨਾਂ ਦੇ ਸਾਰੇ ਅੰਸ਼ ਮੌਜੂਦ ਨੇ। ਸਮਝੋ ਕੁੱਜੇ ਵਿਚ ਸਮੁੰਦਰ ਐ।

ਪਹਿਲਾਂ ਮੈਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਵਾਰਤਕ ਦਾ ਕਾਇਲ ਸਾਂ। ਫਿਰ ਬਲਵੰਤ ਗਾਰਗੀ ਦੀ 'ਸੁਰਮੇ ਵਾਲੀ ਅੱਖ' ਨੇ ਪੱਟਿਆ ਤੇ ਮੈਂ ਖਿਡਾਰੀਆਂ ਬਾਰੇ ਲਿਖਣ ਲੱਗ ਪਿਆ। ਪਿੱਛੋਂ ਨਰਿੰਦਰਪਾਲ ਸਿੰਘ ਕਪੂਰ ਦੀ ਵਾਰਤਕ ਦਾ ਨਖਰਾ ਮਾਰ ਗਿਆ। ਉਹਦੇ ਅਨੇਕਾਂ ਫਿਕਰੇ ਸਦੀਵੀ ਸਚਾਈਆਂ ਬਣ ਗਏ। ਹੁਣ ਅਸ਼ੋਕ ਭੌਰੇ ਬਾਰੇ ਕੀ ਕਹੀਏ? ਇਹ ਤਾਂ ਕਬੱਡੀ ਦੇ ਜਾਫੀ ਵਾਂਗ ਲੱਕੋਂ ਈ ਪੈ ਗਿਆ ਹੈ ਤੇ 'ਗੱਲੀਂ ਬਾਤੀਂ' ਦਿਲ 'ਚ ਲਹਿ ਗਿਆ ਹੈ। ਬਲਿਹਾਰੇ ਹਾਂ ਇਹਦੀ ਵਾਰਤਕ ਸ਼ੈਲੀ ਦੇ! ਇਸ ਪੁਸਤਕ ਦੇ ਪ੍ਰਕਾਸ਼ਨ ਨਾਲ ਪੰਜਾਬੀ ਵਾਰਤਕ ਹੋਰ ਕਿਸੇ ਵੀ ਬੋਲੀ ਦੀ ਵਾਰਤਕ ਨੂੰ ਚੈਲੰਜ ਕਰ ਸਕਦੀ ਹੈ ਕਿ ਕਰ ਲਓ ਮੁਕਾਬਲਾ ਮੇਰੇ ਨਾਲ। ਭੌਰਾ ਸਾਡੇ ਵਾਰਤਾਕਾਰਾਂ ਦੀ ਟੀਮ ਦਾ ਐਸਾ ਖਿਡਾਰੀ ਹੈ ਜੀਹਨੇ ਖੁੱਭੀਆਂ ਕੱਢ ਦਿੱਤੀਐਂ! ਇਹਦੀ ਵਾਰਤਕ ਪਾਠਕ ਨੂੰ ਚਾਰ ਚੁਫੇਰਿਓਂ ਘੇਰਦੀ ਹੈ ਤੇ ਬੰਨ੍ਹ ਕੇ ਬਿਠਾਈ ਰੱਖਦੀ ਹੈ।

ਅਸ਼ੋਕ ਭੌਰਾ ਸਾਡੇ ਮਗਰੋਂ ਲਿਖਣ ਲੱਗਾ ਪਰ ਸਾਡੇ ਤੋਂ ਅੱਗੇ ਲੰਘ ਗਿਐ। ਉਸ ਨੂੰ ਬਿਨਾ ਸ਼ੱਕ ਪੰਜਾਬੀ ਵਾਰਤਕ ਦਾ ਅਫ਼ਲਾਤੂਨ ਕਿਹਾ ਜਾ ਸਕਦੈ। ਉਹ ਪੈਂਤੀ ਸਾਲਾਂ ਤੋਂ ਅਖ਼ਬਾਰਾਂ ਤੇ ਰਸਾਲਿਆਂ ਵਿਚ ਲਿਖਦਾ ਆ ਰਿਹੈ। ਉਸ ਦੀਆਂ ਕੁਝ ਕਿਤਾਬਾਂ ਤੇ ਸੈਂਕੜੇ ਆਰਟੀਕਲ ਛਪ ਚੁੱਕੇ ਨੇ। ਪਿਛਲੇ ਤਿੰਨ ਸਾਲਾਂ ਤੋਂ ਅਮਰੀਕਾ ਵਿਚ ਤਿੰਨ ਥਾਂਈਂ ਛਪਦੇ 'ਪੰਜਾਬ ਟਾਈਮਜ਼' ਵਿਚ ਅਤੇ ਉਸ ਤੋਂ ਬਾਅਦ ਕਈ ਵੈਬਸਾਈਟਾਂ ਉਤੇ ਛਪਦਾ ਉਹਦਾ ਕਾਲਮ 'ਗੱਲੀਂ ਬਾਤੀਂ' ਹਜ਼ਾਰਾਂ ਪਾਠਕਾਂ ਵੱਲੋਂ ਸਲਾਹਿਆ ਜਾ ਰਿਹੈ। ਇਸ ਕਾਲਮ ਦੇ ਨਾਂ ਉਤੇ ਹੀ ਉਸ ਨੇ ਆਪਣੀ ਵੱਡਅਕਾਰੀ ਪੁਸਤਕ ਦਾ ਨਾਂ ਰੱਖਿਆ ਹੈ। ਰੰਗੀਨ ਚਿੱਤਰਾਂ ਤੇ ਨਰੋਈ ਨਸਵਾਰੀ ਜਿਲਦ ਵਾਲੀ ਇਸ ਕਿਤਾਬ ਦੇ 520 ਪੰਨੇ ਹਨ ਜਿਸ ਦੀ ਕੀਮਤ ਦੇਸ਼ ਵਿਚ 990 ਰੁਪਏ ਤੇ ਵਿਦੇਸ਼ਾਂ ਵਿਚ 50 ਡਾਲਰ ਹੈ।



*ਸੰਤੋਖ ਸਿੰਘ ਮੰਡੇਰ, ਅਸ਼ੋਕ ਭੌਰਾ, ਪ੍ਰਿੰ. ਸਰਵਣ ਸਿੰਘ ਅਤੇ ਗਾਇਕ ਸੁਖਵਿੰਦਰ ਪੰਛੀ*

ਕਿਤਾਬ ਦਾ ਵੱਡਾ ਆਕਾਰ ਅੰਗਰੇਜ਼ੀ ਦੀਆਂ ਪੁਸਤਕਾਂ ਵੱਲ ਵੇਖ ਕੇ ਰੱਖਿਆ ਗਿਐ। ਸੰਭਵ ਹੈ, ਇਹ ਪੁਸਤਕ ਕਿਸੇ ਦਿਨ ਅੰਗਰੇਜ਼ੀ ਵਿਚ ਵੀ ਛਪੇ। ਇਹਦੇ 'ਚ ਸੌ ਕੁ ਆਰਟੀਕਲ ਪਰੋਏ ਹਨ। ਪੁਸਤਕ ਦਾ ਟਾਈਟਲ ਆਰਟਿਸਟ ਸੁਖਵੰਤ ਤੇ ਆਰਟੀਕਲਾਂ ਨਾਲ ਸਬੰਧਤ ਚਿੱਤਰ ਪੰਜਾਬੀ ਟ੍ਰਿਬਿਊਨ ਵਾਲੇ ਪ੍ਰਕਾਸ਼ ਨੇ ਉਲੀਕੇ ਹਨ। ਦੇਵ ਥਰੀਕਿਆਂ ਵਾਲੇ ਦੇ ਬੋਲ ਸਰਵਰਕ ਉਤੇ ਅਤੇ ਸ਼ਮਸ਼ੇਰ ਸੰਧੂ ਤੇ ਗੁਰਭਜਨ ਗਿੱਲ ਦੇ ਸ਼ਬਦ ਮੁਖ ਬੰਦ ਵਜੋਂ ਛਪੇ ਹਨ। ਸ਼ਮਸ਼ੇਰ ਨੇ ਇਸ ਪੁਸਤਕ ਨੂੰ 'ਕਮਾਲ ਦੀ ਕਿਤਾਬ ਸਾਡੇ ਯਾਰ ਦੀ' ਤੇ ਗੁਰਭਜਨ ਨੇ 'ਇਸ ਲਿਖਤ ਨੂੰ ਪੜ੍ਹਨ, ਸਮਝਣ ਅਤੇ ਭਵਿੱਖ ਨੂੰ ਸ਼ਿੰਗਾਰਨ ਲਈ ਵਕਤ ਦੇ ਦਸਤਾਵੇਜ਼ ਵਜੋਂ ਸੰਭਾਲਣ ਲਈ' ਕਿਹਾ ਹੈ।

ਪੁਸਤਕ ਵਿਚਲੇ ਉਹਦੇ ਆਰਟੀਕਲਾਂ ਦੇ ਸਿਰਲੇਖ ਬਦੋਬਦੀ ਧਿਆਨ ਖਿੱਚਦੇ ਹਨ-ਜਿੰਦ ਮਾਹੀ ਜੇ ਚੱਲਿਓਂ ਲੁਧਿਆਣੇ, ਬਾਜ਼ੀ ਲੈ ਗਏ ਕੁੱਤੇ, ਮੌਤ-ਮੌਤ ਨਾ ਕਰਿਆ ਕਰ ਨੀ, ਜਦ ਪਹਿਲੀ ਲਾਂਵ ਪੜ੍ਹੀ, ਪੂਰਨਾ ਅੱਖੀਆਂ ਚ ਰੱਬ ਵੱਸਦਾ ਕੋਈ ਦੂਰ ਨਾ, ਨਾ ਮਾਰ ਜ਼ਾਲਮਾ ਵੇ, ਚੁੰਘੀ ਬੱਕਰੀ ਬਣਾ 'ਤਾ ਡਾਕਾ ਅਤੇ ਮੱਛਰਦਾਨੀ ਲੈ ਦੇ ਵੇ ਮੱਛਰ ਨੇ ਖਾ ਲੀ ਤੋੜ ਕੇ ਭਲਾ ਕੌਣ ਨਹੀਂ ਪੜ੍ਹੇਗਾ। ਭੌਰੇ ਨੇ ਇਸ ਪੁਸਤਕ ਵਿਚ ਸੱਥਾਂ, ਬੋਹੜਾਂ ਤੇ ਬਾਬਿਆਂ ਦੀ ਰੌਣਕ ਤੋਂ ਲੈ ਕੇ ਮਾਈਕਲ ਜੈਕਸਨ ਤੇ ਮੈਡੋਨਾ ਤਕ ਦੀਆਂ ਗੱਲਾਂ ਕੀਤੀਆਂ ਹਨ। ਮਾਂਵਾਂ-ਧੀਆਂ ਤੇ ਭੈਣਾਂ-ਭਰਜਾਈਆਂ ਦੇ ਦੁੱਖ-ਸੁੱਖ ਦੀਆਂ ਗੱਲਾਂ ਕਰਦਿਆਂ ਪਰਦੇਸੀਆਂ ਨਾਲ ਨਿਹੁੰ ਨਾ ਲਾਉਣ ਦੀਆਂ ਪੁਕਾਰਾਂ ਪਾਈਆਂ ਹਨ। ਜ਼ਹਿਰੀਲੇ ਵਾਤਾਵਰਣ ਤੇ ਪ੍ਰਮਾਣੂ ਹਥਿਆਰਾਂ ਤੋਂ ਰੰਗਲੀ ਦੁਨੀਆਂ ਨੂੰ ਸਾਵਧਾਨ ਕੀਤਾ ਹੈ। ਉਹਦੇ ਲੇਖਾਂ ਵਿਚ ਸੇਧਾਂ ਵੀ ਹਨ, ਸਾਵਧਾਨੀਆਂ ਵੀ ਤੇ ਪੰਜਾਬੀ ਸਭਿਆਚਾਰ ਦੀਆਂ ਅਨੇਕਾਂ ਤੈਹਾਂ ਦਾ ਲੁਕਾ-ਛੁਪਾ ਵੀ ਖੋਲ੍ਹਿਆ ਪਿਆ ਹੈ।

ਇਹ ਪੁਸਤਕ ਪੜ੍ਹਦਿਆਂ ਇੰਜ ਲੱਗਦੈ ਜਿਵੇਂ ਅਸ਼ੋਕ ਭੌਰਾ ਜਿੰਨਾ ਧਰਤੀ ਤੋਂ ਉਪਰ ਹੈ, ਧਰਤੀ ਹੇਠ ਉਸ ਤੋਂ ਕਿਤੇ ਵੱਧ ਹੋਵੇ। ਪਤੰਦਰ ਨੂੰ ਗੱਲਾਂ ਪਤਾ ਨਹੀਂ ਕਿਥੋਂ ਅਹੁੜਦੀਐਂ? ਹਰ ਕਾਂਡ ਦੇ ਮੂਹਰੇ ਐਸਾ ਮੁਖਬੰਦ ਲਿਖਦੈ ਕਿ ਪਾਠਕ ਉਸ ਨੂੰ ਪੜ੍ਹਨ ਲਈ ਮੱਲੋਮੱਲੀ ਪ੍ਰੇਰਿਆ ਜਾਂਦੈ। ਮਿਸਾਲ ਵੇਖੋ, "ਜੇ ਦੇਸ਼ ਦਾ ਪ੍ਰਧਾਨ ਮੰਤਰੀ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਉਲਝ ਸਕਦੈ, ਜੇ ਪਿਓ ਧੀ ਨਾਲ ਬਲਾਤਕਾਰ ਕਰ ਸਕਦੈ, ਜੇ ਪੁੱਤ ਜਾਇਦਾਦ ਦੇ ਲਾਲਚ ਵਿਚ ਮਾਂ ਦੀ ਧੌਣ ਵੱਢ ਸਕਦੈ, ਭਗਵੇਂ ਕਪੜੇ ਪਾ ਕੇ ਸਾਧ ਚੇਲੀਆਂ ਨਾਲ ਰੰਗਰਲੀਆਂ ਮਨਾ ਸਕਦੈ, ਮਰਦ ਆਪਣੀ ਬੀਵੀ ਦੋਸਤਾਂ ਨੂੰ ਖ਼ੁਸ਼ ਕਰਨ ਲਈ ਪੇਸ਼ ਕਰ ਸਕਦੈ, ਔਰਤ ਔਰਤ ਨਾਲ ਤੇ ਮਰਦ ਮਰਦ ਨਾਲ ਵਿਆਹ ਕਰਵਾ ਸਕਦੈ, ਦਸ ਸਾਲ ਦੀ ਬੱਚੀ ਦੇ ਬੱਚਾ ਹੋ ਸਕਦੈ ਤੇ ਅੱਸੀ ਸਾਲ ਦਾ ਬੁੱਢਾ ਪੰਜਾਹਵਾਂ ਵਿਆਹ ਕਰਵਾ ਸਕਦੈ ਤਾਂ ਸੱਚ ਮੰਨਿਓਂ ਇਓਂ ਵੀ ਹੋ ਸਕਦੈ।"

ਫਿਰ ਇਓਂ ਵੀ ਹੋ ਸਕਦਾ ਵਾਲੀ ਗੱਲ ਭਲਾ ਕੌਣ ਨਹੀਂ ਪੜ੍ਹੇ ਸੁਣੇਗਾ? ਭੌਰਾ ਜੀਵਨ ਦੀਆਂ ਘਟਨਾਵਾਂ ਨੂੰ ਆਰਟੀਕਲ ਦੇ ਪਲਾਟ ਵਿਚ ਗੁੰਦ ਕੇ ਕਮਾਲ ਦੀ ਕਲਾ ਕੌਸ਼ਲਤਾ ਨਾਲ ਪੇਸ਼ ਕਰਦਾ ਹੈ। ਉਹਦੀ ਲਿਖਤ ਵਿਚ ਬਹੁਪੱਖੀ ਜਾਣਕਾਰੀ ਹੈ, ਰੌਚਿਕਤਾ ਹੈ, ਉਤਸੁਕਤਾ ਤੇ ਚਕਾਚੌਂਧ ਹੈ। ਮੁਹਾਵਰੇ ਹਨ, ਕਹਾਵਤਾਂ ਹਨ, ਕਾਵਿ-ਸਤਰਾਂ ਤੇ ਗੀਤਾਂ ਦੇ ਬੋਲ ਹਨ। ਉਸ ਨੇ ਅਲੰਕਾਰ ਵੀ ਵਰਤੇ ਹਨ ਤੇ ਰੰਗਾਂ-ਰਸਾਂ ਨਾਲ ਆਪਣੀ ਵਾਰਤਾ ਰੰਗੀਲੀ ਤੇ ਰਸੀਲੀ ਬਣਾਈ ਹੈ। ਪੰਜੇ ਇੰਦਰੀਆਂ ਦੇ ਰਸ ਨਾਲ ਇਹ ਪੁਸਤਕ ਮਾਲਾਮਾਲ ਹੈ।

ਕੁਝ ਲਿਖਣ ਲਈ ਅੱਜ ਮੈਂ ਵਾਕ ਲਿਆ ਤਾਂ 'ਬਾਜ਼ੀ ਲੈ ਗਏ ਕੁੱਤੇ' ਵਾਲਾ ਪੰਨਾ ਖੁੱਲ੍ਹਿਆ। ਲਿਖਿਆ ਸੀ-ਮਨ ਖ਼ੁਸ਼ ਉਦੋਂ ਨਹੀਂ ਹੁੰਦਾ ਜਦੋਂ ਕੋਈ ਸਮੱਸਿਆ ਨਾ ਹੋਵੇ, ਸਗੋਂ ਮਨ ਪ੍ਰਸੰਨ ਉਦੋਂ ਹੁੰਦਾ ਹੈ ਜਦੋਂ ਸਮੱਸਿਆ ਹੱਲ ਕਰ ਲਈ ਗਈ ਹੋਵੇ। ਜਾਨਵਰ ਹੱਸ ਭਾਵੇਂ ਨਹੀਂ ਸਕਦੇ ਪਰ ਉਹ ਚਿੰਤਾ-ਮੁਕਤ ਇਸ ਕਰਕੇ ਹੁੰਦੇ ਹਨ ਕਿ ਉਨ੍ਹਾਂ ਨੇ ਕੋਈ ਵਧੀਕੀ ਜਾਂ ਜ਼ਿਆਦਤੀ ਨਹੀਂ ਕੀਤੀ ਹੁੰਦੀ। ਸਾਰੀ ਰਾਤ ਜਾਗ ਕੇ, ਚੌਕੀਦਾਰੀ ਕਰ ਕੇ ਦਿਨ ਚੜ੍ਹਦੇ ਨੂੰ ਜਦੋਂ ਕੁੱਤਾ ਘੂਕ ਸੌਂਦਾ ਹੈ ਤਾਂ ਉਹ ਬੇਫ਼ਿਕਰ ਇਸ ਕਰਕੇ ਹੁੰਦਾ ਹੈ ਕਿ ਉਸ ਨੇ ਆਪਣਾ ਕੰਮ ਵਫ਼ਾਦਾਰੀ ਨਾਲ ਮੁਕਾਇਆ ਹੈ।

ਇਸ ਵਾਕ ਨੇ ਮੈਨੂੰ ਪੂਰਾ ਕਾਂਡ ਪੜ੍ਹਨ ਲਈ ਬਹਾਲ ਲਿਆ। ਮੇਰੇ ਅੱਗੇ ਕੁੱਤਿਆਂ ਦੀ ਦੁਨੀਆਂ ਸਾਕਾਰ ਹੋਣ ਲੱਗੀ। ਨੋਬਲ ਪੁਰਸਕਾਰ ਸ਼ੁਰੂ ਕਰਨ ਵਾਲੇ ਐਲਫਰੇਡ ਨੋਬੈਲ ਦੀ ਗੱਲ ਕਰ ਕੇ ਉਸ ਨੇ ਰਿੱਛ ਵਰਗੇ ਕੁੱਤਿਆਂ ਤੋਂ ਲੈ ਕੇ ਚੂਹੇ ਜਿੱਡੇ ਕੁੱਤਿਆਂ ਦੀ ਕਥਾ ਸ਼ੁਰੂ ਕਰ ਦਿੱਤੀ ਜੋ ਹੱਥ ਦੀ ਤਲੀ 'ਤੇ ਟਿਕਾਏ ਜਾ ਸਕਦੇ ਹਨ। ਕੁੱਤਿਆਂ ਨਾਲ ਜੁੜੇ ਮੁਹਾਵਰੇ: ਸਾਲਾ ਕੁੱਤੇ ਵਾਂਗ ਭੌਂਕਦੈ, ਕੁੱਤੇ ਦਾ ਵੱਢਿਆ ਹੋਇਐ, ਬੰਦਾ ਬੜਾ ਕੁੱਤਾ, ਕੁੱਤੇ ਵਾਂਗ ਪੂਛ ਚੁੱਕੀ ਫਿਰਦਾ, ਕੁੱਤੇ ਦਾ ਪੁੱਤ, ਕੁੱਤੇ ਵਾਂਗ ਜੀਭ ਲਮਕਦੀ, ਗਿਣਾ ਕੇ ਬੂਟਾ ਸਿੰਘ ਸ਼ਾਦ ਦੇ ਨਾਵਲ 'ਕੁੱਤਿਆਂ ਵਾਲੇ ਸਰਦਾਰ' 'ਤੇ ਪਹੁੰਚ ਗਿਆ। ਕੁੱਤਿਆਂ ਦੀ ਵਫਾਦਾਰੀ, ਕੁੱਤਿਆਂ ਦੀਆਂ ਕਿਸਮਾਂ, ਖਾਧ-ਖੁਰਾਕ, ਪਾਲਣ-ਪੋਸਣ, ਸਹਿਣਸ਼ੀਲਤਾ ਤੇ ਵੱਢ ਖਾਣ ਦੀਆਂ ਗੱਲਾਂ ਕਰਦਿਆਂ ਉਨ੍ਹਾਂ ਦੀ ਸੁੰਘਣ ਸ਼ਕਤੀ ਇੰਜ ਬਿਆਨ ਕੀਤੀ, "ਕੁੱਤੇ ਨੂੰ ਅੱਖ ਨਾਲੋਂ ਨੱਕ ਉਤੇ ਵਧੇਰੇ ਵਿਸ਼ਵਾਸ ਹੈ ਕਿਉਂਕਿ ਉਹਦੇ ਕੋਲ ਸੁੰਘਣ ਦੀ ਸ਼ਕਤੀ ਵਧੇਰੇ ਹੁੰਦੀ ਹੈ। ਤੁਸੀਂ ਕੁੱਤੇ ਦੇ ਸਾਹਮਣੇ ਸ਼ੀਸ਼ਾ ਰੱਖੋ ਤਾਂ ਉਹ ਆਪਣੀ ਸ਼ਕਲ ਵੇਖ ਕੇ ਭੌਂਕੇਗਾ ਨਹੀਂ। ਉਹਨੂੰ ਅੱਖਾਂ ਇਹ ਦੱਸਦੀਆਂ ਹਨ ਕਿ ਸਾਹਮਣੇ ਕੋਈ ਕੁੱਤਾ ਹੈ ਪਰ ਨੱਕ ਦੱਸੇਗਾ ਕਿ ਇਹ ਕੋਈ ਧੋਖਾ ਹੈ। ਤੁਸੀਂ ਆਪਣਾ ਚਿਹਰਾ ਬਦਲ ਕੇ ਆਪਣੇ ਕੁੱਤੇ ਕੋਲ ਜਾਓ ਉਹ ਆਪਣੀ ਸੁੰਘਣ ਸ਼ਕਤੀ ਨਾਲ ਝੱਟ ਪਹਿਚਾਣ ਲਵੇਗਾ। ਬਿੱਲੀ ਨੂੰ ਮਨੁੱਖ ਨਾਲ ਨਹੀਂ ਉਸ ਥਾਂ ਨਾਲ ਪਿਆਰ ਹੁੰਦਾ ਹੈ ਜਿਥੇ ਉਹ ਰਹਿੰਦੀ ਹੈ ਤੇ ਉਸ ਦੀ ਚੋਰੀ ਦੀ ਆਦਤ ਕਦੇ ਨਹੀਂ ਜਾਂਦੀ। ਇਸ ਦੇ ਉਲਟ ਕੁੱਤੇ ਦਾ ਸਥਾਨ ਨਾਲ ਨਹੀਂ ਇਨਸਾਨ ਨਾਲ ਪਿਆਰ ਹੁੰਦਾ ਹੈ...।"

ਭੌਰਾ ਗੰਭੀਰ ਗੱਲਾਂ ਕਰਦਾ ਹਾਸ ਵਿਅੰਗ ਕਰਨੋਂ ਵੀ ਨਹੀਂ ਟਲਦਾ, "ਅਵਾਰਾ ਕੁੱਤਿਆਂ ਦਾ ਸੁਭਾਅ ਭੇਡਾਂ ਵਰਗਾ ਹੀ ਹੁੰਦਾ ਹੈ। ਜਿਧਰ ਨੂੰ ਇਕ ਤੁਰਦਾ ਹੈ, ਸਾਰੇ ਉਸੇ ਮਗਰ ਹੋ ਤੁਰਦੇ ਹਨ। ਇਸ ਸੰਦਰਭ ਵਿਚ ਮਜ਼ਾਕੀਆ ਲਹਿਜੇ 'ਚ ਕਿਹਾ ਜਾਂਦੈ: ਇਕ ਕੁੱਤਾ ਤੁਰਿਆ ਜਾ ਰਿਹਾ ਸੀ, ਰਾਹ 'ਚ ਇਕ ਹੋਰ ਕੁੱਤਾ ਟੱਕਰ ਗਿਆ। ਕਹਿਣ ਲੱਗਾ, ਕਿਧਰ ਮਹਾਰਾਜ? ਪੁੱਛ ਨਾ, ਆ ਜਾ ਮਗਰੇ। ਰਸਤੇ ਵਿਚ ਦੋ ਹੋਰ, ਚਾਰ ਹੋਰ ਕੁੱਤੇ ਰਲਦੇ ਗਏ ਤੇ ਲੰਮੀ ਲਾਈਨ ਬਣ ਗਈ। ਸਭ ਤੋਂ ਮਗਰ ਰਲਣ ਵਾਲਾ ਕੁੱਤਾ ਕੁਝ ਸਿਆਣਾ ਸੀ। ਉਹਨੇ ਆਪਣੇ ਤੋਂ ਮੂਹਰਲੇ ਨੂੰ ਪੁੱਛਿਆ, 'ਭਰਾਵਾ ਚੱਲੇ ਕਿਥੇ ਓਂ?' 'ਪਤਾ ਮੈਨੂੰ ਵੀ ਨਹੀਂ, ਅਗਲੇ ਨੂੰ ਪੁੱਛਦਾਂ।' ਗੱਲ ਸਭ ਤੋਂ ਮੂਹਰਲੇ ਕੁੱਤੇ ਤਕ ਪੁੱਜ ਗਈ, 'ਭਰਾਵਾ ਚੱਲਿਆ ਕਿਥੇ ਐਂ? ਪਿੱਛੇ ਤਾਂ ਵੇਖ ਤੇਰੇ ਮਗਰ ਕਿੱਡੀ ਲਾਈਨ ਲੱਗੀ ਹੋਈ ਐ!'

ਆਗੂ ਦਾ ਜਵਾਬ ਸੁਣੋ, "ਜਾਣਾ ਕਿਤੇ ਨਾਨਕਿਆਂ ਨੂੰ ਏਂ। ਔਹ ਬਿਜਲੀ ਵਾਲਾ ਖੰਭਾ ਖਿੱਚੀ ਜਾਂਦੇ ਨੇ, ਜਿਥੇ ਗੱਡਣਗੇ ਆਪਾਂ ਪਿਸ਼ਾਬ ਕਰ ਕੇ ਆਉਣਾ!"

# ਭਗਵੰਤ ਮਾਨ ਦੀ ਗੱਲ ਸੁਣਨੀ ਜ਼ਰੂਰੀ ਕਿਉਂ ਹੈ?

ਮਹਿਲ ਨਹੀਂ ਬਣਦੇ, ਪਰ ਰੇਤ ਨਾਲ ਮਹਿਲ ਜ਼ਰੂਰ ਬਣਦੇ ਹਨ। ਫਾਜ਼ਿਲਕਾ ਨੇੜੇ ਸਤਲੁਜ ਸੁੰਗੜ ਕੇ 'ਕੱਠਾ ਹੋ ਗਿਆ ਹੈ। ਜ਼ਿਮੀਦਾਰਾਂ ਦੀਆਂ ਰੇਤ ਦੇ ਪਹਾੜ ਬਣੀਆਂ ਜ਼ਮੀਨਾਂ, ਭ੍ਰਿਸ਼ਟ ਰਾਜਨੀਤਕ ਨਿਜ਼ਾਮ ਹੇਠ ਜਬਰੀ ਹਜ਼ਾਰ ਕੁ ਰੁਪਏ ਨੂੰ ਕਿਲਾ ਲੈ ਕੇ, ਸੁਪਰੀਮ ਦੇ ਰੇਤਾ ਚੁੱਕਣ 'ਤੇ ਪਾਬੰਦੀ ਲਾਉਣ ਦੇ ਬਾਵਜੂਦ, ਅੱਠ-ਨੌਂ ਹਜ਼ਾਰ ਦਾ ਟਰੱਕ ਤੇ ਪੰਜ-ਛੇ ਹਜ਼ਾਰ ਦੀ ਟਰਾਲੀ ਸੂਬੇ ਦੇ ਸੇਵਾਦਾਰ ਫਾਜ਼ਿਲਕਾ ਨੇੜਿਓ ਪੁਲਿਸ ਦੀ ਸਰਪ੍ਰਸਤੀ ਹੇਠ ਸਾਰਾ-ਸਾਰਾ ਸਾਲ ਲੋਕਾਂ ਨੇ ਚੁਕਵਾਉਂਦਿਆਂ ਦੇਖੇ ਹਨ। ਦਿਨ ਭਰ 'ਚ ਸੌ ਦੇ ਕਰੀਬ ਟਰੱਕ ਤੇ ਟਰਾਲੀਆਂ। ਸਾਹਿਬ ਨੂੰ 'ਇੰਜ ਨਾ ਕਰ' ਕਹਿਣ ਦੀ ਕਿਸੇ ਵਿਚ ਵੀ ਹਿੰਮਤ ਨਹੀਂ ਹੈ।

ਅਸਲ ਵਿਚ, ਜਦੋਂ ਤੀਕਰ ਸਰਮਾਏਦਾਰ ਚੋਣਾਂ ਲਈ ਪੈਸਾ ਦੇਵੇਗਾ, ਭ੍ਰਿਸ਼ਟਾਚਾਰ ਨੂੰ ਨੱਥ ਪਾਉਣਾ ਨਹੀਂ ਨਾਮੁਮਕਿਨ ਹੋਵੇਗਾ। ਭਗਵੰਤ ਨੂੰ ਮੈਂ ਜਿੰਨਾ ਜਾਣਦਾ ਹਾਂ, ਪਿਛਲੇ ਵੀਹ ਸਾਲਾਂ ਤੋਂ ਉਹਦੀ ਕਾਮੇਡੀ 'ਚ ਸਾਰਾ ਹਮਲਾ ਹਾਸਿਆਂ ਹੇਠ ਇਨ੍ਹਾਂ ਲੋਕਾਂ 'ਤੇ ਰਿਹਾ ਹੈ। ਅੱਜ ਮਨਪ੍ਰੀਤ ਬਾਦਲ ਨਾਲ ਤੁਰਨ ਦੀ ਗੱਲ ਨਹੀਂ, 18 ਸਾਲ ਪੁਰਾਣੀ ਟੇਪ 'ਕੁਲਫੀ ਗਰਮਾ-ਗਰਮ' ਸੁਣ ਕੇ ਤਾਂ ਵੇਖੋ, ਉਹ ਜੋ ਕਹਿੰਦਾ ਸੀ; ਅੱਜ ਕਰਨ ਲਈ ਤਿਆਰ ਹੋ ਗਿਆ ਹੈ। ਉਹਨੇ ਸਿਆਸੀ ਖੇਤਰ ਵਿਚ ਪੈਰ ਧਰਨ ਤੋਂ ਪਹਿਲਾਂ ਦੋਨਾ ਨਾਨਕਾ ਤੇ ਤੇਜਾ ਰੁਹੇਲਾ (ਫਾਜ਼ਿਲਕਾ ਨੇੜੇ) ਦਰਜਨਾਂ ਕੈਂਸਰ ਪੀੜਤ ਲੋਕਾਂ ਦੀ ਚੀਕ ਸੁਣੀ ਹੈ, ਦਰਦ ਦਾ ਅਹਿਸਾਸ ਕੀਤਾ ਹੈ; ਜਿਥੋਂ ਸੁਖਬੀਰ ਬਾਦਲ ਉਪ ਚੋਣ ਜਿੱਤ ਕੇ ਉਪ ਮੁੱਖ ਮੰਤਰੀ ਬਣਿਆ ਹੈ। ਗੰਦ ਪੀ ਰਹੇ, ਨਰਕ ਜੀਅ ਰਹੇ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਸੁਣ ਕੇ ਤਾਂ ਵੇਖੋ; ਦੁਹਾਈਆਂ ਦੇ ਰਹੇ ਹਨ, 'ਅਸੀਂ ਪੰਜਾਬ 'ਚ ਨ੍ਹੀਂ ਰਹਿਣਾ। ਪਾਕਿਸਤਾਨ ਸਾਥੋਂ ਦੋ ਕਿਲੋਮੀਟਰ ਹੈ, ਸਾਨੂੰ ਉਹਦੇ ਹਵਾਲੇ ਕਰ ਦਿਓ।' ਤੁਸੀਂ ਹੈਰਾਨ ਹੋਵੋਗੇ, ਇਨ੍ਹਾਂ ਦੁਖੀ ਲੋਕਾਂ ਨੂੰ ਉਪ ਚੋਣਾਂ 'ਚ ਦਾਰੂ ਦੀਆਂ ਨਹੀਂ, ਪੀਣ ਵਾਲੇ ਪਾਣੀ ਦੀਆਂ ਪੇਟੀਆਂ ਵੰਡੀਆਂ ਗਈਆਂ ਹਨ ਪਰ ਸੁਖਬੀਰ ਜੀ ਮੁੜ ਕੇ ਬਹੁੜੇ ਨਹੀਂ। ਅਸਲ ਵਿਚ ਭਗਵੰਤ ਮਾਨ ਅਚੇਤ ਨਹੀਂ, ਸੁਚੇਤ ਹੋ ਕੇ ਅੱਗੇ ਆਇਆ ਹੈ।

ਲੋਕ 'ਪੀਪਲ ਪਾਰਟੀ ਆਫ ਪੰਜਾਬ' ਜਾਂ ਮਨਪ੍ਰੀਤ ਬਾਦਲ ਵੱਲ ਭੱਜੇ ਕਿਉਂ ਆ ਰਹੇ ਹਨ? ਇਸ ਕਰਕੇ ਘੱਟ ਕਿ ਉਹ ਬਾਦਲਾਂ ਜਾਂ ਕਾਂਗਰਸ ਦੇ ਵਿਰੁੱਧ ਹਨ, ਇਸ ਕਰਕੇ ਜ਼ਿਆਦਾ ਕਿ ਅੱਖ ਖੁੱਲ੍ਹ ਗਈ ਹੈ; ਤੇ ਹੁਣ ਉਨ੍ਹਾਂ ਨੂੰ ਲੱਗਣ ਲੱਗਾ ਹੈ ਕਿ ਹੁਣ ਕੈਲੇਫੋਰਨੀਆ ਵਰਗਾ ਪੰਜਾਬ ਬਣ ਸਕਦਾ ਹੈ ਤੇ ਜੇ ਹੁਣ ਨਾ ਬਣਿਆ, ਫਿਰ ਕਦੇ ਵੀ ਨਹੀਂ ਬਣੇਗਾ।

ਖਟਕੜ ਕਲਾਂ ਵਿਚਲੀ ਭਗਵੰਤ ਦੀ ਭਾਵੁਕ ਅਪੀਲ ਭਰਪੂਰ ਦਲੀਲ ਵਾਲੀ ਹੋਣ ਕਰਕੇ ਹੀ ਲੱਖਾਂ ਲੋਕ ਕਹਿੰਦੇ ਸਨ ਕਿ ਹਸਾਉਣ ਵਾਲਾ ਭਗਵੰਤ, ਅਸਲ ਵਿਚ ਆਹ ਸੀ। ਉਹ ਲੀਡਰ ਨਹੀਂ ਸੀ, ਤਾਂ ਹੀ ਉਹਦੀਆਂ ਗੱਲਾਂ ਦਾ ਖੁਲਾਸਾ ਖੋਖਲਾ ਨਹੀਂ ਸੀ। ਇਸੇ ਲਈ ਭਗਵੰਤ ਮਾਨ ਨੂੰ ਇਕ ਵਾਰ ਸੁਣਨ ਨਾਲ ਹੀ ਅਹਿਸਾਸ ਹੋਵੇਗਾ ਕਿ ਪੰਜਾਬ ਵਾਕਿਆ ਹੀ ਅਸਲ ਪੰਜਾਬ ਬਣਨ ਵੱਲ ਮੋੜ ਕੱਟ ਸਕਦਾ ਹੈ। ਦੁਨੀਆਂ ਭਰ ਦੇ ਪੰਜਾਬੀ ਜੇ ਮਨਪ੍ਰੀਤ ਵੱਲ ਨੂੰ ਉਪਰੋਥਲੀ ਹੋਣ ਲੱਗੇ ਹਨ ਤਾਂ ਲਗਦਾ ਨਹੀਂ ਸ਼ੁਭ ਸ਼ਗਨ ਹੈ। ਜਿਥੇ ਸੰਤ ਵੀ ਦਾਅ-ਪੇਚ ਤੇ ਰਾਜਨੀਤੀ ਕਰਨ ਲੱਗ ਪੈਣ, ਉਥੇ ਜਾਗਣਾ ਜ਼ਰੂਰੀ ਵੀ ਹੁੰਦਾ ਹੈ।

## ਸਿੱਖੀ

ਐਵੇਂ ਭੇਖ ਨੂੰ ਸਿੱਖੀ ਬਣਾਈ ਫਿਰਦੈਂ,
ਸ਼ੁਭ ਅਮਲਾਂ ਦੀ ਹੈਗੀ ਪ੍ਰਤੀਕ ਸਿੱਖੀ।
ਸਿੱਖੀ ਕਾਅਬੇ ਵੱਲ ਪੈਰ ਪਸਾਰ ਦਿੰਦੀ,
ਬਾਹਰੀ ਕਾਅਬੇ ਨਾ ਕਰੇ ਪ੍ਰਤੀਤ ਸਿੱਖੀ।
ਮਲਕ ਭਾਗੋ ਦੇ ਕਦੇ ਨਾ ਵੜੇ ਵਿਹੜੇ,
ਭਾਈ ਲਾਲੋ ਦੇ ਰਹਿੰਦੀ ਨਜ਼ਦੀਕ ਸਿੱਖੀ।
ਸਿੱਖੀ ਦੇਖਣੀ ਏ ਤੱਤੀਆਂ ਤਵੀਆਂ 'ਚੋਂ ਦੇਖ,
ਛਬੀਲਾਂ ਠੰਢੀਆਂ ਨੇ ਨਾਮ ਧਰੀਕ ਸਿੱਖੀ।
ਮੰਦਰ ਸਿੱਖੀ ਦੇ, ਮਨਾਂ ਦੇ ਵਿਚ ਵਸਦੇ,
ਬਾਹਰੀ ਮੰਦਰ ਨੇ ਵਿਪਰਨ ਦੀ ਰੀਤ ਸਿੱਖੀ।
ਆਪਾਂ ਜੱਟ, ਰਮਦਾਸੀਏ, ਰਾਮਗੜ੍ਹੀਏ
ਜਾਤ ਪਾਤ ਦੇ ਉਲਟ ਵਿਪਰੀਤ ਸਿੱਖੀ।
ਸੁਰਗ ਨਰਕ ਤੇ ਮੁਕਤੀ ਵਿਚ ਪਿਆ ਫਸਿਆ,
ਪੱਟੂਆ ਫਿਰ ਵੀ ਸਿੱਖ ਕਹਾਈ ਜਾਨੈਂ।
ਸਿੱਖੀ ਅਨੁਸਾਰ ਨ੍ਹੀਂ ਕੋਈ ਵੀ ਕੰਮ ਕਰਦਾ,
ਡੌਰੂ ਸਿੱਖੀ ਦਾ ਐਵੇਂ ਖੜਕਾਈ ਜਾਨੈਂ।
ਸਿੱਖਾ ਸਿੱਖੀ ਅਪਨਾ ਲੈ ਜੇ ਤੂੰ ਸਿੱਖ ਰਹਿਣਾ,
ਨਹੀਂ ਤਾਂ ਸਿੱਖੀ 'ਤੇ ਦਾਅਵੇ ਫਿਰ ਛੱਡ ਦੇ ਤੂੰ।
ਪ੍ਰੇਮ ਖੇਲਣ ਦਾ ਤੈਨੂੰ ਜੇ ਚਾਓ ਚੜ੍ਹਿਆ,
ਝੰਡਾ ਸੀਸ ਦਾ ਗਲੀ ਵਿਚ ਗੱਡ ਦੇ ਤੂੰ।
ਸੀਸ ਭੇਟ ਬਗੈਰ ਨਾ ਮਿਲੇ ਸਿੱਖੀ,
ਐਵੇਂ ਹੋਰ ਚਤਰਾਈਆਂ ਕਿਉਂ ਕਰੀ ਜਾਨੈ।
ਪਾਠ ਪੂਜਾ ਤੇ ਤੀਰਥ ਨੇ ਭਾਉ ਦੂਜਾ,
ਨਿਰਭਉ ਅੰਦਰ ਵਸਾ ਲੈ ਕਾਹਤੋਂ ਡਰੀ ਜਾਨੈ।

***-ਜ਼ੋਰਾ ਸਿੰਘ ਰਾਜੋਆਣਾ।***
***ਫੋਨ:925-354-7404***

# ਕਮਾਲ ਦੀ ਕਿਤਾਬ ਸਾਡੇ ਯਾਰ ਦੀ

ਐਸ. ਅਸ਼ੋਕ ਭੌਰਾ ਨੂੰ ਮੈਂ ਪੂਰੀ ਤਰ੍ਹਾਂ ਜਾਣਦਾਂ। ਉਸ ਨੂੰ ਮੈਂ ਬੁਰੀ ਤਰ੍ਹਾਂ ਜਾਣਦਾਂ। ਉਸ ਨੂੰ ਮੈਂ ਸਿਰ ਤੋਂ ਲੈ ਕੇ ਪੈਰਾਂ ਤਕ ਜਾਣਦਾਂ। ਮੈਂ ਉਸ ਨੂੰ ਬਾਹਰੋਂ ਵੀ ਜਾਣਦਾਂ ਤੇ ਅੰਦਰੋਂ ਵੀ। ਮੈਂ ਹੱਥ 'ਤੇ ਹੱਥ ਰੱਖ ਕੇ ਆਖਦਾਂ ਕਿ ਐਸ. ਅਸ਼ੋਕ ਭੌਰਾ ਨੂੰ ਮੈਂ ਜਾਣਦਾਂ, ਮੈਂ ਜਾਣਦਾਂ। ਹਾਂ, ਮੈਂ ਜਾਣਦਾਂ।

ਇਨ੍ਹਾਂ ਫ਼ਿਕਰਿਆਂ ਵਿਚ ਕਾਫ਼ੀ ਦੁਹਰਾਓ ਦਿਸ ਰਿਹੈ। ਪਰ ਉਸ ਦੁਹਰਾਓ ਦੇ ਬਾਕਾਇਦਾ ਅਰਥ ਨੇ। ਜੇਕਰ ਇਹ ਕਿਤਾਬ ਛਪਣ ਤੋਂ ਪਹਿਲਾਂ ਮੈਂ ਨਾ ਪੜ੍ਹੀ ਹੁੰਦੀ ਤਾਂ ਇੰਜ ਨਹੀਂ ਸੀ ਆਖ ਸਕਣਾ ਪਰ ਮੇਰੀ ਇਹ ਖ਼ੁਸ਼ਕਿਸਮਤੀ ਹੈ ਕਿ ਉਸ ਨੇ ਕਿਤਾਬ ਦਾ ਖਰੜਾ ਮੈਨੂੰ ਪੜ੍ਹਾਇਆ ਅਤੇ ਇੰਜ ਮੈਂ ਐਸ. ਅਸ਼ੋਕ ਭੌਰਾ ਨੂੰ ਪੂਰੀ ਤਰ੍ਹਾਂ ਅਤੇ ਮੁਕੰਮਲ ਰੂਪ ਵਿਚ ਜਾਣ ਗਿਆ ਹਾਂ। ਸਾਡੀ ਦੋਸਤੀ ਬਹੁਤ ਪੁਰਾਣੀ ਹੈ। ਸਾਡਾ ਕਰੂਰਾ ਰਲਦਾ ਹੈ। ਉਹ ਵੀ ਮੇਲਿਆਂ ਦਾ ਸ਼ੌਂਕੀ ਤੇ ਮੈਂ ਵੀ। ਉਹ ਵੀ ਗੌਣ ਵਾਲਿਆਂ ਨੂੰ ਅੰਤਾਂ ਦਾ ਪਿਆਰ ਕਰਨ ਵਾਲਾ ਤੇ ਮੈਂ ਵੀ। ਗਾਇਕੀ ਖੇਤਰ ਦੇ ਉਤਰਾਅ-ਚੜ੍ਹਾਅ ਉਸ ਨੇ ਵੀ ਬਹੁਤ ਦੇਖੇ ਤੇ ਮੈਂ ਵੀ। ਗੱਲ ਕੀ, ਭੌਰੇ ਵਿਚੋਂ ਮੈਨੂੰ ਆਪਣਾ ਆਪਾ ਦਿਸਦਾ ਹੈ। ਕਈ ਵਾਰ ਤਾਂ ਇੰਜ ਲੱਗਦਾ ਹੈ ਕਿ ਉਹ ਮੇਰਾ ਹੀ ਪਸਾਰਾ ਹੈ। ਦਰਦ ਉਹਨੇ ਵੀ ਬਹੁਤ ਹੰਢਾਏ ਨੇ ਅਤੇ ਮੈਂ ਵੀ ਪਰ ਅਸੀਂ ਆਪਣੇ ਦਰਦਾਂ ਨੂੰ ਪਲੋਸ ਕੇ ਹੱਸਦੇ ਹੋਏ ਹੀ ਦਿਖਾਈ ਦਿੰਦੇ ਹਾਂ।

ਭੌਰਾ ਅੰਦਰੋਂ ਬਹੁਤ ਸੂਖਮ ਤੇ ਸੰਵੇਦਨਸ਼ੀਲ ਹੈ। ਉਹਦੀਆਂ ਗੱਲਾਂ ਅਤੇ ਲਿਖਤਾਂ ਵਿਚੋਂ ਪਤਾ ਲੱਗਦਾ ਹੈ ਕਿ ਉਹ ਸ਼ਿਵ ਕੁਮਾਰ ਵਾਂਗ 'ਚੁੱਪ ਦੀ ਵਾਜ' ਸੁਣ ਸਕਦਾ ਹੈ ਅਤੇ ਸੁਰਜੀਤ ਪਾਤਰ ਵਾਂਗ 'ਹਰ ਕੋਨ ਤੋਂ ਵੇਖਣ ਲਈ ਤਾਰਿਆਂ ਤੋਂ ਰੇਤ' ਵੀ ਬਣ ਸਕਦਾ ਹੈ। ਇਸ ਕਿਤਾਬ ਵਿਚ ਕਹਾਣੀਆਂ ਵਰਗੇ ਲੇਖ ਨੇ ਅਤੇ ਲੇਖਾਂ ਵਰਗੀਆਂ ਕਹਾਣੀਆਂ। ਜਦੋਂ ਪਾਠਕ ਨੂੰ ਉਹ 'ਨਵਾਂ ਲੈ ਲਿਆ ਟਰੱਕ ਗੁਰਜੰਟ ਨੇ' ਰਾਹੀਂ ਸੈਰ ਕਰਾਉਂਦਾ ਹੈ ਤਾਂ ਪੜ੍ਹਨ ਵਾਲਾ ਅਸ਼-ਅਸ਼ ਕਰ ਉਠਦਾ। 'ਰਾਖੇ ਹੁੰਦੇ ਇੱਜ਼ਤਾਂ ਦੇ' ਵਿਚ ਜਿਸਮਫ਼ਰੋਸ਼ੀ ਦੀਆਂ ਤਹਿਆਂ ਖੋਲ੍ਹਦਾ ਹੋਇਆ ਵੱਖਰੇ ਸੰਸਾਰ ਦੇ ਦਰਸ਼ਨ ਕਰਾਉਂਦਾ ਹੈ। ਸੱਥਾਂ, ਬੋਹੜਾਂ ਦੀਆਂ ਗੱਲਾਂ ਕਰਦਿਆਂ ਭੌਰੇ ਦੇ ਅੰਦਰ ਖੁਰ ਰਹੇ ਪੇਂਡੂ ਸਭਿਆਚਾਰ ਦੇ ਦਰਦ ਦੀ ਪੀੜਾ ਦਾ ਪਤਾ ਲਗਦਾ ਹੈ। ਉਹਦੇ ਅੰਦਰਲੇ ਦਰਦਾਂ ਦਾ ਸਿਖਰ ਉਦੋਂ ਦਿਸਦਾ ਹੈ ਜਦੋਂ 'ਮਾਂ ਤੂੰ ਕਿਤੇ ਉਦਾਸ ਤਾਂ ਨਹੀਂ' ਨੂੰ ਪੜ੍ਹਦੇ ਹਾਂ। ਬਰਮਾ ਦੇ ਪੋਂਟਾਂਗ ਕਬੀਲੇ ਦੇ ਲੋਕਾਂ ਦੇ ਅਨੋਖੇ ਜੀਵਨ ਬਾਰੇ ਉਹ ਭਰਪੂਰ ਜਾਣਕਾਰੀ ਦਿੰਦਾ ਹੈ ਕਿ ਕੁੜੀਆਂ ਦੀਆਂ ਧੌਣਾਂ ਲੰਮੀਆਂ ਕਰਨ ਲਈ ਕਿੰਜ ਗਲੇ ਨੂੰ ਸਪਰਿੰਗ ਪਾਏ ਜਾਂਦੇ ਨੇ। 'ਤੂੰ ਕੀ ਥਾਣੇਦਾਰ...' ਲੇਖ ਰਾਹੀਂ ਪੁਲੀਸ ਤਸ਼ੱਦਦ ਦੀਆਂ ਤਸਵੀਰਾਂ ਖਿੱਚਦਾ ਹੈ। ਜੱਸੋਵਾਲ ਬਾਰੇ ਉਸ ਦਾ ਲੇਖ ਉਤਮ ਵਾਰਤਕ ਕਲਾ ਦਾ ਨਮੂਨਾ ਹੈ। ਕੁੱਤਿਆਂ ਦੀਆਂ ਨਸਲਾਂ ਤੇ ਕਾਰਨਾਮਿਆਂ ਬਾਰੇ ਕਮਾਲ ਦੀ ਜਾਣਕਾਰੀ ਦਿੰਦਾ ਹੋਇਆ ਸੱਪਾਂ ਦੀਆਂ ਕਿਸਮਾਂ ਉਪਰ ਵੀ ਭਰਪੂਰ ਰੌਸ਼ਨੀ ਪਾਉਂਦਾ ਹੈ।

ਵਿਸ਼ਿਆਂ ਦੀ ਇੰਨੀ ਵੰਨ-ਸੁਵੰਨਤਾ ਇਸ ਇਕੋ ਕਿਤਾਬ ਵਿਚ ਦਰਜ ਹੈ ਕਿ 'ਸ਼ਾਬਾਸ਼ੇ' ਅਤੇ 'ਦਾਦ' ਸ਼ਬਦ ਛੋਟੇ ਰਹਿ ਜਾਂਦੇ ਨੇ। ਇਸ ਤਰ੍ਹਾਂ ਦੀ ਵਿਸ਼ਾਲ ਤੇ ਖ਼ੂਬਸੂਰਤ ਕਿਤਾਬ, ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪੰਜਾਬੀ ਸਾਹਿਤ ਵਿਚ ਪਹਿਲੀ ਵਾਰ ਆਈ ਹੈ। ਪੰਜਾਬੀ ਪੁਸਤਕ ਜਗਤ ਦੀ ਇਹ ਵੱਡੀ ਪ੍ਰਾਪਤੀ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਇਹ 'ਰੈਫ਼ਰੈਂਸ ਬੁੱਕ' ਵਜੋਂ ਬੜੀ ਗੁਣਕਾਰੀ ਸਿੱਧ ਹੋਵੇਗੀ।

ਛੋਟੇ ਜਿਹੇ ਪਿੰਡ ਤੇ ਆਮ ਘਰ ਵਿਚੋਂ ਉਠ ਕੇ, ਸ਼ੌਂਕੀ ਮੇਲੇ ਕਰਵਾ ਕੇ ਕੁੱਲ ਪੰਜਾਬ ਨੂੰ ਗਾਹ ਕੇ, ਆਸਟਰੇਲੀਆ ਤੋਂ ਅਮਰੀਕਾ ਤਕ ਦੇ ਦੇਸ਼ਾਂ ਦੀਆਂ ਧੁੱਪਾਂ-ਛਾਵਾਂ ਹੰਢਾ ਕੇ ਐਸ. ਅਸ਼ੋਕ ਭੌਰਾ ਨੇ ਨਵੇਂ ਅੰਬਰਾਂ ਦੇ ਰਸਤੇ ਖੋਲ੍ਹ ਦਿੱਤੇ ਨੇ।

ਮੈਂ ਰਸਮੀ ਤੌਰ 'ਤੇ ਵੀ ਅਤੇ ਗ਼ੈਰ-ਰਸਮੀ ਤੌਰ 'ਤੇ ਵੀ ਆਪਣੇ ਪਿਆਰੇ ਤੇ ਪੁਰਾਣੇ ਯਾਰ ਐਸ. ਅਸ਼ੋਕ ਭੌਰਾ ਨੂੰ ਨਿੱਘੀ ਜੱਫੀ ਪਾ ਕੇ ਵਧਾਈ ਦਿੰਦਾ ਹਾਂ। ਆਪਣੇ ਗੁਣਾਂ, ਜਾਣਕਾਰੀਆਂ ਤੇ ਦਿਲਚਸਪੀਆਂ ਕਰਕੇ ਇਹ ਵੱਡ-ਆਕਾਰੀ ਤੇ ਭਾਰੀ ਕਿਤਾਬ ਵੀ ਫੁੱਲਾਂ ਵਾਂਗ ਹੌਲੀ ਜਾਪਦੀ ਹੈ। ਭੌਰੇ ਦੀ ਇਸ ਕਿਤਾਬ ਦੀ ਖ਼ੁਸ਼ਬੂ ਦੇਰ ਤਕ ਅਤੇ ਦੂਰ-ਦੂਰ ਤਕ ਕਾਇਮ ਰਹੇਗੀ।

***-ਸ਼ਮਸ਼ੇਰ ਸਿੰਘ ਸੰਧੂ,***
***ਚੰਡੀਗੜ੍ਹ।***

### ਇਕੀਵੀਂ ਸਦੀ ਵਿਚ "ਸਿੱਖ ਸਟੇਟ" ਦਾ ਸੁਪਨਾ - 7 (ਭਾਗ ਦੂਸਰਾ)

# ਪਾਕਿਸਤਾਨ ਬਣਾ ਕੇ ਮੁਸਲਿਮ ਲੋਕਾਈ ਨੇ ਕੀ ਖੱਟਿਆ

*ਸਿੱਖ ਚਿੰਤਕ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਉਤੇ ਬਹਿਸ ਜਾਰੀ ਹੈ। ਇਸ ਬਹਿਸ ਦੇ ਸਿਲਸਿਲੇ ਵਿਚ ਖੱਬੇ ਪੱਖੀ ਚਿੰਤਕ ਸ੍ਰੀ ਕਰਮ ਬਰਸਟ ਦਾ ਇਹ ਸੱਤਵੇਂ ਲੇਖ ਦਾ ਦੂਜਾ ਹਿੱਸਾ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਕਰਮ ਬਰਸਟ ਨੇ ਇਸ ਲੇਖ ਵਿਚ ਵੀ ਅਜਮੇਰ ਸਿੰਘ ਦੀਆਂ ਪੁਸਤਕਾਂ ਵਿਚਲੇ ਵਿਰੋਧਾਭਾਸਾਂ ਉਪਰ ਉਂਗਲ ਧਰਨ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਇਸ ਸਿਲਸਿਲੇ ਵਿਚ ਹੋਰ ਚਿੰਤਕਾਂ ਦੇ ਵਿਚਾਰਾਂ ਦੀ ਉਡੀਕ ਰਹੇਗੀ। ਫਿਰ ਸਪਸ਼ਟ ਕਰ ਦਈਏ ਕਿ ਅਦਾਰਾ ਪੰਜਾਬ ਟਾਈਮਜ਼ ਦਾ ਇਸ ਬਹਿਸ ਵਿਚ ਪੇਸ਼ ਕੀਤੇ ਜਾ ਰਹੇ ਵੱਖੋ ਵੱਖਰੇ ਨੁਕਤਾ ਨਿਗਾਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ*

**ਕਰਮ ਬਰਸਟ**

ਗੱਲ ਖਿਲਰ ਜਾਣ ਲਈ 'ਪੰਜਾਬ ਟਾਈਮਜ਼' ਦੇ ਪਾਠਕਾਂ ਤੋਂ ਮੁਆਫੀ ਮੰਗਦਿਆਂ ਮੈਂ ਉਨ੍ਹਾਂ ਨੂੰ ਥੋੜ੍ਹਾ ਜਿਹਾ ਜ਼ਰੂਰ ਹੀ ਦੱਸਣਾ ਚਾਹਾਂਗਾ ਕਿ ਉਹ ਪਾਕਿਸਤਾਨ ਜਿਹੜਾ ਮੁਹੰਮਦ ਅਲੀ ਜਿਨਾਹ ਵਰਗੇ ਜ਼ਿਦੀਏ ਆਗੂ ਨੇ ਸਾਡੇ ਮੁਸਲਮਾਨ ਵੀਰਾਂ ਨੂੰ ਲੈ ਕੇ ਦਿੱਤਾ, ਉਹ ਭਲਾ ਕਿੰਨਾ ਕੁ ਪਾਕਿ ਹੈ ਅਤੇ ਉਥੇ ਕਿਸ ਤਰ੍ਹਾਂ ਦੀ ਅਤੇ ਕਿਸ ਤਰ੍ਹਾਂ ਦੇ ਮੁਸਲਮਾਨਾਂ ਦੀ ਸਰਦਾਰੀ ਹੈ। ਮੇਰੇ ਸਾਹਮਣੇ ਤਾਰਿਕ ਅਲੀ ਦੀ ਲਗਭਗ ਚਾਰ ਦਹਾਕੇ ਪਹਿਲਾਂ 'ਕੀ ਪਾਕਿਸਤਾਨ ਬਚ ਸਕੇਗਾ' ਨਾਂ ਦੀ ਕਿਤਾਬ ਸਮੇਤ 3-4 ਪੁਸਤਕਾਂ ਪਈਆਂ ਹਨ ਜਿਨ੍ਹਾਂ ਵਿਚ ਪਾਕਿਸਤਾਨੀ ਆਵਾਮ ਦੀ ਜ਼ਿੰਦਗੀ ਦਾ ਬੜਾ ਹੀ ਮਾਰਮਿਕ ਵੇਰਵਾ ਹੈ। ਮੈਂ ਅਜੇ ਉਸ ਨੂੰ ਛੇੜਾਂਗਾ ਨਹੀਂ ਪਰ ਅੱਜ ਤੋਂ 12 ਕੁ ਵਰ੍ਹੇ ਪਹਿਲਾਂ 18 ਅਕਤੂਬਰ, 1999 ਨੂੰ ਅੰਗਰੇਜ਼ੀ ਟ੍ਰਿਬਿਊਨ ਵਿਚ 'ਪਾਕਿਸਤਾਨੀ ਸਮਾਜ ਦੇ ਲਾਜ਼ਮੀ ਪਹਿਲੂ: ਧਨ ਮਾਲ ਸਾਰਾ 44 ਪਰਿਵਾਰਾਂ ਨੇ ਹਥਿਆਇਆ' ਸਿਰਲੇਖ ਹੇਠ ਸੁਲਤਾਨ ਸ਼ਹੀਨ ਨਾਂ ਦੇ ਪਾਕਿਸਤਾਨ ਬਾਰੇ ਮਾਹਿਰ ਵਿਦਵਾਨ ਵਲੋਂ ਦਿੱਤੀ ਜਾਣਕਾਰੀ ਜਰੂਰ ਸਾਂਝੀ ਕਰਨੀ ਚਾਹਾਂਗਾ।


ਲੇਖ ਵਿਚ ਸੁਲਤਾਨ ਸ਼ਹੀਨ ਨੇ ਜਨਰਲ ਪ੍ਰਵੇਜ਼ ਮੁਸ਼ੱਰਫ ਵਲੋਂ ਤਾਕਤ ਹਥਿਆਉਣ ਸਮੇਂ ਪਾਕਿਸਤਾਨ ਦੇ ਆਰਥਿਕ ਸਮਾਜਕ ਹਾਲਾਤ ਦੇ ਸਨਸਨੀਖੇਜ਼ ਵੇਰਵੇ ਦਿੱਤੇ ਹਨ। ਸ਼ਹੀਨ ਦੱਸਦਾ ਹੈ ਕਿ ਭਾਰਤ ਦੀ ਰੀਸੇ ਉਸੇ ਸਾਲ 28 ਮਈ ਨੂੰ ਪਾਕਿਸਤਾਨ ਵਲੋਂ ਪ੍ਰਮਾਣੂ ਧਮਾਕੇ ਕਰ ਮਾਰਨ ਕਾਰਨ ਦੇਸ਼ ਦੀ ਮਾਲੀ ਹਾਲਤ ਬਹੁਤ ਹੀ ਬੁਰੀ ਤਰ੍ਹਾਂ ਚਰਮਰਾ ਗਈ ਸੀ। ਧਮਾਕਿਆਂ ਦੀ ਸਜ਼ਾ ਵਜੋਂ ਪਾਕਿਸਤਾਨ ਉਪਰ ਲੱਗੀਆਂ ਮਾਲੀ ਪਾਬੰਦੀਆਂ ਨੇ ਹਾਲਤ ਬਦਤਰ ਬਣਾ ਦਿੱਤੀ ਸੀ। ਕਈ ਹੋਰ ਕਾਰਨਾਂ ਵਸ ਪਾਬੰਦੀਆਂ ਲਾਉਣ ਵਾਲਿਆਂ ਨੇ ਬੜੀ ਜਲਦੀ ਹੀ ਪਾਬੰਦੀਆਂ ਹਟਾ ਲਈਆਂ। ਜੇ ਅਜਿਹਾ ਨਾ ਹੁੰਦਾ ਤਾਂ ਉਸ ਸਮੇਂ ਹੀ ਪਾਕਿਸਤਾਨ ਦਾ ਦੀਵਾਲਾ ਨਿਕਲ ਗਿਆ ਹੁੰਦਾ।

ਸੁਲਤਾਨ ਸ਼ਹੀਨ ਅੱਗੇ ਦੱਸਦਾ ਹੈ ਕਿ ਪਾਕਿਸਤਾਨ ਬਣਨ ਪਿੱਛੋਂ 60ਵਿਆਂ ਤਕ ਉਥੋਂ ਦੇ ਧਨ, ਦੌਲਤ ਦੇ ਸੋਮਿਆਂ 'ਤੇ ਕਬਜ਼ਾ ਮਹਿਜ਼ 22 ਪਰਿਵਾਰਾਂ ਦਾ ਸੀ। 70ਵਿਆਂ ਵਿਚ ਵੱਡੇ ਭੁੱਟੋ ਵੱਲੋਂ ਭਾਰਤੀ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਦੀ ਰੀਸੇ ਆਰਥਿਕ ਸੋਮਿਆਂ ਦੇ ਕੌਮੀਕਰਨ ਦੀ 'ਸ਼ੋਸ਼ੇਬਾਜ਼ੀ' ਨਾਲ ਆਮ ਪਾਕਿਸਤਾਨੀ ਗਰੀਬ ਮੁਸਲਮਾਨ ਦੀ ਹਾਲਤ ਤਾਂ ਉਸੇ ਤਰ੍ਹਾਂ ਦੀ ਰਹੀ-ਇਨ੍ਹਾਂ 22 ਜਗੀਰਦਾਰ-ਸਨਅਤੀ ਘਰਾਣਿਆਂ ਦੀ ਗਿਣਤੀ ਜ਼ਰੂਰ ਦੁੱਗਣੀ ਹੋ ਗਈ।

ਸ਼ਹੀਨ ਅਨੁਸਾਰ ਸਾਲ 1999 ਤੱਕ ਵੀ ਵਡੇਰਾ ਪਰਿਵਾਰ-ਜਾਨੀ ਗੁਲਾਮ ਮੁਹੰਮਦ ਮਿਹਰ ਕੋਲ ਇਕ ਲੱਖ ਏਕੜ ਤੋਂ ਵੀ ਵੱਧ ਅਤਿ ਜਰਖੇਜ ਜ਼ਮੀਨ ਸੀ ਜਦੋਂ ਕਿ ਗੁਲਾਮ ਮੁਸਤਫਾ ਜੈਤੋਈ ਕੋਲ ਉਸ ਸਮੇਂ 80,000 ਏਕੜ ਅਜਿਹੀ ਹੀ ਭੋਂ ਸੀ; ਹਾਲਾਂਕਿ ਖੇਤੀ ਸੁਧਾਰ ਕਨੂੰਨ ਨੇ 150 ਏਕੜ ਤੋਂ ਵੱਧ ਜ਼ਮੀਨ ਰੱਖਣ 'ਤੇ ਮਨਾਹੀ ਕੀਤੀ ਹੋਈ ਸੀ। ਹਬੀਬ ਸਨਅਤੀ ਘਰਾਣੇ ਕੋਲ 90 ਸਨਅਤੀ ਅਦਾਰੇ ਸਨ; ਮੀਆਂ ਮੁਹੰਮਦ ਮਣਸ਼ਾ 45 ਕੰਪਨੀਆਂ ਦਾ ਮਾਲਕ ਸੀ; ਮੀਆਂ ਨਵਾਜ਼ ਸ਼ਰੀਫ ਦਾ 29 ਵੱਡੇ ਸਨਅਤੀ ਅਦਾਰਿਆਂ 'ਤੇ ਕਬਜ਼ਾ ਸੀ; ਸਦਰੂਦੀਨ ਹਾਸ਼ਵਾਨੀ ਕੋਲ 25 ਕੰਪਨੀਆਂ ਸਨ ਅਤੇ ਚੌਧਰੀ ਮੰਨੂਸ 18 ਵੱਡੀਆਂ ਟੈਕਸਟਾਈਲ ਤੇ ਖੰਡ ਮਿੱਲਾਂ ਦਾ ਮਾਲਕ ਸੀ। ਹਸਨ ਐਸੋਸੀਏਟਸ ਦਾ ਮਾਲਕ ਚੌਧਰੀ ਫਰੂਕ ਹਸਨ ਉਨ੍ਹਾਂ ਸਾਲਾਂ ਦੀਆਂ ਕੀਮਤਾਂ ਅਨੁਸਾਰ 40 ਲੱਖ ਡਾਲਰ ਤੋਂ ਵੀ ਵਧੇਰੇ ਲਾਗਤ ਵਾਲੀ ਆਲੀਸ਼ਾਨ ਕੋਠੀ ਵਿਚ ਰਹਿ ਰਿਹਾ ਸੀ। ਐਸਕਟਸ ਗਰੁੱਪ ਦੇ ਚੌਧਰੀ ਬਸ਼ੀਰ ਅਹਿਮਦ ਦਾ ਲਾਹੌਰ ਦੇ ਪੌਸ਼ ਗੁਲਬਰਗ ਏਰੀਏ ਵਿਚ 40000 ਵਰਗ ਫੁੱਟ ਤੋਂ ਵੱਧ ਏਰੀਏ ਵਿਚ ਆਪਣਾ ਸ਼ਾਹੀ ਮਹਿਲ ਸੀ।

ਸ਼ਹੀਨ ਇਹ ਵੀ ਦੱਸਦਾ ਹੈ ਕਿ ਕੌਮੀਕਰਨ ਦੇ ਬਾਵਜੂਦ ਸਾਲ 1999 ਦੇ ਉਸ ਸਾਲ ਤੱਕ ਬੈਂਕਾਂ ਦੇ ਕੁਲ ਕਰੈਡਿਟ ਵਿਚੋ 80% ਤੋਂ ਵੀ ਵੱਧ ਸਰਮਾਇਆ ਮਹਿਜ਼ 1500 ਵਿਅਕਤੀਆਂ ਅਤੇ ਫਰਮਾਂ ਦੀਆਂ ਜੇਬਾਂ ਵਿਚ ਜਾ ਰਿਹਾ ਸੀ। ਅਜਿਹੇ ਅੰਕੜਿਆਂ ਦੀ ਸੂਚੀ ਕਾਫੀ ਲੰਮੀ ਹੈ। ਅਸਲ ਗੱਲ ਇਹ ਹੈ ਕਿ ਪਾਕਿਸਤਾਨ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਅੱਜ ਤੱਕ ਆਮ ਮੁਸਲਮਾਨ ਦੀ ਉਥੇ ਕੋਈ ਵੁਕਅਤ ਨਹੀਂ ਹੈ। ਉਹ ਉਦੋਂ ਵੀ ਹਰੀਸ (ਗਰੀਬ) ਸੀ। ਅੱਜ ਵੀ ਉਸ ਦੀ ਹਾਲਤ ਹਰੀਸ ਹੈ। ਪਾਕਿਸਤਾਨ ਦੀ ਡੌਂਡੀ ਥੋੜ੍ਹੇ ਜਿਹੇ ਲੋਕਾਂ ਦੀ ਵਿਸ਼ੇਸ਼ ਜਮਾਤ ਨੇ ਪਿੱਟੀ ਸੀ-ਗਰੀਬ ਮੁਸਲਮਾਨ ਨੂੰ ਤਾਂ ਉਨ੍ਹਾਂ ਨੇ ਮੋਹਰਾ ਹੀ ਬਣਾਇਆ ਸੀ। ਅੱਜ ਵੀ ਉਹ ਆਪਣੀ ਹੋਣੀ ਦਾ ਸਰਦਾਰ ਨਹੀਂ-ਮੋਹਰਾ ਹੀ ਹੈ। ਮੁਹੰਮਦ ਅਲੀ ਜਿਨਾਹ ਦੀ ਰਾਜਨੀਤਿਕ 'ਭਾਸ਼ਣਬਾਜ਼ੀ' ਵਿਚ ਭਲੇ ਹੀ ਅਜਿਹੇ ਝੂਠੇ ਵਾਅਦੇ ਸ਼ਾਮਲ ਹੋਣ ਪਰ ਉਸਦੇ ਮਾਲੀ ਏਜੰਡੇ ਵਿਚ ਆਮ ਗਰੀਬ ਮੁਸਲਮਾਨ ਨੂੰ ਸਰਦਾਰੀ ਬਖਸ਼ਣ ਦਾ ਉਕਾ ਹੀ ਕੋਈ ਵਿਧੀ ਵਿਧਾਨ ਮੌਜੂਦ ਨਹੀਂ ਸੀ।

ਇਸ ਤੋਂ ਵਧ ਕੇ ਪਾਕਿਸਤਾਨ ਦੀ ਮੌਜੂਦ ਹਾਲਤ ਦਾ ਪਤਾ ਬਿਲ ਲਾਦਿਨ ਵਾਲੇ ਡਰਾਮੇ ਤੋਂ ਵੀ ਕਾਫੀ ਲਗ ਸਕਦਾ ਹੈ। ਜਰਨਲ ਕਿਆਨੀ ਆਪਣੇ ਜਰਨੈਲਾਂ ਦੀ ਜੁੰਡਲੀ ਨਾਲ ਮਸ਼ਵਰੇ ਪਿੱਛੋਂ ਆਪਣੇ ਕਿਸੇ ਜੋਟੀਦਾਰ ਕੋਲੋਂ ਅਜਿਹੀ ਧਮਕੀ ਕਿ ਜੇ ਅਗਾਂਹ ਕਿਸੇ ਨੇ ਇਉਂ ਕੀਤਾ ਤਾਂ ਅਸੀਂ ਉਸ ਨੂੰ ਬਚ ਕੇ ਨਿਕਲਣ ਨਹੀਂ ਦੇਵਾਂਗੇ-ਅਖਬਾਰਾਂ ਦੇ ਨਾਂ ਨਸ਼ਰ ਕਰਵਾਉਣ ਪਿੱਛੋਂ ਘਰ ਜਾ ਕੇ ਅਜੇ ਸ਼ਾਇਦ ਸੁੱਤਾ ਵੀ ਨਾ ਹੋਵੇ ਕਿ ਅਗਲੇ ਪਾਕਿਸਤਾਨ ਦੀ ਸਰ-ਜ਼ਮੀਨ 'ਚ ਦਾਖਲ ਹੋ ਕੇ 12 'ਜਹਾਦੀਆਂ' ਨੂੰ ਫੂੰਡ ਜਾਂਦੇ ਹਨ।



*ਕਾਇਦੇ ਆਜ਼ਮ ਜਿਨਾਹ*

ਪਾਕਿਸਤਾਨ ਬਾਰੇ ਇਹ ਵਿਸਥਾਰ ਦੇਣ ਸਮੇਂ ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਵੱਖਰੀ ਸੋਚ ਰੱਖਣ ਵਾਲੇ ਸਾਡੇ ਸਾਥੀ ਭਾਰਤ ਬਾਰੇ ਵੀ ਅਜਿਹੇ ਹੀ ਤੱਥਾਂ ਦੇ ਅੰਬਾਰ ਖੜ੍ਹੇ ਕਰਨ ਵਿਚ ਮੇਰੇ ਤੋਂ ਕਿਤੇ ਵੱਧ ਮਾਹਿਰ ਹਨ ਅਤੇ ਬਹੁਤੇ ਨੁਕਤਿਆਂ ਤੇ ਕੇਵਲ ਤਥਾਤਮਿਕ ਪੱਧਰ 'ਤੇ ਮੈਥੋਂ ਸ਼ਾਇਦ ਉਨ੍ਹਾਂ ਨਾਲ ਅਸਹਿਮਤ ਵੀ ਨਾ ਹੋਇਆ ਜਾਵੇ। ਮਸਲਨ ਉਹ ਆਸਾਨੀ ਨਾਲ ਕਹਿ ਸਕਦੇ ਹਨ ਕਿ ਸਰਮਾਇਆ ਭਾਰਤ ਅੰਦਰ ਵੀ ਕੁਝ ਕੁ ਹੱਥਾਂ ਵਿਚ ਹੀ ਸੀਮਤ ਹੈ ਅਤੇ ਆਮ ਆਦਮੀ ਦੀ ਹਾਲਤ ਇੱਥੇ ਵੀ ਬੁਰੀ ਹੀ ਹੈ। ਇਸ ਗੱਲ 'ਤੇ ਮੈਂ ਉਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਮੇਰੀ ਇਸ ਗੱਲ ਨਾਲ ਵੀ ਪੂਰਨ ਸੰਮਤੀ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਨਾਲ ਵਿਤਕਰੇ ਕੀਤੇ ਹਨ ਅਤੇ ਸਮੂਹ ਵਰਗਾਂ ਦੇ ਪੰਜਾਬੀਆਂ ਨੂੰ ਨਾਲ ਲੈ ਕੇ ਉਹ ਵਿਤਕਰੇ ਜਲਦੀ ਤੋਂ ਜਲਦੀ ਦੂਰ ਕਰਵਾਏ ਜਾਣੇ ਚਾਹੀਦੇ ਹਨ। ਲੇਕਿਨ ਕਿਸੇ ਵੀ ਕਿਸਮ ਦੀ ਸੌੜੀ-ਸੰਕੀਰਨ ਫਿਰਕੂ ਸੋਚ ਨਾਲ ਅਜਿਹਾ ਕਤਈ ਸੰਭਵ ਨਹੀਂ ਹੋ ਸਕਦਾ।

ਸਾਨੂੰ ਇਹ ਸਪੱਸ਼ਟ ਪਤਾ ਹੋਣਾ ਚਾਹੀਦਾ ਹੈ ਕਿ ਪਾਕਿਸਤਾਨ ਦੀ ਤਰਜ਼ 'ਤੇ ਖੁਦਾ-ਨ-ਖਾਸਤਾ ਜੇ ਕੋਈ 'ਸਿੱਖਸਤਾਨ' ਬਣ ਵੀ ਜਾਂਦਾ ਹੈ ਤਾਂ ਉਸ ਦਾ ਆਮ ਗਰੀਬ ਸਿੱਖ ਸੰਗਤ ਨੂੰ ਉਕਾ ਹੀ ਕੋਈ ਲਾਭ ਨਹੀਂ ਹੋਵੇਗਾ। ਅੱਜ ਦੇ ਯੁੱਗ ਵਿਚ ਜੇਕਰ 'ਹੰਨੇ-ਹੰਨੇ ਪਾਤਸ਼ਾਹੀ' ਬਖਸ਼ਣ ਦਾ ਮਹਾਨ ਸੁਪਨਾ ਸਾਕਾਰ ਕਰਨ ਦੀ ਉਮੀਦ ਰੱਖਣੀ ਹੈ ਤਾਂ ਉਸ ਲਈ ਤਰਜੀਹਾਂ ਅਲੱਗ ਅਤੇ ਸਮਾਜਿਕ ਵਿਕਾਸ ਦੇ ਭਵਿੱਖਨਕਸ਼ੇ ਹੋਰ ਹੋਣਗੇ। ਉਹ ਬਣਨੇ ਚਾਹੀਦੇ ਹਨ। ਸਾਡੇ ਬਜ਼ੁਰਗਾਂ ਦੇ ਮਹਾਨ ਸੁਪਨੇ ਨੂੰ ਸਹੀ ਦਿਸ਼ਾ ਵਿਚ ਸਾਕਾਰ ਕਰਨ ਦੀ ਜਦੋਜਹਿਦ ਜਾਰੀ ਰਹਿਣੀ ਚਾਹੀਦੀ ਹੈ, ਬਲਕਿ ਲਾਜ਼ਮੀ ਤੌਰ 'ਤੇ ਜਾਰੀ ਰੱਖਣੀ ਚਾਹੀਦੀ ਹੈ।

ਅਖੀਰ ਵਿਚ ਮੇਰਾ ਅਜਮੇਰ ਸਿੰਘ ਜਾਂ ਪਰਮਜੀਤ ਸਿੰਘ ਗਾਜੀ ਨੂੰ ਇਹ ਸੁਝਾਅ ਹੈ ਕਿ ਉਹ ਪ੍ਰੋ. ਬਲਕਾਰ ਸਿੰਘ ਨੂੰ ਚੁਣੌਤੀ ਦੇਣ ਦੀ ਕਾਹਲ ਕਰਨ ਦੀ ਬਜਾਏ ਉਨ੍ਹਾਂ ਦੀ 2 ਅਪਰੈਲ ਵਾਲੀ ਖੁੱਲ੍ਹੀ ਚਿੱਠੀ ਦੀਆਂ ਇਹ ਸਤਰਾਂ ਜਰਾ ਠਰ੍ਹੰਮੇ ਨਾਲ ਦੁਬਾਰਾ ਜ਼ਰੂਰ ਪੜ੍ਹਨ,


"ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਪੰਥ ਉਚੇਰਾ ਲੈ ਜਾਣ ਵਾਸਤੇ ਜੋ ਸਿੱਖਿਆ ਦਿੱਤੀ, ਉਹ ਕਿਸੇ ਵੀ ਧਰਮ ਦੇ ਹਾਕਮਾਂ ਦੇ ਖਿਲਾਫ ਤਾਂ ਭੁਗਤਦੀ ਹੈ ਪਰ ਕਿਸੇ ਜਾਤੀ ਵਿਸ਼ੇਸ਼ ਦੇ ਖਿਲਾਫ ਬਿਲਕੁਲ ਨਹੀਂ। ਗੁਰੂ ਪੰਥ ਨੂੰ ਬਾਣੀ ਦੀ ਅਗਵਾਈ ਵਿਚ ਗੁਰਮਤਿ ਦੀ ਭਾਵਨਾ ਵਿਚ ਕੋਈ ਵੀ ਫੈਸਲਾ ਲੈਣ ਦਾ ਅਧਿਕਾਰ ਹੈ ਪਰ ਜਿਸ ਫੈਸਲੇ ਦੀ ਵਕਾਲਤ ਅਜਮੇਰ ਸਿੰਘ ਦੀਆਂ ਪੁਸਤਕਾਂ ਵਿਚ ਹੋ ਰਹੀ ਹੈ, ਇਸ ਬਾਰੇ ਆਮ ਪੰਥਕ ਮੁੱਖ ਧਾਰਾ ਨੇ ਕਦੀ ਸੋਚਿਆ ਸੀ ਜਾਂ ਗੁਰਮਤਾ ਕੀਤਾ?"

ਅਗਲੀਆਂ ਦੋ-ਤਿੰਨ ਸਤਰਾਂ ਵਿਚ ਪ੍ਰੋ. ਬਲਕਾਰ ਸਿੰਘ ਸਾਵਧਾਨ ਕਰਦੇ ਹਨ ਕਿ ਜੇਕਰ ਇਸ ਤਰ੍ਹਾਂ ਗੁਰਬਾਣੀ ਦੀ ਜੁਗਤਿ ਨੂੰ ਨਜ਼ਰਅੰਦਾਜ਼ ਕਰਕੇ ਕੋਈ ਫੈਸਲਾ ਲੈਣ ਦਾ ਅਧਿਕਾਰ ਕਿਸੇ ਨਿਗੁਣੀ ਗਿਣਤੀ ਵਾਲੇ ਟੋਲੇ ਨੂੰ ਮਿਲ ਗਿਆ ਜਾਂ ਉਸ ਨੇ ਹਥਿਆ ਲਿਆ ਤਾਂ ਨਿਰਸੰਦੇਹ ਸਿੱਖ ਆਪਣੇ ਦੁਸ਼ਮਣ ਆਪ ਹੀ ਹੋ ਜਾਣਗੇ। ਫਿਰ ਇਹੋ ਜਿਹੀ ਹਾਲਤ ਵਿਚ ਤਾਂ ਕਹਿਣਾ ਹੀ ਪਵੇਗਾ ਕਿ ਸਿੱਖੀ ਨੂੰ ਸਿੱਖਾਂ ਤੋਂ ਬਚਾਉਣ ਦੀ ਲੋੜ ਪੈ ਗਈ ਹੈ।"

ਮੈਂ ਇਕ ਵਾਰ ਮੁੜ ਇਸ ਲੇਖ ਅੰਦਰ ਆ ਰਹੇ ਦੁਹਰਾਓ ਲਈ ਅਫਸੋਸ ਪ੍ਰਗਟਾਉਂਦਿਆਂ ਦੱਸਣਾ ਚਾਹਾਂਗਾ ਕਿ 'ਪੰਜਾਬ ਟਾਈਮਜ਼' ਦੇ ਪਾਠਕ ਠੀਕ ਹੀ ਨੋਟ ਕਰਦੇ ਹਨ ਕਿ ਅਕਾਲੀਆਂ ਦੀ ਨਰਮਦਲੀ ਕਹਾਉਂਦੀ ਲੀਡਰਸ਼ਿਪ ਅਤੇ ਬੌਧਿਕ ਹਲਕਿਆਂ ਨੇ ਇਕ ਨਹੀਂ, ਅਨੇਕਾਂ ਵਾਰੀ ਸਿੱਖਾਂ ਨੂੰ ਹਿੰਦੂਆਂ ਦੇ ਗੁਲਾਮ ਹੋਣ ਦੀ ਗੱਲ ਕਹੀ ਹੈ। ਇਹ ਵੀ ਸੱਚ ਹੈ ਕਿ ਇਹ ਦ੍ਰਿਸ਼ਟੀਕੋਣ ਵੀ ਅਜਮੇਰ ਸਿੰਘ ਦਾ ਮੌਲਿਕ ਨਹੀਂ, ਸਗੋਂ ਉਸ ਨੇ ਸਿੱਖ ਲੀਡਰਸ਼ਿਪ ਕੋਲੋਂ ਹੀ ਉਧਾਰਾ ਲਿਆ ਹੈ ਅਤੇ ਉਸ ਦਾ ਸਿਧਾਂਤਕ ਵਿਸਥਾਰ ਹੀ ਕੀਤਾ ਹੈ। ਲੇਕਿਨ ਜਦੋਂ ਇਕ ਪਾਸੇ ਹਿੰਦੂ ਗੁਲਾਮੀ ਪ੍ਰਤੀ ਸਿੱਖ ਲੀਡਰਸ਼ਿਪ ਅਤੇ ਦੂਜੇ ਪਾਸੇ ਅਕਾਲੀ ਧਾਰਾ ਨਾਲ ਜੁੜੇ (ਸਮੇਤ ਡਾ. ਬਲਕਾਰ ਸਿੰਘ ਦੇ) ਬੌਧਿਕ ਵਰਗ ਦੀ, ਅਤੇ ਅਜਮੇਰ ਸਿੰਘ ਦੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਪ੍ਰਤੀ ਅਮਲੀ ਪਹੁੰਚ ਦਾ ਤੁਅੱਲਕ ਹੈ, ਤਾਂ ਇਸ ਅੰਦਰ ਬੁਨਿਆਦੀ ਫਰਕ ਦੇਖਣਾ ਚਾਹੀਦਾ ਹੈ। ਅਜਮੇਰ ਸਿੰਘ, ਪਰਮਜੀਤ ਸਿੰਘ ਗਾਜ਼ੀ ਜਾਂ ਕਿਸੇ ਵੀ ਹੋਰ ਸੱਜਣ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਰਾਜਨੀਤਕ ਧਿਰਾਂ ਦੇ ਰਾਜਨੀਤਕ ਪ੍ਰੋਗਰਾਮਾਂ ਅਤੇ ਉਨ੍ਹਾਂ ਦੀ ਪੂਰਤੀ ਲਈ ਵਕਤ-ਵਕਤ 'ਤੇ ਸਬੰਧਤ ਨੇਤਾਵਾਂ ਵਲੋਂ ਵਰਤੀ ਭਾਸ਼ਣੀ ਸੁਰ (ਰੈਟਰਿਕ) ਵਿਚ ਅਕਸਰ ਹੀ ਵੱਡੇ ਅੰਤਰ ਹੁੰਦੇ ਹਨ।

ਬੇਸ਼ਕ ਮੈਂ ਪਿੱਛੇ ਸਪੱਸ਼ਟ ਕਰ ਚੁੱਕਾ ਹਾਂ ਕਿ ਸਿੱਖ/ਅਕਾਲੀ ਨੇਤਾਵਾਂ ਦੀ ਗੈਰ ਜ਼ਿੰਮੇਵਾਰਾਨਾ ਭਾਸ਼ਣੀ ਸੁਰ ਕਦੀ ਵੀ ਤਰਕਸੰਗਤ ਨਹੀਂ ਸੀ। ਫਿਰ ਵੀ ਉਸ ਦੀ ਅੰਦਰੂਨੀ ਗਿਰੀ ਕਦੀ ਵੀ ਉਹ ਨਹੀਂ ਸੀ, ਜਿਸ ਤਰ੍ਹਾਂ ਦੀ ਅਜਮੇਰ ਸਿੰਘ ਸਾਨੂੰ ਮੰਨ ਜਾਣ ਲਈ ਉਕਸਾ ਰਿਹਾ ਹੈ। ਕਿਸੇ ਧਿਰ ਵਲੋਂ ਕੋਈ ਬਿਆਨ ਦਾਗ ਦੇਣਾ ਅਤੇ ਉਸ ਅੰਦਰ ਛੁਪੇ ਅਰਥਾਂ ਨੂੰ ਅਮਲ ਵਿਚ ਸਾਕਾਰ ਕਰਨ ਲਈ ਭਾਸ਼ਣਬਾਜ਼ੀ ਅਤੇ ਜਤਨ ਕਰਨੇ ਦੋ ਅਲੱਗ ਅਲੱਗ ਚੀਜ਼ਾਂ ਹਨ। ਨਰਮਦਲੀ ਸਿੱਖ ਲੀਡਰਸ਼ਿਪ ਅਤੇ ਸਿੱਖ ਬੌਧਿਕਤਾ ਨੇ ਜੋ ਕੁਝ ਵੀ ਬੋਲਿਆ ਜਾਂ ਲਿਖਿਆ ਹੈ, ਉਹ ਦਬਾ-ਪਾਊ ਰਾਜਨੀਤੀ ਅਤੇ ਸਿੱਖ ਜਨਮਾਨਸ ਨੂੰ ਉਕਸਾ ਕੇ ਅੰਦੋਲਨਾਂ ਵਿਚ ਖਿਚ ਲਿਆਉਣ ਦੀ ਦਾਅਪੇਚਕ ਨੀਤੀ ਸੀ। ਹਿੰਦੂਆਂ ਦੇ ਕਤਲ ਕਰਨੇ ਤਾਂ ਉਨ੍ਹਾਂ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੋਚੇ, ਕਥਿਤ ਹਿੰਦੂ ਗੁਲਾਮੀ ਵਿਰੁਧ ਟਿਕਵੀਂ ਤੇ ਲਮਕਵੀਂ ਲੜਾਈ ਦੇਣੀ ਉਨ੍ਹਾਂ ਦੀ ਕਦੇ ਵੀ ਰਣਨੀਤੀ ਨਹੀਂ ਰਹੀ। ਜਦੋਂ ਤੱਕ ਰਣਨੀਤੀ ਅਤੇ ਦਾਅਪੇਚਾਂ ਦਾ ਸੁਮੇਲ ਨਾ ਹੋਵੇ ਤਾਂ ਵਾਕ-ਯੁੱਧ ਦੇ ਕੋਈ ਅਰਥ ਨਹੀਂ ਬਣਦੇ ਹੁੰਦੇ। ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਜਾਂ ਘਰ ਵਿਚ ਬੈਠ ਕੇ, ਖਾਲਿਸਤਾਨ ਦੇ ਨਾਅਰੇ ਮਾਰ ਦੇਣ ਨਾਲ ਵੀ ਹਿੰਦੂਆਂ ਪ੍ਰਤੀ ਜ਼ਹਿਰ ਦੇ ਬੀਜ ਨਹੀਂ ਬੀਜੇ ਕਹੇ ਜਾ ਸਕਦੇ। ਸੈਂਕੜੇ ਹੀ ਸਿੱਖ ਨੌਜਵਾਨ ਸਿਰਫ਼ ਇਸ ਕਰਕੇ ਬਰੀ ਕਰਨੇ ਪਏ ਹਨ ਕਿ ਉਨ੍ਹਾਂ ਵਿਰੁਧ ਕੋਈ ਕੇਸ ਹੀ ਸਾਬਤ ਨਹੀਂ ਹੁੰਦਾ ਸੀ। ਅਜੇ ਹੁਣੇ ਹੀ ਮਾਓਵਾਦੀਆਂ ਨਾਲ ਰਲੇ ਹੋਣ ਦੇ ਕਥਿਤ ਦੋਸ਼ਾਂ ਦਾ ਨਿਪਟਾਰਾ ਕਰਦਿਆਂ ਸਰਬਉਚ ਅਦਾਲਤ ਨੂੰ ਡਾ. ਬਿਨਾਇਕ ਸੇਨ ਨੂੰ ਜ਼ਮਾਨਤ ਦੇਣੀ ਪਈ ਹੈ, ਜਦਕਿ ਹੇਠਲੀਆਂ ਸਭ ਅਦਾਲਤਾਂ ਨੇ ਉਸ ਲਈ ਉਮਰ ਕੈਦ ਦੀ ਸਜ਼ਾ ਪੱਕੀ ਕਰ ਦਿੱਤੀ ਸੀ। ਹੈਰਾਨ ਹੋਣ ਦੀ ਲੋੜ ਨਹੀਂ, ਇਸੇ ਡਾ. ਸੇਨ ਨੂੰ ਕੇਂਦਰੀ ਯੋਜਨਾ ਕਮਿਸ਼ਨ ਦੀ ਅਤਿ ਅਹਿਮ ਸਿਹਤ ਕਮੇਟੀ ਦਾ ਮੈਂਬਰ ਵੀ ਬਣਾ ਦਿੱਤਾ ਗਿਆ ਹੈ। ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਸਾਹਿਤ ਰੱਖ ਲੈਣ ਜਾਂ ਬਿਨਾਂ ਠੋਸ ਸਰਗਰਮੀ ਦੇ ਖਾਲਿਸਤਾਨ ਦੇ ਨਾਅਰੇ ਮਾਰ ਦੇਣੇ ਵੀ ਦੇਸ਼-ਧਰੋਹ ਦੇ ਜ਼ੁਮਰੇ ਵਿਚ ਨਹੀਂ ਆਉਂਦੇ।

ਸਭ ਖਾਮੀਆਂ ਦੇ ਬਾਵਜੂਦ ਅਕਾਲੀ ਰਾਜਨੀਤੀ ਦਾ ਇਹੋ ਜ਼ਬਤ ਜਾਂ ਤਕਾਜ਼ਾ ਸੀ ਕਿ ਉਨ੍ਹਾਂ ਨੇ ਆਪਣੇ ਵਲੋਂ ਬੀਜੇ ਕਥਿਤ ਜ਼ਹਿਰੀ ਬੀਜਾਂ ਨੂੰ ਕਦੇ ਉਗਣ ਹੀ ਨਹੀਂ ਦਿੱਤਾ, ਫਲ ਪੈਣੇ ਤਾਂ ਦੂਰ ਦੀ ਗੱਲ ਸੀ। ਰਾਜਨੀਤੀ ਦਾ ਇਹੋ ਸੰਜਮ ਹੀ ਮਹਾਤਮਾ ਗਾਂਧੀ ਪ੍ਰਗਟਾਉਂਦਾ ਰਿਹਾ। ਚੌਰਾ-ਚੌਰੀ ਦੀ ਘਟਨਾ ਤੋਂ ਬਾਅਦ ਉਸ ਨੇ ਕਾਂਗਰਸ ਪਾਰਟੀ




ਦੀ ਅਜਿਹੀ ਦਿਸ਼ਾ-ਨੀਤੀ ਤੈਅ ਕਰ ਦਿੱਤੀ ਕਿ ਕਿਸੇ ਦੀ ਹਿੰਮਤ ਹੀ ਨਹੀਂ ਪਈ ਕਿ ਉਸ ਦੇ ਜਿਉਂਦੇ ਜੀ ਕੋਈ ਆਗੂ ਉਸ ਦੀ ਪਾਰਟੀ ਜਾਂ ਪੈਰੋਕਾਰਾਂ ਨੂੰ ਕਿਸੇ ਮਾਅਰਕੇਬਾਜ਼ ਮਾਰਗ 'ਤੇ ਲੈ ਜਾਵੇ। ਸੁਭਾਸ਼ ਚੰਦਰ ਬੋਸ ਵਰਗਿਆਂ ਨੇ ਜ਼ਰਾ ਜਿੰਨੀ ਵੀ ਚੂੰ-ਚਰਾਂ ਕੀਤੀ ਤਾਂ ਉਨ੍ਹਾਂ ਨੂੰ ਝਬਦੇ ਹੀ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ। ਦੂਜੇ ਪਾਸੇ ਗਦਰੀਆਂ, ਬੱਬਰ ਅਕਾਲੀਆਂ, ਭਗਤ ਸਿੰਘ ਤੇ ਉਸ ਦੇ ਸਾਥੀਆਂ, ਸਰਹੱਦੀ ਕੌਮੀਅਤਾਂ ਦੀਆਂ ਖਾੜਕੂ ਲਹਿਰਾਂ, ਹਕੀਕੀ ਨਕਸਲੀਆਂ ਉਰਫ਼ ਮਾਓਵਾਦੀਆਂ ਦੀ ਰਣਨੀਤੀ ਤੇ ਦਾਅਪੇਚਾਂ ਵਿਚਕਾਰ ਕੋਈ ਵਿਸ਼ੇਸ਼ ਦਵੰਦ ਦਿਖਾਈ ਨਹੀਂ ਦਿੰਦਾ ਸੀ, ਨਾ ਚੱਲ ਰਹੀਆਂ ਲਹਿਰਾਂ ਵਿਚ ਹੈ। ਇਥੇ ਮੈਂ ਕਿਸੇ ਲਹਿਰ ਦੇ ਠੀਕ ਜਾਂ ਗਲਤ ਹੋਣ ਬਾਰੇ ਫਤਵਾ ਨਹੀਂ ਦੇ ਰਿਹਾ, ਸਗੋਂ ਰਣਨੀਤੀ ਤੇ ਦਾਅਪੇਚਾਂ ਦੇ ਸੁਮੇਲ ਜਾਂ ਬੇਮੇਲ ਦੀ ਹੀ ਗੱਲ ਕਰ ਰਿਹਾ ਹਾਂ।

ਅਕਾਲੀ ਲੀਡਰਸ਼ਿਪ ਦੀ ਰਣਨੀਤੀ ਅਤੇ ਦਾਅਪੇਚਾਂ ਨੂੰ ਸਮਝਣ ਲਈ ਅਜਮੇਰ ਸਿੰਘ ਦੀ ਪਹਿਲੀ ਕਿਤਾਬ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਕਾਫੀ ਵਧੀਆ ਮਸਾਲਾ ਪ੍ਰਦਾਨ ਕਰਦੀ ਹੈ। ਉਸ ਨੇ ਅਕਾਲੀ ਰਾਜਨੀਤੀ ਦਾ ਦਰੁਸਤ ਤੱਤ ਕੱਢਿਆ ਹੈ ਕਿ 1947 ਤੋਂ ਪਹਿਲਾਂ ਉਨ੍ਹਾਂ ਦੀ ਸਿੱਖ ਕੌਮ ਲਈ ਵੱਖਰੇ ਰਾਜ ਦੀ ਮੰਗ ਕਿਸੇ ਠੋਸ ਨਿਹਚਾ ਵਿਚੋਂ ਨਹੀਂ, ਸਗੋਂ ਮੁਸਲਿਮ ਲੀਗ ਵਲੋਂ ਪਾਕਿਸਤਾਨ ਦੀ ਮੰਗ ਦੇ ਨਾਂਹਪੱਖੀ ਵਿਰੋਧ ਵਿਚੋਂ ਨਿਕਲਦੀ ਸੀ। ਉਸ ਵੇਲੇ ਸਿੱਖ ਮੋਗਾ ਅਤੇ

## ਵਿਚਾਰ-ਚਰਚਾ

ਤਰਨਤਾਰਨ ਤਹਿਸੀਲਾਂ ਨੂੰ ਛੱਡ ਕੇ ਕਿਸੇ ਵੀ ਇਲਾਕੇ ਵਿਚ ਬਹੁਗਿਣਤੀ ਨਹੀਂ ਬਣਦੇ ਸਨ ਅਤੇ ਦੋ ਤਹਿਸੀਲਾਂ ਦੀਆਂ ਹੱਦਾਂ ਵੀ ਭੂਗੋਲਿਕ ਤੌਰ 'ਤੇ ਆਪਸ ਵਿਚ ਨਹੀਂ ਜੁੜਦੀਆਂ ਸਨ। ਇਸ ਲਈ ਅਕਾਲੀ ਸਿੱਖ ਲੀਡਰਸ਼ਿਪ ਦੀਆਂ ਲੱਖ ਕੋਸ਼ਿਸ਼ਾਂ ਅਤੇ ਅੰਗਰੇਜ਼ ਬਸਤੀਵਾਦੀਆਂ ਦੀਆਂ ਹਮਦਰਦੀਆਂ ਦੇ ਬਾਵਜੂਦ ਵੱਖਰੇ ਸਿੱਖ ਰਾਜ ਦੀ ਮੰਗ, ਉਸ ਵੇਲੇ ਸਥਾਪਤ ਕੀਤੇ ਗਏ ਚੌਖਟੇ ਦੇ ਕਿਸੇ ਖੂੰਜੇ ਵਿਚ ਵੀ ਫਿੱਟ ਨਹੀਂ ਬੈਠਦੀ ਸੀ। ਅਕਾਲੀ ਦਲ ਨੂੰ ਨਾ ਸਿਰਫ ਇਹ ਮੰਗ ਹੀ ਛੱਡਣੀ ਪਈ, ਸਗੋਂ ਆਪਣੀ ਹੋਣੀ ਨੂੰ ਹਮੇਸ਼ਾ ਲਈ ਭਾਰਤ ਨਾਲ ਟੋਚਨ ਵੀ ਕਰਨਾ ਪਿਆ। ਇੰਨਾ ਹੀ ਨਹੀਂ, ਉਨ੍ਹਾਂ ਨੇ ਤਾਂ 17 ਮਾਰਚ 1948 ਨੂੰ ਇਕ ਮਤਾ ਪਾਸ ਕਰਕੇ ਅਕਾਲੀ ਦਲ ਨੂੰ ਭੰਗ ਕਰਕੇ ਕਾਂਗਰਸ ਪਾਰਟੀ ਵਿਚ ਸ਼ਾਮਲ ਵੀ ਕਰ ਲਿਆ।

ਇਸ ਤੋਂ ਬਾਅਦ ਉਨ੍ਹਾਂ ਅੰਦਰ ਜਦੋਂ ਵੀ ਵੇਲੇ ਕੁਵੇਲੇ ਵੱਖਰੇ ਸਿੱਖ ਰਾਜ ਦਾ ਹੇਰਵਾ ਉਠਿਆ ਤਾਂ ਇਹ ਕੇਂਦਰ ਅਤੇ ਸੂਬੇ ਦੀ ਕਾਂਗਰਸ ਸਰਕਾਰ ਉਪਰ ਵੱਧ ਰਿਆਇਤਾਂ ਹਾਸਲ ਕਰਨ ਦੀ ਦਾਅਪੇਚਕ ਨੀਤੀ ਦਾ ਹੀ ਹਿੱਸਾ ਸੀ। ਜੇ ਮਾਸਟਰ ਤਾਰਾ ਸਿੰਘ ਕਦੇ ਕਦਾਈਂ ਸਿਆਸੀ ਮਜ਼ਬੂਰੀ ਵਿਚ ਹਿੰਦੂ ਆਗੂਆਂ ਨੂੰ ਭੰਡ ਛੱਡਦੇ ਸਨ, ਤਾਂ ਉਨ੍ਹਾਂ ਦਾ ਉਹ ਪੈਂਤੜਾ ਕਿਸੇ ਨਿਹਚਾ ਦੀ ਦੱਸ ਨਹੀਂ ਸੀ ਪਾਉਂਦਾ। ਜੇ ਅਜਿਹਾ ਹੁੰਦਾ ਤਾਂ ਉਹ 1948 ਵਿਚ ਕਾਂਗਰਸ ਪਾਰਟੀ ਵਿਚ ਜਜ਼ਬ ਹੋਣ ਦੇ ਫੈਸਲੇ ਨੂੰ ਸੱਤ ਸਾਲਾਂ ਬਾਅਦ ਹੀ 30 ਸਤੰਬਰ 1956 ਵਿਚ ਨਾ ਦੁਹਰਾਉਂਦੇ ਤੇ ਫੇਰ ਕੁਝ ਸੀਟਾਂ ਦੀ ਲੈਣ ਦੇਣ ਦੇ ਬਦਲੇ ਹੀ ਇਹ ਸਮਝੌਤਾ ਟੁੱਟ ਨਾ ਜਾਂਦਾ। ਇਸ ਤੋਂ ਬਾਅਦ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਚੱਲੇ ਪੰਜਾਬੀ ਸੂਬਾ ਮੋਰਚੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮਰਨ ਵਰਤ ਰੱਖਣ ਅਤੇ 'ਹਵਨ ਕੁੰਡ' ਵਿਚ ਆਤਮਦਾਹ ਕਰਨ ਵਰਗੀਆਂ ਸਿਆਸੀ ਟੋਟਕੇਬਾਜ਼ੀਆਂ ਨਾਲ ਸਿੱਖ ਰਾਜਨੀਤੀ ਵਿਚ ਉਨ੍ਹਾਂ ਦਾ ਜੋ ਹਸ਼ਰ ਹੋਇਆ ਸੀ, ਉਸ ਬਾਰੇ ਟਿੱਪਣੀ ਕਰਨ ਦੀ ਲੋੜ ਨਹੀਂ ਹੈ।

ਸਿੱਖ ਪੰਥ ਦੇ ਧਨੰਤਰ ਵਿਦਵਾਨ ਸਿਰਦਾਰ ਕਪੂਰ ਸਿੰਘ ਦੀ ਵੀ ਇਹੀ ਹੋਣੀ ਰਹੀ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸਕ ਮਤੇ ਵਿਚ ਸਿੱਖ ਅਰਦਾਸ ਅੰਦਰ ਸਿੱਖ ਆਵਾਮ ਦੇ ਕਿਸੇ ਵਿਸ਼ੇਸ਼ ਸਮੇਂ, ਸਥਾਨ ਤੇ ਆਪਣੀ ਹਸਤੀ ਹੋਣੀ ਦੇ ਬਚਾਓ ਲਈ ਲਹੂ-ਵੀਟਵੀਂ ਜਦੋਜਹਿਦ ਦੌਰਾਨ ਉਭਰੇ ਬੋਲਿਆਂ ਦੇ ਮੁਹਾਵਰੇ ਵਿਚੋਂ "ਇਕ ਅਜਿਹਾ ਦੇਸ਼ਕਾਲ ਘੜਨਾ, ਜਿਸ ਵਿਚ ਖਾਲਸਾ ਜੀ ਕਾ ਬੋਲਬਾਲਾ ਹੋ ਸਕੇ" ਵਰਗੇ ਵਾਕੰਸ਼ ਪਾ ਕੇ ਉਨ੍ਹਾਂ ਨੇ ਅਕਾਲੀਆਂ ਦੀ ਸਥਿਤੀ ਨਾਜ਼ਕ ਨਹੀ ਸੀ ਬਣਾ ਦਿੱਤੀ? ਡਾ. ਹਰਪਾਲ ਸਿੰਘ ਪੰਨੂ ਨੇ 'ਪੰਜਾਬ ਟਾਈਮਜ਼' ਦੇ ਕਾਲਮਾਂ ਵਿਚ ਹੀ ਸਿਰਦਾਰ ਕਪੂਰ ਸਿੰਘ ਦੀ ਕਰਨੀ ਅਤੇ ਕਥਨੀ ਉਪਰ ਪਹਿਲਾਂ ਹੀ ਭਾਵਪੂਰਨ ਟਿੱਪਣੀ ਕੀਤੀ ਹੋਈ ਹੈ। ਖੁਦ ਅਜਮੇਰ ਸਿੰਘ ਵੀ ਉਸ ਦਾ ਖੂਬਸੂਰਤ ਚਰਿਤਰ ਚਿਤਰਣ ਕਰਦੇ ਹਨ। ਉਮੀਦ ਹੈ, ਪਾਠਕ ਸਿਰਦਾਰ ਕਪੂਰ ਸਿੰਘ ਬਾਰੇ ਉਸ ਦੀ ਲੰਬੀ ਟੂਕ ਦਾ ਬੁਰਾ ਨਹੀਂ ਮਨਾਉਣਗੇ, "ਸਿਰਦਾਰ ਕਪੂਰ ਸਿੰਘ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਸਿੱਖਾਂ ਦੇ ਪ੍ਰਭੂਸੱਤਾ ਸੰਪੰਨ ਰਾਜ ਦੇ ਹਾਮੀ ਰਹੇ ਹਨ। ਆਪਣੇ ਇਨ੍ਹਾਂ ਵਿਚਾਰਾਂ 'ਤੇ ਉਨ੍ਹਾਂ ਨੇ ਜੀਵਨ ਭਰ ਅਡੋਲ ਪਹਿਰਾ ਦਿੱਤਾ ਹੈ।" (ਅਜਮੇਰ ਸਿੰਘ ਨੇ ਇਹ ਨਹੀਂ ਦੱਸਿਆ ਕਿ ਸਿਰਦਾਰ ਸਾਹਿਬ ਦਾ ਪ੍ਰਭੂਸੱਤਾ ਸੰਪੰਨ ਸਿੱਖ ਗਣਰਾਜ ਦਾ ਸੁਪਨਾ ਕਿਹੜੇ ਸਾਲ ਤੋਂ ਸ਼ੁਰੂ ਹੁੰਦਾ ਹੈ ਅਤੇ ਕਦੋਂ ਖਤਮ ਹੁੰਦਾ ਹੈ, ਕਿਉਂਕਿ ਉਨ੍ਹਾਂ ਨੇ ਤਾਂ ਪਹਿਲਾਂ ਆਈ. ਸੀ. ਐਸ. ਹੁੰਦੇ ਹੋਏ ਗੋਰੇ ਹਾਕਮਾਂ ਦੀ ਦੱਬ ਕੇ ਚਾਕਰੀ ਕੀਤੀ, ਫੇਰ ਅਖੌਤੀ ਹਿੰਦੂ ਰਾਜ ਦੀ। ਉਨ੍ਹਾਂ ਨੂੰ ਨੌਕਰੀ ਤੋਂ ਇਸ ਲਈ ਕੱਢਿਆ ਗਿਆ ਸੀ ਕਿ ਉਨ੍ਹਾਂ ਉਪਰ ਸਿਰੇ ਦੇ ਜ਼ਿੱਦੀ ਅਤੇ ਅਮੋੜ ਹੋਣ ਵਰਗੇ ਗੰਭੀਰ ਦੋਸ਼ ਲੱਗੇ ਸਨ, ਨਾ ਕਿ "ਅਜ਼ਾਦ ਸਿੱਖ ਸਟੇਟੀਆ" ਹੋਣ ਕਰਕੇ।)

ਫੇਰ ਵੀ ਉਹ ਪਹਿਲੀ ਧਾਰਨਾ ਦਾ ਖੁਦ ਹੀ ਖੰਡਨ ਕਰਦੇ ਹੋਏ ਫੁਰਮਾਉਂਦੇ ਹਨ, "ਸ. ਕਪੂਰ ਸਿੰਘ ਦੇ ਜ਼ਿਹਨ ਅੰਦਰ 'ਅਖੰਡ ਭਾਰਤ' ਦਾ ਸੰਕਲਪ ਇਸ ਕਦਰ ਛਾਇਆ ਹੋਇਆ ਸੀ ਕਿ ਉਹ ਆਪਣੇ ਹਰ ਰਾਜਸੀ ਕਥਨ ਅੰਦਰ ਇਸ ਪ੍ਰਤੀ ਆਪਣੀ ਦ੍ਰਿੜ ਨਿਸ਼ਚਾ ਦੁਹਰਾਉਣ ਦੇ ਕਰਤੱਵ ਤੋਂ ਕਦੇ ਭੁੱਲ ਕੇ ਵੀ ਨਹੀਂ ਖੁੰਝੇ। ਉਹ ਹਰ ਮੌਕੇ 'ਇਕ ਇਕਹਿਰੀ ਭਾਰਤੀ ਕੌਮ' ਵਿਚ ਆਪਣੀ ਸ਼ਰਧਾ ਪ੍ਰਗਟ ਕਰਦੇ ਰਹੇ... ਉਨ੍ਹਾਂ ਨਾ ਸਿਰਫ਼ ਭਾਰਤ ਦੀ ਫੌਜੀ ਸ਼ਕਤੀ ਨੂੰ ਮਜ਼ਬੂਤ ਕਰਨ ਅਤੇ ਪ੍ਰਮਾਣੂ ਹਥਿਆਰ ਵਿਕਸਤ ਕਰਨ ਦੀ ਜ਼ੋਰਦਾਰ ਵਜ਼ਾਹਤ ਕੀਤੀ, ਸਗੋਂ ਉਹ ਭਾਰਤ ਦੀਆਂ 'ਇਤਿਹਾਸਕ ਅਤੇ ਵਾਤਾਵਰਣ ਦੁਆਰਾ ਬਖਸ਼ੀਆਂ ਸਰਹੱਦਾਂ ਨੂੰ ਮੁੜ ਹਥਿਆਉਣ' ਦੀ ਕੋਰੀ ਹਿੰਦੂ

ਸ਼ਾਵਨਿਸਟ ਪੁਜੀਸ਼ਨ ਲੈਣ ਤੱਕ ਚਲੇ ਗਏ। ਉਨ੍ਹਾਂ ਦਾ ਹਿੰਦੂਆਂ ਨਾਲ ਗਿਲਾ ਸੀ ਕਿ ਉਹ ਆਪਣੇ ਮੂਲ ਨਾਲ ਵਫ਼ਾਦਾਰ ਨਹੀਂ ਰਹੇ ਜਦਕਿ ਸਿੱਖ ਪੁਰਾਤਨ ਹਿੰਦੂ ਜਾਤੀ ਦੀ ਇਸ ਮੂਲ ਵਿਰਾਸਤ ਦੇ ਅਸਲੀ ਅਤੇ ਸੱਚੇ ਪਹਿਰੇਦਾਰ ਹਨ। ਉਹ ਫਖ਼ਰ ਨਾਲ ਇਹ ਗੱਲ ਕਹਿੰਦੇ ਸਨ, ਕਿ ਸਿੱਖ "ਸਨਾਤਨ ਤੇ ਵਿਸ਼ਵ ਕਲਿਆਣਕਾਰੀ ਹਿੰਦੂ ਧਰਮ ਦੀ ਸ਼ੁੱਧ ਆਤਮਾ ਦੇ ਵਾਰਸ ਹਨ।" (ਲੇਖਕ ਦੀ ਪਹਿਲੀ ਕਿਤਾਬ, ਛਾਪ ਚੌਥੀ, ਪੰਨਾ-151)

ਮੈਨੂੰ ਨਹੀਂ ਲੱਗਦਾ ਕਿ ਕੋਈ ਵੀ ਆਮ ਨਿੰਗਰ ਅਮਲੀ ਸੂਝ ਵਾਲਾ ਸ਼ਖ਼ਸ ਅਜਿਹੇ ਵਿਰੋਧਾਭਾਸਾਂ ਦੇ ਰੂ-ਬ-ਰੂ ਹੋਏ ਬਿਨਾਂ ਰਹਿ ਸਕਦਾ ਹੋਵੇ। ਇਹ ਕਿਹੋ ਜਿਹੀ ਸਿਧਾਂਤਕਾਰੀ ਹੈ, ਜੀਹਦੇ ਵਿਚ ਸਿੱਖ ਅਲੱਗ ਕੌਮ ਵੀ ਹੋਣ ਅਤੇ ਉਹ ਹਿੰਦੂਆਂ ਦੀ ਵੈਦਿਕ ਪਰੰਪਰਾ ਦੇ ਸੱਚੇ ਤੇ ਸੁੱਚੇ ਪਹਿਰੇਦਾਰ ਵੀ ਹੋਣ? ਭਾਰਤ ਇਕੋ ਇਕ ਇਕਹਿਰੀ ਕੌਮ ਵੀ ਹੋਵੇ ਅਤੇ ਉਸ ਅੰਦਰ ਵਸਦੇ ਸਿੱਖਾਂ ਨੂੰ ਕਿਸੇ ਪ੍ਰਭੂਸੱਤਾ ਸੰਪੰਨ ਰਾਜ ਦੀ ਲੋੜ ਵੀ ਪੈਂਦੀ ਹੋਵੇ। ਭਾਰਤ ਦੇਸ਼ ਇਕ ਤੇ ਅਖੰਡ ਵੀ ਰਹੇ ਅਤੇ ਸਿੱਖਾਂ ਲਈ ਨਾ ਸਿਰਫ ਵੱਖਰਾ ਰਾਜ ਹੋਵੇ ਸਗੋਂ ਭਾਰਤ ਦੇਸ਼ ਐਨਾ ਬਲਵਾਨ ਤੇ ਪ੍ਰਮਾਣੂ ਸ਼ਕਤੀ ਨਾਲ ਲੈਸ ਹੋ ਜਾਵੇ ਕਿ ਕੁਦਰਤ ਵਲੋਂ ਬਖ਼ਸ਼ੀਆਂ ਹੋਈਆਂ ਸਰਹੱਦਾਂ (ਅਰਥਾਤ ਪਾਕਿਸਤਾਨ ਅਤੇ ਬੰਗਲਾਦੇਸ਼) ਨੂੰ ਮੁੜ ਆਪਣੇ ਵਿਚ ਮਿਲਾਉਣ ਦੇ ਸਮਰੱਥ ਹੋ ਜਾਵੇ। ਜੇ ਸਿੱਖ ਹੀ ਹਿੰਦੂਆਂ ਦੀ ਸਨਾਤਨ ਤੇ ਵੈਦਿਕ ਪਰੰਪਰਾ ਦੇ ਸ਼ੁੱਧ ਤੇ ਸੱਚੇ ਵਾਰਸ ਹਨ ਤਾਂ ਫੇਰ ਉਹ "ਹਿੰਦੂ ਸਟੇਟ" ਦੇ ਹੀ ਗੁਲਾਮ ਕਿਵੇਂ ਬਣ ਸਕਦੇ ਹਨ। ਇਹ ਸਿਰਦਾਰ ਕਪੂਰ ਹੀ ਸਨ, ਜਿਨਾਂ ਨੇ ਸੰਵਿਧਾਨ ਦੀ 16ਵੀਂ ਸੋਧ ਦੀ ਅਕਾਲੀਆਂ ਦੇ ਬਾਕੀ ਸੰਸਦ ਮੈਂਬਰਾਂ ਵਾਂਗ ਹੀ ਗੱਜ-ਵੱਜ ਕੇ ਹਮਾਇਤ ਕੀਤੀ ਸੀ, ਇਸ ਸੋਧ ਨਾਲ ਭਾਰਤ ਨਾਲੋਂ ਵੱਖ ਹੋਣ ਦਾ ਪ੍ਰਚਾਰ ਕਰਨ ਦਾ ਜਮਹੂਰੀ ਹੱਕ ਖੋਹ ਲਿਆ ਗਿਆ ਸੀ ਜਦਕਿ ਡੀ.ਐਮ.ਕੇ. ਨੇ ਇਸ ਤਜਵੀਜ਼ ਦਾ ਡਟਵਾ ਵਿਰੋਧ ਕੀਤਾ ਸੀ। (ਸਫ਼ਾ-140)

ਅਸਲ ਵਿਚ ਇਥੇ ਕਸੂਰ ਸਿਰਦਾਰ ਕਪੂਰ ਸਿੰਘ ਦਾ ਨਹੀਂ ਹੈ, ਸਗੋਂ ਉਨ੍ਹਾਂ ਦੀ ਅੰਗਰੇਜ਼ ਤੇ ਹਿੰਦੂ ਸਟੇਟ ਦੀ ਕੀਤੀ ਚਾਕਰੀ ਦੌਰਾਨ ਉਸਰੇ ਕਿਰਦਾਰ ਦਾ ਹੈ। ਜਦੋਂ ਤੱਕ ਇਨ੍ਹਾਂ ਲੋਕਾਂ ਨੂੰ ਆਮ ਬੰਦਿਆਂ ਨੂੰ ਕੁੱਟਣ ਤੇ ਛਿੱਲ ਲਾਹੁਣ ਦੀ ਖੁੱਲ ਮਿਲਦੀ ਰਹੇ ਤਾਂ ਉਹ ਹਿੰਦੂ ਵਿਰਾਸਤ ਦੇ ਸ਼ੁੱਧ ਵਾਰਸ ਹੁੰਦੇ ਹਨ, ਲੇਕਿਨ ਜਦੋਂ ਜਾਬਤੇ ਦੀ ਗੰਭੀਰ ਉਲੰਘਣਾ ਵਰਗੇ ਕਿਸੇ ਝੂਠੇ ਸੱਚੇ ਦੋਸ਼ ਵਜੋਂ ਨੌਕਰੀ ਤੋਂ ਹੱਥ ਧੋ ਬੈਠਦੇ ਹਨ ਜਾਂ ਸਿਆਸਤ ਵਿਚ ਪੈਰ ਨਹੀਂ ਟਿੱਕਦੇ ਤਾਂ 'ਸਿੱਖ ਕੌਮੀਏ' ਬਣ ਜਾਂਦੇ ਹਨ। ਅਜਿਹੇ ਲੋਕਾਂ ਦਾ ਕਿਸੇ ਸੰਘਰਸ਼ ਨਾਲ ਅਮਲੀ ਪੱਧਰ 'ਤੇ ਕੋਈ ਲੈਣਾ ਦੇਣਾ ਨਹੀਂ ਹੁੰਦਾ। ਇਹ ਵੀਲ੍ਹ-ਚੇਅਰ ਮਾਰਕਾ ਰੀੜ੍ਹ-ਰਹਿਤ ਪ੍ਰਾਣੀ ਹੁੰਦੇ ਹਨ। ਜਦੋਂ ਤੱਕ ਸੰਘਰਸ਼ ਕਰਦੀ ਲੀਡਰਸ਼ਿਪ ਇਨ੍ਹਾਂ ਦੀ ਪੁਚ-ਪੁਚ ਕਰਦੀ ਰਹੇ ਤਾਂ ਇਹ ਖੁਸ਼ ਰਹਿੰਦੇ ਹਨ। ਜਦੋਂ ਪੁੱਛ-ਪ੍ਰਤੀਤ ਨਾ ਰਹੇ ਤਾਂ ਉਹੀ ਲੀਡਰਸ਼ਿਪ ਇਨ੍ਹਾਂ ਲਈ "ਅਨਪੜ੍ਹ ਤੇ ਗੰਵਾਰ" ਬਣ ਜਾਂਦੀ ਹੈ ਅਤੇ ਇਹ ਵੱਡੇ ਸਿਧਾਂਤਕਾਰ ਬਣ ਕੇ ਇਲਹਾਮੀ ਅੰਦਾਜ਼ ਵਿਚ ਗਾਲਾਂ ਲੱਦੇ ਪ੍ਰਵਚਨ ਸੁਣਾਉਣ ਲਈ ਜੀਭਾਂ ਤਿੱਖੀਆਂ ਕਰ ਲੈਂਦੇ ਹਨ। ਚੇਤੇ ਰਹੇ ਕਿ ਇਸ ਮਹਾਂ ਗਿਆਨੀ ਦੀ 1967 ਦੀਆਂ ਆਮ ਚੋਣਾਂ ਵਿਚ ਜ਼ਮਾਨਤ ਵੀ ਜ਼ਬਤ ਹੋ ਗਈ ਸੀ ਅਤੇ ਮਾਸਟਰ ਅਕਾਲੀ ਦਲ ਦਾ ਹਮੇਸ਼ਾਂ ਲਈ ਤੱਪੜ ਰੁੱਲ ਗਿਆ ਸੀ। ਫੇਰ 'ਜ਼ਹਿਰ ਦੀ ਖੇਤੀ' ਕੀਹਨੇ ਬੀਜਣੀ ਸੀ ਤੇ ਕੀਹਨੇ ਵੱਢਣੀ ਸੀ?

ਵੀਹਵੀਂ ਸਦੀ ਦੀ ਅਕਾਲੀ ਰਾਜਨੀਤੀ ਉਪਰ ਤੈਰਵੀਂ ਨਜ਼ਰ ਮਾਰੀ ਜਾਵੇ ਤਾਂ 1940ਵਿਆਂ ਤੱਕ ਇਹ ਇਤਿਹਾਸਕ ਸਿੱਖ ਗੁਰਧਾਮਾਂ ਨੂੰ ਅਜ਼ਾਦ ਕਰਵਾਉਣ, ਆਪਣਾ ਕੰਟਰੋਲ ਪੱਕਾ ਕਰਨ, 1956 ਤੱਕ ਕਾਂਗਰਸ ਪਾਰਟੀ ਨਾਲ ਰੁੱਸਣ ਤੇ ਮਨਾਉਣ ਦੀ ਲੁਕਣਮੀਟੀ ਖੇਡਣ ਤੱਕ ਸੀਮਤ ਕਹੀ ਜਾ ਸਕਦੀ ਹੈ। ਅਜਮੇਰ ਸਿੰਘ ਇਹ ਗੱਲ ਬਿਲਕੁਲ ਦਰੁਸਤ ਨੋਟ ਕਰਦਾ ਹੈ ਕਿ ਅਕਾਲੀਆਂ ਦੀ "ਸਿੱਖ ਸਟੇਟ" ਬਾਰੇ ਪਹੁੰਚ ਹਾਂ-ਪੱਖੀ ਨਜ਼ਰੀਏ ਦੀ ਬਜਾਏ ਨਾਂਹ-ਪੱਖੀ ਨਜ਼ਰੀਏ ਤੋਂ ਲੜੀ ਜਾਂਦੀ ਰਹੀ ਸੀ। ਮੁਸਲਿਮ ਲੀਗ ਵਲੋਂ 1940ਵਿਆਂ ਵਿਚ ਸਪਸ਼ਟ ਤੌਰ 'ਤੇ ਵੱਖਰੇ ਰਾਜ ਦੇ ਪੈਂਤੜੇ 'ਤੇ ਆ ਜਾਣ ਮਗਰੋਂ ਹੀ ਅਕਾਲੀਆਂ ਦੇ ਹੱਥ ਪੈਰ ਫੁੱਲਣ ਲੱਗਦੇ ਹਨ, ਪਹਿਲਾਂ ਨਹੀਂ। ਇਥੋਂ ਹੀ ਉਨ੍ਹਾਂ ਦੀ "ਪੰਥ ਖਤਰੇ ਵਿਚ ਹੈ" ਅਤੇ ਵੇਲੇ-ਕੁਵੇਲੇ ਦੀ ਵਾਕ-ਜੰਗ (ਰੈਟਰਿਕ) ਨਿਕਲਣੀ ਸ਼ੁਰੂ ਹੁੰਦੀ ਹੈ। ਦੋ-ਤਿੰਨ ਸਾਲ ਦੀ ਕੁਰਬਲ-ਕੁਰਬਲ ਤੋਂ ਬਾਅਦ ਹੀ ਗਿਆਨੀ ਕਰਤਾਰ ਸਿੰਘ 1943 ਵਿਚ "ਅਜ਼ਾਦ ਪੰਜਾਬ" ਦਾ ਨਾਅਰਾ ਬੁਲੰਦ ਕਰਦੇ ਹਨ ਜਿਸਦੀ ਤਾਈਦ ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਸਾਧੂ ਸਿੰਘ ਹਮਦਰਦ, ਅਮਰ ਸਿੰਘ ਦੁਸਾਂਝ ਅਤੇ ਅਮਰ ਸਿੰਘ ਅੰਬਾਲਵੀ ਵਲੋਂ ਕੀਤੀ ਜਾਂਦੀ ਹੈ। ਇਸ ਖਿੱਤੇ ਵਿਚ ਅੰਬਾਲਾ, ਜਲੰਧਰ, ਲਾਹੌਰ, ਮੁਲਤਾਨ ਅਤੇ ਲਾਇਲਪੁਰ ਦੀਆਂ ਪ੍ਰਬੰਧਕੀ ਡਿਵੀਜ਼ਨਾਂ ਨੂੰ ਸ਼ਾਮਲ ਕਰਨ ਦੀ ਮੰਗ ਕੀਤੀ ਜਾਂਦੀ ਹੈ। ਕ੍ਰਿਪਸ ਮਿਸ਼ਨ ਦੇ ਆਉਣ ਨਾਲ ਤਾਂ ਮਾਮਲਾ ਹੋਰ ਸਾਫ਼ ਹੁੰਦਾ ਜਾਂਦਾ ਹੈ ਅਤੇ ਨਾਲ ਹੀ ਸਿੱਖ ਲੀਡਰਸ਼ਿਪ ਦੀ ਬੇਚੈਨੀ ਦਾ ਤਾਪਮਾਨ ਵੀ ਵੱਧਦਾ-ਘੱਟਦਾ ਹੀ ਰਹਿੰਦਾ ਹੈ।

ਮਾਸਟਰ ਤਾਰਾ ਸਿੰਘ ਨਾਲ ਵੀ ਇਵੇਂ ਹੀ ਵਾਪਰਿਆ। ਪੰਜਾਬੀ ਸੂਬੇ ਦੇ ਸਮੁੱਚੇ ਅੰਦੋਲਨ ਦੌਰਾਨ ਉਹ ਸਿੱਖ ਸੰਗਤਾਂ ਵਿਚੋਂ ਹੀ ਨਿਖੇੜ ਦਿੱਤੇ ਗਏ, ਕਿਉਂਕਿ ਜਿਸ ਸ਼ਹਿਰੀ ਮੱਧਵਰਗ ਵਿਚ ਉਨ੍ਹਾਂ ਦਾ ਆਧਾਰ ਸੀ, ਵੰਡ ਤੋਂ ਬਾਅਦ ਉਹ ਬਹੁਤਾ ਕਰਕੇ ਪੰਜਾਬ ਤੋਂ ਬਾਹਰ ਖਿੰਡ-ਪੁੰਡ ਗਿਆ। ਇਸ ਤਬਕੇ ਦੇ ਆਰਥਿਕ ਹਿਤ ਪੰਜਾਬ ਦੇ ਕਿਸਾਨ ਹਿਤਾਂ ਨਾਲੋਂ ਤੱਤ ਰੂਪ ਵਿਚ ਵੱਖਰੇ ਸਨ। ਧਰਮ ਦੀ ਸਾਂਝ ਵੀ ਉਨ੍ਹਾਂ ਨੂੰ ਆਪਸ ਵਿਚ ਜੋੜਨ ਦੇ ਸਮਰੱਥ ਨਹੀਂ ਸੀ। ਅਸੀਂ ਵੀ ਵਾਰ-ਵਾਰ ਇਹੀ ਗੱਲ ਕਹਿੰਦੇ ਆ ਰਹੇ ਹਾਂ ਕਿ ਕੌਮੀ ਸਵਾਲ ਅੰਦਰ ਧਰਮ ਦੀਆਂ ਸਾਂਝਾਂ ਨਹੀਂ ਪੁੱਗਦੀਆਂ ਹੁੰਦੀਆਂ। ਨਵੀਂ ਉਭਰੀ ਪੇਂਡੂ ਧਨਾਢ ਤੇ ਜਗੀਰੂ ਅਕਾਲੀ ਲੀਡਰਸ਼ਿਪ ਅੱਗੇ ਮਾਸਟਰ ਜੀ ਦੇ ਨਾ ਪੈਰ ਲੱਗਣੇ ਸਨ, ਨਾ ਹੀ ਲੱਗ ਸਕੇ। ਅਜਿਹੇ ਮਾਹੌਲ ਵਿਚ ਕੋਈ ਘਰ ਦੇ ਖੂੰਜੇ ਵਿਚ ਲੱਗਿਆ ਬੈਠਾ, ਟੁੱਟੇ ਹੋਏ ਗਮਲਿਆਂ ਵਿਚ "ਜ਼ਹਿਰ ਦੀ ਖੇਤੀ" ਕਰਦਾ ਫਿਰੇ, ਤਾਂ ਕਿਸੇ ਨੂੰ ਵੀ ਉਸਦਾ ਕੀ ਭਾਅ?

ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਬਾਰੇ ਮਸ਼ਹੂਰ ਹੈ ਕਿ ਲਾਇਸੈਂਸ ਤਾਂ ਇਨ੍ਹਾਂ ਨੇ ਪਿਸਤੌਲ ਦਾ ਲੈਣਾ ਹੁੰਦਾ ਹੈ ਅਤੇ ਹਿੰਡ ਤੋਪ ਲੈਣ ਦੀ ਕਰ ਬਹਿੰਦੇ ਹਨ। 1972 ਦੀਆਂ ਚੋਣਾਂ ਵਿਚ ਹੋਈ ਲੱਕ ਤੋੜਵੀਂ ਹਾਰ ਮਗਰੋਂ ਇਨ੍ਹਾਂ ਨੂੰ ਫੁਰਨਾ ਫੁਰਿਆ ਕਿ "ਪੰਥ ਖ਼ਤਰੇ ਵਿਚ ਹੈ" ਅਤੇ ਸਾਨੂੰ ਅਜਿਹਾ ਪ੍ਰੋਗਰਾਮ ਦੇਣਾ ਚਾਹੀਦਾ ਹੈ ਜਿਸ ਨਾਲ ਕੇਂਦਰ ਦੀ ਸਰਕਾਰ ਕੰਬਣ ਲੱਗ ਪਵੇ। ਤਕਨੀਕੀ ਤੌਰ 'ਤੇ ਭਾਵੇਂ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ



*ਸਿਰਦਾਰ ਕਪੂਰ ਸਿੰਘ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ*

ਵਿਚ ਖਰੜਾ ਕਮੇਟੀ ਬਣੀ ਜਿਸ ਵਿਚ ਗੁਰਚਰਨ ਸਿੰਘ ਟੌਹੜਾ, ਜੀਵਨ ਸਿੰਘ ਉਮਰਾਨੰਗਲ, ਗੁਰਮੀਤ ਸਿੰਘ, ਡਾ. ਭਗਤ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ ਰਾੜੇਵਾਲਾ, ਅਮਰ ਸਿੰਘ ਅੰਬਾਲਵੀ, ਪਰੇਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਬਰਾੜ, ਭਾਗ ਸਿੰਘ ਅਤੇ ਮੇਜਰ ਜਨਰਲ ਗੁਰਬਖਸ਼ ਸਿੰਘ ਬੱਧਣੀ ਮੈਂਬਰ ਸਨ; ਲੇਕਿਨ ਸੂਤਰਾਂ ਮੁਤਾਬਕ ਇਸਦਾ ਅਸਲੀ ਸ਼ਬਦਸਾਜ਼ ਸਿਰਦਾਰ ਕਪੂਰ ਸਿੰਘ ਬਣ ਬੈਠਾ। ਇਸ ਸਿਧਾਂਤਕਾਰ ਨੇ ਮਤੇ ਦੇ ਸਿਆਸੀ ਨਿਸ਼ਾਨੇ ਵਿਚ ਦਰਜ ਕਰ ਦਿੱਤਾ:

"ਸਿੱਖ ਪੰਥ ਦਾ ਸਿਆਸੀ ਨਿਸ਼ਾਨਾ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖਾਲਸਾ ਪੰਥ ਦੇ ਮਨ ਮੰਦਰ ਵਿਚ ਉਕਰਿਆ ਚੱਲਿਆ ਆ ਰਿਹਾ ਹੈ। ਇਸਦਾ ਉਦੇਸ ਖਾਲਸਾ ਜੀ ਕੇ ਬੋਲਬਾਲੇ ਨੂੰ ਸਥਾਪਤ ਕਰਨਾ ਹੈ।"

ਸ਼੍ਰੋਮਣੀ ਅਕਾਲੀ ਦਲ ਦੀ ਬੁਨਿਆਦੀ ਨੀਤੀ ਇਕ ਅਜਿਹਾ ਭੂਗੋਲਿਕ ਖਿੱਤਾ ਹਾਸਲ ਕਰਨਾ ਅਤੇ ਆਪਣਾ ਵਿਧਾਨਕ ਢਾਂਚਾ ਕਾਇਮ ਕਰਨਾ ਹੈ, ਅਰਥਾਤ ਸੰਵਿਧਾਨ ਘੜਨ ਜ਼ਰੀਏ ਖਾਲਸਾ ਜੀ ਕੇ ਜਨਮ ਸਿੱਧ ਅਧਿਕਾਰ (ਯਾਨਿ ਸਿੱਖ ਸਟੇਟ) ਨੂੰ ਸਾਕਾਰ ਕਰਨਾ ਹੈ।" (ਅੰਗਰੇਜ਼ੀ 'ਚੋਂ ਅਨੁਵਾਦ)

ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 16-17 ਅਕਤੂਬਰ 1973 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਆਪਣੀ ਮੀਟਿੰਗ ਵਿਚ ਇਸ ਮਤੇ ਨੂੰ ਪ੍ਰਵਾਨਗੀ ਦੇ ਦਿੱਤੀ। ਪਾਸ ਹੋਣ ਮਗਰੋਂ ਹੀ ਇਹ ਮਤਾ ਆਪਣੀ 'ਕੁੰਭਕਰਨੀ ਨੀਂਦ' ਵਿਚ ਚਲਿਆ ਗਿਆ। ਦੰਦ ਕਥਾ ਅਨੁਸਾਰ ਹਰਕਿਸ਼ਨ ਸਿੰਘ ਸੁਰਜੀਤ ਵਰਗੇ ਦੋਸਤਾਂ ਨੇ ਅਕਾਲੀਆਂ ਨੂੰ ਇਸ ਮਤੇ ਦੀਆਂ ਅਰਥ-ਸੰਭਾਵਨਾਵਾਂ ਬਾਰੇ ਸਮਝਾਇਆ ਤਾਂ ਫੇਰ ਇਕ ਹੋਰ ਬੁੱਧੀਜੀਵੀ ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ ਨਵਾਂ ਮਤਾ ਤਿਆਰ ਕਰਕੇ ਦਿੱਤਾ ਜਿਸ ਵਿਚੋਂ ਖਾਲਸਾ ਜੀ ਕੇ ਬੋਲਬਾਲੇ, ਵੱਖਰਾ ਸੰਵਿਧਾਨ ਅਤੇ ਸਿੱਖ ਸਟੇਟ ਦੀ ਕਾਇਮੀ ਵਰਗੇ ਸ਼ਬਦ ਕੱਢ ਦਿੱਤੇ ਗਏ ਜਾਂ ਪੇਤਲੇ ਪਾ ਦਿੱਤੇ ਗਏ। ਇਸ ਮਤੇ ਨੂੰ ਸ਼੍ਰੋਮਣੀ ਅਕਾਲੀ ਦਲ ਦੀ 28-29 ਅਕਤੂਬਰ 1978 ਨੂੰ ਲੁਧਿਆਣੇ ਵਿਖੇ ਹੋਈ ਸਰਬ ਹਿੰਦ ਅਕਾਲੀ ਕਾਨਫਰੰਸ ਵਿਚ ਵਿਧੀਵਤ ਰੂਪ ਵਿਚ ਪਾਸ ਕਰ ਦਿੱਤਾ ਗਿਆ।

ਕਾਂਗਰਸੀਆਂ ਤੇ ਅਕਾਲੀ ਵਿਰੋਧੀਆਂ ਨੇ ਭਾਵੇਂ 1973 ਦੇ ਮਤੇ ਨੂੰ ਅੱਗੇ ਰੱਖ ਕੇ ਅਕਾਲੀਆਂ ਨੂੰ ਰੱਜ ਕੇ ਭੰਡਿਆ ਅਤੇ ਰਾਜੀਵ ਗਾਂਧੀ ਵਰਗਿਆਂ ਨੇ 1984 ਦੀਆਂ ਚੋਣਾਂ ਵਿਚ ਆਫ਼ਰ ਜਾਣ ਦੀ ਹੱਦ ਤੱਕ ਸਿਆਸੀ ਕਮਾਈ ਕੀਤੀ, ਲੇਕਿਨ ਸਰਕਾਰੀਆ ਕਮਿਸ਼ਨ ਕੋਲ ਵਿਚਾਰਨ ਲਈ ਅਤੇ ਰਾਜੀਵ-ਲੌਂਗੋਵਾਲ ਸਮਝੌਤੇ ਵਾਸਤੇ 1978 ਦੇ ਰੂਪ ਨੂੰ ਹੀ ਪੇਸ਼ ਕੀਤਾ ਗਿਆ। ਫੇਰ ਕੋਈ ਕਿਵੇਂ ਇਹ ਨਾਕਸ ਸਵਾਲ ਕਰ ਸਕਦਾ ਹੈ ਕਿ ਸੰਤ ਲੌਂਗੋਵਾਲ ਨੇ ਵੀ ਜ਼ਹਿਰ ਦੀ ਖੇਤੀ ਕੀਤੀ?

ਡਾ. ਬਲਕਾਰ ਸਿੰਘ ਨੇ ਸਿਆਸੀ 'ਟੋਲਿਆਂ/ਗਰੋਹਾਂ' ਵੱਲੋਂ ਪੰਥ ਨੂੰ ਅਗਵਾ ਕਰਨ ਦਾ ਜੋ ਜ਼ਿਕਰ ਕੀਤਾ ਹੈ, ਉਸ ਦਾ ਇਕ "ਸੁੰਦਰ" ਨਮੂਨਾ ਪਹਿਲੀ ਮਈ 1994 ਨੂੰ 6 ਕਾਗਜ਼ੀ ਸਿੱਖ ਜਥੇਬੰਦੀਆਂ ਵੱਲੋਂ ਜਾਰੀ ਕੀਤਾ ਗਿਆ "ਅੰਮ੍ਰਿਤਸਰ ਐਲਾਨਨਾਮਾ" ਹੈ। ਇਸ ਐਲਾਨਨਾਮੇ ਨੂੰ ਘੜਨ ਦਾ ਸਿਹਰਾ ਵੀ ਉਘੇ ਚਿੰਤਕ ਡਾ. ਗੁਰਭਗਤ ਸਿੰਘ ਦੇ ਸਿਰ ਬੰਨ੍ਹਿਆ ਜਾਂਦਾ ਹੈ। ਰੱਬ ਕਰੇ, ਉਹ ਇਸ ਦੁਰਭਾਗੀ ਕਾਰਵਾਈ ਵਿਚ ਸ਼ਾਮਲ ਨਾ ਹੋਵੇ, ਲੇਕਿਨ ਐਲਾਨਨਾਮੇ ਵਿਚ ਵਰਤੀ ਗਈ 'ਵਿਸਮਾਦੀ' ਸ਼ਬਦਾਵਲੀ ਉਸਦੀ ਸ਼ਮੂਲੀਅਤ ਦੀ ਚੁਗ਼ਲੀ ਕਰੇ ਬਿਨਾਂ ਰਹਿ ਨਹੀਂ ਸਕਦੀ। ਹੁਣ ਤੱਕ ਭਾਵੇਂ ਚੰਗੀ ਸੀ ਜਾਂ ਮਾੜੀ, ਵੱਖਰੀ ਸਿੱਖ ਸਟੇਟ, ਸਿੱਖ ਹੋਮਲੈਂਡ, ਸਿੱਖਾਂ ਦਾ ਆਪਣਾ ਘਰ ਆਦਿ ਦੇ ਨਾਅਰੇ ਦੇਣ ਵਕਤ ਦੋ ਟੁੱਕ ਅਤੇ ਸਾਫ਼-ਸਾਫ਼ ਸ਼ਬਦਾਂ ਵਿਚ ਗੱਲ ਕੀਤੀ ਜਾਂਦੀ ਸੀ; ਲੇਕਿਨ ਇਥੇ ਤਾਂ ਪੰਥ ਵਿਚੋਂ ਪਹਿਲਾਂ ਹੀ ਦਰ-ਕਿਨਾਰ ਕੀਤੀਆਂ ਜਾਂ ਭਵਿਖ ਵਿਚ ਦਰ-ਕਿਨਾਰ ਕੀਤੀਆਂ ਜਾਣ ਵਾਲੀਆਂ ਆਤਮਾਵਾਂ ਦੀ ਰੂਹ ਨੂੰ ਸ਼ਾਂਤੀ ਦੇਣ ਲਈ ਜਿਹੜੀ ਲਿਖਤ ਪ੍ਰਵਾਨ ਕੀਤੀ ਗਈ, ਉਹ ਸਿਆਸੀ ਸਾਹਿਤ ਦੀ ਸਭ ਤੋਂ ਨਾਕਸ 'ਯੁੱਧਮੱਤ' ਦੀ ਟੀਸੀ ਨੂੰ ਪਾਰ ਕਰਨ ਵਾਲੀ ਸੀ। ਪਾਠਕਾਂ ਲਈ ਚੋਣਵੇਂ ਨਮੂਨੇ ਪੇਸ਼ ਹਨ:

1. ਪੰਜਾਬੀ ਕੌਮ ਦੇ ਮੋਹਰੀ ਹੋਣ ਕਰਕੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਆਧਾਰਤ ਵੱਖਰੇ ਖਿੱਤੇ ਲਈ ਜਮਹੂਰੀ ਢੰਗ ਨਾਲ ਜੱਦੋਜਹਿਦ ਕਰਨ ਦਾ ਪ੍ਰਣ ਕਰਦੇ ਹਨ।

2. ਕੇਵਲ ਅਜਿਹੇ ਖਿੱਤੇ ਦੇ ਹੋਂਦ ਵਿਚ ਆਉਣ ਨਾਲ ਹੀ ਸਿੱਖ ਕੌਮ ਅਤੇ ਪੰਜਾਬੀਆਂ ਦੀਆਂ ਰੀਝਾਂ ਪੂਰੀਆਂ ਹੋ ਸਕਦੀਆਂ ਹਨ। ਇਸ ਨਾਲ ਘੱਟਗਿਣਤੀਆਂ ਦੀਆਂ ਸੰਭਾਵਨਾਵਾਂ ਵੀ ਮੂਰਤੀਮਾਨ ਹੋ ਸਕਣਗੀਆਂ। ਸਿੱਖ ਜੀਵਨ ਜਾਚ ਉਪਰ ਉਸਰੀਆਂ ਸੰਸਥਾਵਾਂ ਹੋਰਨਾਂ ਸਭਿਆਚਾਰਾਂ ਲਈ ਵੀ ਚਾਨਣ ਮੁਨਾਰਾ ਸਾਬਤ ਹੋਣਗੀਆਂ।

3. ਹਿੰਦੁਸਤਾਨ ਵਰਗੇ ਉਪਮਹਾਂਦੀਪ ਨੂੰ ਕਨਫੈਡਰਲ ਵਿਧਾਨ ਰਾਹੀਂ ਨਵੇਂ ਸਿਰਿਉਂ ਸੰਗਠਤ ਕਰਨ ਦੀ ਲੋੜ ਹੈ। ਜੇ ਹਿੰਦੁਸਤਾਨੀ ਹਾਕਮ ਇਹ ਗੱਲ ਪ੍ਰਵਾਨ ਨਹੀਂ ਕਰਦੇ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ ਇਕ ਪ੍ਰਭੂਸਤਾ ਸੰਪੰਨ ਰਾਜ ਦੀ ਮੰਗ ਕਰਨ ਅਤੇ ਇਸ ਲਈ ਸੰਘਰਸ਼ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਵੇਗਾ।

ਇਸ ਐਲਾਨਨਾਮੇ ਨਾਲ ਟੋਚਨ ਕੀਤਾ ਗਿਆ "ਖਾਲਸਾ ਪੰਥ ਨਾਲ ਕੀਤਾ ਪ੍ਰਣ ਪੱਤਰ" ਤਾਂ ਵਿਰੋਧਾਭਾਸਾਂ ਦਾ ਹੋਰ ਵੀ ਕਰੂਰ ਨਮੂਨਾ ਸੀ। ਇਸ ਵਿਚ ਆਪਸੀ ਮੱਤਭੇਦ ਭੁਲਾਉਣ, ਪੰਥ ਦੋਖੀਆਂ ਦੀਆਂ ਚਾਲਾਂ ਤੋਂ ਸਾਵਧਾਨ ਰਹਿਣ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਤ ਹੋਣ, ਖਾਲਸਾਈ ਰਵਾਇਤਾਂ ਰਾਹੀਂ ਕੌਮੀ ਕਾਰਜ ਲਈ ਲੋਕਤੰਤਰੀ ਤਰੀਕੇ ਨਾਲ ਜੂਝਦੇ ਰਹਿਣ, ਕਿਸੇ ਵੀ ਸੂਰਤ ਵਿਚ ਕੌਮ ਨਾਲ ਦਗ਼ਾ ਨਾ ਕਰਨ ਅਤੇ ਸੇਵਕ ਦੀ ਹੈਸੀਅਤ ਵਿਚ ਵਿਚਰਨ ਦੀ ਕਸਮ ਖਾਧੀ ਗਈ ਸੀ। ਐਲਾਨਨਾਮੇ ਉਪਰ ਅਮਰਿੰਦਰ ਸਿੰਘ, ਜਗਦੇਵ ਸਿੰਘ ਤਲਵੰਡੀ, ਸਿਮਰਨਜੀਤ ਸਿੰਘ ਮਾਨ, ਕਰਨਲ ਜਸਮੇਰ ਸਿੰਘ ਬਾਲਾ, ਭਾਈ ਮਨਜੀਤ ਸਿੰਘ ਅਤੇ ਸੁਰਜੀਤ ਸਿੰਘ ਬਰਨਾਲਾ ਦੇ ਦਸਤਖ਼ਤ ਸਨ ਅਤੇ ਪ੍ਰਣ ਪੱਤਰ ਉਪਰ ਇਨ੍ਹਾਂ ਛੇਆਂ ਤੋਂ ਇਲਾਵਾ ਜਥੇਦਾਰ ਟੌਹੜਾ ਨੇ ਵੀ ਸਹੀ ਪਾਈ ਹੋਈ ਹੈ, ਕਿਉਂਕਿ ਬਾਦਲ ਦਲ ਇਸ ਕਾਰਵਾਈ ਵਿਚ ਸ਼ਾਮਲ ਨਾ ਹੋਣ ਕਰਕੇ ਟੌਹੜਾ ਸਾਹਿਬ ਲਈ ਐਲਾਨਨਾਮੇ ਉਪਰ ਦਸਤਖ਼ਤ ਕਰਨੇ ਮੁਸ਼ਕਲ ਸਨ।

ਇਸ ਐਲਾਨਨਾਮੇ ਦਾ ਅਤੇ ਖਾਧੀਆਂ ਗਈਆਂ ਸਹੁੰਆਂ ਦਾ ਕੁੱਝ ਹੀ ਹਫ਼ਤਿਆਂ ਅੰਦਰ ਜੋ ਹਸ਼ਰ ਹੋਇਆ, ਉਹ ਹੁਣ ਤੱਕ ਦੇ ਸਿੱਖ ਇਤਿਹਾਸ ਦਾ ਸਭ ਤੋਂ ਵੱਧ ਤੇਜ਼ੀ ਨਾਲ ਭੁੱਲ ਭੁਲਾ ਜਾਣ ਵਾਲਾ ਵਰਤਾਰਾ ਸੀ। ਪ੍ਰਣ ਕਰਨ ਵਾਲੇ ਆਗੂਆਂ ਨੇ ਪਾਟੀ ਹੋਈ ਬੰਸਰੀ ਵਾਂਗ ਅਜਿਹੀਆਂ ਸੁਰਾਂ ਕੱਢੀਆਂ ਕਿ ਦਹਿਸੁਰਾ ਰਾਵਣ ਵੀ ਸ਼ਰਮ ਨਾਲ ਮਰ ਜਾਵੇ। ਕੀ ਕੋਈ ਪਾਠਕ ਦੱਸ ਸਕਦਾ ਹੈ ਕਿ ਸ੍ਰੀ ਅਕਾਲ ਤਖ਼ਤ 'ਤੇ ਪ੍ਰਣ ਕਰਨ ਵਾਲੇ ਉਪਰੋਕਤ ਆਗੂਆਂ ਦੀ ਏਕਤਾ ਦਾ ਅੱਜਕੱਲ ਕੀ ਹਾਲ ਹੈ? ਸਿਆਸੀ ਟੋਲਿਆਂ/ਗਰੋਹਾਂ ਲਈ 'ਸ਼ਬਦ ਗੁਰੂ' ਨੂੰ ਦਿੱਤੇ ਬਚਨ ਦੀ ਕਦੇ ਵੀ ਅਹਿਮੀਅਤ ਨਹੀਂ ਹੁੰਦੀ, ਉਸ ਦੀ ਅਜ਼ਮਤ ਦੀ ਰਖਵਾਲੀ ਕਰਨੀ ਤਾਂ ਦੂਰ ਦੀ ਗੱਲ ਹੈ। ਮੇਰੇ ਖਿਆਲ ਅਨੁਸਾਰ ਡਾ. ਬਲਕਾਰ ਸਿੰਘ ਵੱਲੋਂ ਅਜਿਹੀ ਨਿਗੂਣੀ ਗਿਣਤੀ ਵਾਲੇ ਸਿਆਸੀ ਟੋਲਿਆਂ ਦੀ ਮਾਅਰਕੇਬਾਜ਼ੀ ਵਿਰੁਧ ਕੀਤੀ ਚੌਕਸੀ ਨੂੰ ਇਸੇ ਪ੍ਰਸੰਗ ਵਿਚ ਲੈਣਾ ਚਾਹੀਦਾ ਹੈ।

ਪਰਮਜੀਤ ਸਿੰਘ ਗਾਜ਼ੀ ਜਾਂ ਅਜਮੇਰ ਸਿੰਘ ਹੋਰੀਂ ਸਮਝਾਉਂਦੇ ਹਨ ਕਿ "ਹੁਣ ਬਸਤੀਵਾਦ ਆਪਣਾ ਰੂਪ ਬਦਲ ਚੁੱਕਾ ਹੈ। ਇਸਦੇ ਨਾਲ ਹੀ ਬਹੁਕੌਮੀ ਦੇਸ਼ਾਂ ਅੰਦਰ ਅੰਦਰੂਨੀ ਬਸਤੀਵਾਦ ਦਾ ਨਵਾਂ ਵਰਤਾਰਾ ਸਾਹਮਣੇ ਆ ਚੁੱਕਾ ਹੈ।" ਸਾਡੇ ਲਈ ਇਹ "ਗਿਆਨ" ਨਵਾਂ ਨਹੀਂ ਹੈ। ਉਂਜ ਵਾਹਿਗੁਰੂ ਦਾ ਸ਼ੁਕਰ ਹੈ, ਕਿ ਸਿੱਖ ਫੈਡਰੇਸ਼ਨੀਆਂ ਦੀ ਨਵੀਂ ਪਨੀਰੀ ਬਸਤੀਵਾਦ ਵਰਗੇ ਵਰਤਾਰਿਆਂ ਬਾਰੇ ਵੀ ਸੋਚਣ ਲੱਗੀ ਹੈ, ਚਲੋ ਦੇਰ ਆਏ ਦਰੁਸਤ ਆਏ ਪਰ ਉਨ੍ਹਾਂ ਨੂੰ ਦੋਸਤਾਨਾ ਸਲਾਹ ਹੈ ਕਿ ਉਹ ਬਾਈ ਅਜਮੇਰ ਕੋਲੋਂ ਚੰਗੀ ਤਰ੍ਹਾਂ ਪੁੱਛ ਲੈਣ ਕਿ ਬਸਤੀਵਾਦ ਕੀ ਹੁੰਦਾ ਹੈ ਅਤੇ ਅਜੋਕੇ ਦੌਰ ਵਿਚ ਇਸ ਦੀ ਚਾਲਕ ਸ਼ਕਤੀ ਕਿਹੜੀ ਜਮਾਤ ਹੈ? ਭਾਰਤ ਵਿਚ ਵਿਕਾਸ ਦੇ ਵੱਖ-ਵੱਖ ਪੜਾਅ ਵਾਲੀਆਂ ਕਿੰਨੀਆਂ ਕੌਮੀਅਤਾਂ ਹਨ ਅਤੇ ਉਨ੍ਹਾਂ ਦੇ ਮੰਗਾਂ ਤੇ ਮਸਲੇ ਕੀ ਹਨ? ਕੌਮੀਅਤਾਂ ਨੂੰ ਦਬਾਉਣ ਵਾਲੀ ਕੋਈ ਇਕ ਕੱਲੀ 'ਕਹਿਰੀ ਭਾਰੂ ਕੌਮ ਹੈ ਜਾਂ ਵਿਕਸਤ ਕੌਮੀਅਤਾਂ ਦਾ ਕੋਈ ਇਕ ਜੁੱਟ ਹੋਇਆ ਗਿਰੋਹ ਹੈ? ਇਸ ਅੰਦਰੂਨੀ ਬਸਤੀਵਾਦ ਦੀ ਚਾਲਕ ਸ਼ਕਤੀ ਦੀ ਆਪਣੀ ਖੁਦ ਦੀ ਅੰਦਰੂਨੀ ਅਜ਼ਾਦੀ ਕਿੰਨੀ ਕੁ ਹੈ ਅਤੇ ਇਸ ਦਾ ਆਪਣੇ ਇਰਦ-ਗਿਰਦ ਦੀਆਂ ਬਹਿਰੂਨੀ ਸ਼ਕਤੀਆਂ ਨਾਲ ਕਿਹੋ ਜਿਹਾ ਰਿਸ਼ਤਾ ਹੈ? ਸ਼ਾਇਦ ਇਸ ਬਹਿਸ ਵਿਚ ਸ਼ੁਮਾਰ ਕੀਤੇ ਪ੍ਰਿੰਸੀਪਲ ਅਮਰਜੀਤ ਸਿੰਘ ਪਰਾਗ ਦੇ ਲੇਖ ਵਿਚ ਆਪਣੀਆਂ ਸੀਮਾਵਾਂ ਦੇ ਬਾਵਜੂਦ ਅਜਿਹੇ ਹੀ ਤਾਂ ਕੁਝ ਸੰਕੇਤ ਹਨ ਜੋ ਸੁੱਟ ਪਾਉਣ ਵਾਲੇ ਬਿਲਕੁਲ ਨਹੀਂ ਹਨ। ਬਾਈ ਅਜਮੇਰ ਕੋਲ ਅਜਿਹੇ ਸਵਾਲਾਂ ਦੇ ਅਨੇਕ ਜਵਾਬ ਹੋਣਗੇ। ਇਸ ਲਈ ਛੋਟੇ ਵੀਰ ਗਾਜ਼ੀ ਨੂੰ ਸਲਾਹ ਹੈ ਕਿ ਉਹ ਹਾਲ ਦੀ ਘੜੀ 'ਕਮਿਊਨਿਸਟ ਵਰਕਰ', 'ਪੰਜਾਬੀ ਕੌਮ ਦੀ ਮੁਕਤੀ ਦਾ ਪ੍ਰੋਗਰਾਮ' ਅਤੇ 'ਜਨਤਕ ਪੈਗਾਮ' ਦੇ ਪੁਰਾਣੇ ਅੰਕਾਂ ਦਾ ਅਧਿਐਨ ਕਰ ਲੈਣ। ਉਨ੍ਹਾਂ ਨੂੰ ਬਸਤੀਵਾਦ ਬਾਰੇ ਅਜਮੇਰ ਸਿੰਘ ਦੀ ਮੌਲਿਕ ਸਮਝ ਦੇ ਅਸਲੀ ਦਰਸ਼ਨ ਹੋ ਜਾਣਗੇ। ਇਹ ਦਸਤਾਵੇਜ ਉਸਨੂੰ ਅਜਮੇਰ ਸਿੰਘ ਕੋਲੋਂ ਬੜੀ ਅਸਾਨੀ ਨਾਲ ਮਿਲ ਸਕਦੇ ਹਨ।

ਡਾ. ਬਲਕਾਰ ਸਿੰਘ ਨੇ ਦਰੁਸਤ ਸਵਾਲ ਉਠਾਇਆ ਹੈ ਕਿ ਜੇਕਰ ਕਿਸੇ ਪੰਥ ਜਾਂ ਭਾਈਚਾਰੇ ਦੀ ਹੋਣੀ ਦਾ ਨਿਰਣਾ ਕਰਨ ਦਾ ਹੱਕ ਕਿਸੇ ਨਿਗੂਣੀ ਗਿਣਤੀ ਵਾਲੇ ਸਿਆਸੀ ਟੋਲੇ ਨੂੰ ਮਿਲ ਗਿਆ ਤਾਂ ਨਿਰਸੰਦੇਹ ਸਿੱਖ ਆਪਣੇ ਦੁਸ਼ਮਣ ਆਪ ਹੀ ਹੋ ਜਾਣਗੇ। 1980ਵਿਆਂ ਅੰਦਰ ਸਿੱਖ ਅਜਿਹੇ ਹੀ ਕਿਸੇ ਸਿਆਸੀ ਟੋਲੇ ਦੀ ਵਜ੍ਹਾ ਕਰਕੇ ਆਪਣੇ ਦੁਸ਼ਮਣ ਆਪ ਹੀ ਤਾਂ ਨਹੀਂ ਬਣ ਗਏ। ਉਦੋਂ ਇਕ ਪਾਸੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਦਲ ਦੀ ਅਗਵਾਈ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਲੈ ਕੇ ਮੋਰਚਾ ਚਲ ਰਿਹਾ ਸੀ ਜਿਸ ਲਈ ਹਮਾਇਤ ਜੁਟਾਉਣੀ ਵੀ ਮੁਸ਼ਕਲ ਹੋ ਰਹੀ ਸੀ। ਅਕਾਲੀ ਸਿਆਸਤ ਵਿਚ ਦਿਲਚਸਪੀ ਰੱਖਣ ਵਾਲਾ ਹਰ ਜਣਾ-ਖਣਾ ਜਾਣਦਾ ਹੈ ਕਿ ਮੋਰਚੇ ਨੂੰ ਖਿੱਚ ਧੂਹ ਕੇ ਚੱਲਦਾ ਰੱਖਣ ਲਈ ਮਾਇਆ ਦੇ ਗੱਫਿਆਂ ਲਈ ਮਾਤਾ ਨਿਰਲੇਪ ਕੌਰ ਵਰਗੇ ਰਾਜਸੀ ਤਿਕੜਮਬਾਜ਼ਾਂ 'ਤੇ ਨਿਰਭਰ ਹੋਣਾ ਪੈ ਰਿਹਾ ਹੈ। ਤਲਵੰਡੀ ਸਾਹਿਬ ਇਸ ਮਰੇ ਹੋਏ ਸੱਪ ਨੂੰ ਗਲੋਂ ਲਾਹੁਣ ਲਈ ਬਹਾਨਾ ਹੀ ਭਾਲ ਰਹੇ ਸਨ। ਇਸੇ ਸਮੇਂ ਸੰਤ ਲੌਂਗੋਵਾਲ ਦਲ ਨੇ ਸੀ.ਪੀ.ਐਮ. ਨਾਲ ਮਿਲ ਕੇ ਐਸ.ਵਾਈ.ਐਲ. ਨਹਿਰ ਦੇ ਮਸਲੇ 'ਤੇ ਸ਼ਾਂਤਮਈ ਅੰਦੋਲਨ ਸ਼ੁਰੂ ਕਰ ਦਿੱਤਾ ਸੀ; ਲੇਕਿਨ ਵਕਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਉਸਦੇ ਸਿਰੇ ਦੇ ਘਾਗ ਸਹਿਯੋਗੀ ਕੇਂਦਰੀ ਗ੍ਰਹਿ ਮੰਤਰੀ ਜ਼ੈਲ ਸਿੰਘ ਨੇ ਐਸੀਆਂ ਨਰਦਾਂ ਵਿਛਾਈਆਂ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਸਿਰਫ਼ ਆਪਣੇ ਦੋ ਪੈਰੋਕਾਰਾਂ ਨੂੰ ਰਿਹਾਅ ਕਰਵਾਉਣ ਵਰਗੇ ਮਾਮੂਲੀ ਮਸਲੇ 'ਤੇ ਦਰਬਾਰ ਸਾਹਿਬ ਸਮੂਹ ਉਪਰ ਕਬਜ਼ਾ ਜਮਾ ਕੇ ਨਵਾਂ ਮੋਰਚਾ ਵਿੱਢ ਦਿੱਤਾ।

ਹੁਣ ਅਕਾਲੀ ਸਿਆਸਤ ਦਾ ਊੜਾ-ਐੜਾ ਜਾਣਨ ਵਾਲਾ ਵਿਅਕਤੀ ਵੀ ਸਮਝਦਾ ਹੈ ਕਿ ਅਕਾਲੀ ਰਾਜਨੀਤੀ ਅਤੇ ਚੋਣਵੀਂਆਂ ਸੰਸਥਾਵਾਂ ਉਪਰ ਉਹੀ ਧੜਾ ਕੰਟਰੋਲ ਰੱਖ ਸਕਦਾ ਹੈ ਜਿਸ ਦਾ ਸ੍ਰੀ ਦਰਬਾਰ ਸਾਹਿਬ ਸਮੂਹ ਉਪਰ ਕੰਟਰੋਲ ਹੋਵੇ। ਉਸ ਵੇਲੇ ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਤਿੱਕੜੀ ਵਾਲੇ ਦਲ ਨੂੰ ਹੀ ਸਿੱਖ ਸੰਸਥਾਵਾਂ ਉਪਰ ਕੰਟਰੋਲ ਕਰਨ ਦਾ ਵਿਧਾਨਿਕ ਹੱਕ ਹਾਸਲ ਸੀ। ਹੁਣ ਇਥੇ ਮਸਲਾ ਕਿਸੇ ਧੜੇ ਦੀ ਚੰਗੀ ਜਾਂ ਮੰਦੀ ਨੀਤ ਦਾ ਨਹੀਂ ਹੈ। ਸੰਤ ਭਿੰਡਰਾਂਵਾਲੇ ਤਾਂ ਅਜੇ ਤਾਜ਼ਾ-ਤਾਜ਼ਾ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਬੁਰੀ ਤਰਾਂ ਨਕਾਰੇ ਜਾ ਚੁੱਕੇ ਸਨ। ਇਸ ਲਈ ਜਮਹੂਰੀ ਤਰੀਕੇ ਨਾਲ ਹੋਣ ਵਾਲੀਆਂ ਅਗਲੀਆਂ ਚੋਣਾਂ ਤੱਕ ਜਿੱਤ ਪ੍ਰਾਪਤ ਕਰਨ ਦੀ ਪੁਜ਼ੀਸ਼ਨ ਵਿਚ ਆਉਣ ਤੱਕ ਸ਼ਾਇਦ ਉਹ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਕਿਸੇ ਵੀ ਕਿਸਮ ਦਾ ਮੋਰਚਾ ਲਾਉਣ ਜਾਂ ਕਬਜ਼ਾ ਕਰਨ ਦਾ ਨੈਤਿਕ ਹੱਕ ਨਹੀਂ ਰੱਖਦੇ ਸਨ। ਉਨ੍ਹਾਂ ਦੇ ਧੜੇ ਕੋਲ ਆਪਣੇ ਦੋ ਪੈਰੋਕਾਰਾਂ ਦੀ ਰਿਹਾਈ ਲਈ ਮੋਰਚਾ ਲਗਾਉਣ ਦਾ ਜੇਕਰ ਨੈਤਿਕ ਬਲ ਹੈ ਸੀ ਅਤੇ ਸ਼ੁਰੂ ਵਿਚ ਹੀ ਸਿੱਖ ਜਨਤਾ ਦੀ ਸਮੂਹਿਕ ਹਮਾਇਤ ਵੀ ਹਾਸਲ ਸੀ ਤਾਂ ਇਹ ਮੋਰਚਾ ਉਨ੍ਹਾਂ ਨੂੰ ਸ੍ਰੀ ਗੁਰਦਰਸ਼ਨ ਪ੍ਰਕਾਸ਼, ਮਹਿਤਾ ਚੌਕ ਤੋਂ ਹੀ ਸ਼ੁਰੂ ਕਰਨਾ ਚਾਹੀਦਾ ਸੀ।

ਬਿਲਕੁਲ ਸਪਸ਼ਟ ਹੈ ਕਿ ਉਦੋਂ ਉਹ ਉਕਾ ਹੀ ਨਿਗੂਣੀ ਘੱਟ ਗਿਣਤੀ ਵਾਲੇ ਧਾਰਮਿਕ ਤੇ ਸਿਆਸੀ ਟੋਲੇ ਦੀ ਨੁਮਾਇੰਦਗੀ ਕਰਦੇ ਸਨ, ਉਹ ਜਿਸ ਸੰਸਥਾ ਦੇ ਵਾਰਸ ਸਨ, ਉਸ ਦਾ ਤਾਂ ਕਾਰਜ ਖੇਤਰ ਹੀ ਵੱਖਰਾ ਸੀ। ਤਦ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਉਨ੍ਹਾਂ ਨੂੰ ਸਿੱਖਾਂ ਦੀਆਂ ਬਾਕੀ ਸੰਸਥਾਵਾਂ ਵਿਚ ਜਮਹੂਰੀ ਤਰੀਕੇ ਨਾਲ ਕਬਜ਼ਾ ਕਰਨ ਦੇ ਹੱਕ ਤੋਂ ਵਾਂਝਿਆਂ ਕੀਤਾ ਜਾਣਾ ਉਚਿਤ ਹੁੰਦਾ। 1920ਵਿਆਂ ਤੋਂ ਸਿੱਖ ਜਨਤਾ ਦੀ ਨੁਮਾਇੰਦਗੀ ਕਰਦੀ ਆ ਰਹੀ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਅਧਿਕਾਰਤ ਧੜੇ ਲਈ ਇਹ ਸੱਚੀਓਂ ਹੀ "ਸੱਪ ਦੇ ਮੂੰਹ ਵਿਚ ਕੋਹੜ ਕਿਰਲੀ" ਵਾਲੀ ਹਾਲਤ ਸੀ। ਇਨ੍ਹਾਂ ਚੁਣੀਆਂ ਹੋਈਆਂ ਸੰਸਥਾਵਾਂ ਦੀ ਲੀਡਰਸ਼ਿਪ ਭਾਵੇਂ ਕਿੰਨੀ ਵੀ ਗਰਕ ਗਈ ਹੋਵੇ, ਉਨ੍ਹਾਂ ਹੱਥੋਂ ਸ੍ਰੀ ਦਰਬਾਰ ਸਾਹਿਬ ਸਮੂਹ ਦਾ ਕੰਟਰੋਲ ਖੁੱਸਣਾ ਕਿਵੇਂ ਵੀ ਬਰਦਾਸ਼ਤਯੋਗ ਨਹੀਂ ਸੀ। ਵੱਧ ਤੋਂ ਵੱਧ ਇਹ ਮੰਗ ਕੀਤੀ ਜਾ ਸਕਦੀ ਸੀ ਕਿ ਚੋਣਾਂ ਦੁਬਾਰਾ ਕਰਵਾਈਆਂ ਜਾਣ ਤਾਂ ਕਿ ਸਿੱਖ ਭਾਈਚਾਰੇ ਦੀ ਅਸਲੀ ਨੁਮਾਇੰਦਾ ਲੀਡਰਸ਼ਿਪ ਦੀ ਪਰਖ ਹੋ ਸਕੇ। ਸ਼ਾਇਦ ਕੇਂਦਰ ਦੀ ਬੇਈਮਾਨ ਕਾਂਗਰਸੀ ਹਕੂਮਤ ਹਰ ਹਾਲਤ ਵਿਚ ਦਿੱਲੀ ਅਤੇ ਕਪੂਰੀ ਦੇ ਮੋਰਚਿਆਂ ਨੂੰ ਸਮੇਟਣ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਘੇਰ ਕੇ ਰੱਖਣ ਦੇ ਮੌਕੇ ਭਾਲ ਰਹੀ ਸੀ। ਕੋਈ ਮੰਨੇ ਭਾਵੇਂ ਨਾ ਮੰਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਜਾਣੇ ਜਾਂ ਅਣਜਾਣੇ ਕੇਂਦਰ ਸਰਕਾਰ ਦੀ ਇਸ ਫਾਹੀ ਦਾ ਸ਼ਿਕਾਰ ਬਣ ਗਏ।

ਅਸੀਂ ਪਾਣੀ 'ਚ ਮਧਾਣੀ ਪਾਉਣ ਵਾਂਗ ਇਸ ਬਹਿਸ ਵਿਚ ਨਹੀਂ ਪੈਂਦੇ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਸੰਤ ਲੌਂਗੋਵਾਲ ਨੂੰ ਡਿਕਟੇਟਰ ਥਾਪ ਕੇ ਦੁਨਿਆਵੀ ਰਾਜਸੀ ਹਿੱਤਾਂ ਤੇ ਗਰਜਾਂ ਦੀ ਪੂਰਤੀ ਵਾਸਤੇ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਮੋਰਚਾ ਲਾਉਣਾ ਠੀਕ ਸੀ ਜਾਂ ਨਹੀਂ। ਅਸੀਂ ਕੇਵਲ ਇੰਨਾ ਪੁੱਛਣਾ ਚਾਹੁੰਦੇ ਹਾਂ ਕਿ ਜਦੋਂ ਡੀ.ਆਈ.ਜੀ. ਅਟਵਾਲ ਦੀ ਕੰਪਲੈਕਸ ਦੀਆਂ ਸਰਦਲਾਂ 'ਤੇ ਹੱਤਿਆ ਕਰ ਦਿੱਤੀ ਗਈ ਜਾਂ ਢਿੱਲਵਾਂ ਬੱਸ ਕਾਂਡ ਕਰਕੇ ਨੌਜਵਾਨ ਕੰਪਲੈਕਸ ਅੰਦਰ ਆ ਗਏ ਤਾਂ ਕੀ ਉਸ ਸਮੇਂ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਪ੍ਰਤੀ ਆਪਣੇ ਰਵੱਈਏ ਬਾਰੇ ਘੱਟੋ ਘੱਟ ਸੰਜੀਦਗੀ ਨਾਲ ਨਜ਼ਰਸਾਨੀ ਨਹੀਂ ਕਰ ਲੈਣੀ ਚਾਹੀਦੀ ਸੀ? ਜੇ ਖਾੜਕੂ ਧਿਰ ਦੀ ਜ਼ਿੱਦ ਕਾਰਨ ਜਾਂ ਕੇਂਦਰ ਦੀ ਕਿਸੇ ਗਹਿਰੀ ਚਾਲ ਤਹਿਤ ਕਹਾਣੀ ਉਨ੍ਹਾਂ ਦੇ ਹੱਥੋਂ ਨਿਕਲ ਹੀ ਗਈ ਸੀ ਜਾਂ ਆਪਣੇ ਦਾਅਵਿਆਂ ਅਨੁਸਾਰ ਧਰਮ ਯੁੱਧ ਮੋਰਚੇ ਨੂੰ ਸ਼ਾਂਤਮਈ ਲੀਹਾਂ 'ਤੇ ਜਾਰੀ ਰੱਖਣ 'ਚ ਉਨ੍ਹਾਂ ਨੂੰ ਦਿੱਕਤ ਆ ਰਹੀ ਸੀ ਤਾਂ ਜ਼ਰਾ ਕੁ ਇਖਲਾਕੀ ਜੁਰੱਅਤ ਤੋਂ ਕੰਮ ਲੈਂਦਿਆਂ ਅਤੇ ਚੌਰਾ ਚੌਰੀ 'ਚ ਮਹਾਤਮਾ ਗਾਂਧੀ ਦੇ ਜਗਤ ਪ੍ਰਸਿੱਧ ਤਜ਼ਰਬੇ ਤੋਂ ਸਿੱਖਦਿਆਂ ਕੀ ਉਨ੍ਹਾਂ ਨੂੰ ਮੋਰਚਾ

*(ਬਾਕੀ ਅਗਲੇ ਸਫੇ 'ਤੇ)*

# ਇਕੀਵੀਂ ਸਦੀ ਵਿਚ "ਸਿੱਖ ਸਟੇਟ"

ਮੁਲਤਵੀ ਨਹੀਂ ਕਰ ਲੈਣਾ ਚਾਹੀਦਾ ਸੀ? ਜਾਂ ਅਕਾਲੀ ਆਗੂ ਘੱਟੋ ਘੱਟ ਇਹ ਹੀ ਦੱਸ ਦਿੰਦੇ ਕਿ ਉਹ ਤਾਂ ਭਾਈ ਅੰਤਰ ਮਨੋ ਸੰਤ ਭਿੰਡਰਾਂਵਾਲੇ ਦੇ ਨਾਲ ਹੀ ਸਨ। ਕੀ ਅੱਜ ਤ੍ਰਾਸਦਿਕ ਘਟਨਾ ਦੇ 27 ਵਰ੍ਹਿਆਂ ਬਾਅਦ ਵੀ ਕੋਈ ਅਜਿਹੇ ਸਵਾਲ ਨਹੀਂ ਕਰ ਸਕਦਾ?

ਪ੍ਰੋ. ਬਲਕਾਰ ਸਿੰਘ ਖੁੱਲ੍ਹੀ ਚਿੱਠੀ ਲਿਖ ਕੇ ਕੀ ਅਜਮੇਰ ਸਿੰਘ ਨੂੰ ਅਜਿਹਾ ਹੀ ਕੋਈ ਕੇਂਦਰੀ ਅਹਿਮੀਅਤ ਵਾਲਾ ਸਵਾਲ ਹੀ ਤਾਂ ਨਹੀਂ ਕਰ ਰਿਹਾ? ਤੇ ਜੋ ਜਵਾਬ ਅਜਮੇਰ ਸਿੰਘ ਵਲੋਂ ਆ ਰਿਹਾ ਹੈ, ਕੀ ਫਿਰ ਉਸੇ ਨੂੰ ਅੰਤਿਮ ਸੱਚ ਮੰਨ ਲਈਏ। ਮੈਨੂੰ ਲਗਦਾ ਹੈ ਕਿ ਪ੍ਰੋ. ਬਲਕਾਰ ਸਿੰਘ ਦੀ ਸਲਾਹ ਨੂੰ ਸ਼ਾਂਤ ਮਨ ਨਾਲ ਵਿਚਾਰੀਏ, ਤੇ ਏਤਰਾਂ ਨਾ ਕਰੀਏ!!

ਮੈਂ ਇਹ ਨਹੀਂ ਕਹਿੰਦਾ ਕਿ ਖਾਲਸਾ ਪੰਥ ਦੇ ਪੁਰਾਣੇ ਅਤੇ ਨੇੜੇ ਬੀਤੇ ਦੇ ਇਤਿਹਾਸ ਦਾ ਮੁਲੰਕਣ ਕਰਨ ਦਾ ਅਧਿਕਾਰ ਸਿਰਫ਼ ਉਨ੍ਹਾਂ ਬੰਦਿਆਂ 'ਤੇ ਛੱਡ ਦੇਣਾ ਚਾਹੀਦਾ ਹੈ, ਜਿਹੜੇ ਇਸ ਵੇਲੇ ਸ਼੍ਰੋਮਣੀ ਸਿੱਖ ਸੰਸਥਾਵਾਂ 'ਤੇ ਕਾਬਜ਼ ਹਨ ਜਾਂ ਜਿਨ੍ਹਾਂ ਨੇ ਲਹਿਰਾਂ ਵਿਚ ਸਿੱਧੀ ਸ਼ਮੂਲੀਅਤ ਕੀਤੀ ਹੋਈ ਹੈ। ਕਿਸੇ ਬਾਹਰਲੇ ਬੰਦੇ ਨੂੰ ਵੀ ਅਜਿਹੇ ਵਿਸ਼ਲੇਸ਼ਣ ਦਾ ਹੱਕ ਹੈ, ਲੇਕਿਨ ਉਹ ਅਜਮੇਰ ਸਿੰਘ ਵਾਂਗ ਕਿਸੇ ਧਿਰ ਦਾ 'ਇਕਪਾਸੜ ਢਾਡੀ' ਨਾ ਹੋਵੇ। ਸ਼ਰਧਾਲੂ ਇਤਿਹਾਸਕਾਰੀ ਹਮੇਸ਼ਾ ਹੀ ਭਵਿਖ ਵਿਚ ਭਾਈਚਾਰਿਆਂ ਦੀ ਤਕਦੀਰ ਘੜਨ ਵਿਚ ਵੱਡੀ ਰੁਕਾਵਟ ਬਣ ਜਾਂਦੀ ਹੈ। 'ਬਹੁਪਰਤੀ ਤੇ ਬਹੁਪਸਾਰੀ ਚਿਨ੍ਹਾਂ ਨੂੰ ਸੁੰਗੇੜ ਕੇ, ਭਾਈਚਾਰਿਆਂ ਅੰਦਰ ਸ਼ਾਵਨਵਾਦੀ ਤੇ ਸੌੜੀ ਦ੍ਰਿਸ਼ਟੀ ਦਾ ਵਾਹਕ' ਬਣ ਜਾਂਦੀ ਹੈ। ਕੁੱਝ ਲੋਕਾਂ ਨੂੰ ਮਨੋਰੋਗ ਦੀ ਹੱਦ ਤੱਕ ਵਹਿਮ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਧਰਮ ਦੀ 'ਪਹਿਲਤਾਜ਼ਗੀ' ਖਤਮ ਹੋ ਰਹੀ ਹੈ, 'ਬਿਪਰ' ਸ਼ਕਤੀਆਂ ਇਸ ਨੂੰ ਖ਼ੋਰਾ ਲਾ ਰਹੀਆਂ ਹਨ। ਉਨ੍ਹਾਂ ਨੂੰ ਵਹਿਮ ਹੋ ਜਾਂਦਾ ਹੈ ਕਿ ਵਾਹਿਗੁਰੂ ਨੇ ਸਿਰਫ਼ ਉਨ੍ਹਾਂ ਨੂੰ ਹੀ ਇਸ ਖ਼ੋਰੇ ਨੂੰ ਡੱਕਾ ਲਗਾਉਣ ਲਈ ਧਰਮ ਦੀ ਆਭਾ ਤੇ ਬ੍ਰਹਿਮੰਡੀ ਸੋਚ ਬਚਾਉਣ ਲਈ ਸੰਸਾਰ ਵਿਚ ਭੇਜਿਆ ਹੈ। ਜਦਕਿ ਧਰਮ ਦੇ ਸੱਚੇ ਪੈਰੋਕਾਰਾਂ ਲਈ ਅਜਿਹਾ ਕੁੱਝ ਵੀ ਨਹੀਂ ਹੁੰਦਾ। ਉਨ੍ਹਾਂ ਲਈ ਧਰਮ ਦੀ ਪਹਿਲਤਾਜ਼ਗੀ ਹਮੇਸ਼ਾ ਲਈ ਇਕੋ ਜਿਹੀ ਰਹਿੰਦੀ ਹੈ। ਕੁੱਝ ਸਮੇਂ ਲਈ ਇਹ ਸਿਆਸੀ ਟੋਲੇ ਜ਼ਰੂਰ ਹੀ ਕਾਮਯਾਬ ਹੋਣ ਦਾ ਭਰਮ ਪਾਲ ਲੈਂਦੇ ਹਨ। ਪਰ ਹਮੇਸ਼ਾ ਲਈ ਅਜਿਹਾ ਨਹੀਂ ਹੁੰਦਾ। ਨਵੰਬਰ 1989 ਦੀ ਲੋਕ ਸਭਾ ਚੋਣ, ਜੋ ਕਿ ਇਤਿਹਾਸ ਦਾ ਵਿਗਾੜ ਵਰਤਾਰਾ, ਵਕਤੀ ਉਬਾਲ ਸੀ, ਨੂੰ ਛੱਡ ਕੇ ਸਮੁੱਚੇ ਪੰਜਾਬੀਆਂ ਸਣੇ ਖਾਲਸਾ ਪੰਥ ਨੇ ਗਲਤ ਜਾਂ ਠੀਕ ਸਮੁੱਚੇ ਨਿਗੁਣੇ ਸਿਆਸੀ ਟੋਲਿਆਂ ਨੂੰ ਵਾਰ ਵਾਰ ਰੱਦ ਕਰਕੇ ਨਰਮਦਲੀ ਅਕਾਲੀ ਲੀਡਰਸ਼ਿਪ ਦੀਆਂ ਨੀਤੀਆਂ 'ਤੇ ਮੋਹਰ ਲਾਈ ਹੈ। ਅੱਜ ਇੰਜ ਦੀ ਬਹਿਸ 'ਚ ਪੈਣਾ ਫਜ਼ੂਲ ਦੀ ਦਿਮਾਗੀ ਕਸਰਤ ਹੀ ਹੋਵੇਗੀ।

ਇਥੇ ਧਰਮਾਂ ਦੀ 'ਪਹਿਲ ਤਾਜ਼ਗੀ' ਗਵਾਚਣ ਦੇ ਝੋਰੇ ਵਾਲੇ ਸੰਕਲਪ ਦਾ ਜ਼ਿਕਰ ਆਉਂਦਿਆਂ ਹੀ ਮੈਨੂੰ ਸਵਰਗੀ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੀਆਂ ਲਿਖਤਾਂ ਦੀ ਯਾਦ ਆ ਗਈ ਹੈ-ਸ਼ਾਇਦ 'ਪੰਜਾਬ ਟਾਈਮਜ਼' ਦੇ ਕੁਝ ਹੋਰ ਪਾਠਕਾਂ ਨਾਲ ਵੀ ਅਜਿਹਾ ਵਾਪਰੇ। ਚੰਗਾ ਰਹੇਗਾ ਕਿ ਇਸ ਪ੍ਰਥਾਏ ਉਨ੍ਹਾਂ ਦੇ ਕੁਝ ਅਹਿਮ ਕਥਨਾਂ ਨੂੰ ਵੀ ਦੇਖ ਲਿਆ ਜਾਵੇ। ਆਪਣੀ ਵੱਡ-ਅਕਾਰੀ ਕਾਵਿ-ਪੁਸਤਕ 'ਝਨਾਂ ਦੀ ਰਾਤ' ਵਿਚ 'ਕਵਿਤਾ ਦੇ ਦੂਰ ਦਿਸਹੱਦੇ' ਸਿਰਲੇਖ ਹੇਠ ਲਿਖੀ ਲੰਮੀ ਭੂਮਿਕਾ ਵਿਚ 'ਸਹਿਜੇ ਰਚਿਓ ਖਾਲਸਾ' ਦੀ ਰਚਨਾ ਸ਼ੁਰੂ ਕਰਨ ਤੋਂ ਪਹਿਲਾਂ ਹੀ ਆਪਣੀ ਮਨੋਅਵਸਥਾ ਬਾਰੇ ਦੱਸਦੇ ਹਨ:

1965 ਦੇ ਸ਼ੁਰੂ ਵਿਚ ਮੈਨੂੰ ਇਕ ਹੌਲਨਾਕ ਸੰਸੇ ਨੇ ਘੇਰ ਲਿਆ...ਉਨ੍ਹਾਂ ਦਿਨਾਂ ਵਿਚ ਕਲਗੀਧਰ ਦੇ ਪਿਆਰੇ ਪੰਥ ਦੀ ਹਸਤੀ ਦੇ ਅਲੋਪ ਹੋ ਜਾਣ ਦਾ ਸੰਸਾ ਮੈਨੂੰ ਦਿਨ-ਰਾਤ ਘਾਇਲ ਕਰ ਰਿਹਾ ਸੀ...ਪੰਥ ਦੀ ਸਮੂਹਿਕ ਚੇਤਨਾ ਵਿਚੋਂ ਕਲਗੀਧਰ ਦੀ ਮੁਹੱਬਤ ਦਾ ਸੁੱਕਣਾ ਅਤੇ ਰਸਮ ਦੇ ਬੇਜਾਨ ਪਿੰਜਰਾਂ ਵਿਚ ਜਿਹੜੀ ਗੁਲਾਮੀ ਦੇ ਤੀਬਰ ਅਨੁਭਵ ਨੇ ਮੇਰੇ ਅੰਦਰ ਪੰਥ ਦੀ ਤਕਦੀਰ ਲਈ ਕੋਈ ਦਹਿਲ-ਭਰਿਆ ਸੰਸਾ ਪੈਦਾ ਕਰ ਦਿਤਾ, ਅਤੇ ਉਸ ਪਿਛੋਂ ਮਹਾਤਮਾ ਗਾਂਧੀ ਤੇ ਉਸਦੀ ਕਤਾਰ ਵਿਚ ਖੜ੍ਹੇ ਪੰਥ ਨਾਲ ਹਸਦ ਕਰਨ ਵਾਲੇ ਹੋਰ ਬਹੁਤ ਸਾਰੇ ਰਾਜਸੀ ਲੇਖਕਾਂ ਦੇ ਅਧਿਐਨ ਨੇ ਇਸ ਸੰਸੇ ਦੀਆਂ ਜੜ੍ਹਾਂ ਨੂੰ ਹੋਰ ਡੂੰਘਿਆਂ ਕਰ ਦਿੱਤਾ।

ਉਪਰੋਕਤ ਸੂਹਜ ਪ੍ਰਤੀਤੀ ਦਾ ਹੜ੍ਹ ਬਹੁਤ ਸਾਰੀਆਂ ਨਵੀਆਂ ਦਿਸ਼ਾਵਾਂ ਧਾਰਨ ਕਰਨ ਵਾਲਾ ਸੀ ਕਿ ਇਕ ਦਿਨ ਮੇਰੇ ਵਿਦਿਆਰਥੀ ਕਾਲ ਦੇ ਇਕ ਦੋਸਤ ਸ੍ਰ: ਜੋਗਿੰਦਰ ਸਿੰਘ ਹੀਰ ਜਿਹੜੇ ਬੁਲੰਦ, ਪਾਏ ਦੇ ਲੋਕ ਗਾਇਕ ਸਨ, ਦੀ ਗੜ੍ਹਦੀਵਾਲਾ ਵਿਖੇ ਆਮਦ ਨੇ ਮੇਰੇ ਤਖ਼ਈਅਲ ਨੂੰ ਕੌਮ ਦੀ ਸੰਜੀਦਾ ਤਕਦੀਰ ਦੇ ਚਿੰਤਨ ਵੱਲ ਮੋੜ ਦਿੱਤਾ। ਉਹ ਦੋ ਦਿਨ ਗੜ੍ਹਦੀਵਾਲਾ ਵਿਖੇ ਰਹੇ ਅਤੇ ਦੋ ਦਿਨ ਹੀ 'ਪੁਰਾਤਨ ਅਹਿਦਨਾਮਾ' (The old Testament) ਦੇ ਕਿਸੇ ਦਿਸ਼ਟਾ ਵਾਂਗ ਜਿਥੇ ਕੌਮ ਨਾਲ ਹੋ ਰਹੀਆਂ ਅਤੇ ਹੋਣ ਵਾਲੀਆਂ ਬੇਇਨਸਾਫੀਆਂ ਬਾਰੇ ਚਿਤਾਵਨੀਆਂ ਦਿੰਦੇ ਰਹੇ ਅਤੇ ਕਈ ਵਾਰ ਜਜ਼ਬਾਤ ਵਿਚ ਆ ਕੇ ਰੋਏ ਵੀ।...ਇਸੇ ਘਟਨਾ ਤੋਂ ਸਾਢੇ ਤਿੰਨ ਸਾਲ ਪਿਛੋਂ ਸ਼ੁਰੂ ਹੋਣ ਵਾਲੀ ਮੇਰੀ ਪੁਸਤਕ 'ਸਹਿਜੇ ਰਚਿਓ ਖਾਲਸਾ' ਦੀ ਸਿਰਜਣਾ ਪਿਛੇ ਬੇਸ਼ਕ ਕੋਈ ਅਟੱਲ ਕਾਵਿਮਈ ਰੂਹ ਵੀ ਕੰਮ ਕਰਦੀ ਸੀ, ਪਰ ਹੀਰ ਸਾਹਿਬ ਦੀ ਗਹਿਰ ਗੰਭੀਰ ਚਿਤਾਵਨੀ ਨੇ ਇਸ ਪੁਸਤਕ ਦੀ ਤਕਦੀਰ ਨੂੰ ਜ਼ਰੂਰ ਕੋਈ ਦਿਸ਼ਾ ਦਿੱਤੀ।

ਇਸੇ ਭੂਮਿਕਾ ਦੇ ਮੁਢਲੇ ਪੰਨਿਆਂ ਵਿਚ ਉਹ ਮਾਰਕਸਵਾਦੀ ਚਿੰਤਨ ਦੀ ਹਰ ਤਰ੍ਹਾਂ ਦੀ ਸਾਰਥਿਕਤਾ ਨੂੰ ਤਿੱਖੀ ਅਲੋਚਨਾ ਦਾ ਬਾਇਸ ਬਣਾਉਂਦੇ ਹਨ। ਉਹ ਪੇਸ਼ਨਗੋਈ ਕਰਦੇ ਹਨ ਕਿ (ਮਹਾਨ ਲਾਤੀਨੀ ਅਮਰੀਕੀ ਕਵੀ) ਪਾਬਲੋ ਨਰੂਦਾ ਦੀ ਕਮਿਊਨਿਸਟ ਅਤੇ ਮਾਈਕੋਵਸਕੀ ਦੀਆਂ ਲੈਨਿਨ ਬਾਰੇ ਲਿਖੀਆਂ ਕਵਿਤਾਵਾਂ ਸਿਧਾਂਤਕ ਅਫਵਾਹਾਂ ਦੀ ਕੱਚੀ ਬੁਨਿਆਦ ਉਤੇ ਖੜ੍ਹੀਆਂ ਹੋਣ ਕਾਰਨ ਜਿਥੇ ਸੁਰ ਅਤੇ ਤਖ਼ਈਅਲ ਦੇ ਪੱਖੋਂ ਪਹਿਲਾਂ ਹੀ ਘੱਟ ਲਹੂ ਵਾਲੀਆਂ ਹਨ, ਉਥੇ ਸੋਲਜੇਨਿਤਸਿਨ ਦੀ 'ਗੁਲਾਗ ਆਰਕੀਪੀਲਾਗੋ' ਦੇ ਰੂਸ ਵਿਚ ਪ੍ਰਕਾਸ਼ਨ ਦੀ ਸੰਭਾਵਨਾ ਪਿਛੋਂ ਇਨ੍ਹਾਂ ਦਾ ਰੁਤਬਾ ਚਮਕੀਲੀ ਇਸ਼ਤਿਹਾਰਬਾਜ਼ੀ ਤਕ ਹੀ ਸੀਮਤ ਰਹਿ ਜਾਵੇਗਾ।...ਭਵਿੱਖ ਦੀ ਕਵਿਤਾ ਵਿਚ ਅਫਗਾਨਿਸਤਾਨ ਦੇ ਮੁਜਾਹਦੀਨ ਦੀ ਬੇਮਿਸਾਲ ਜਦੋ-ਜਹਿਦ ਜਮਾਤੀ ਸੰਘਰਸ਼ ਦੀ ਕਵਿਤਾ ਵਿਚਲੀ ਤੜਪ ਤੇ ਉਮੀਦ ਦੇ ਨਾਅਰੇ ਨਾਲ ਕਿਤੇ ਬਲਵਾਨ ਅਤੇ ਪਾਵਨ ਰੋਹ ਵਿਚ ਗਰਜੇਗੀ ਕਿਉਂਕਿ ਉਦੋਂ ਕਾਵਿਮਈ ਸੱਚ ਨੂੰ ਸੁਆਰਥੀ ਸਿਧਾਂਤਕਾਰਾਂ ਅਤੇ ਆਪ-ਹੁਦਰੇ ਹਾਕਮਾਂ ਦੀਆਂ ਸਾਜ਼ਿਸ਼ੀ ਅਫਵਾਹਾਂ ਨੇ ਨਹੀਂ ਘੇਰਿਆ ਹੋਵੇਗਾ।

ਹੁਣ ਪਾਠਕ ਆਪ ਹੀ ਵੇਖ ਲੈਣ ਕਿ ਅਫਗਾਨਿਸਤਾਨ ਅੰਦਰ ਮੁਜਾਹਦੀਨ/ਤਾਲਿਬਾਨ ਕਾਮਯਾਬ ਵੀ ਹੋਏ ਅਤੇ ਉਨ੍ਹਾਂ ਨੇ ਕਾਮਯਾਬ ਹੋ ਕੇ ਕੈਸੇ-ਕੈਸੇ ਗੁਲ ਖਿਲਾਏ। ਦੁਨੀਆਂ ਭਰ ਵਿਚ ਕਿਤਾਬਾਂ ਦੀਆਂ ਦੁਕਾਨਾਂ ਉਨ੍ਹਾਂ ਵਲੋਂ ਬਦਨਸੀਬ ਅਫਗਾਨ ਅਵਾਮ ਨਾਲ ਕੀਤੀਆਂ ਸਿਰੇ ਦੀਆਂ ਅਵੈੜ ਕਰਤੂਤਾਂ ਬਾਰੇ ਲਿਖੀਆਂ ਪੁਸਤਕਾਂ ਨਾਲ ਭਰੀਆਂ ਪਈਆਂ ਸਨ। ਇਹ ਕਿਸ ਨੂੰ ਨਹੀਂ ਪਤਾ ਕਿ ਪਰਚਮ ਅਤੇ 'ਖਲਕ' ਪਾਰਟੀਆਂ ਦੇ ਮਾਰਕਸੀ ਚਿੰਤਨ ਤੋਂ ਪ੍ਰੇਰਿਤ ਨੇਤਾਵਾਂ ਵਲੋਂ ਸਾਲ 1978 ਵਿਚ ਲੋਕ ਪੱਖੀ ਇਨਕਲਾਬ ਦੇ ਆਸ਼ੇ ਅਤੇ ਆਦਰਸ਼ ਕਿੰਨੇ ਸ਼ਾਨਾਂਮੱਤੇ ਸਨ ਅਤੇ ਤਾਕਤਵਰ ਕੌਮਾਂਤਰੀ ਧਿਰਾਂ ਦੀਆਂ ਨਹਿਸ਼ ਸਾਜ਼ਿਸ਼ਾਂ ਨੇ ਉਸ ਮਹਾਨ ਅਤੇ ਸੱਚੇ ਸੁੱਚੇ ਲੋਕ ਪੱਖੀ ਇਨਕਲਾਬ ਦੀਆਂ ਜੜ੍ਹਾਂ ਵਿਚ ਤੇਲ ਦਿਤਾ। ਲਗਦਾ ਹੈ, ਪ੍ਰੋ. ਮਹਿਬੂਬ ਹੋਰਾਂ ਨੂੰ ਇਸਦਾ ਕੋਈ ਇਲਮ ਨਹੀਂ ਸੀ। ਉਨ੍ਹਾਂ ਦਾ ਪ੍ਰਤੀਕਰਮ ਕਿੰਜ ਅਬੋਧ ਅਤੇ ਮਸੂਮ ਭਾਵੁਕਤਾ ਤੋਂ ਵੱਧ ਕੁਝ ਵੀ ਨਹੀਂ ਸੀ।

ਹਥਲੇ ਲੇਖਾਂ ਦੀ ਤਿਆਰੀ ਦੌਰਾਨ ਕਿਸੇ ਨੁਕਤੇ ਬਾਰੇ ਵਧੇਰੇ ਸਪੱਸ਼ਟ ਹੋਣ ਲਈ ਮੈਂ ਪ੍ਰਿੰ. ਅਮਰਜੀਤ ਸਿੰਘ ਪਰਾਗ ਹੋਰਾਂ ਨਾਲ ਗੱਲ ਕਰ ਰਿਹਾ ਸਾਂ ਕਿ ਪ੍ਰੋ. ਮਹਿਬੂਬ ਅਤੇ ਜੋਗਿੰਦਰ ਸਿੰਘ ਹੀਰ ਦਾ ਜ਼ਿਕਰ ਵੀ ਆ ਗਿਆ। ਅਗੋਂ ਪ੍ਰਿੰ. ਪਰਾਗ, ਜੋਗਿੰਦਰ ਸਿੰਘ ਹੀਰ ਦਾ ਸਕਾ ਸਾਂਢੂ ਹੈ ਅਤੇ ਕੁਦਰਤੀ ਆਪਣੀ ਪਤਨੀ ਦੀ ਛੋਟੀ ਭੈਣ ਦਾ ਰਿਸ਼ਤਾ ਵੀ ਪ੍ਰੋ. ਮਹਿਬੂਬ ਦੀ ਪ੍ਰੇਰਨਾ ਨਾਲ ਹੀਰ ਨੂੰ ਉਨ੍ਹਾਂ ਦਾ ਹੀ ਕਰਵਾਇਆ ਹੋਇਆ ਸੀ। 'ਪੁਰਾਣੀ ਮੰਜ਼ਿਲ' ਦੇ ਬਜ਼ੁਰਗਾਂ ਨਾਲ ਸ. ਹੀਰ ਦੀ ਵਡਿਆਈ ਵਾਲੇ ਹਵਾਲੇ 'ਤੇ ਉਹ ਹੱਸ ਪਏ। ਉਨ੍ਹਾਂ ਦੱਸਿਆ ਕਿ ਇਸ ਨੁਕਤੇ 'ਤੇ ਤਾਂ ਚੁੱਪ ਹੀ ਭਲੀ ਹੈ। ਉਂਜ ਪ੍ਰੋ. ਮਹਿਬੂਬ ਸਾਡੇ ਪਰਮ ਮਿੱਤਰ ਅਤੇ ਅਤਿ ਸਤਿਕਾਰਤ ਵਿਦਵਾਨ ਸਨ। ਉਨ੍ਹਾਂ ਦੀਆਂ ਬਾਜ਼ ਨਿਗਾਹਾਂ ਨੇ ਹੀਰ ਹੋਰਾਂ ਵਿਚ ਅਜਿਹੀਆਂ ਕੁਝ ਸਿਫਤਾਂ ਸ਼ਾਇਦ ਵੇਖ ਲਈਆਂ ਹੋਣ। ਹੋਰ ਤਾਂ ਕਦੀ ਕਿਸੇ ਨੂੰ ਉਹ ਨਜ਼ਰ ਆਈਆਂ ਨਹੀਂ ਸਨ। ਫਿਰ ਵੀ ਇਹ ਬਿਲਕੁਲ ਸਹੀ ਹੈ ਕਿ ਹੀਰ ਸਾਹਿਬ ਬੜੇ ਮਿਲਾਪੜੇ, ਯਾਰਾਂ ਦੇ ਯਾਰ ਸਨ ਅਤੇ 'ਹੀਰ' ਅਤੇ ਸ਼ਾਹ ਮੁਹੰਮਦ ਦੇ ਬੈਂਤ ਉਹ ਬਹੁਤ ਹੀ ਸੋਜ਼ਪੂਰਨ ਅਤੇ ਬੁਲੰਦ ਆਵਾਜ਼ 'ਚ ਗਾ ਲੈਂਦੇ ਸਨ।

ਅਜਮੇਰ ਸਿੰਘ ਦੀਆਂ ਪੁਸਤਕਾਂ ਪੜ੍ਹਦਿਆਂ ਸਹਿਜੇ ਹੀ ਅਹਿਸਾਸ ਹੋ ਜਾਂਦਾ ਹੈ ਕਿ ਹਰਿੰਦਰ ਸਿੰਘ ਮਹਿਬੂਬ ਦੀਆਂ ਕਿਰਤਾਂ ਉਨ੍ਹਾਂ ਦਾ ਮੁੱਖ ਪ੍ਰੇਰਨਾ ਬਿੰਦੂ ਹਨ। ਉਂਜ ਅਜਿਹੇ ਚਿੰਤਨ ਦੀ ਹੋਰ ਵੀ ਸ਼ਿੱਦਤ ਅਤੇ ਰੋਹ ਭਰਪੂਰ ਆਭਾ ਹੀ ਜੇਕਰ ਵੇਖਣੀ ਹੋਵੇ ਤਾਂ ਕੋਈ ਵੀ ਵਿਅਕਤੀ ਰੁਟਲਿਜ ਵਲੋਂ ਸਾਲ 2006 'ਚ ਛਪੀ 'ਸਯਦ ਕੁੱਤਬ ਦਾ ਚਿੰਤਨ' ਅਤੇ ਉਸ ਤੋਂ ਵੀ ਕਿਤੇ ਵੱਧ ਸ਼ਕਤੀਵਰ The Thought of Sayyid Qutab ਨਾਂ ਦਾ ਐਸ਼ਬਰੁਕ ਸਟੇਟਸਮੈਨਸ਼ਿਪ ਥੀਸਿਜ਼ ਜ਼ਰੂਰ ਪੜ੍ਹੇ। ਸਯਦ ਕੁਤਬ ਦੇ ਸਸ਼ਕਤ ਵਿਚਾਰਾਂ ਨੇ ਪਿਛਲੇ 3-4 ਦਹਾਕਿਆਂ ਤੋਂ ਦੁਨੀਆਂ ਭਰ ਦੇ ਮੁਸਲਿਮ ਯੁਵਕਾਂ ਨੂੰ ਕਮਲੇ ਭਲੇ ਹੀ ਕੀਤਾ ਹੋਇਆ ਹੈ; ਟਾਵਰ ਇਕ ਕੀ, ਕਈ ਹੋਰ ਵੀ ਉਹ ਢਾਹ ਸਕਦੇ ਹਨ ਪਰ ਉਨ੍ਹਾਂ ਕੋਲੋਂ ਮੁਸਲਿਮ ਜਗਤ ਹੀ ਹੋਣੀ-ਹਸਤੀ ਕਦੇ ਸੰਵਰੇਗੀ ਨਹੀਂ। ਹੋਣੀਆਂ, ਹਸਤੀਆਂ ਹੋਰ ਤਰ੍ਹਾਂ ਦੇ ਠੋਸ ਪ੍ਰੋਗਰਾਮਾਂ ਨੂੰ ਅਮਲ ਵਿਚ ਲਿਆ ਕੇ ਹੀ ਸੰਵਰਿਆ ਕਰਦੀਆਂ ਹਨ।

ਤਾਜ਼ਾ ਸਿੱਖ ਇਤਿਹਾਸ ਤੋਂ ਬਿਨਾ ਸੰਸਾਰ ਭਰ ਦੇ ਘੱਟ ਗਿਣਤੀ ਧਰਮਾਂ ਵਿਸ਼ੇਸ਼ ਕਰਕੇ ਮੁਸਲਮਾਨਾਂ ਅੰਦਰ ਪੰਜ ਵੱਡੀਆਂ ਵਾਰਦਾਤਾਂ ਸਾਡਾ ਧਿਆਨ ਮੰਗਦੀਆਂ ਹਨ। ਪਹਿਲੀ ਸੀ ਇਰਾਨ ਦਾ ਇਸਲਾਮੀ ਇਨਕਲਾਬ, ਦੂਜੀ ਅਫਗਾਨਿਸਤਾਨ ਅੰਦਰ ਤਾਲਿਬਾਨ ਦੀ ਹਕੂਮਤ ਦੀ ਸਥਾਪਨਾ, ਤੀਜਾ ਅਫਗਾਨਿਸਤਾਨ ਅਤੇ ਈਰਾਕ ਉਪਰ ਅਮਰੀਕੀ ਧਾੜਵੀਆਂ ਦਾ ਕਬਜ਼ਾ ਤੇ ਟਾਕਰੇ ਦੀ ਚੱਲ ਰਹੀ ਮਹਾਨ ਜੰਗ, ਚੌਥਾ ਲੈਬਨਾਨ ਵਿਚ ਹਿਜਬੁੱਲਾ ਦੀ ਅਗਵਾਈ ਹੇਠਾਂ ਇਸਰਾਈਲ ਦੀ ਪਹਿਲੀ ਲੱਕ ਤੋੜਵੀਂ ਹਾਰ ਅਤੇ ਹੁਣੇ ਜਿਹੇ ਅਰਬ ਦੇਸ਼ਾਂ ਅੰਦਰ ਉਠਿਆ ਜਮਹੂਰੀਅਤ ਪੱਖੀ ਅਤੇ ਅਮਰੀਕਾ ਵਿਰੋਧੀ ਮਹਾਨ ਉਭਾਰ। ਕਿਸੇ ਵੇਲੇ ਇਨ੍ਹਾਂ ਵੱਡੀਆਂ ਘਟਨਾਵਾਂ ਦੀ ਉਠਾਣ ਬੰਨ੍ਹਣ ਵਾਲੇ ਨਿਗੁਣੀ ਗਿਣਤੀ ਵਾਲੇ ਸਿਆਸੀ ਟੋਲੇ ਹੋ ਸਕਦੇ ਸਨ। ਲੇਕਿਨ ਇਕ ਪੜਾਅ 'ਤੇ ਆ ਕੇ ਇਹੀ ਸਿਆਸੀ ਟੋਲੇ ਵਿਸ਼ਾਲ ਬਹੁਗਿਣਤੀ ਦੀ ਹਮਾਇਤ ਜੁਟਾਉਣ ਵਿਚ ਸਫ਼ਲ ਹੁੰਦੇ ਗਏ, ਨਹੀ ਤਾਂ ਅਸਫਲਤਾ ਸਾਹਮਣੇ ਖੜੀ ਹੁੰਦੀ ਹੈ।

ਇਸੇ ਤਰ੍ਹਾਂ ਦਾ ਇਕ ਨਿਗੂਣਾ ਸਿਆਸੀ ਟੋਲਾ ਜਾਂ ਗਿਰੋਹ ਸਾਊਦੀ ਅਰਬ ਅੰਦਰ ਉਠਿਆ ਸੀ ਜਿਸ ਨੇ 20 ਨਵੰਬਰ 1979 ਨੂੰ ਇਸਲਾਮ ਦੇ ਸਭ ਤੋਂ ਮੁੱਕਦਸ ਸਥਾਨ ਉਤੇ ਮੁਹਰਮ ਦੇ ਪਵਿੱਤਰ ਦਿਨ 'ਤੇ ਕਬਜ਼ਾ ਕਰ ਲਿਆ ਸੀ। ਧਾਰਮਿਕ ਗਿਰੋਹਾਂ ਵਿਚ ਇਕ ਗੱਲ ਹਮੇਸ਼ਾਂ ਹੀ ਸਾਂਝੀ ਰਹੀ ਹੈ ਕਿ ਉਹ ਆਪਣੇ ਮੋਢੀ ਪੈਗੰਬਰ ਦੇ ਨਾਮ 'ਤੇ ਸਿੱਖਿਆਵਾਂ ਦੀ ਮਨਮਾਨੇ ਤਰੀਕੇ ਨਾਲ ਪੁਨਰ ਸਥਾਪਨਾ ਦਾ ਦਾਈਆ ਬੰਨ੍ਹਦੇ ਹਨ। ਉਸ ਦਿਨ ਸਮੁੱਚੀ ਦੁਨੀਆਂ ਦੀ 100 ਕਰੋੜ ਅਬਾਦੀ ਵਿਚੋਂ ਇਕ ਲੱਖ ਦੇ ਕਰੀਬ ਆਏ ਹਾਜੀਆਂ ਨੂੰ ਇਸ ਗਿਰੋਹ ਨੇ ਬੰਧਕ ਬਣਾ ਲਿਆ। ਇਹ ਸਿਆਸੀ ਗਿਰੋਹ ਇੰਨੀ ਵੱਡੀ ਜਨਤਾ ਵਿਚ ਮ੍ਰਿਤਕਾਂ ਦੇ ਤਾਬੂਤਾਂ ਵਿਚ ਮਾਰੂ ਹਥਿਆਰ ਛੁਪਾ ਕੇ ਅੰਦਰ ਘੁਸ ਆਇਆ ਸੀ। ਕਾਬੇ ਅੰਦਰ ਮਾਰੂ ਹਥਿਆਰ ਲੈ ਕੇ ਜਾਣਾ ਘੋਰ ਅਪਰਾਧ ਮੰਨਿਆ ਜਾਂਦਾ ਹੈ। ਇਸ ਲਈ ਕਿਸੇ ਨੂੰ ਸ਼ੱਕ ਹੀ ਨਹੀਂ ਸੀ ਕਿ ਕੋਈ ਗਿਰੋਹ ਅਜਿਹੀ ਮਾਅਰਕੇਬਾਜ਼ੀ ਵੀ ਕਰ ਸਕਦਾ ਹੈ। ਇਸ ਲਈ ਉਥੇ ਭੀੜ ਨੂੰ ਕੰਟਰੋਲ ਕਰਨ ਤੋਂ ਇਲਾਵਾ ਕਦੇ ਵੀ ਸੁਰੱਖਿਆ ਦੇ ਇੰਤਜ਼ਾਮ ਕਰਨ ਦੀ ਲੋੜ ਨਹੀਂ ਸੀ ਪਈ।

ਬਦੂੰਈ ਕਬੀਲੇ ਦੇ ਗਰੋਹੀਆਂ ਨੇ ਸਾਬਕਾ ਕਰਨਲ ਜੁਹਾਇਮਨ ਅਲ ਯੁਤੇਬੀ ਦੀ ਅਗਵਾਈ ਵਿਚ ਪਵਿੱਤਰ ਮਸਜਿਦ ਦੇ 292 ਫੁਟ ਉਚੇ ਸੱਤੇ ਮੀਨਾਰਾਂ 'ਤੇ ਕਬਜ਼ਾ ਕਰਕੇ ਮਸ਼ੀਨਗੰਨਾਂ ਬੀੜ ਦਿੱਤੀਆਂ ਸਨ। ਅਜੀਬ ਇਤਫਾਕ ਹੈ ਕਿ ਜੁਹਾਇਮਨ ਦੀ ਉਮਰ 33 ਸਾਲ ਅਤੇ ਸਿੱਖ ਨਿਰੰਕਾਰੀ ਝਗੜਾ ਕਰਨ ਵੇਲੇ ਸੰਤ ਭਿੰਡਰਾਂਵਾਲਿਆਂ ਦੀ ਉਮਰ 31 ਸਾਲ ਦੀ ਸੀ। ਉਮਰਾਂ ਦਾ ਇਹ ਸੰਯੋਗ ਹੀ ਨਹੀਂ ਹੈ। ਸ਼ਾਇਦ ਇਸੇ ਉਮਰ ਵਿਚ ਹੀ ਮੂਲਵਾਦੀ ਸੰਸਥਾਵਾਂ ਅੰਦਰ ਸਿੱਖਿਆ ਪ੍ਰਾਪਤ ਕਰਨ ਵਾਲੇ ਕਥਾਵਾਚਕਾਂ ਵਿਚ ਧਰਮ ਦੀ ਪਹਿਲਤਾਜ਼ਗੀ ਮੋੜ ਲਿਆਉਣ ਅਤੇ ਨਵਾਂ ਪੈਗੰਬਰ ਬਣਨ ਦਾ ਜਜ਼ਬਾ ਉਠਦਾ ਹੈ। ਖੈਰ, ਮੱਕੇ ਅਤੇ ਮਦੀਨੇ ਦਾ ਬੜਾ ਲੰਮਾ ਚੌੜਾ ਇਤਿਹਾਸ ਹੈ। ਹਜ਼ਰਤ ਮੁਹੰਮਦ ਸਾਹਿਬ ਵੱਲੋਂ 628 ਈਸਵੀ ਤੱਕ ਮੱਕਾ ਅਤੇ ਮਦੀਨਾ ਦੋਵਾਂ ਉਪਰ ਇਸਲਾਮਕ ਹਕੂਮਤ ਕਾਇਮ ਕਰਨ ਅਤੇ ਉਨ੍ਹਾਂ ਦੇ ਵਫ਼ਾਤ ਪਾ ਜਾਣ ਮਗਰੋਂ ਉਨ੍ਹਾਂ ਦੀ ਵਿਰਾਸਤ ਨੂੰ ਅੱਗੇ ਤੋਰਨ ਲਈ ਸ਼ਰਧਾਲੂਆਂ ਅੰਦਰ ਭਿਆਨਕ ਅਤੇ ਲਹੂ ਪਿਆਸੀ ਫੁੱਟ ਪੈ ਗਈ ਸੀ। ਇਸ ਵੇਲੇ ਜੋ ਸ਼ੀਆ ਮੁਸਲਮਾਨਾਂ ਦਾ ਫਿਰਕਾ ਹੈ ਉਹ ਮੁਹੰਮਦ ਸਾਹਿਬ ਦੇ ਜਵਾਈ ਅਲੀ ਨੂੰ ਅਤੇ ਬਾਅਦ ਵਿਚ ਉਸ ਦੇ ਦੋਹਤਿਆਂ ਹਸਨ ਤੇ ਹੁਸੈਨ ਨੂੰ ਆਪਣਾ ਰਾਹ ਦਰਸਾਵਾ ਮੰਨਣ ਲੱਗ ਪਿਆ ਸੀ। ਦੂਜੇ ਪਾਸੇ ਸ਼ਰਧਾਲੂਆਂ ਦੇ ਇਕ ਹਿੱਸੇ ਜੋ ਬਾਅਦ ਵਿਚ ਸੁੰਨੀ ਕਹਿਲਾਏ, ਨੇ ਹਜ਼ਰਤ ਸਾਹਿਬ ਦੇ ਨੇੜਲੇ ਸੰਗੀਆਂ ਨੂੰ ਉਨਾਂ ਦਾ ਵਾਰਸ ਪ੍ਰਵਾਨ ਕਰ ਲਿਆ। ਇਹ ਝਗੜਾ ਅੱਜ ਤੱਕ ਵੀ ਖੂਨੀ ਜੰਗਾਂ ਵਿਚ ਨਿਕਲ ਰਿਹਾ ਹੈ। ਹਜ਼ਰਤ ਸਾਹਿਬ ਦੀ ਸਰੀਰਕ ਵਿਦਾਈ ਤੋਂ ਬਾਅਦ ਮੱਕੇ ਤੇ ਮਦੀਨੇ ਨੂੰ ਲੈ ਕੇ ਚੱਲਿਆ ਝਗੜਾ ਲਗਭਗ 1300 ਸਾਲਾਂ ਬਾਅਦ ਵਹਾਬੀ ਕਬੀਲੇ ਨਾਲ ਸਬੰਧਤ ਸਾਊਦੀ ਘਰਾਣੇ ਦੀ ਹਕੂਮਤ ਦੇ ਪੱਕੀ ਤਰ੍ਹਾਂ ਨਾਲ ਸਥਾਪਤ ਹੋਣ ਉਪਰੰਤ ਹੀ ਹੱਲ ਹੋ ਸਕਿਆ। ਕਿਹਾ ਜਾਂਦਾ ਹੈ ਕਿ ਇਸ ਝਗੜੇ ਵਿਚ ਸਾਊਦੀ ਘਰਾਣੇ ਨੇ ਜੁਹਾਇਮਨ ਦੇ ਪਿਤਾ ਪੁਰਖੀ ਬਦੂੰਈ ਕਬੀਲੇ ਨੂੰ ਬੁਰੀ ਤਰ੍ਹਾਂ ਖਦੇੜ ਦਿੱਤਾ ਸੀ।

ਤੇਲ ਦੀ ਖੋਜ ਹੋਣ ਉਪਰੰਤ ਸਾਮਰਾਜੀ ਗਿਰਝਾਂ ਨੇ ਸਿਰਫ ਖਾੜੀ ਦੇ ਦੇਸ਼ਾਂ ਦੀ ਲੁੱਟ ਹੀ ਨਹੀਂ ਕੀਤੀ ਸਗੋਂ ਸਾਊਦੀ ਘਰਾਣੇ ਅਤੇ ਰੱਜੀ ਪੁੱਜੀ ਜਮਾਤ ਨੂੰ ਇਖਲਾਕੀ ਅਤੇ ਆਰਥਕ ਤੌਰ 'ਤੇ ਵੀ ਭ੍ਰਿਸ਼ਟ ਕਰ ਦਿੱਤਾ। ਇਸ ਨਾਲ ਇਕ ਅਜਿਹਾ ਵਰਗ ਹੋਂਦ ਵਿਚ ਆ ਗਿਆ ਜੋ ਸ਼ਕਲ ਪੱਖੋਂ ਤਾਂ ਭਾਵੇਂ ਅਰਬੀ ਪੁਸ਼ਾਕ ਹੀ ਪਹਿਨਦਾ ਸੀ ਲੇਕਿਨ ਅੰਦਰੂਨੀ ਰੁਚੀਆਂ ਪੱਖੋਂ ਪੂਰੀ ਤਰ੍ਹਾਂ ਪੱਛਮੀ ਜੀਵਨ ਜਾਚ ਅਤੇ ਸਾਮਰਾਜੀ ਸਭਿਆਚਾਰ ਦਾ ਦੀਵਾਨਾ ਹੋ ਨਿਬੜਿਆ। ਕਿਸੇ ਨੂੰ ਇਹ ਗੱਲ ਬੁਰੀ ਲੱਗ ਸਕਦੀ ਹੈ। ਲੇਕਿਨ ਸਮਾਜਕ ਤਬਦੀਲੀਆਂ ਨੂੰ ਡੱਕ ਸਕਣਾ ਕਦੇ ਵੀ ਕਿਸੇ ਦੇ ਹੱਥ ਵੱਸ ਨਹੀਂ ਹੁੰਦਾ। ਜੇ ਅਜਿਹਾ ਹੋ ਸਕਦਾ ਹੁੰਦਾ ਤਾਂ ਹੁਣ ਤੱਕ ਵੀ ਅਸੀਂ ਗੁਲਾਮਦਾਰੀ ਯੁੱਗ ਵਿਚ ਵਿਚਰ ਰਹੇ ਹੁੰਦੇ ਅਤੇ ਬਰਤਾਨਵੀ ਹਕੂਮਤ ਦੇ ਸੂਰਜ ਨੇ ਕਦੇ ਵੀ ਗਲੋਬ ਦੇ ਸਾਰੇ ਹਿੱਸੇ ਤੋਂ ਅਸਤ ਨਹੀਂ ਹੋਣਾ ਸੀ।

1700ਵਿਆਂ ਅੰਦਰ ਮੁਹੰਮਦ ਇਬਨ ਅਬਦਲ ਵਹਾਬ ਨੇ ਇਸਲਾਮੀ ਜਗਤ ਅੰਦਰ ਨਵੀਂ ਧਾਰਾ ਦੀ ਸ਼ੁਰੂਆਤ ਕੀਤੀ। ਦਾਹੜੀਆਂ ਵਾਲੇ ਮੁਲਾਣਿਆਂ ਨੇ ਬਦੂੰਈ ਕਬੀਲੇ ਦੀ ਅੰਤਰ ਆਤਮਾ ਨੂੰ ਵੀ ਟੁੰਬਿਆ, ਕਿਉਂਕਿ ਵਹਾਬੀ ਜੀਵਨ ਜਾਚ ਹਜ਼ਰਤ ਸਾਹਿਬ ਅਤੇ ਉਨ੍ਹਾਂ ਦੇ ਮੁੱਢਲੇ ਸਹਿਯੋਗੀਆਂ ਦੀਆਂ ਸਿਖਿਆਵਾਂ ਦੇ ਨੇੜੇ ਮੰਨੀ ਗਈ ਸੀ। ਜੁਹੇਮਨ ਅਲ ਯੁਤੇਵੀ ਨੇ ਉਸ ਦਿਨ ਕਾਬੇ ਵਿਚ ਐਲਾਨ ਕੀਤਾ ਕਿ ਉਹ ਹਜ਼ਰਤ ਸਾਹਿਬ ਦੀ ਭਵਿੱਖਵਾਣੀ ਨੂੰ ਪੂਰਾ ਕਰਨ ਲਈ ਕਾਬੇ ਵਿਚ ਆਇਆ ਹੈ। ਉਸ ਦਾ ਮੰਤਵ ਕਾਫ਼ਿਰਾਂ ਅਤੇ ਦੁਸ਼ਟ ਸ਼ੀਆਂ ਨੂੰ ਮਲੀਆਮੇਟ ਕਰਨਾ ਹੈ। ਸਿਰਫ਼ ਉਹੀ ਬੰਦਾ ਇਸ ਜੇਹਾਦ ਤੋਂ ਬਚ ਸਕੇਗਾ, ਜਿਹੜਾ ਵਹਾਬੀ ਬਨਾਮ ਸੁੰਨੀ ਧਾਰਾ ਨੂੰ ਪ੍ਰਵਾਨ ਕਰੇਗਾ। ਉਸ ਦਾ ਅੰਤਮ ਨਿਸ਼ਾਨਾ ਪੱਛਮੀ ਜੀਵਨ ਜਾਚ ਤੇ ਐਸ਼ਪ੍ਰਸਤੀ ਨੂੰ ਤਹਿਸ-ਨਹਿਸ ਕਰਨਾ ਅਤੇ ਸ਼ੁੱਧ ਇਸਲਾਮੀ ਰਾਜ ਦੀ ਪਹਿਲਤਾਜ਼ਗੀ ਨੂੰ ਬਹਾਲ ਕਰਨਾ ਹੈ। ਅੰਤ ਵਿਚ ਜੁਹੇਮਨ ਦੀ ਉਨ੍ਹਾਂ ਦਿਨਾਂ ਦੀ ਜਹਾਦੀ ਮੂਲਵਾਦੀ ਕਾਰਵਾਈ ਨਾਲ ਉਹੋ ਜਿਹਾ ਹੀ ਭਾਣਾ ਵਾਪਰਿਆ, ਜਿਹੋ ਜਿਹਾ ਸਿਰੇ ਦਾ ਬਦਕਿਸਮਤੀਪੂਰਨ ਅਤੇ ਤ੍ਰਾਸਦਿਕ ਦੁਖਾਂਤ 3 ਤੋਂ 6 ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਵਾਪਰਿਆ ਸੀ। ਹਾਂ, ਇੰਨੀ ਗੱਲ ਜ਼ਰੂਰ ਹੈ ਕਿ ਸੰਤ ਜਰਨੈਲ ਸਿੰਘ ਦੇ ਪੈਰੋਕਾਰਾਂ ਨੇ ਤਾਂ ਮਿਸਾਲੀ ਬਹਾਦਰੀ ਨਾਲ ਲੜਦਿਆਂ ਆਪਣੇ ਦੇਸ਼ ਦੀ ਸਰਕਾਰ ਤੇ ਫੌਜਾਂ ਨੂੰ ਹੀ ਦਿਨੇ ਤਾਰੇ ਵਿਖਾਏ ਸਨ- ਮੱਕੇ ਵਿਚ ਜਾ ਬੈਠਣ ਵਾਲੇ ਜਹਾਦੀਆਂ ਨੇ ਤਾਂ ਸਾਊਦੀ ਸਰਕਾਰ ਦੇ ਨਾਲ ਹੀ ਪਾਕਿਸਤਾਨ ਅਤੇ ਸ਼ਕਤੀਸ਼ਾਲੀ ਅਮਰੀਕਨ ਸਰਕਾਰਾਂ ਦੀ ਵੀ ਕਿੰਨੇ ਹੀ ਦਿਨ, ਬਹੁਤ ਹੀ ਬੁਰੀ ਤਰ੍ਹਾਂ ਭੂਤਨੀ ਭੁਲਾਈ ਰੱਖੀ ਸੀ। ਇਸ ਬਾਰੇ ਜੇਕਰ ਵਿਸਥਾਰ ਵਿਚ ਜਾਣਾ ਹੈ ਤਾਂ ਪਾਠਕ ਪੈਂਗੁਇਨ ਵੱਲੋਂ 2007 ਵਿਚ ਛਾਪੀ ਉਘੇ ਲੇਖਕ Yaroslav Trofimov ਦੀ ਪੁਸਤਕ "The Sieze of Mecca" ਜ਼ਰੂਰ ਪੜ੍ਹਨ। ਅੱਖਾਂ ਖੁੱਲ੍ਹ ਜਾਣਗੀਆਂ। ਬਲਕਿ ਇਹ ਪੁਸਤਕ ਲਾਜ਼ਮੀ ਤੌਰ 'ਤੇ ਪੜ੍ਹਨੀ ਚਾਹੀਦੀ ਹੈ।

'ਜ਼ਹਿਰ ਦੀ ਖੇਤੀ' ਬੀਜਣ ਦੇ ਜਿਹੋ ਜਿਹੇ ਨਤੀਜੇ ਇਤਿਹਾਸ ਅੰਦਰ ਨਿਕਲ ਚੁੱਕੇ ਹਨ, ਉਹ ਅਜਿਹੇ ਆਗੂਆਂ ਦੀ ਬਦੌਲਤ ਨਹੀਂ ਸਨ, ਜਿਹੋ ਜਿਹੇ ਨੇਤਾਵਾਂ ਦੀ ਸਮੇਂ ਸਮੇਂ ਦੀ ਭਾਸ਼ਣੀ ਜੰਗ 'ਚੋਂ ਹਵਾਲੇ ਦੇ ਕੇ ਪਰਮਜੀਤ ਸਿੰਘ ਗਾਜ਼ੀ ਵੱਲੋਂ ਪ੍ਰੋ. ਬਲਕਾਰ ਸਿੰਘ ਨੂੰ ਚੁਣੌਤੀ ਸੁੱਟੀ ਗਈ ਹੈ, ਸਗੋਂ ਪੰਜਾਬ ਅੰਦਰ ਹਿੰਦੂਆਂ ਦੇ ਵੱਡੀ ਪੱਧਰ 'ਤੇ ਕਤਲ ਕਰਨ ਦੀ ਉਸ 'ਯੁੱਧਮੱਤ' ਦਾ ਨਤੀਜਾ ਸਨ, ਜਿਨ੍ਹਾਂ ਦੀ ਪੈਰਵਾਈ ਹੁਣ ਬਾਈ ਅਜਮੇਰ ਸਿੰਘ ਆਪਣੀਆਂ ਲਿਖਤਾਂ ਵਿਚ ਕਰ ਰਿਹਾ ਹੈ। ਜੇ ਇਸ ਲੀਹ ਨੂੰ ਦੁਬਾਰਾ ਲਾਗੂ ਕਰਨ ਦਾ ਜਤਨ ਕੀਤਾ ਗਿਆ ਤਾਂ ਇਸ ਦੇ ਸਿੱਟੇ ਬਹੁਤ ਭਿਆਨਕ ਨਿਕਲ ਸਕਦੇ ਹਨ। ਦਿੱਲੀ ਤਾਂ ਬਹੁਤ ਨੇੜੇ ਹੈ, ਹੁਣ ਤਾਂ ਪੰਜਾਬੀਆਂ ਤੇ ਸਿੱਖਾਂ ਉਪਰ ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਵਿਚ ਵੀ ਨਸਲੀ ਹਮਲੇ ਸ਼ੁਰੂ ਹੋ ਚੁੱਕੇ ਹਨ। ਹਵਾਈ ਅੱਡਿਆਂ ਉਪਰ ਗੁਰੂ ਦੀ ਬਖਸ਼ਿਸ਼ ਦਸਤਾਰਾਂ ਦੀ ਨਿੱਤ ਦਿਨ ਬੇਹੁਰਮਤੀ ਹੁੰਦੀ ਹੈ। ਅਲਫ਼ ਨੰਗੇ ਕਰਨ ਤੱਕ ਤਲਾਸ਼ੀਆਂ ਹੁੰਦੀਆਂ ਹਨ। ਸਿੱਖ ਪੰਥ ਨੇ ਕਿਹੜੀ 'ਯੁੱਧਮੱਤ' ਤੈਅ ਕਰਨੀ ਹੈ, ਇਸ ਦਾ ਫੈਸਲਾ ਨਿਗੁਣੇ ਘੱਟ-ਗਿਣਤੀ ਸਿਆਸੀ ਟੋਲਿਆਂ ਜਾਂ ਡਾਲੀ ਨਾਲੋਂ ਟੁੱਟੇ ਬੁੱਧੀਜੀਵੀਆਂ ਉਪਰ ਨਹੀਂ ਸੁੱਟਿਆ ਜਾ ਸਕਦਾ। ਡਾ. ਬਲਕਾਰ ਸਿੰਘ ਵਰਗੇ ਚਿੰਤਕਾਂ ਦੀ ਤਾਂ ਬੱਸ ਇੰਨੀ ਕੁ ਹੀ ਬੇਨਤੀ ਸੀ ਕਿ ਨਾ ਕਰੋ ਯਾਰੋ, ਨਾ ਕਰੋ ਏਤਰਾਂ, ਬਹੁਤ ਹੋ ਗਿਆ, ਏਤਰਾਂ ਨਾ ਕਰੋ! ਪੰਜਾਬ ਨੂੰ ਅੱਗ ਦੀ ਭੱਠੀ ਵਿਚ ਨਾ ਝੋਕੋ! ਇਸ 'ਯੁੱਧਮੱਤ' ਨੂੰ ਲਾਗੂ ਕਰਨ ਨਾਲ ਸਿੱਖ ਭਾਈਚਾਰਾ ਅੱਗੇ ਨਹੀਂ ਵੱਧ ਸਕਦਾ। ਜੇ ਵਿਸ਼ਵ ਸਭਿਆਚਾਰਾਂ ਦੀ ਵੰਨ-ਸੁਵੰਨੀ ਖੁਸ਼ਬੂ ਵਿਚ ਆਪਣਾ ਯੋਗਦਾਨ ਪਾਉਣਾ ਹੈ ਤਾਂ ਡਾ. ਗੁਰਭਗਤ ਸਿੰਘ ਦੀਆਂ ਤਾਜ਼ੀਆਂ ਲਿਖਤਾਂ ਵੀ ਕੁੱਝ ਮਦਦ ਕਰ ਸਕਦੀਆਂ ਹਨ ਕਿਉਂਕਿ ਅੱਜਕੱਲ ਉਹ ਸੱਚਮੁੱਚ ਹੀ ਉਪਰ ਉਠੇ ਨਜ਼ਰ ਆ ਰਹੇ ਹਨ।

ਪ੍ਰੋ. ਬਲਕਾਰ ਸਿੰਘ, ਡਾ. ਗੁਰਭਗਤ ਸਿੰਘ ਅਤੇ ਡਾ. ਹਰਪਾਲ ਸਿੰਘ ਪੰਨੂ ਆਪੋ-ਆਪਣੇ ਥਾਵੇਂ ਠੀਕ ਹਨ ਪਰ ਸਭ ਤੋਂ ਅਹਿਮ ਲਿਖਤ ਇਸ ਸਾਰੀ ਬਹਿਸ ਵਿਚ ਜੋ ਸਾਹਮਣੇ ਆਈ ਹੈ-ਉਹ ਪ੍ਰੋ. ਭੁਪਿੰਦਰ ਸਿੰਘ ਦੀ 15-20 ਵਰ੍ਹੇ ਪੁਰਾਣੀ ਲਿਖਤ ਹੀ ਹੈ ਅਤੇ ਪੰਜਾਬ ਦੀ ਸਰਜ਼ਮੀਨ ਉਪਰ ਗੁਰੂ ਆਸ਼ਿਆਂ ਵਾਲੇ ਭਾਈਚਾਰੇ ਦੀ ਕਾਮਨਾ ਕਰਨ ਲਈ ਉਸ ਦੀਆਂ ਅੰਤਰ-ਦ੍ਰਿਸ਼ਟੀਆਂ ਨੂੰ ਸਮਾਜਕ ਇਤਿਹਾਸਕ ਵਿਸ਼ਲੇਸ਼ਣ ਦੀਆਂ ਹੋਰ ਸਾਰਥਿਕ ਅੰਤਰ-ਦ੍ਰਿਸ਼ਟੀਆਂ ਨਾਲ ਜੋੜ ਕੇ ਵਿਕਸਤ ਕੀਤਾ ਜਾਣਾ ਚਾਹੀਦਾ ਹੈ।

ਪ੍ਰੋ. ਭੁਪਿੰਦਰ ਸਿੰਘ ਨੇ 'ਬਟਵਾਰਾ ਮਹਾਤਮਾ ਗਾਂਧੀ ਅਤੇ ਸਿੱਖ' ਸਿਰਲੇਖ ਹੇਠਲੇ ਆਪਣੇ ਲੇਖ ਵਿਚ ਕਿਹਾ ਹੈ ਕਿ ਹਾਲੀਆ ਬਹਿਸ ਸਿੱਖ ਧਰਮ ਦੇ ਦੋ ਅਤਿ ਅਹਿਮ ਪਹਿਲੂਆਂ ਤੇ ਵਿਸ਼ੇਸ਼ ਜ਼ੋਰ ਦਿਤਾ ਜਾਣਾ ਚਾਹੀਦਾ ਹੈ। ਪਹਿਲੀ ਗੱਲ, ਸਿੱਖ ਧਰਮ ਨੇ ਸੰਕਲਪਾਂ ਤੇ ਵਿਚਾਰਾਂ ਦੇ ਧਰਾਤਲ ਤੇ ਹਿੰਦੂ ਧਰਮ ਅਤੇ ਇਸਲਾਮ-ਦੋਵਾਂ ਵੱਡੇ ਧਰਮਾਂ ਤੋਂ ਹੀ ਬਹੁਤ ਕੁਝ ਲਿਆ ਹੈ ਅਤੇ ਸ਼ਾਇਦ ਇਸਨੂੰ ਸਹੀ ਰੂਪ ਵਿਚ ਸਮਝਿਆ ਵੀ ਇਨ੍ਹਾਂ ਦੇ ਪ੍ਰਸੰਗ ਵਿਚ ਹੀ ਜਾਣਾ ਚਾਹੀਦਾ ਹੈ।...ਇਤਿਹਾਸ ਦੇ ਪੱਖ ਤੋਂ ਨਾ ਸਹੀ, ਪਰ ਧਰਮ ਸ਼ਾਸਤਰੀ ਪ੍ਰਸੰਗ ਤੋਂ ਸਿੱਖ ਧਰਮ, ਇਸਲਾਮ ਅਤੇ ਹਿੰਦੂ ਧਰਮ ਤੋਂ ਇਕੋ ਜਿੰਨਾ ਹੀ ਨਜ਼ਦੀਕ ਸੀ ਅਤੇ ਹੈ, ਜਾਂ ਇਕੋ ਜਿੰਨਾ ਹੀ ਦੂਰ ਸੀ ਅਤੇ ਹੈ। ਸਿੱਖ ਧਰਮ ਦਾ ਦੂਸਰਾ ਅਤਿ ਅਹਿਮ ਪਹਿਲੂ ਹੈ ਕਿ ਉਹ ਬਹੁਲਤਾ-ਮੁਖੀ ਅਤੇ ਬਹੁ-ਕੇਂਦਰੀ ਸਮਾਜਕ ਵਿਵਸਥਾ ਦੇ ਸੰਕਲਪ 'ਤੇ ਅਧਾਰਤ ਹੈ ਅਤੇ ਅਜਿਹੀ ਵਿਵਸਥਾ ਨੂੰ ਹੀ ਇਹ ਉਤਸ਼ਾਹਿਤ ਕਰਦਾ ਹੈ। ਅਜਿਹੇ ਨਿਜ਼ਾਮ ਨੂੰ ਹੀ ਇਹ ਮਾਨਵੀ-ਸਮਾਜਕ ਹੋਂਦ ਲਈ ਸਹਿਜ ਅਤੇ ਕੁਦਰਤ ਦੇ ਅਸੂਲਾਂ ਦੇ ਅਨੁਸਾਰੀ ਮੰਨਦਾ ਹੈ।

ਪ੍ਰੋ. ਭੁਪਿੰਦਰ ਸਿੰਘ ਦੀ ਜਿਹੜੀ ਗੱਲ ਸਾਨੂੰ ਸਭ ਤੋਂ ਵੱਧ ਉਤਸ਼ਾਹਿਤ ਕਰਦੀ ਹੈ, ਉਹ ਉਨ੍ਹਾਂ ਦੀ ਸਿੱਖ ਧਰਮ ਦਰਸ਼ਨ ਦੀ ਇਹ ਪੜ੍ਹਤ ਹੈ ਕਿ ਸਿਧਾਂਤਕ ਤੌਰ 'ਤੇ ਕੋਈ ਵੀ ਆਦਰਸ਼ ਸਿੱਖ ਫਿਰਕਾਪ੍ਰਸਤ ਤਾਂ ਛੱਡੋ-ਉਹ ਤਾਂ ਇਨਸਾਨ, ਕੁਦਰਤ ਅਤੇ ਕਾਦਰ ਦੇ ਵਿਚਾਲੇ ਹਰ ਤਰ੍ਹਾਂ ਦੀਆਂ ਅਸੁਭਾਵਿਕ ਜਾਂ ਮਸਨੂਈ ਵੰਡੀਆਂ ਨੂੰ ਮੇਟ ਦੇਣ ਦੀ ਨਿਰੰਤਰ ਜੱਦੋ-ਜਹਿਦ ਜਾਰੀ ਰੱਖਣ ਲਈ ਪ੍ਰਤੀਬੱਧ ਹੈ।

ਯਾਦ ਰਹੇ ਕਿ ਪ੍ਰੋ. ਭੁਪਿੰਦਰ ਸਿੰਘ ਦੀ ਦ੍ਰਿਸ਼ਟੀ ਦੇ ਸਿੱਖ ਸਮਾਜ ਨੂੰ ਅਮਲੀ ਤੌਰ 'ਤੇ ਰੂਪਮਾਨ ਸਥਾਨਕ, ਕੌਮੀ ਅਤੇ ਕੌਮਾਂਤਰੀ ਜ਼ਮੀਨੀ ਹਾਲਾਤ ਦੇ ਠੋਸ ਅਧਿਐਨ 'ਤੇ ਅਧਾਰਤ ਸਮੂਹ ਪੀੜਤ ਧਿਰਾਂ ਦੀ ਸਾਂਝੀ ਜੱਦੋ-ਜਹਿਦ ਰਾਹੀਂ ਹੀ ਕੀਤਾ ਜਾ ਸਕਦਾ ਹੈ ਅਤੇ ਅਜਿਹੇ ਹਾਂਦਰੂ ਉਪਰਾਲੇ ਕੀਤੇ ਜਾਣ-ਇਹੋ ਮੇਰੀ ਆਪਣੀ ਕਾਮਨਾ ਵੀ ਹੈ। ਕਮਾਲ ਦੀ ਗੱਲ ਹੈ ਕਿ ਅੱਜ ਤੋਂ 10-12 ਵਰ੍ਹੇ ਪਹਿਲਾਂ 'ਸਿੱਖ ਧਰਮ ਤੇ ਮਾਰਕਸਵਾਦ: ਮਨੋਰਥਾਂ ਦੀ ਸਾਂਝ' ਦੇ ਲਿਖਾਰੀ ਨੂੰ ਇਸ ਸਾਰੇ ਕਾਸੇ ਦੀ ਕਾਫੀ ਸੋਝੀ ਸੀ। ਹਥਲਾ ਲੇਖ ਲਿਖਣ ਲਈ ਪਿਛਲੇ ਹਫਤੇ ਮੈਂ ਲੋੜੀਂਦੀ ਸਮੱਗਰੀ ਹਾਸਲ ਕਰਨ ਲਈ ਇੰਟਰਨੈੱਟ 'ਤੇ navigate ਕਰ ਰਿਹਾ ਸਾਂ ਕਿ ਮੇਰੀ ਨਜ਼ਰੇ ਇੰਟਰਨੈਸ਼ਨਲ ਜਰਨਲ ਆਫ ਜਿਜੇਕ ਸਟੱਡੀਜ਼ ਦੀ ਜਿਲਦ 5, ਨੰਬਰ 1, ਅੰਦਰ Syracuse University ਦੇ ਚਿੰਤਕ Robert Ruehl ਦਾ ਜਿਜੇਕ ਦਾ ਕਮਿਊਨਿਸਟ ਧਰਮ ਸ਼ਾਸਤਰ ਸਿਰਲੇਖ ਹੇਠ ਲਿਖਿਆ ਤਾਜ਼ਾ ਲੇਖ ਪਿਆ। ਸਥਿਤੀ ਦਾ ਵਿਅੰਗ ਇਹ ਹੈ ਕਿ ਸਮੇਂ ਅਤੇ ਸਥਾਨ ਦੇ ਵੱਡੇ ਵਖਰੇਵਿਆਂ ਦੇ ਬਾਵਜੂਦ Slavoj zizek ਦੇ ਲੇਖ ਪਿੱਛੇ ਪ੍ਰੇਰਨਾ 'ਮਨੋਰਥਾਂ ਦੀ ਸਾਂਝ' ਵਾਲੇ ਲੇਖ ਦੀ 'ਪੜ੍ਹਤ' ਤੋਂ ਆ ਰਹੀ ਮਲੂਮ ਹੁੰਦੀ ਹੈ। ਚੰਗਾ ਹੋਵੇ ਜੇ ਪ੍ਰੋ ਭੁਪਿੰਦਰ ਸਿੰਘ, ਡਾ ਬਲਕਾਰ ਸਿੰਘ, ਡਾ ਗੁਰਭਗਤ ਸਿੰਘ ਅਤੇ ਅਜਮੇਰ ਸਿੰਘ ਆਦਿ ਅਜੋਕੇ ਸਿੱਖ ਚਿੰਤਕ ਗੁਰਬਾਣੀ ਦੇ ਨਾਲ ਨਾਲ Slavoj zizek ਅਤੇ ਹੋਰ ਅਜਿਹੇ ਚਿੰਤਕਾਂ ਦੇ ਗਹਿਰ ਚਿੰਤਨ ਦੀ ਲੋਅ ਵਿਚ ਨਵ ਸਿੱਖ ਰਾਜਨੀਤਕ praxis ਦੀ ਸਿਰਜਣਾ ਲਈ ਅਗੇ ਆਉਣ।

**ਸਾਨੂੰ ਇਹ ਸਪੱਸ਼ਟ ਪਤਾ ਹੋਣਾ ਚਾਹੀਦਾ ਹੈ ਕਿ ਪਾਕਿਸਤਾਨ ਦੀ ਤਰਜ਼ 'ਤੇ ਖੁਦਾ-ਨ-ਖਾਸਤਾ ਜੇ ਕੋਈ 'ਸਿੱਖਸਤਾਨ' ਬਣ ਵੀ ਜਾਂਦਾ ਹੈ ਤਾਂ ਉਸ ਦਾ ਆਮ ਗਰੀਬ ਸਿੱਖ ਸੰਗਤ ਨੂੰ ਉਕਾ ਹੀ ਕੋਈ ਲਾਭ ਨਹੀਂ ਹੋਵੇਗਾ। ਅੱਜ ਦੇ ਯੁੱਗ ਵਿਚ ਜੇਕਰ 'ਹੰਨੇ-ਹੰਨੇ ਪਾਤਸ਼ਾਹੀ' ਬਖਸ਼ਣ ਦਾ ਮਹਾਨ ਸੁਪਨਾ ਸਾਕਾਰ ਕਰਨ ਦੀ ਉਮੀਦ ਰੱਖਣੀ ਹੈ ਤਾਂ ਉਸ ਲਈ ਤਰਜੀਹਾਂ ਅਲੱਗ ਅਤੇ ਸਮਾਜਿਕ ਵਿਕਾਸ ਦੇ ਭਵਿੱਖਨਕਸ਼ੇ ਹੋਰ ਹੋਣਗੇ। ਉਹ ਬਣਨੇ ਚਾਹੀਦੇ ਹਨ। ਸਾਡੇ ਬਜ਼ੁਰਗਾਂ ਦੇ ਮਹਾਨ ਸੁਪਨੇ ਨੂੰ ਸਹੀ ਦਿਸ਼ਾ ਵਿਚ ਸਾਕਾਰ ਕਰਨ ਦੀ ਜਦੋਜਹਿਦ ਜਾਰੀ ਰਹਿਣੀ ਚਾਹੀਦੀ ਹੈ, ਬਲਕਿ ਲਾਜ਼ਮੀ ਤੌਰ 'ਤੇ ਜਾਰੀ ਰੱਖਣੀ ਚਾਹੀਦੀ ਹੈ।**

# ਮਰੱਬੀ

ਹਰਪਾਲ ਸਿੰਘ ਪੰਨੂ

ਇਕ ਦਿਨ ਪਹਿਲਾਂ ਵੀ ਦੱਸਿਆ ਸੀ, ਫੇਰ ਦੱਸਾਂ ਕਿ ਮੈਂ ਬੁਨਿਆਦੀ ਤੌਰ 'ਤੇ ਡਰਪੋਕ ਹਾਂ। ਕਾਰਨ ਜੋ ਮਰਜੀ ਹੁੰਦਾ, ਬਚਪਨ ਵਿਚ ਕੋਈ ਮੈਨੂੰ ਥੱਪੜ ਮਾਰ ਦਿੰਦਾ ਮੈਂ ਉਚੀ ਉਚੀ ਰੋਂਦਾ ਨਾ। ਉਚੀ ਉਚੀ ਤਾਂ ਕੀ ਸਿਸਕੀਆਂ... ਹੰਝੂ... ਬਿਲਕੁਲ ਨਹੀਂ। ਥੱਪੜ ਖਾ ਕੇ ਜਿਹੜੇ ਬੱਚੇ ਉਚੀ ਉਚੀ ਰੋਂਦੇ, ਚੀਕਾਂ ਮਾਰਦੇ, ਮੈਨੂੰ ਬੜੇ ਬੁਰੇ ਲਗਦੇ। ਇਕ ਤਾਂ ਕੁੱਟ ਖਾ ਚੁੱਕੇ ਹਨ ਫਿਰ ਨੁਮਾਇਸ਼ ਲਾ ਲਈ ਹੈ ਕਿ ਕੁੱਟੇ ਗਏ ਹਾਂ, ਇਹ ਤਾਂ ਸਿਰੇ ਦੀ ਮੂਰਖਤਾ ਹੋਈ। ਥੱਪੜ ਖਾ ਕੇ ਬੇਇਜ਼ਤੀ ਕਰਵਾਈ, ਇਸੇ ਨਾਲ ਸਬਰ ਕਰ ਲੈਣਾ ਚਾਹੀਦਾ ਸੀ। ਇਸ ਦੇ ਪ੍ਰਚਾਰ ਦੀ ਕੀ ਲੋੜ? ਹੁਣ ਵੀ ਤੁਸੀਂ ਅਜਮਾ ਕੇ ਦੇਖਣਾ ਕਿਸੇ ਦਿਨ। ਮੇਰੇ ਥੱਪੜ ਮਾਰੋ। ਜਦੋਂ ਜਾਣ ਲੱਗੋਗੇ ਤਾਂ ਮੈਂ ਤੁਹਾਡੇ ਅਗੇ ਬੇਨਤੀ ਕਰਾਂਗਾ ਕਿ ਜੋ ਕਰਨਾ ਸੀ ਤੁਸੀਂ ਕਰ ਲਿਆ, ਹੁਣ ਕਿਸੇ ਨੂੰ ਦੱਸਣਾ ਨਾ। ਜੇ ਇਹ ਭੇਦ ਪ੍ਰਗਟ ਨਾ ਹੋਵੇ ਤਾਂ ਮੈਂ ਤੁਹਾਡਾ ਅਹਿਸਾਨਮੰਦ ਹੋਵਾਂਗਾ। ਕਿਥੇ ਕਿਥੇ ਬੇਇੱਜ਼ਤ ਹੋਇਆ, ਨਹੀਂ ਦਸਦਾ।

ਪੰਜਾਬੀ ਯੂਨੀਵਰਸਿਟੀ ਵਿਚ ਮੈਂ ਨੇਤਾਗਿਰੀ ਕਰਦਾ ਰਿਹਾ ਹਾਂ। ਹੁਣ ਵੀ ਦਾਅ ਲਾ ਲੈਂਦਾ ਹਾਂ। ਦੁਖੀ ਪ੍ਰੋਫੈਸਰ ਮੇਰੀ ਮਦਦ ਮੰਗਣ ਆ ਜਾਂਦੇ ਹਨ। ਮੇਰੇ ਕੋਲ ਹਰੇਕ ਦੀ ਤਕਲੀਫ ਦਾ ਇਲਾਜ ਨਹੀਂ ਹੈ। ਮੈਂ ਮੁਸ਼ਕਲ ਹੱਲ ਕਰਨ ਦਾ ਤਰੀਕਾ ਦਸਦਾ ਹਾਂ। ਇਸ ਤਰੀਕੇ ਵਿਚ ਕਿਧਰੇ ਮੇਰੀ ਲੋੜ ਹੈ, ਹਾਜਰ ਹਾਂ, ਬਹੁਤੀ ਵਾਰ ਧਰਵਾਸ ਦਿੰਦਾ ਹਾਂ। ਦਸਦਾ ਹਾਂ ਕਿ ਬੁਰਾ ਸਮਾਂ ਕਦੇ ਨਾ ਕਦੇ ਹਰੇਕ 'ਤੇ ਆਉਂਦਾ ਹੈ, ਤਾਂ ਵੀ, ਬੁਰੇ ਸਮੇਂ ਵਿਚ ਇਕ ਚੰਗਿਆਈ ਵੀ ਹੈ, ਚੰਗਿਆਈ ਇਹ ਕਿ ਬੁਰਾ ਸਮਾਂ ਤੁਹਾਡੇ ਕੋਲ ਰੁਕਦਾ ਨਹੀਂ, ਚਲਾ ਜਾਂਦਾ ਹੈ। ਸ਼ੁਕਰ ਹੈ ਤੇਰਾ ਸੱਚੇ ਪਾਤਸ਼ਾਹ ਤੂੰ ਸਮੇਂ ਨੂੰ ਖੰਭ ਲਾ ਦਿੱਤੇ। ਜੇ ਕਿਤੇ ਇਹ ਰੁਕ ਜਾਂਦਾ ਤਾਂ ਕੀ ਬਣਦਾ?

ਔਰੰਗਜ਼ੇਬ ਬੁੱਢਾ ਹੋ ਕੇ ਪੂਰੀ ਉਮਰ ਭੋਗ ਕੇ ਮਰਿਆ, ਇਸੇ ਤਰ੍ਹਾਂ ਮਰ ਤਾਂ ਵਜ਼ੀਰ ਖਾਨ ਨੇ ਵੀ ਜਾਣਾ ਸੀ ਇਕ ਦਿਨ ਖੁਦ ਬਖੁਦ। ਪਰ ਸਮੇਂ ਨੇ ਕੋਈ ਫੈਸਲਾ ਕਰਨਾ ਸੀ। ਸਮੇਂ ਨੇ ਇਕਾਂਤਵਾਸੀ ਸਨਿਆਸੀ ਮਾਧੋਦਾਸ ਨੂੰ ਬੰਦਾ ਸਿੰਘ ਦਾ ਲਿਬਾਸ ਦੇ ਕੇ ਉਸ ਹੱਥੋਂ ਵਜੀਰ ਖਾਨ ਦਾ ਕਤਲ ਕਰਵਾਉਣਾ ਸੀ। ਸਮਾਂ ਇਹ ਦੱਸਣਾ ਚਾਹੁੰਦਾ ਸੀ ਕਿ ਗੁਰੂ ਗ਼ੈਰ ਹਾਜ਼ਰ ਨਹੀਂ ਹੋਇਆ ਕਰਦਾ, ਦਿਖਾਣਾ ਸੀ ਕਿ ਗੁਰੂ ਬੰਦਾ ਸਿੰਘ ਨੂੰ ਨਾ ਤੋਪਖਾਨਾ ਦਿੰਦਾ ਹੈ, ਨਾ ਫੌਜ, ਨਾ ਧਨ। ਸਮੇਂ ਨੇ ਵਿਦਿਆਰਥੀਆਂ ਨੂੰ ਸਬਕ ਦੇਣਾ ਸੀ ਕਿ ਗੁਰੂ ਕਿਸੇ ਦੇ ਮੋਢੇ 'ਤੇ ਹੱਥ ਰੱਖ ਦੇਵੇ ਤਾਂ ਉਹ ਹੁਕਮਰਾਨ ਹੋ ਜਾਂਦਾ ਹੈ। ਟੈਗੋਰ ਨੇ ਲਿਖਿਆ-ਅਪਮਾਨਿਤ ਮਨੁਖ ਕਦੀ ਸਨਮਾਨਯੋਗ ਹੋਵੇ, ਇਹੋ ਉਮੀਦ ਸਭਿਅਤਾਵਾਂ ਦਾ ਇਤਿਹਾਸ ਸਿਰਜਦੀ ਹੈ।

ਉਹੋ, ਮੈਂ ਕਿਧਰ ਤੁਰ ਪਿਆ। ਫੈਸਲਾ ਕੀਤਾ ਸੀ ਬੇਅਕਲੀਆਂ ਮਾਰਾਂਗਾ, ਵਾਹੀ ਤਬਾਹੀ ਨਾਲ ਮਨੋਰੰਜਨ ਕਰਾਂਗਾ ਪਰ ਕਲਮ ਵਸ ਵਿਚ ਹੋਵੇ ਤਾਂ ਬੰਦਾ ਪੈਗੰਬਰ ਨਾ ਹੋ ਜਾਵੇ? ਲਉ ਜੀ, ਜਿਥੋਂ ਤੁਰੇ ਉਥੇ ਮੁੜੀਏ। ਚਾਚਿਆਂ-ਬਾਬਿਆਂ ਨੇ ਫੈਸਲਾ ਕੀਤਾ ਕਿ ਖੂਹ ਚਾਹੀਦਾ ਹੈ। ਖੂਹ ਕਿਥੇ ਪੁੱਟੀਏ, ਸਲਾਹਾਂ ਹੋਣ ਲੱਗੀਆਂ। ਦੋ ਸ਼ਰਤਾਂ ਅਹਿਮ ਸਨ। ਪਹਿਲੀ, ਸਭ ਤੋਂ ਉਚੀ ਥਾਂ ਹੋਵੇ। ਦੂਜੀ ਇਹ ਕਿ ਤਿੰਨ ਪੱਤੀਆਂ ਦਾ ਸਾਂਝਾ ਖੂਹ ਹੋਵੇਗਾ ਇਸ ਲਈ ਤਿੰਨੇ ਘਰਾਣਿਆਂ ਦੀ ਜ਼ਮੀਨ ਦੇ ਵਿਚਕਾਰ ਹੋਵੇ। ਨਿਸ਼ਾਨਦੇਹੀ ਖ਼ੁਦ ਤਾਂ ਕਰ ਲਈ ਪਰ ਖੂਹ ਦਾ ਕਾਰੀਗਰ ਕਿਹੜਾ ਹੈ ਤੇ ਕਿਥੇ ਹੈ? ਇਕ ਝਿਊਰ ਪਾਕਿਸਤਾਨੋ ਆਇਆ ਸੀ, ਹੱਲਿਆਂ ਵੇਲੇ। ਉਹ ਕਿਸੇ ਹੋਰ ਪਿੰਡ ਵਿਚ ਸੀ। ਉਸ ਨੂੰ ਲਿਆਂਦਾ। ਉਸ ਨੂੰ ਦੱਸਿਆ ਗਿਆ, ਤਿੰਨ ਘਰਾਂ ਦਾ ਫੈਸਲਾ ਹੈ ਕਿ ਇਥੇ ਪਾੜ ਲਾਈਏ। ਉਸਤਾਦ, ਉਸਤਾਦ ਕਿਵੇਂ ਹੋਇਆ ਜੇ ਫੈਸਲਾ ਪਹਿਲਾਂ ਹੋ ਈ ਚੁੱਕਾ ਹੈ। ਉਸ ਨੇ ਫੈਸਲਾ ਨਾਮਨਜ਼ੂਰ ਕਰ ਦਿੱਤਾ, "ਜਦੋਂ ਇਥੇ ਪਾਣੀ ਹੈ ਈ ਨੀ, ਫੇਰ ਮੈਂ ਪਾਣੀ ਕਿਵੇਂ ਕੱਢਾਂਗਾ? ਮੈਂ ਬੇਇਜ਼ਤੀ ਕਰਵਾਉਣੀ ਹੈ, ਮੈਂ ਆਪਣੇ ਇਲਮ ਅਤੇ ਤੁਹਾਡੇ ਡੌਲਿਆਂ ਦੀ ਤਾਕਤ ਦਾ ਨਿਰਾਦਰ ਨਹੀਂ ਕਰਾਂਗਾ।" ਇਕ ਧਿਰ ਨੂੰ ਉਹ ਥਾਂ ਮਨਜ਼ੂਰ ਨਹੀਂ ਸੀ ਜਿਥੇ ਉਸ ਨੇ ਦੱਸਿਆ ਕਿ ਇਥੇ ਪਾਣੀ ਹੈ। ਉਨ੍ਹਾਂ ਦੇ ਖੇਤ ਦੂਰ ਪੈ ਜਾਂਦੇ ਸਨ। ਸਾਰਾ ਪਾਣੀ ਤਾਂ ਖਾਲ ਪੀ ਜਾਏਗਾ, ਫੇਰ ਸਾਡੇ ਪੱਲੇ ਕੀ ਪਏਗਾ? ਉਸਤਾਦ ਨੇ ਕਿਹਾ, ਜਿਥੇ ਤੁਸੀਂ ਨਿਸ਼ਾਨ ਲਾਇਆ, ਉਥੇ ਕਿਸੇ ਦੇ ਵੀ ਪੱਲੇ ਕੁਝ ਨਹੀਂ ਪਏਗਾ। ਇਉਂ ਕਰੋ। ਮੈਂ ਚੱਲਿਆਂ, ਮੇਰਾ ਕੰਮ ਫਲਾਣੇ ਪਿੰਡ ਚੱਲ ਰਿਹੈ। ਤੁਸੀਂ ਕਿਸੇ ਹੋਰ ਕਾਰੀਗਰ ਨੂੰ ਸੱਦ ਕੇ ਉਥੋਂ ਪਾਣੀ ਕੱਢੋ ਜਿਥੇ ਤੁਸੀਂ ਨਿਸ਼ਾਨੀ ਲਾ ਰੱਖੀ ਹੈ। ਆਉਂਦਾ ਜਾਂਦਾ ਸਬੱਬ ਨਾਲ ਮੈਂ ਵੀ ਤੁਹਾਡੇ ਖੂਹ ਦਾ ਪਾਣੀ ਪੀਆਂ ਕਰਾਂਗਾ। ਤੇ ਹੱਸ ਕੇ ਉਹ ਚਲਾ ਗਿਆ।

ਇਕ ਧਿਰ ਦੁਖੀ ਤਾਂ ਹੋਈ ਪਰ ਉਸਤਾਦ ਦੀ ਗੱਲ ਕੌਣ ਮੋੜੇ? ਨਾਲੇ ਕਿਹੜਾ ਕੋਈ ਸਾਜ਼ਸ਼ ਸੀ? ਖ਼ੁਆਜਾ ਪੀਰ ਦੀ ਥਾਹ ਕਿਸ ਨੇ ਪਾਈ ਹੈ? ਜਿਸ ਨੇ ਥਾਹ ਪਾਈ, ਉਹ ਉਸਤਾਦ ਹੋਰ ਫੈਸਲਾ ਕਰੀ ਬੈਠਾ ਹੈ, ਉਹ ਕਿਸੇ ਧਿਰ ਦਾ ਦੋਸਤ ਨਹੀਂ, ਕਿਸੇ ਦਾ ਦੁਸ਼ਮਣ ਨਹੀਂ। ਪਹਿਲਾਂ ਗੁਰਦੁਆਰੇ ਅਰਦਾਸ ਕੀਤੀ। ਫਿਰ ਉਸਤਾਦ ਨੇ ਆਪਣੀ ਕਿਸੇ ਬੋਲੀ ਵਿਚ ਖੁਆਜਾ ਖਿਜ਼ਰ ਨੂੰ ਮਨਾਇਆ, ਕਿਹਾ ਕਿ ਮੁਰੀਦ ਦਾ ਬਿਰਦ ਪਾਲ ਤੇ ਲੋੜਵੰਦਾਂ ਨੂੰ ਤ੍ਰਿਪਤ ਕਰ, ਦਰਿਆ ਦਿਲ ਹੋ ਜਾਹ ਖੁਆਜਾ ਪੀਰ, ਤੇਰੇ ਨਾਮ ਦੀਆਂ ਦੇਗਾਂ ਤਿਆਰ ਹਨ। ਕਬੂਲ ਕਰ।

ਖੂਹ ਦੀ ਖੁਦਾਈ ਸ਼ੁਰੂ ਹੋਈ। ਦਰਖਤ ਉਪਰ ਟੰਗਿਆ ਲਾਊਡ ਸਪੀਕਰ ਗੱਜਿਆ:

ਜੰਗਲ ਦੇ ਵਿਚ ਖੂਹਾ ਲੁਆ ਦੇ  
ਉਤੇ ਰਖਾ ਦੇ ਡੋਲ।  
ਸਖੀਆ ਨਾਮ ਸਾਈਂ ਦਾ ਬੋਲ।

ਲਾਊਡ ਸਪੀਕਰ ਦੀ ਕੀ ਲੋੜ ਪੈ ਗਈ? ਉਦੋਂ ਕੋਈ ਪਤਾ ਨਹੀਂ ਸੀ। ਉਦੋਂ ਤਾਂ ਬੱਸ ਮਨੋਰੰਜਨ ਸੀ ਸਾਡੇ ਲਈ, ਬੱਚਿਆਂ ਲਈ। ਲਾਊਡ ਸਪੀਕਰ ਦੇ ਦੋ ਮਤਲਬ ਸਨ। ਪਹਿਲਾ ਇਹ ਕਿ ਮਿੱਠੇ ਚੌਲਾਂ ਦੀਆ ਦੇਗਾਂ ਤਿਆਰ ਹਨ, ਆਓ ਤੇ ਛਕੋ। ਦੂਜਾ, ਖੁਆਜਾ ਖਿਜ਼ਰ ਦੇ ਮੁਰੀਦ ਖੁਦਾਈ ਵਿਚ ਸ਼ਾਮਿਲ ਹੋਣ ਤੇ ਪੁੰਨ ਖੱਟਣ। ਪਸ਼ੂ ਪੰਛੀ, ਬਿਰਖ ਬੂਟੇ, ਮੁਸਾਫ਼ਰ ਪਾਣੀ ਪੀ ਕੇ ਤ੍ਰਿਪਤ ਹੋਣਗੇ, ਉਨ੍ਹਾਂ ਨੂੰ ਪਤਾ ਨਹੀਂ ਹੋਏਗਾ ਇਸ ਕਾਰ ਸੇਵਾ ਵਿਚ ਕਿਸ ਕਿਸ ਨੇ ਹਿੱਸਾ ਲਿਆ ਪਰ ਰੱਬ ਦੇ ਮੁਨੀਮ ਨੇ ਤਾਂ ਖਾਤਾ ਖੋਲ੍ਹ ਰੱਖਿਐ ਨਾ, ਉਹ ਲੇਖਾ ਜੋਖਾ ਕਰਦਾ ਰਹਿੰਦਾ ਹੈ। ਸੋ ਜਿਨ੍ਹਾਂ ਗਵਾਂਢੀਆਂ ਦੇ ਖੇਤ ਨੂੰ ਇਸ ਖੂਹ ਦਾ ਪਾਣੀ ਨਹੀਂ ਮਿਲਣਾ ਸੀ, ਆਪੋ ਆਪਣੀਆਂ ਕਹੀਆਂ ਸਣੇ ਹਾਜ਼ਰ ਹੋਏ। ਮੇਲੇ ਵਰਗਾ ਇਕੱਠ, ਮੇਲੇ ਵਰਗਾ ਮਾਹੌਲ। ਖੂਹ ਦੀ ਸਿਰਜਣਾ ਬਹੁਤ ਵੱਡਾ ਪ੍ਰਾਜੈਕਟ ਸੀ... ਜਿੱਥੇ ਪਾਣੀ ਨਹੀਂ, ਉਥੇ ਪਾਣੀ ਹੋਵੇਗਾ। *ਐਕਸੋਡਸ*, ਇੰਜੀਲ ਦੀ ਸਾਖੀ ਹੈ। ਪੈਗੰਬਰ ਮੂਸਾ ਹਜ਼ਾਰਾਂ ਮੁਰੀਦਾਂ ਸਮੇਤ ਮਿਸਰ ਵਿਚੋਂ ਉਜੜ ਕੇ ਪੁਰਖਿਆਂ ਦੇ ਦੇਸ ਕੈਨਾਨ, ਹੁਣ ਇਜ਼ਰਾਈਲ, ਜਾਣ ਵਾਸਤੇ ਮਾਰੂਥਲ ਵਿਚ ਭਟਕ ਰਿਹਾ ਸੀ। ਮੁਰੀਦਾਂ ਨੇ ਕਿਹਾ, ਪਿਆਸੇ ਹਾਂ ਨਬੀ। ਪਾਣੀ ਦੇਹ। ਹਜ਼ਰਤ ਮੂਸਾ ਨੇ ਕਿਹਾ, ਪਰ ਇਥੇ ਮਾਰੂਥਲ ਵਿਚ ਪਾਣੀ ਕਿਥੋਂ ਕੱਢਾਂ? ਮੁਰੀਦਾਂ ਨੇ ਕਿਹਾ, ਤੇਰਾ ਲੜ ਫੜਿਆ, ਲਾਜ ਰੱਖ ਹੁਣ। ਪੈਗੰਬਰ ਨੇ ਕਿਹਾ, ਮੇਰੇ ਕੋਲ ਅਰਦਾਸ ਤੋਂ ਬਿਨਾ ਕੁੱਝ ਨਹੀਂ। ਅਰਦਾਸ ਕਰਕੇ ਦੇਖਦਾ ਹਾਂ। ਅਰਦਾਸ ਵਿਚ ਕਿਹਾ, ਤੇਰੇ ਮੁਰੀਦ ਪਿਆਸੇ ਹਨ ਪਿਤਾ। ਪਸ਼ੂ ਮਰਨ ਲੱਗ ਪਏ ਹਨ, ਬੱਚੇ ਮਰਨੇ ਸ਼ੁਰੂ ਹੋਣਗੇ। ਅਸੀਂ ਰਤਾ ਪਿਛੋਂ ਮਰਜਾਂਗੇ। ਸਾਨੂੰ ਪਿਆਸਿਆਂ ਨੂੰ ਪਾਣੀ ਦੇਹ। ਅਸਮਾਨ ਵਿਚੋਂ ਆਵਾਜ਼ ਆਈ, ਸਾਹਮਣੇ ਪਏ ਪੱਥਰ ਦੀ ਜੜ ਨੂੰ ਆਪਣੀ ਸੋਟੀ ਛੂਹਾ, ਪਾਣੀ ਨਿਕਲੇਗਾ। ਹੈਰਾਨੀ ਨਾਲ ਮੂਸਾ ਨੇ ਅਸਮਾਨ ਵੱਲ ਰੁਖ ਕਰ ਕੇ ਪੁੱਛਿਆ, ਇਸ ਰੇਗਿਸਤਾਨ ਵਿਚੋਂ ਨਿਕਲ ਆਏਗਾ ਪਾਣੀ? ਆਵਾਜ਼ ਆਈ ਪਾਣੀ ਤਾਂ ਨਿਕਲੇਗਾ, ਤੂੰ ਸਾਡੇ ਤੇ ਸ਼ੱਕ ਕੀਤਾ, ਤੂੰ ਕੈਨਾਨ ਨਹੀਂ ਪੁੱਜੇਂਗਾ। ਮੂਸਾ ਨੇ ਕੰਬਦੇ ਹੱਥਾਂ ਨਾਲ ਪੱਥਰ ਦੀ ਜੜ ਵਿਚ ਸੋਟੀ ਨਾਲ ਖੋਦ ਮਾਰੀ। ਚਸ਼ਮਾ ਵਗਿਆ, ਅਜ ਤਕ ਵਗ ਰਿਹਾ ਹੈ। ਪਸ਼ੂ, ਪੰਛੀ ਮਨੁੱਖ ਤ੍ਰਿਪਤ ਹੋਏ। ਮੂਸਾ ਕੈਨਾਨ ਨਾ ਪੁੱਜਿਆ। ਯਹੂਦੀਆ ਨੇ ਕੈਨਾਨ ਫਤਿਹ ਕਰ ਲਿਆ। ਕੈਨਾਨ ਨੂੰ ਉਹ ਇਤਬਾਰਾਂ ਦੀ ਧਰਤੀ ਕਹਿੰਦੇ ਹਨ।

ਕਾਲਾ ਲੰਗੜਾ ਉਸਤਾਦ ਹੱਥ ਵਿਚ ਸੁਹਣੀ ਹੁੱਕੀ ਰਖਦਾ। ਇਸ ਦੀ ਲੱਤ ਕਿਸੇ ਖੂਹ ਦਾ ਚੱਕ ਉਤਾਰਦਿਆਂ ਟੁੱਟੀ ਸੀ। ਦੋ ਦੰਦਾਂ ਵਿਚ ਸੋਨੇ ਦੀਆਂ ਮੇਖਾਂ ਜੜੀਆਂ ਹੋਈਆਂ ਸਨ। ਖੇਤ ਵਿਚ ਛੱਤ ਨਹੀਂ ਸੀ। ਉਸਤਾਦ ਵਾਸਤੇ ਇਕ ਝੁੱਗੀ ਬਣਾ ਦਿੱਤੀ। ਨਿਕੀ ਜਿਹੀ ਤਿਕੋਨ...ਮੈਂ ਦੇਖਦਾ, ...ਕਮਾਲ...ਜਿਸ ਪਾਸਿਉਂ ਮਰਜ਼ੀ ਦੇਖੋ ਇਹ ਤਿਕੋਨ ਦੀ ਤਿਕੋਨ ਹੈ। ਢਿਲੀ ਜਿਹੀ ਮੰਜੀ 'ਤੇ ਦੁਪਹਿਰ ਵਕਤ ਲੇਟ ਜਾਂਦਾ। ਲਾਗੇ, ਪਾਵੇ ਕੋਲ ਸਿਰਹਾਣੇ ਵਾਲੇ ਪਾਸੇ ਹੁੱਕੀ ਪਈ ਰਹਿੰਦੀ। ਮੇਰੇ ਸਾਥੀ ਬੱਚੇ ਆਖਦੇ, ਉਸਤਾਦ ਸੁੱਤਾ ਪਿਐ, ਚਲੋ ਉਹਦੀ ਗੁੜਗੜੀ ਪੀ ਕੇ ਦੇਖੀਏ। ਸਾਰੇ ਤਿਆਰ ਹੋ ਗਏ, ਮੈਂ ਨਾ ਮੰਨਿਆ। ਕੁੱਟ ਪੈਣੋਂ ਡਰਦਾ ਸਾਂ। ਬੱਚੇ ਕਹਿਣ, ਇਹ ਲੰਗੜਾ ਸਾਨੂੰ ਫੜ ਈ ਨੀ ਸਕਦਾ। ਜਾਗ ਪਿਆ ਤਾਂ ਭੱਜ ਜਾਵਾਂਗੇ। ਮੈਂ ਕਿਹਾ, ਬਾਪੂ ਨੂੰ ਦਸ ਦੇਊਗਾ। ਥੱਪੜ, ਬਰਾਸਤਾ ਬਾਪੂ ਆ ਜਾਣਗੇ। ਉਹ ਹੱਸ ਕੇ, ਇਹ ਕਹਿ ਕੇ ਕਿ ਇਸ ਡਰਪੋਕ ਨੂੰ ਬੈਠਾ ਰਹਿਣ ਦਿਉ, ਆਪਾਂ ਮੋਰਚਾ ਫਤਿਹ ਕਰੀਏ। ਲਉ ਜੀ ਮੈਂ ਦਰਖਤ ਹੇਠ ਬੈਠਾ ਦੇਖਦਾ ਰਿਹਾ। ਇਕ ਛੱਡੇ, ਦੂਜਾ ਫੜੇ, ਦੇਹ ਸੂਟੇ 'ਤੇ ਸੂਟਾ, ਮੈਨੂੰ ਇਹ ਵੀ ਨਹੀਂ ਪਤਾ ਕਿ ਜਦੋਂ ਇਹ ਲੁੱਟ ਮੱਚੀ ਪਈ ਸੀ ਉਦੋਂ ਹੁੱਕੀ ਵਿਚ ਅੱਗ ਵੀ ਹੈ ਸੀ ਕਿ ਨਹੀਂ। ਕਿਉਂਕਿ ਜੇ ਅੱਗ ਹੁੰਦੀ, ਕਿਸੇ ਨਾ ਕਿਸੇ ਨੂੰ ਹੱਥੂ ਆ ਜਾਣਾ ਸੀ। ਗੁੜ ਗੁੜ ਦੀ ਆਵਾਜ਼ ਤਾਂ ਮੈਂ ਸੁਣੀ ਪਰ ਧੂੰਆ ਨਹੀਂ ਦਿੱਸਿਆ। ਇਕ ਦੂਜੇ ਦੀ ਖੋਹ ਖਿੰਜ, ਖੱਪਖਾਨੇ ਸਦਕਾ ਉਸਤਾਦ ਜਾਗ ਪਿਆ। ਸਾਰੇ ਬੱਚੇ ਹੁੱਕੀ ਉਥੇ ਛੱਡ ਕੇ ਤਿੱਤਰ ਹੋ ਗਏ। ਮੰਜੀ 'ਤੇ ਬੈਠਾ ਬੈਠਾ ਉਹ ਕਹੀ ਜਾਵੇ, ਜਾਤ ਕੁਜਾਤ...ਕੌਣ ਹੋ ਤੁਸੀਂ ਉਏ? ਧਾਨਕ, ਕਿ ਢਹੇ ਕਿ ਸਾਂਸੀ? ਮੇਰੀ ਹੁਕੀ ਭਿੱਟ ਗਏ। ਤੋੜਾਂਗਾ ਲੱਤਾਂ ਇਕ ਇਕ ਦੀਆਂ।

ਮਾਪਿਆਂ ਨੇ ਮੈਨੂੰ ਦੱਸਿਆ ਹੋਇਆ ਸੀ ਕਿ ਜਿਹੜਾ ਹੁੱਕੀ ਨੂੰ ਛੋਹ ਲਵੇ ਉਹ ਬੰਦਾ ਭਿੱਟਿਆ ਜਾਂਦਾ ਹੈ, ਇਥੇ ਗਜ਼ਬ ਹੋ ਗਿਆ ਬੱਚਿਆਂ ਦੀ ਛੋਹ ਨਾਲ ਹੁੱਕੀ ਭਿੱਟੀ ਗਈ।

ਬਾਕੀ ਬੱਚੇ ਦੂਰ ਜਾ ਚੁੱਕੇ ਸਨ, ਇਕੱਲਾ ਮੈਂ ਬੈਠਾ ਰਹਿ ਗਿਆ। ਉਸ ਨੇ ਮੈਨੂੰ ਕਿਹਾ, ਘੜੇ ਵਿਚੋਂ ਪਾਣੀ ਦਾ ਕਸੋਰਾ ਭਰ ਕੇ ਲਿਆ। ਮੈ ਕਸੋਰਾ ਧੋਇਆ, ਫੇਰ ਪਾਣੀ ਦਾ ਭਰ ਕੇ ਦਿੱਤਾ। ਪਹਿਲਾਂ ਉਸ ਨੇ ਇਕ ਹੱਥ ਵਿਚ ਕਸੋਰਾ ਫੜ੍ਹ ਕੇ, ਦੂਜੇ ਹੱਥ ਨਾਲ ਮੂੰਹ ਧੋਤਾ, ਫਿਰ ਓਕ ਨਾਲ ਪਾਣੀ ਪੀਤਾ, ਫਿਰ ਜਾਤ ਕੁਜਾਤ ਵਲੋਂ ਜੂਠੀ ਕੀਤੀ ਹੁੱਕੀ ਦੀ ਜੂਠ ਉਤਾਰੀ। ਮੈਂ ਪੁੱਛਿਆ, ਤੁਸੀਂ ਮੈਨੂੰ ਕੁੱਝ ਨੀ ਕਿਹਾ, ਕੀ ਪਤਾ ਮੈਂ ਵੀ ਉਨ੍ਹਾਂ ਮੁੰਡਿਆਂ ਵਿਚ ਹੋਵਾਂ ਜਿਨ੍ਹਾਂ ਨੇ ਹੁੱਕੀ ਪੀਤੀ? ਉਸ ਨੇ ਕਿਹਾ, ਐਵੇਂ ਨੀ ਉਸਤਾਦ ਆਖਦੇ ਮੈਨੂੰ ਲੋਕ। ਤੂੰ ਚੋਰ ਹੁੰਦਾ ਤਾਂ ਬੈਠਾ ਰਹਿੰਦਾ? ਮੁਜਰਿਮ ਭੱਜਣਗੇ, ਫਕੀਰ ਥਿਰ ਰਹੇਗਾ। ਫਿਰ ਮੈਨੂੰ ਕਿਹਾ, ਮੈਂ ਤੇਰਾ ਨਾਮ ਮਰੱਬੀ ਰੱਖਿਆ। ਮੈਂ ਪੁੱਛਿਆ, ਇਹਦਾ ਕੀ ਮਤਲਬ ਐ? ਉਸ ਨੇ ਕਿਹਾ, ਇਸ ਲਫਜ਼ ਦਾ ਮਾਇਨਾ ਹੁੰਦਾ ਇਆ ਮੁਰੱਬਿਆਂ ਦਾ ਮਾਲਕ। ਠੀਕ? ਮੈਨੂੰ ਕੀ ਪਤਾ, ਠੀਕ ਵੀ ਹੋ ਸਕਦੈ ਗਲਤ ਵੀ। ਪਰ ਉਸ ਨੇ ਤਾਂ ਸਭ ਦੇ ਸਾਹਮਣੇ ਮੈਨੂੰ ਇਸੇ ਨਾਮ ਨਾਲ 'ਵਾਜ ਮਾਰਨੀ ਸ਼ੁਰੂ ਕਰ ਦਿੱਤੀ। ਬੱਚਿਆਂ ਨੇ ਇਸ ਨਾਮ ਨਾਲ ਮੇਰੀ ਛੇੜ ਪਾ ਲਈ।

ਮੈਨੂੰ ਖਿਝਾਉਣ ਲਈ ਬੱਚੇ ਮੈਨੂੰ ਮਰੱਬੀ ਮਰੱਬੀ ਕਹਿਣ ਲੱਗ ਪਏ। ਮੈਂ ਬੜਾ ਦੁਖੀ ਹੋਇਆ। ਜੇਬ ਵਿਚ ਆਨਾ ਨਹੀਂ ਤਾਂ ਦਰਜੀ ਜੇਬ ਲਾਉਂਦਾ ਈ ਕਿਉਂ ਹੈ, ਦਰਜੀ 'ਤੇ ਗੁੱਸਾ ਆਇਆ। ਮਾਂ ਕੋਲ ਸ਼ਿਕਾਇਤ ਲਾ ਦਿੱਤੀ, ਮਾਂ ਇਨ੍ਹਾਂ ਨੂੰ ਝਿੜਕ, ਇਹ ਮੈਨੂੰ ਮਰੱਬੀ ਕਹਿੰਦੇ ਨੇ, ਇਨ੍ਹਾਂ ਨੇ ਇਹੋ ਮੇਰੀ ਪੱਕੀ ਅੱਲ ਪਾ ਦੇਣੀ ਐਂ। ਮਾਂ ਨੇ ਹੱਸ ਕੇ ਕਿਹਾ, ਪਿੰਡ ਹਰੇਕ ਬੱਚੇ ਦਾ ਨਾਮ ਆਪਣੀ ਮਰਜ਼ੀ ਨਾਲ ਰੱਖਦਾ ਹੁੰਦੈ। ਇਕ ਨਾਮ ਉਹ ਹੈ ਜਿਹੜਾ ਮਾਪੇ ਰਖਦੇ ਨੇ। ਇਕ ਨਾਮ ਪਿੰਡ ਰੱਖ ਦਿੰਦਾ ਹੈ। ਮਾਪਿਆਂ ਦਾ ਦਿੱਤਾ ਨਾਮ ਕਾਗਜ਼ਾਂ ਵਿਚ, ਪਿੰਡ ਦਾ ਰੱਖਿਆ ਨਾਮ ਜ਼ਬਾਨ ਉਪਰ ਚਲਦਾ ਹੈ। ਤੂੰ ਸ਼ੁਕਰ ਕਰ ਤੇਰਾ ਸੁਹਣਾ ਨਾਮ ਰੱਖ ਦਿੱਤਾ। ਜੇ ਤੇਰਾ ਨਾਮ ਚੋਰ, ਠੱਗ, ਉੱਲੂ ਰੱਖ ਦਿੰਦੇ ਫੇਰ ਜੋਰ ਲਾ ਲੈਂਦਾ? ਇਹ ਤਾਂ ਚੰਗਾ ਨਾਉਂ ਰੱਖਿਆ ਗਿਆ।

ਬੇਸ਼ਕ ਮਾਂ ਦੀ ਗੱਲ ਹੀ ਠੀਕ ਸੀ ਪਰ ਬੱਚੇ ਤਾਂ ਖਿਝਾਉਣ ਲਈ ਇਹ ਲਫਜ਼ ਬੋਲਦੇ। ਚਾਚੇ ਦੇ ਮੁੰਡੇ ਤੇਜ ਨੇ ਸਵੇਰ ਸਾਰ ਆ ਕੇ ਕਿਹਾ, ਅੱਜ ਕੀ ਹੁਕਮ ਮੁਰੱਬੀ ਉਸਤਾਦ? ਮੈਂ ਕਿਹਾ, ਅੱਜ ਹੁਕਮ ਇਹ ਕਿ ਪਸ਼ੂ ਖੋਲ੍ਹ ਤੇ ਚਾਰ। ਇਕ ਹੋਰ ਨਿਕਲ ਆਇਆ, ਹੱਥ ਜੋੜ ਕੇ ਪੁੱਛਿਆ, ਤੇ ਮੇਰੇ ਲਈ ਕੀ ਹੁਕਮ ਮਰੱਬੀ ਮਹਾਰਾਜ? ਮੈਂ ਕਿਹਾ, ਖੂਹ। ਜਾਹ ਖੂਹ ਜੋੜ। ਤੀਜੇ ਨੂੰ ਹੋਮਵਰਕ ਕਰਨ ਲਈ ਕਿਹਾ। ਲਉ ਜੀ ਮੇਰਾ ਹੁਕਮ ਤਾਂ ਉਨ੍ਹਾਂ ਨੇ ਮੰਨਿਆ ਨਹੀਂ ਪਰ ਇਨੇ ਕੁ ਨਾਲ ਉਹ ਵੀ ਢਿਲੇ ਪੈ ਗਏ ਤੇ ਮੈਨੂੰ ਵੀ ਇਸ ਲਫਜ਼ ਕਾਰਨ ਬੇਚੈਨੀ ਹੋਣੀ ਬੰਦ ਹੋ ਗਈ। ਸੋਟੀ ਤਾਂ ਹੱਥ ਵਿਚ ਹੁੰਦੀ ਹੀ, ਹੁਣ ਮੈਂ ਆਪੇ ਗੁਲੇਲ ਬਣਾਈ, ਇਕ ਹੱਥ ਸੋਟੀ, ਦੂਜੇ ਮੋਢੇ ਨਾਲ ਲਟਕਦੀ ਗੁਲੇਲ। ਪੂਰੀ ਠਾਠ। ਮੁਰੱਬਿਆਂ ਦੇ ਮਾਲਕ ਕੋਲ ਚੰਗਾ ਹਥਿਆਰ ਹੋਣਾ ਜ਼ਰੂਰੀ ਹੈ। ਹੁਣ ਮੈਨੂੰ ਕੋਈ ਬੱਚਾ ਮਰੱਬੀ ਆਖ ਦਿੰਦਾ ਤਾਂ ਮੈਂ ਉਸ ਨੂੰ ਨੌਕਰ ਰੱਖ ਲੈਂਦਾ। ਵਿਕਰਮਾਜੀਤ ਇਹੋ ਕੁਝ ਕਰਦਾ ਹੁੰਦਾ ਸੀ। ਮੇਰੇ ਵਾਂਗੂੰ ਉਸ ਨੂੰ ਵੀ ਕੋਈ ਪਤਾ ਨਹੀਂ ਸੀ ਕਿ ਕਦਮਾਂ ਹੇਠਲੀ ਜਮੀਨ ਵਿਚ ਖਜ਼ਾਨਾ, ਸਿੰਘਾਸਨ ਦੱਬਿਆ ਹੋਇਆ ਹੈ।

ਇਕ ਦਿਨ ਫਿਜ਼ਿਕਸ ਦੇ ਅਧਿਆਪਕ ਅੱਲਾਵਾਦੀ ਮੇਰੇ ਕੋਲ ਆ ਗਏ। ਕੋਈ ਕੰਮ ਸੀ, ਉਨ੍ਹਾਂ ਦੇ ਕਿਸੇ ਕੰਮ ਉਨ੍ਹਾਂ ਨਾਲ ਜਾਣਾ ਪੈਣਾ ਸੀ। ਤੁਰ ਪਿਆ। ਰੀਡਰ ਤੋਂ ਪ੍ਰੋਫੈਸਰ ਵਜੋਂ ਮੇਰੀ ਤਾਜ਼ੀ ਪ੍ਰਮੋਸ਼ਨ ਹੋਈ ਸੀ, ਮੈਂ ਪੁੱਛਿਆ, ਤੁਹਾਡੀ ਪ੍ਰਮੋਸ਼ਨ ਹੋ ਗਈ ਅੱਲਾਵਾਦੀ ਸਾਹਿਬ? ਉਹ ਖਿਝ ਕੇ ਬੋਲੇ, ਇਹ ਜਿਹੜੇ ਸਾਡੇ ਅਧਿਆਪਕਾਂ ਦੇ ਲੀਡਰ ਨੇ ਨਾ ਪੰਨੂੰ ਸਾਹਿਬ, ਇਹ ਪੂਰੇ ਹਰਾਮਖੋਰ ਨੇ। ਇਹ ਆਪਣੀਆਂ ਪ੍ਰਮੋਸ਼ਨਾਂ ਕਰਵਾ ਲੈਂਦੇ ਨੇ, ਅਸੀਂ ਪਿੱਛੇ ਰਹਿ ਜਾਨੇ ਆਂ। ਉਸ ਨੇ ਦੋ-ਤਿੰਨ ਸਖਤ ਗਾਲਾਂ ਹੋਰ ਵੀ ਵਗਾਹ ਮਾਰੀਆਂ। ਉਸ ਦਾ ਕੰਮ ਕਰਵਾਉਣ ਉਸ ਨਾਲ ਜਾਂਦੇ ਜਾਂਦੇ ਗਾਲਾਂ ਸੁਣਨ ਤੋਂ ਬਾਦ ਮੈਂ ਸੋਚਿਆ, ਇਸ ਦਾ ਮਤਲਬ ਇਹ ਹੈ ਕਿ ਅੱਲਾਵਾਦੀ ਮੈਨੂੰ ਲੀਡਰ ਨਹੀਂ ਸਮਝਦਾ। ਯਾਨਿ ਮੈਂ ਮਰੱਬੀ ਨਹੀ ਹਾਂ। ਜੇ ਉਹ ਮੈਨੂੰ ਮਰੱਬੀ ਸਮਝਦਾ, ਫਿਰ ਇਹ ਗਾਲਾਂ ਮੈਨੂੰ ਲੱਗ ਜਾਣੀਆਂ ਸਨ। ਰੱਬ ਬੜਾ ਮਿਹਰਬਾਨ ਹੈ।

---

# ਕਾਗਜ਼ ਦੀ ਬੇੜੀ ਤੋਂ ਪੁੱਛੇ ਕਿਨਾਰਾ ਕਿੰਨੀ ਦੂਰ ਹੈ



## ਜੀਵਨ ਜਾਚ

ਅਜੈ ਤਨਵੀਰ

ਜ਼ਿੰਦਗੀ ਤਾਸ਼ ਦੀ ਖੇਡ ਹੈ, ਕਿਸੇ ਨੂੰ ਯੱਕੇ ਬੇਗੀਆਂ ਬਾਦੇ ਆ ਜਾਂਦੇ ਹਨ ਤੇ ਕਿਸੇ ਨੂੰ ਦੁੱਕੀਆ ਤਿੱਕੀਆਂ। ਹਨੇਰੇ ਨੂੰ ਕੋਸੋ ਨਾ, ਦੀਵਾ ਜਾਂ ਮੋਮਬੱਤੀ ਜਗਾ ਕੇ ਚਾਨਣ ਕਰ ਲਵੋ। ਹਿੰਮਤ ਹਾਰ ਕੇ ਬੈਠ ਜਾਈਏ ਤਾਂ ਉਠਣਾ ਮੁਸ਼ਕਲ ਹੋ ਜਾਂਦਾ ਹੈ। ਕਈ ਵਾਰੀ ਆਦਮੀ ਜ਼ਿੰਦਗੀ ਦੀ ਅਜਿਹੀ ਦਲ-ਦਲ ਵਿਚ ਧਸ ਜਾਂਦਾ ਹੈ ਕਿ ਬਾਹਰ ਨਿਕਲਣ ਦੀ ਪੂਰੀ ਕੋਸ਼ਿਸ਼ ਕਰਕੇ ਵੀ ਨਿਕਲ ਨਹੀਂ ਹੁੰਦਾ। ਚਲੋ, ਐਤਕੀਂ ਤੁਹਾਡੀ ਮੁਲਾਕਾਤ ਦਲ-ਦਲ ਵਿਚ ਫਸੇ ਇਕ ਨੌਜਵਾਨ ਨਾਲ ਕਰਾਉਂਦੇ ਹਾਂ।

ਕਾਗ਼ਜ਼ ਦੀ ਬੇੜੀ ਤੋਂ ਪੁੱਛੇ  
ਕਿਨਾਰਾ ਕਿੰਨੀ ਦੂਰ ਏ।  
ਇਹ ਬੇੜੀ ਤੇ ਦਰਿਆ ਦੋਵੇਂ  
ਡੋਬਣ ਲਈ ਮਸ਼ਹੂਰ ਏ।  
ਸੂਲੀ 'ਤੇ ਚੜ੍ਹਿਆ ਵੇਖਿਆ  
ਮੈਂ ਸੱਚ ਨੂੰ ਹਰ ਮੋੜ 'ਤੇ,  
ਸੁਕਰਾਤ ਜ਼ਹਿਰ ਦਾ ਪਿਆਲਾ  
ਪੀਣ ਲਈ ਮਜਬੂਰ ਏ।

ਇਲਾਕੇ ਦੇ ਐਮ.ਐਲ.ਏ. ਦਾ ਵੋਟਾਂ ਵਿਚ ਜਿੱਤਣਾ ਦੋ ਨੰਬਰ ਦੇ ਧੰਦੇ ਵਾਲਿਆਂ ਲਈ ਬਹੁਤ ਜ਼ਿਆਦਾ ਖੁਸ਼ੀ ਦੀ ਗੱਲ ਸੀ। ਸਾਰੀ ਰਾਤ ਢੋਲ ਵੱਜਦਾ ਰਿਹਾ। ਮੁਰਗੇ ਰਿੱਝਦੇ ਰਹੇ। ਬੋਤਲਾਂ ਦੇ ਡੱਟ ਖੁੱਲ੍ਹਦੇ ਰਹੇ। ਇਲਾਕੇ ਵਿਚ ਨਸ਼ਿਆਂ ਦਾ ਰੁਝਾਨ ਦਿਨੋ-ਦਿਨ ਵਧ ਰਿਹਾ ਸੀ। ਜੈਲੇ ਹੁਰੀਂ ਮਨ-ਮਰਜ਼ੀ ਦੇ ਢੋਲ ਵਜਾਉਂਦੇ ਅਤੇ ਢੋਲੇ ਦੀਆਂ ਲਾਉਂਦੇ। ਇਲਾਕੇ ਦਾ ਐਮ.ਐਲ.ਏ. ਪਰਦੇ ਪਿੱਛੇ ਰਹਿ ਕੇ ਸਭ ਕੁਝ ਕਰਾ ਰਿਹਾ ਸੀ। ਲੋਕ ਅੰਦਰੋਂ-ਅੰਦਰੀ ਪੀੜ-ਪੀੜ ਹੋ ਰਹੇ ਸਨ, ਪਰ ਬਿੱਲੀ ਦੇ ਗਲ ਟੱਲੀ ਬੰਨ੍ਹੇ ਕੌਣ? ਪਹਿਲਾਂ-ਪਹਿਲਾਂ ਤਾਂ ਜੈਲੇ ਦਾ ਧੰਦਾ ਪੰਜਾਂ-ਸੱਤਾਂ ਪਿੰਡਾਂ ਵਿਚ ਹੀ ਸੀ ਪਰ ਹੁਣ ਤਾਂ ਸਾਰੇ ਜ਼ਿਲ੍ਹੇ ਵਿਚ ਪੂਰੀ ਜੈ-ਜੈਕਾਰ ਸੀ। ਇਲਾਕੇ ਦਾ ਥਾਣੇਦਾਰ, ਐਸ.ਪੀ. ਅਤੇ ਐਸ.ਐਸ.ਪੀ. ਉਸ ਦੇ ਇਸ਼ਾਰੇ 'ਤੇ ਹੀ ਲੱਗਦੇ ਅਤੇ ਬਦਲਦੇ ਸਨ। ਕਿਸੇ ਵਿਚ ਹਿੰਮਤ ਨਹੀਂ ਸੀ ਕਿ ਉਸ ਦੇ ਖ਼ਿਲਾਫ਼ ਰਿਪੋਰਟ ਦਰਜ ਕਰਾ ਦੇਵੇ। ਜੈਲੇ ਦਾ ਸਿੱਕਾ ਇਲਾਕੇ ਵਿਚ ਪੂਰਾ ਚਲਦਾ ਸੀ ਪਰ ਉਹ ਇਕ ਗੱਲੋਂ ਪੂਰੀ ਤਰ੍ਹਾਂ ਅਨਜਾਣ ਸੀ...

ਪਾਵੇ ਨਾਲ ਬੰਨ੍ਹਿਆ ਸੀ ਕਾਲ ਜਿਨ੍ਹਾਂ ਨੇ।  
ਵਿੰਗਾ ਨਹੀਂ ਸੀ ਹੋਣ ਦਿੱਤਾ ਵਾਲ ਜਿਨ੍ਹਾਂ ਨੇ।  
ਮੌਤ ਰਾਣੀ ਆ ਗਈ ਅੱਜ ਬਣ ਠਣ ਕੇ,  
ਬੜੇ ਬੜੇ ਰਾਜਿਆਂ ਦੀ,  
ਰਾਖ ਉਡ ਗਈ ਵਰੋਲੇ ਬਣ ਕੇ।

ਐਮ.ਐਲ.ਏ. ਸਕੂਲਾਂ-ਪਿੰਡਾਂ ਵਿਚ ਜਾ-ਜਾ ਕੇ ਨਸ਼ਿਆਂ ਵਿਰੁਧ ਭਾਸ਼ਣ ਤੇ ਭਾਸ਼ਣ ਕਰ ਰਿਹਾ ਸੀ ਪਰ ਸਾਡੇ ਭੋਲੇ-ਭਾਲੇ ਕਿਰਤੀ-ਕਿਸਾਨ ਕੀ ਸਮਝਣ ਇਸ ਨੇਤਾ ਦੀਆਂ ਲੂੰਬੜ ਚਾਲਾਂ। ਉਹ ਉਸ ਦੀਆਂ ਗੱਲਾਂ ਵਿਚ ਆ ਕੇ ਉਸ ਦੇ ਇਕ-ਇਕ ਬੋਲ 'ਤੇ ਫੁੱਲ ਚੜ੍ਹਾਉਂਦੇ।

ਨਸ਼ਿਆਂ ਦੇ ਕਾਰੋਬਾਰ ਤੋਂ ਦੁਖੀ ਇਲਾਕੇ ਦੇ ਬੰਦਿਆਂ ਨੇ ਇਕੱਠੇ ਹੋ ਕੇ ਐਸ.ਐਸ.ਪੀ. ਦਫ਼ਤਰ ਰਿਪੋਰਟ ਕੀਤੀ ਪਰ ਕੁਝ ਵੀ ਹੱਥ-ਪੱਲੇ ਨਾ ਪਿਆ। ਹੁਣ ਜੈਲੇ ਦੇ ਧੰਦੇ ਦੀ ਪੂਰੀ ਚੜ੍ਹਾਈ ਸੀ। ਨਸ਼ਿਆਂ ਦੇ ਧੰਦੇ ਵਿਚ ਉਸ ਵੇਲੇ ਨਵਾਂ ਮੋੜ ਆਇਆ, ਜਦੋਂ ਰਘੁਬੀਰ ਸਿੰਘ ਨਾਂ ਦੇ ਨੌਜਵਾਨ ਨੇ ਜੈਲੇ ਦੇ ਗਰੁਪ ਨਾਲ ਰਲ ਕੇ ਕੰਮ ਸ਼ੁਰੂ ਕਰ ਦਿੱਤਾ। ਰਘੁਵੀਰ ਆਪਣੇ ਨਾਨਕੇ ਪਿੰਡ ਰਹਿੰਦਾ ਸੀ, ਮਾਮੇ ਇੰਗਲੈਂਡ ਵਿਚ ਸਨ। ਨਾਨਾ-ਨਾਨੀ ਦੇ ਪਿਆਰ ਨੇ ਪੂਰੀ ਤਰ੍ਹਾਂ ਵਿਗਾੜਿਆ ਹੋਇਆ ਸੀ। ਘਰ ਵਿਚ ਕਿਸੇ ਚੀਜ਼ ਦੀ ਥੁੜ੍ਹ ਨਹੀਂ ਸੀ, ਪਰ ਰਘੁਵੀਰ ਦੀ ਸੰਗਤ ਹੀ ਐਸੀ ਸੀ ਕਿ ਉਹ ਜੈਲੇ ਦੇ ਹੱਥਾਂ ਵਿਚ ਤਾਸ਼ ਦੇ ਪੱਤਿਆਂ ਵਾਂਗ ਖੇਡਣ ਲੱਗਾ, ਜੋ ਉਹ ਆਖਦਾ, ਰਘੁਵੀਰ ਕਦੇ ਨਾਂਹ ਨਾ ਆਖਦਾ। ਹੁਣ ਕੰਮ ਇਲਾਕੇ ਜਾਂ ਜ਼ਿਲ੍ਹੇ ਵਿਚ ਹੀ ਨਹੀਂ ਸੀ, ਪੂਰੇ ਪੰਜਾਬ ਵਿਚ ਚੱਲ ਰਿਹਾ ਸੀ। ਦੋ ਮਹੀਨੇ ਮਗਰੋਂ ਹੀ ਜੈਲੇ ਨੇ ਰਘੁਵੀਰ ਸਿੰਘ ਨੂੰ ਨਵੀਂ ਕਾਰ ਲੈ ਕੇ ਦੇ ਦਿੱਤੀ।

ਇਕ ਦਿਨ ਰਘੁਵੀਰ ਦੇ ਮਿੱਤਰਾਂ-ਦੋਸਤਾਂ ਅਤੇ ਪਿੰਡ ਦੇ ਸਿਆਣੇ ਬੰਦਿਆਂ ਨੇ ਕਿਹਾ, "ਕਾਕਾ ਇਹ ਕੰਮ ਠੀਕ ਨਹੀਂ ਹੈ। ਜਿਸ ਬੇੜੀ 'ਤੇ ਤੂੰ ਸਵਾਰ ਹੋ ਗਿਆ ਏਂ, ਇਹ ਕਦੇ ਕਿਨਾਰੇ ਨਹੀਂ ਲਾਉਂਦੀ, ਸਦਾ ਡੋਬਦੀ ਹੀ ਹੈ ਪਰ ਚੜ੍ਹਦੀ ਜਵਾਨੀ ਵਿਚ ਸਿਆਣਿਆਂ ਦੀਆਂ ਕਹੀਆਂ ਗੱਲਾਂ ਮਿਰਚਾਂ ਵਾਂਗ ਲਗਦੀਆਂ ਹਨ। ਹੁਣ ਜੈਲੇ ਨੇ ਰਘੁਵੀਰ ਦੀ ਮੁਲਾਕਾਤ ਐਮ.ਐਲ.ਏ. ਨਾਲ ਵੀ ਕਰ ਦਿੱਤੀ ਸੀ। ਜੈਲੇ ਦੇ ਸਾਰੇ ਕੰਮ ਹੁਣ ਰਘੁਵੀਰ ਹੀ ਸੰਭਾਲਦਾ।

ਹੁਣ ਪਿੰਡ ਵਿਚ ਵੀ ਚਰਚੇ ਜੋਰਾਂ 'ਤੇ ਸਨ। ਅਮਲੀ ਨਸ਼ੇ ਦੀ ਤੋਟ ਵਿਚ ਕਈ ਪ੍ਰਕਾਰ ਦੀਆਂ ਹਾਸੋ-ਹੀਣੀਆਂ ਗੱਲਾਂ ਕਰਦੇ ਨਾ ਥੱਕਦੇ। ਇਕ ਅਮਲੀ ਆਖਦਾ, "ਯਾਰ ਸਾਡੇ ਜ਼ਮਾਨੇ ਵਿਚ ਤਾਂ ਭੁੱਕੀ ਦੀ ਹੀ ਬੱਲੇ-ਬੱਲੇ ਹੁੰਦੀ ਸੀ। ਹੁਣ ਪਤਾ ਨਹੀਂ ਡਰੱਗ ਡਰੁੱਗ ਕਿੱਥੋਂ ਆ ਗਈ। ਅੱਗ ਲਾਉਣੀ ਘਰਾਂ ਦੇ ਘਰ ਪਾੜੀ ਜਾਂਦੀ ਹੈ। ਸਾਡੇ ਸਮਿਆਂ ਵਿਚ ਭੁੱਕੀ ਵੀ ਖਾਂਦੇ ਸੀ ਤੇ ਕੰਮ ਵੀ ਰੱਜ ਕੇ ਕਰਦੇ ਸੀ।" ਦੂਜਾ ਆਖਦਾ, "ਇਹ ਤਾਂ ਸੁਣਿਆਂ, ਨੱਕ ਰਾਹੀਂ ਹੀ ਖਾਂਦੇ-ਪੀਂਦੇ ਹਨ। ਜਿਹੜੀਆਂ ਗੱਲਾਂ ਕਦੇ ਚਿੱਤ-ਚੇਤੇ ਨਹੀਂ ਸੀ, ਉਹੋ ਹੀ ਹੁਣ ਹੋ ਰਹੀਆਂ ਹਨ। ਰੱਬਾ! ਸਾਡਾ ਖਿਆਲ ਰੱਖੀਂ। ਮਾੜੀ ਮੋਟੀ ਭੁੱਕੀ ਦਈ ਜਾਵੀਂ।"

ਸਿਆਣਿਆਂ ਦੇ ਕਹਿਣ 'ਤੇ ਵੀ ਰਘੁਵੀਰ ਨੇ ਇਕ ਨਾ ਮੰਨੀ। ਉਹ ਹੁਣ ਹਫ਼ਤਾ-ਹਫ਼ਤਾ ਘਰ ਆਉਂਦਾ ਹੀ ਨਾ। ਉਹਦਾ ਧੰਦਾ ਬਹੁਤ ਦੂਰ ਤੱਕ ਫੈਲ ਗਿਆ ਸੀ। ਐਮ.ਐਲ.ਏ. ਸੈਰ ਕਰਨ ਲਈ ਦੋ-ਚਾਰ ਮਹੀਨੇ ਕੈਨੇਡਾ ਚਲਾ ਗਿਆ। ਬਾਅਦ ਵਿਚ ਜੈਲੇ ਦੇ ਹੱਥ ਹੋਰ ਵੀ ਖੁੱਲ੍ਹ ਗਏ। ਉਸ ਨੂੰ ਐਮ.ਐਲ.ਏ. ਲਈ ਵੀ ਹਿੱਸਾ ਨਾ ਰੱਖਣਾ ਪੈਂਦਾ, ਸਾਰਾ ਕੁਝ ਆਪਣਾ ਹੀ ਸੀ।

ਰਘੁਵੀਰ ਸਿੰਘ ਦੀ ਜ਼ਿੰਦਗੀ ਵਿਚ ਉਸ ਦਿਨ ਨਵਾਂ ਮੋੜ ਆਇਆ, ਜਦੋਂ ਜੈਲੇ ਦਾ ਭਤੀਜਾ ਬਾਰਡਰ 'ਤੇ ਦਸ ਕਰੋੜ ਦੀ ਹੈਰੋਇਨ ਨਾਲ ਫੜਿਆ ਗਿਆ ਅਤੇ ਜੈਲਾ ਰਘੁਵੀਰ ਨੂੰ ਆਖ ਰਿਹਾ ਸੀ ਕਿ ਕੇਸ ਤੂੰ ਆਪਣੇ ਸਿਰ ਪੁਆ ਲੈ, ਮੈਂ ਆਪੇ ਬਰੀ ਕਰਾ ਲਵਾਂਗਾ। ਰਘੁਵੀਰ ਦੇ ਪੈਰਾਂ ਹੇਠੋਂ ਮਿੱਟੀ ਖਿਸਕਦੀ ਗਈ। ਅੱਖਾਂ ਅੱਗੇ ਹਨੇਰਾ-ਹਨੇਰਾ ਆ ਗਿਆ ਲਗਦਾ ਸੀ। ਪਰ ਹੁਣ ਰਘੁਵੀਰ ਕਰ ਕੁਝ ਵੀ ਨਹੀਂ ਸਕਦਾ ਸੀ। ਉਸ ਨੂੰ ਉਸ ਦੇ ਮਿੱਤਰਾਂ ਅਤੇ ਸਿਆਣਿਆਂ ਦੀਆਂ ਗੱਲਾਂ ਯਾਦ ਆ ਰਹੀਆਂ ਸਨ ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ। ਅਖੀਰ ਰਘੁਵੀਰ ਨੂੰ ਜੈਲੇ ਦਾ ਹੁਕਮ ਮੰਨਣਾ ਪਿਆ। ਤਾਂ ਹੀ ਤਾਂ ਲੱਗਦਾ ਹੈ, ਜਦੋਂ ਹੱਥਾਂ ਨਾਲ ਦਿੱਤੀਆਂ ਗੱਠਾਂ ਆਦਮੀ ਨੂੰ ਦੰਦਾਂ ਨਾਲ ਖੋਲ੍ਹਣੀਆਂ ਪੈਣ:

ਤਲੀਆਂ 'ਤੇ ਸਰ੍ਹੋਂ ਨੂੰ ਜਮਾਉਣ ਵਾਲੇ ਤੁਰ ਗਏ।  
ਦੁਨੀਆਂ ਨੂੰ ਜੇਬ ਵਿਚ ਪਾਉਣ ਵਾਲੇ ਤੁਰ ਗਏ।  
ਬਿਨਾਂ ਗੱਲੋਂ ਹੁਕਮ ਚਲਾਉਣ ਵਾਲੇ ਤੁਰ ਗਏ।  
ਗਰੀਬਾਂ ਦੇ ਲਹੂ 'ਚ ਨਹਾਉਣ ਵਾਲੇ ਤੁਰ ਗਏ।  
ਛਿੰਝਾਂ 'ਚ ਸਾਰਿਆਂ ਨੂੰ ਢਹਾਉਣ ਵਾਲੇ ਤੁਰ ਗਏ।  
ਮਾਲਾ ਵਿਚ ਮਣਕੇ ਪਰੋਣ ਵਾਲੇ ਤੁਰ ਗਏ।

## ਕਹਾਣੀ

# ਬੇੜੀਆਂ

***ਲਹਿੰਦੇ ਪੰਜਾਬ ਦੇ ਦਮਦਾਰ ਲੇਖਕ ਅਫ਼ਜ਼ਲ ਅਹਿਸਨ ਰੰਧਾਵਾ ਦੀਆਂ ਰਚਨਾਵਾਂ ਵਿਚ ਪੁਰਾਣਾ ਪੰਜਾਬ ਝਾਤੀਆਂ ਮਾਰਦਾ ਹੈ। ਅਸਲ ਵਿਚ ਉਸ ਦੀਆਂ ਲਿਖਤਾਂ ਦੀਆਂ ਦੋ ਖਾਸ ਖੂਬੀਆਂ ਹਨ। ਪਹਿਲੀ, ਉਹ ਵੰਡ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦੀਆਂ ਬਾਤਾਂ ਪਾਉਂਦਾ ਹੈ ਤੇ ਸ਼ਾਇਦ ਇਸੇ ਕਰਕੇ ਹੀ ਉਸ ਦੀਆਂ ਰਚਨਾਵਾਂ ਵਿਚ ਜਗੀਰਦਾਰੀ ਜੁੱਗ ਦੀ ਪੈੜ-ਚਾਲ ਅਕਸਰ ਸੁਣਦੀ ਹੈ। ਦੂਜੀ, ਉਸ ਦੀਆਂ ਤਕਰੀਬਨ ਸਾਰੀਆਂ ਲਿਖਤਾਂ ਦੇ ਪਾਤਰ ਸਿੱਖ ਹੀ ਹੁੰਦੇ ਹਨ। 'ਬੇੜੀਆਂ' ਕਹਾਣੀ ਨਾਲ ਮਿਸਾਲੀ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਮੈਨੂੰ ਜਾਣਨੈਂ?' ਦਾ ਚੇਤਾ ਆ ਜਾਂਦਾ ਹੈ ਜਿਸ ਵਿਚ ਇਕ 'ਵਿਰਕ ਚੋਰ' ਦੀ ਹੀ ਚਰਚਾ ਹੈ। ਰੰਧਾਵੇ ਦੀ ਇਹ ਕਹਾਣੀ ਤੁਹਾਨੂੰ ਪੁਰਾਣੇ ਪੰਜਾਬ ਦੇ ਦੀਦਾਰ ਕਰਵਾਉਂਦੀ ਹੈ।-ਸੰਪਾਦਕ***

**ਅਫ਼ਜ਼ਲ ਅਹਿਸਨ ਰੰਧਾਵਾ**

ਰਘਬੀਰ ਸਿੰਘ ਵਿਰਕ ਮਾਝੇ ਦਾ ਮਸ਼ਹੂਰ ਚੋਰ ਸੀ। ਉਸ ਨੂੰ ਮੁੱਢ ਤੋਂ ਤਿੰਨ ਹੀ ਸ਼ੌਕ ਸਨ ਚੰਗੇ ਲੀੜੇ, ਚੰਗੀ ਘੋੜੀ 'ਤੇ ਚੜ੍ਹਨਾ ਤੇ ਚੰਗੇ ਘਰ ਵਿਚ ਚੋਰੀ ਕਰਨਾ। ਚੰਗਾ ਲੀੜਾ-ਲੱਤਾ ਪਾਉਣ ਦਾ ਸ਼ੌਕ, ਉਸ ਆਪਣੇ ਮਾਮੇ ਕੋਲੋਂ ਲਿਆ ਸੀ। ਚੰਗੀ ਘੋੜੀ 'ਤੇ ਚੜ੍ਹਨਾ ਉਸ ਆਪਣੇ ਬਾਪੂ ਕੋਲੋਂ ਸਿੱਖਿਆ ਸੀ ਤੇ ਚੋਰੀ-ਯਾਰੀ ਵਾਲੇ ਰਾਹ 'ਤੇ ਉਹਨੂੰ ਉਹਦਿਆਂ ਯਾਰਾਂ ਲਾ ਦਿੱਤਾ ਸੀ। ਚੋਰੀ ਅਖੀਰ ਤੱਕ ਉਹਦੀ ਆਦਤ ਨਹੀਂ ਸੀ ਬਣੀ। ਬੱਸ, ਉਹ ਸ਼ੁਗਲ ਲਈ ਕਦੀ-ਕਦੀ ਹੱਥ-ਪੱਲਾ ਮਾਰ ਲੈਂਦਾ ਹੁੰਦਾ ਸੀ। ਸੌਖੇ ਤੇ ਖਾਂਦੇ ਪੀਂਦੇ ਘਰ ਦਾ 'ਕੱਲਾ ਪੁੱਤਰ ਸੀ। ਕੋਈ ਐਹੋ ਜਿਹੀ ਲੋੜ ਵੀ ਨਹੀਂ ਸਾ ਸੂ, ਪਈ ਜ਼ਰੂਰ ਚੋਰੀ ਕਰੇ। ਬੱਸ ਉਹ ਆਖਦਾ ਹੁੰਦਾ ਸੀ, "ਬੰਦਾ ਵਿਹਲਮ-ਵਿਹਲਾ ਰਹਿ ਕੇ ਕਰੇ ਵੀ ਕੀ?" ਕਦੀ ਉਹਦਾ ਪਿਓ ਸਰਦਾਰ ਬੰਤਾ ਸਿੰਘ ਵਿਰਕ ਜੀਏ-ਬੱਗੇ ਦਾ ਨੰਬਰਦਾਰ ਹੁੰਦਾ ਸੀ ਪਰ ਉਦੋਂ ਰਘਬੀਰ ਅਜੇ ਬਾਲ ਈ ਸੀ, ਤੇ ਜਦੋਂ ਨੂੰ ਉਹ ਸਿਆਣਾ ਹੋਇਆ ਉਦੋਂ ਨੂੰ ਉਹਦਾ ਬਾਪੂ ਮਰ ਗਿਆ ਹੋਇਆ ਸੀ। ਇਕ ਮਾਂ ਈ ਉਹਦਾ ਸਭ ਕੁਝ ਸੀ। ਨਾ ਭੈਣ ਨਾ ਭਰਾ, ਨਾ ਚਾਚਾ ਨਾ ਤਾਇਆ। ਸਿਆਣਾ ਹੋਇਆ, ਤੇ ਇਕ-ਅੱਧ ਵਰ੍ਹਾ ਉਸ ਆਪ ਵਾਹੀ ਕੀਤੀ, ਤੇ ਫੇਰ ਉਸ ਆਪਣੀ ਜ਼ਮੀਨ ਪੈਂਚੀ ਅੱਧ 'ਤੇ ਦੇ ਛੱਡੀ, ਤੇ ਆਪ ਮੌਜ-ਮੇਲੇ ਲੁੱਟਣ ਲੱਗ ਪਿਆ।

ਉਦੋਂ ਉਹਦੀ ਉਮਰ ਯਾਰਾਂ ਵਰ੍ਹੇ ਸੀ, ਜਦੋਂ ਇਕ ਚਾਨਣੀ ਰਾਤ ਵਿਚ ਉਹ ਆਪਣੇ ਪਿੰਡ ਜੀਏ-ਬੱਗੇ ਦੀਆਂ ਗਲੀਆਂ ਵਿਚ ਪਿੰਡ ਦੇ ਮੁੰਡਿਆਂ ਨਾਲ ਲੁਕਣ-ਮੀਟੀ ਪਿਆ ਖੇਡਦਾ ਸੀ; ਤੇ ਈਸ਼ਰ ਜਿਹੜਾ ਉਹਦਾ ਬੜਾ ਯਾਰ ਸੀ, ਉਹਨੂੰ ਆਖਣ ਲੱਗਾ, "ਯਾਰ ਬੀਰਿਆ! ਕੁਝ ਖਾਣ-ਪੀਣ ਨੂੰ ਦਿਲ ਕਰਦਾ ਈ ਪਿਆ।"

ਗਰਮੀਆਂ ਦੇ ਦਿਨ ਸਨ ਤੇ ਖ਼ਰਬੂਜ਼ਿਆਂ ਦੀ ਬਹਾਰ ਸੀ। ਰਘਬੀਰ ਆਖਣ ਲੱਗਾ, "ਤੇ ਚੱਲ ਬਾਬੇ ਨਾਨਕ ਸਿੰਘ ਦੀ ਪੈਲੀ 'ਚੋਂ ਰੇੜ੍ਹੇ ਤੋੜ ਲਿਆਉਨੇ ਆਂ।"

"ਨਹੀਂ ਯਾਰ, ਕੁਝ ਹੋਰ ਖਾਈਏ।"

"ਹੋਰ ਐਸ ਵੇਲੇ ਤੇਰੀ ਮਾਂ ਦਾ..."

"ਉਹ ਹੋ, ਨਹੀਂ ਯਾਰ, ਮੂੰਗਫਲੀ ਖਾਣ ਨੂੰ ਰੂਹ ਕਰਦੀ ਏ।" ਈਸ਼ਰ ਉਹਦੀ ਗੱਲ ਟੁੱਕ ਕੇ ਆਖਣ ਲੱਗਾ।

ਰਘਬੀਰ ਇਹ ਸੁਣ ਕੇ ਹੈਰਾਨ ਰਹਿ ਗਿਆ। ਫੇਰ ਹੱਸ ਪਿਆ ਤੇ ਆਖਣ ਲੱਗਾ, "ਉਤੋਂ ਅੱਧੀ ਰਾਤ ਹੋਣ ਲੱਗੀ ਏ, ਤੇ ਐਸ ਵੇਲੇ ਮੂੰਗਫਲੀ ਕਿੱਥੋਂ ਆਵੇਗੀ?"

"ਧਰਤੇ ਬਾਹਮਣ ਦੀ ਹੱਟੀ।" ਈਸ਼ਰ ਨੇ ਮੂੰਹ ਉਹਦੇ ਕੰਨ ਕੋਲ ਕਰਕੇ ਆਖਿਆ ਤੇ ਰਘਬੀਰ ਹੱਸ ਪਿਆ। ਐਸ ਕਰਕੇ ਪਈ ਪਿੰਡ ਵਿਚ ਇਕ ਈ ਹੱਟੀ ਸੀ ਧਰਤੇ ਬਾਹਮਣ ਦੀ, ਜਿਹੜਾ ਹਨੇਰਾ ਪੈਂਦਿਆਂ ਈ ਹੱਟੀ ਨੂੰ ਜੰਦਰਾ ਮਾਰ ਕੇ ਤੁਰ ਜਾਂਦਾ ਸੀ। ਤੇ ਮਗਰੋਂ ਜਿਹਨੂੰ ਕੁਝ ਕਹਿਣ ਦੀ ਲੋੜ ਪੈਂਦੀ, ਧਰਤੇ ਨੂੰ ਘਰੋਂ ਉਠਾ ਕੇ ਲਿਆਉਂਦਾ ਹੁੰਦਾ ਸੀ। ਲੋਕ ਆਖਦੇ ਹੁੰਦੇ ਸਨ, ਬਾਹਮਣ ਆਪਣੀ ਬਾਹਮਣੀ ਦਾ ਵਸਾਹ ਨਹੀਂ ਖਾਂਦਾ ਤੇ ਵਸਾਹ ਵੀ ਉਹ ਵਿਚਾਰਾ ਕੀ ਖਾਂਦਾ। ਇਕ 'ਤੇ ਪਿੰਡ ਦਾ ਹਰ ਗੱਭਰੂ ਭੂਤਰਿਆ ਹੋਇਆ ਸੀ। ਦੂਜੇ, ਬਾਹਮਣੀ ਦਾ ਰੰਗ ਵੀ ਦੁੱਧ ਨਾਲੋਂ ਚਿੱਟਾ ਸੀ। ਧਰਤਾ ਵਿਚਾਰਾ ਕੀ ਕਰਦਾ? ਖ਼ੈਰ! ਉਸ ਰਾਤ ਰਘਬੀਰ ਤੇ ਈਸ਼ਰ ਨੇ ਮੂੰਗਫਲੀਆਂ ਵਾਲਾ ਨਿੱਕਾ ਜਿਹਾ ਡੱਬਾ, ਜਿਦ੍ਹੇ ਵਿਚ ਮਸਾਂ ਈ ਅੱਧ ਸੇਰ ਮੂੰਗਫਲੀ ਹੋਵੇਗੀ, ਕੱਢਣ ਲਈ ਧਰਤੇ ਬਾਹਮਣ ਦੀ ਹੱਟੀ ਭੰਨ ਲਈ। ਉਹ ਰਘਬੀਰ ਦੀ ਪਹਿਲੀ ਚੋਰੀ ਸੀ।

ਫੇਰ ਜਵਾਨੀ ਚੜ੍ਹਦਿਆਂ ਈ ਚੋਰੀਆਂ ਸਨ, ਥਾਣਾ ਸੀ, ਜੇਲ੍ਹ ਸੀ ਤੇ ਰਘਬੀਰ ਸੀ। ਈਸ਼ਰ ਇਕ ਚੋਰੀ ਵਿਚ ਕਤਲ ਹੀ ਕਰ ਬੈਠਾ ਸੀ ਤੇ ਲੰਮੀ ਸਜ਼ਾ ਖਾ ਗਿਆ। ਰਘਬੀਰ ਰੱਬ ਦੀ ਹਿਕਮਤ ਨਾਲ ਬਚ ਗਿਆ। ਯਾਰ ਨੂੰ ਛੁਡਾਉਣ ਲਈ ਉਸ ਟਿੱਲ 'ਤੇ ਪੂਰਾ ਲਾਇਆ ਪਰ ਉਹਦੀ ਸਜ਼ਾ ਨਾ ਟੁੱਟੀ। ਰਘਬੀਰ 'ਕੱਲਾ ਚੋਰੀ ਕਰਨ ਤੋਂ ਨਾ ਮੁੜਿਆ, ਤੇ ਜਦੋਂ ਉਹ ਛੱਬੀਆਂ ਵਰ੍ਹਿਆਂ ਦਾ ਹੋਇਆ, ਉਹ ਮਾਝੇ ਦੇ ਵੱਡੇ ਚੋਰਾਂ ਤੋਂ ਚਾਰ ਪੈਰ ਅਗਾਂਹ ਈ ਸੀ।

ਆਖਦੇ ਨੇ, ਚੋਰ ਦੇ ਪੈਰ ਨਹੀਂ ਹੁੰਦੇ ਪਰ ਰਘਬੀਰ ਸਿੰਘ ਵਿਰਕ ਦੇ ਮਾਮਲੇ ਵਿਚ ਇਹ ਗੱਲ ਝੂਠ ਸੀ। ਉਹ ਪੈਰਾਂ ਵਾਲਾ ਚੋਰ ਸੀ। ਚੰਗਿਆਂ-ਭਲਿਆਂ ਹੱਡਾਂ-ਪੈਰਾਂ ਵਾਲਾ ਮੂੰਹ ਚਿੱਤ ਲੱਗਦਾ ਗੱਭਰੂ ਸੀ। ਹੌਂਸਲਾ ਵੀ ਸ਼ੇਰਾਂ ਵਰਗਾ ਸਾ ਸੂ, ਤੇ ਕੰਮ ਸਾਹਨਾਂ ਵਾਲੇ। ਚੋਰੀ ਤੇ ਬੱਸ ਉਹ ਸ਼ੁਗਲ-ਮੇਲੇ ਲਈ ਕਰਦਾ ਹੁੰਦਾ ਸੀ ਪਰ ਜਿੱਥੇ ਤੇ ਜਦੋਂ, ਕੋਈ ਉਹਨੂੰ ਲਲਕਾਰ ਦਿੰਦਾ ਸੀ ਤਾਂ ਉਹ ਭੁੱਲ ਜਾਂਦਾ ਸੀ, ਪਈ ਉਹ ਚੋਰ ਏ ਤੇ ਉਥੇ ਉਹ ਸਾਧਾਂ ਵਾਂਗਰ ਅੜ ਜਾਂਦਾ ਹੁੰਦਾ ਸੀ। ਤੇ ਜਿੱਥੇ ਉਹ ਅੜ ਜਾਂਦਾ ਸੀ, ਉਨ੍ਹਾਂ ਪੈਰਾਂ ਦੀ ਮਿੱਟੀ, ਉਹ ਸਾਹਨਾਂ ਵਾਂਗਰ ਕਦੇ ਨਹੀਂ ਸੀ ਛੱਡਦਾ ਹੁੰਦਾ। ਖੌਰੇ ਇਹ ਈ ਵਜ੍ਹਾ ਸੀ, ਪਈ ਗੱਭਰੂ ਉਹਨੂੰ ਵੇਖ ਕੇ ਖੜ੍ਹ ਜਾਂਦੇ ਸਨ, ਤੇ ਟੁਰੀਆਂ ਜਾਂਦੀਆਂ ਕੁੜੀਆਂ ਉਹਨੂੰ ਪਰਤ-ਪਰਤ ਕੇ ਵੇਖਦੀਆਂ ਹੁੰਦੀਆਂ ਸਨ। ਬੁੱਢੇ ਉਹਦੀ ਸੋਹਣੀ ਜਵਾਨੀ ਦੀ ਰੱਖ ਲਈ ਦੁਆ ਕਰਦੇ ਹੁੰਦੇ ਸਨ, ਤੇ ਸੂਰਮੇ ਉਹਦਾ ਰਾਹ ਨਹੀਂ ਸਨ ਲੰਘਦੇ ਹੁੰਦੇ। ਸਾਰੇ ਮਾਝੇ ਵਿਚ ਉਹਦੀ ਡਾਂਗ ਦੀ ਤੇ ਹਵਾ ਨਾਲੋਂ ਤੇਜ਼ ਭੱਜਣ ਵਾਲੀ ਮੁਸ਼ਕੀ ਘੋੜੀ ਦੀ ਧੁੰਮ ਸੀ।

ਉਦੋਂ 'ਕਤਾਰੂ-ਗਿੱਲ' ਵਿਚ ਇਕ ਨਵਾਂ ਈ ਗੱਭਰੂ ਉਠਿਆ, ਜਿਹੜਾ ਆਪਣੇ ਪਿੰਡ ਦਵਾਲੇ ਬਹਾਦਰੀ ਦੀ ਕੰਧ ਬਣ ਕੇ ਖਲੋ ਗਿਆ। ਉਸ ਕਤਾਰੂ ਗਿੱਲ ਦੇ ਲੋਕਾਂ ਨੂੰ ਆਖਿਆ, "ਮਾਲ ਡੰਗਰ ਵੱਲੋਂ ਬੇਸ਼ਕ ਅੱਖਾਂ ਮੀਟ ਕੇ ਸੌਂ ਜਾਇਆ ਕਰੋ। ਜਿਹਦੀ ਕੋਈ ਸ਼ੈਅ ਜਾਵੇ, ਮੈਥੋਂ ਲੈ ਲਵੇ।" ਤੇ ਉਸ ਸਾਰੇ ਮਾਝੇ ਦੇ ਚੋਰਾਂ ਨੂੰ ਲਲਕਾਰ ਕੇ ਆਖਿਆ, "ਜਿਹਨੂੰ ਜਾਨ ਦੀ ਲੋੜ ਨਾ ਹੋਵੇ, ਉਹ ਕਤਾਰੂ ਗਿੱਲ ਵੱਲ ਮੂੰਹ ਕਰੇ।" ਸੱਚੀ-ਮੁੱਚੀ ਕਤਾਰੂ ਗਿੱਲ ਵਿਚ ਚੋਰੀਆਂ ਹੋਣੀਆਂ ਈ ਹਟ ਗਈਆਂ। ਜਿੱਥੇ ਦੋ-ਚਾਰ ਬੰਦੇ ਇਕੱਠੇ ਹੁੰਦੇ, ਉਸ ਅਨੋਖੇ ਸੂਰਮੇ ਦੀਆਂ ਗੱਲਾਂ ਜ਼ਰੂਰ ਹੁੰਦੀਆਂ। ਦੂਰੋਂ-ਦੂਰੋਂ ਲੋਕ ਉਸ ਗੱਭਰੂ ਨੂੰ ਵੇਖਣ ਜਾਂਦੇ, ਜਿਹੜਾ ਛੈਲ ਛਬੀਲਾ ਜਿਹਾ, ਚਵੀਆਂ ਕੁ ਵਰ੍ਹਿਆਂ ਦਾ ਰੱਜ ਕੇ ਸੋਹਣਾ ਮੁੰਡਾ ਸੀ। ਉਹਦਾ ਨਾਂ ਹਜ਼ਾਰਾ ਸਿੰਘ ਸੀ।

ਹਜ਼ਾਰਾ ਸਿੰਘ ਗਿੱਲ ਦੀਆਂ ਗੱਲਾਂ ਜਵਾਨ ਕੁੜੀਆਂ ਤੋਂ ਲੈ ਕੇ ਮਾਈਆਂ ਬੁੱਢੀਆਂ ਤੱਕ, ਤੇ ਬਾਲ ਇਆਣਿਆਂ ਤੋਂ ਲੈ ਕੇ ਸਦਾ ਈ ਮੰਜੀ 'ਤੇ ਪਏ ਨਕਾਰਿਆਂ ਬੁੱਢਿਆਂ ਤੱਕ ਹਰ ਕੋਈ ਕਰਦਾ ਸੀ। ਤੇ ਉਦੋਂ ਹਜ਼ਾਰਾ ਸਿੰਘ ਦੀਆਂ ਗੱਲਾਂ ਸੁਣਨ ਵਿਚ ਆਈਆਂ। ਕੋਈ ਆਖਦਾ, "ਸਾਰੇ ਮਾਝੇ ਵਿਚ ਐਡਾ ਸੂਰਮਾ ਤੇ ਸਾਹਨ ਕੋਈ ਨਹੀਂ।" ਕੋਈ ਕਹਿੰਦਾ, "ਉਹ ਮਾਝੇ ਦੀ ਤੱਕ ਏ, ਤੇ ਕਤਾਰੂ-ਗਿੱਲ ਨੇ ਐਹੋ ਜਿਹਾ ਲਾਲ ਅੱਗੇ ਕਦੀ ਨਹੀਂ ਜੰਮਿਆ।"

ਕੋਈ ਸੁਣਾਉਂਦਾ, "ਉਹ ਬੜਾ ਸਖੀ ਏ। ਫਲਾਣੇ ਕੰਮੀ ਦੀ ਧੀ ਦੇ ਵਿਆਹ 'ਤੇ ਉਸ ਹਜ਼ਾਰ ਰੁਪਿਆ ਰੱਬ ਵਾਸਤੇ ਦੇ ਛੱਡਿਆ ਸੀ।"

ਕੋਈ ਬੋਲਦਾ, "ਉਹ ਤੇ ਮੋਚੀ ਜੁੱਤੀ ਬਣਾ ਕੇ ਲਿਆਏ, ਤੇ ਉਹਨੂੰ ਮੁੱਲ ਦੇ ਦੇਂਦਾ ਏ।"

ਕੋਈ ਕਹਿੰਦਾ, "ਉਸ ਜ਼ੈਲ ਸਿੰਘ ਵਰਗੇ ਡਾਕੂ ਨੂੰ ਨੱਥ ਪਾ ਛੱਡੀ ਏ।"

ਤੇ ਕੋਈ ਆਖਦਾ, "ਉਸ 'ਕੱਲੇ ਨੇ ਪੰਦਰਾਂ ਬੰਦਿਆਂ ਨੂੰ ਮਾਰ-ਮਾਰ ਕੇ ਤੋੜ ਛੱਡਿਆ ਸੀ, ਜਿਹੜੇ ਕਤਾਰੂ ਵਿਚ ਚੋਰੀ ਕਰਨ ਆਏ ਸਨ।" ਗੱਲ ਕੀ, ਰੋਜ਼ ਕੋਈ ਨਵੀਂ ਗੱਲ ਈ ਹਜ਼ਾਰਾ ਸਿੰਘ ਵੱਲੋਂ ਸੁਣਨ ਵਿਚ ਆਉਂਦੀ। ਉਹਦੀ ਇਕ ਜਵਾਨ ਭੈਣ ਵੀ ਸੀ ਜੀਹਦਾ ਨਾਂ ਰਤਨੀ ਸੀ। ਉਹਦੇ ਹੁਸਨ-ਜਵਾਨੀ ਤੇ ਰੰਗ ਦੀਆਂ ਵੀ, ਬਹੁਤ ਸਾਰੇ ਲੋਕ ਦੱਬੀ-ਦੱਬੀ ਜ਼ਬਾਨ ਨਾਲ ਗੱਲਾਂ ਕਰਦੇ ਸਨ। ਹਜ਼ਾਰਾ ਸਿੰਘ ਸਰਦਾਰ ਤਰਲੋਕ ਸਿੰਘ ਜ਼ੈਲਦਾਰ ਦਾ 'ਕੱਲਾ ਪੁੱਤਰ ਸੀ, ਤੇ ਇਹ ਗੱਲ ਤੇ ਲੋਕ ਵੀ ਠੀਕ ਈ ਆਖਦੇ ਸਨ ਪਈ, ਹਜ਼ਾਰਾ ਸਿੰਘ ਬੜੇ ਵੱਡੇ ਪਿਓ ਦਾ ਬੜਾ ਵੱਡਾ ਪੁੱਤਰ ਏ।

ਜਦੋਂ ਰਘਬੀਰ ਸਿੰਘ, ਕਤਾਰੂ-ਗਿੱਲ ਦੇ ਹਜ਼ਾਰਾ ਸਿੰਘ ਦੀ ਜੁਰਅਤ, ਬਹਾਦਰੀ ਤੇ ਵਡਿਆਈ ਦੀਆਂ ਗੱਲਾਂ ਸੁਣ-ਸੁਣ ਕੇ ਅੱਕ ਗਿਆ, ਤੇ ਇਕ ਦਿਨ ਮੂੰਹ ਹਨੇਰੇ ਈ ਉਸ ਆਪਣੀ ਘੋੜੀ 'ਤੇ ਕਾਠੀ ਪਾਈ। ਆਪਣੀ ਤੇਲ ਵਿਚ ਭਿੱਜੀ ਹੋਈ ਡਾਂਗ ਆਪਣੇ ਹੱਥ ਫੜੀ ਤੇ ਕਤਾਰੂ-ਗਿੱਲ ਨੂੰ ਟੁਰ ਪਿਆ। ਕਤਾਰੂ-ਗਿੱਲ ਉਸ ਦੇ ਪਿੰਡ ਤੋਂ ਵੀਹ ਕੋਹ ਦੂਰ, ਗਿੱਲ ਜੱਟਾਂ ਦਾ ਪਿੰਡ ਸੀ। ਰੋਟੀ ਵੇਲੇ ਨਾਲ ਜਦੋਂ ਉਸ ਕਤਾਰੂ-ਗਿੱਲ ਦੀ ਪਹਿਲੀ ਗਲੀ ਵਿਚ, ਮੁੜ੍ਹਕੇ ਨਾਲ ਭਿੱਜੀ ਹੋਈ ਆਪਣੀ ਘੋੜੀ ਥੰਮ੍ਹ ਕੇ ਟੁਰੇ ਜਾਂਦੇ ਇਕ ਬੁੱਢੇ ਜਿਹੇ ਬੰਦੇ ਕੋਲੋਂ ਹਜ਼ਾਰਾ ਸਿੰਘ ਸਿੰਘ ਦਾ ਘਰ ਪੁੱਛਿਆ, ਤਾਂ ਪਹਿਲੋਂ ਤੇ ਉਸ ਬੁੱਢੇ ਨੇ ਉਸ ਨੂੰ ਸਿਰ ਤੋਂ ਪੈਰਾਂ ਤੱਕ ਵੇਖਿਆ, ਫੇਰ ਇਕ ਪੱਕੀ ਜਿਹੀ ਹਵੇਲੀ ਵੱਲ ਇਸ਼ਾਰਾ ਕਰਕੇ ਆਖਣ ਲੱਗਾ, "ਉਹ ਹਜ਼ਾਰਾਂ ਸਿੰਘ ਦੀ ਈ ਹਵੇਲੀ ਏ।"

ਹਵੇਲੀ ਦੇ ਫਾਟਕ ਅੱਗੇ ਰਘਬੀਰ ਸਿੰਘ ਘੋੜੀ ਤੋਂ ਉਤਰਿਆ। ਸਿਆਲ ਦੇ ਦਿਨ ਸਨ ਪਰ ਉਹਦੀ ਘੋੜੀ ਦਾ ਮੁੜ੍ਹਕਾ ਚੋਣ ਡਿਹਾ ਸੀ। ਐਸ ਪਿੰਡ ਵਿਚ ਉਹ ਪਹਿਲੀ ਵਾਰ ਆਇਆ ਸੀ। ਨਾ ਉਹ ਕਿਸੇ ਨੂੰ ਜਾਣਦਾ ਸੀ, ਨਾ ਈ ਉਸ ਨੂੰ ਕੋਈ। ਐਸ ਕਰਕੇ ਉਹ ਬੇਧੜਕ ਅੰਦਰ ਲੰਘ ਗਿਆ। ਹਵੇਲੀ ਖ਼ਾਲਮ-ਖਾਲੀ ਪਈ ਸੀ। ਵਿਹੜੇ ਵਿਚ ਲੱਕੜੀ ਦੀ ਵੱਡੀ ਸਾਰੀ ਖੁਰਲੀ 'ਤੇ ਚਾਰ ਢੱਗੇ ਬੱਧੇ ਸਨ। ਅਗਾਂਹ ਨਾਲ ਈ ਇਕ ਡਾਚੀ ਮੂੰਹ ਚੁੱਕ ਕੇ ਫਾਟਕ ਵੱਲ ਵੇਖਣ ਡਹੀ ਸੀ। ਖੱਬੇ ਬੰਨੇ ਕੰਧ ਦੇ ਨਾਲ ਮਿੱਟੀ ਦੀ ਖੁਰਲੀ 'ਤੇ ਚਾਰ-ਪੰਜ ਨੀਲੀ ਦੀਆਂ ਨਹਾਤੀਆਂ-ਧੋਤੀਆਂ ਮੱਝਾਂ ਬੱਧੀਆਂ ਹੋਈਆਂ ਸਨ ਤੇ ਸੱਜੇ ਬੰਨੇ ਦੀ ਕੰਧ ਨਾਲ ਖੁਰਲ ਤੇ ਦੋ ਬੜੀਆਂ ਸੁਥਰੀਆਂ ਘੋੜੀਆਂ ਪੱਠੇ ਖਾਣ ਡਹੀਆਂ ਸਨ। 'ਬੜਾ ਸੁਥਰਾ ਮਾਲ ਏ', ਰਘਬੀਰ ਸਿੰਘ ਨੇ ਦਿਲ ਹੀ ਦਿਲ ਵਿਚ ਆਖਿਆ ਤੇ ਹਵੇਲੀ ਦੀਆਂ ਕੰਧਾਂ ਵੱਲ ਵੇਖਿਆ ਜਿਹੜੀਆਂ ਦੋ-ਦੋ ਬੰਦੇ ਉਚੀਆਂ ਸਨ। ਉਹਨੇ ਘੋੜੀ ਦੀ ਲਗਾਮ ਲਾਹ ਕੇ ਉਹਦਾ ਤੰਗ ਢਿੱਲਾ ਕੀਤਾ, ਤੇ ਉਹਨੂੰ ਹਜ਼ਾਰਾ ਸਿੰਘ ਦੀਆਂ ਘੋੜੀਆਂ ਨਾਲ ਈ ਬੰਨ੍ਹ ਦਿੱਤਾ। ਆਪ ਪਰ੍ਹਾਂ ਪਈ ਹੋਈ ਖਾਲੀ ਮੰਜੀ 'ਤੇ ਬਹਿ ਗਿਆ।

ਘੜੀ ਕੁ ਪਿੱਛੋਂ ਹਜ਼ਾਰਾ ਸਿੰਘ ਆ ਗਿਆ। ਉਸ ਰਘਬੀਰ ਸਿੰਘ ਨੂੰ ਕੋਈ ਮੁਸਾਫ਼ਰ ਸਮਝ ਕੇ ਉਹਦੀ ਬੜੀ ਟਹਿਲ ਸੇਵਾ ਕੀਤੀ। ਅੰਨ-ਪਾਣੀ ਤੋਂ ਵਿਹਲੇ ਹੋ ਕੇ ਉਹ ਗੱਲਾਂ ਕਰਨ ਲੱਗ ਪਏ ਤੇ ਜਦੋਂ ਚੰਗੀ ਤਰ੍ਹਾਂ ਦਿਨ ਢਲ ਗਿਆ ਤੇ ਪਾਲਾ ਧਰਤੀ 'ਤੇ ਫੁਹਾਰ ਵਾਂਗਰ ਪੈਣ ਲੱਗ ਪਿਆ ਤਾਂ ਰਘਬੀਰ ਸਿੰਘ ਨੇ ਆਪਣੀ ਲੋਈ ਦੀ ਬੁੱਕਲ ਘੁੱਟ ਕੇ ਮਾਰ ਲਈ। ਹਜ਼ਾਰਾ ਸਿੰਘ ਕੋਲੋਂ ਜਾਣ ਦੀ ਇਜਾਜ਼ਤ ਮੰਗੀ। ਹਜ਼ਾਰਾ ਸਿੰਘ ਨੇ ਉਹਨੂੰ ਆਖਿਆ, "ਪਈ ਜਵਾਨਾ! ਤੂੰ ਇਹ ਦੱਸਿਆ ਨਹੀਂ, ਤੂੰ ਕਿੱਥੋਂ ਆਇਆ ਏਂ, ਕਿੱਧਰ ਚੱਲਿਆ ਏਂ, ਤੇ ਘਰ ਕਿੱਥੇ?"

ਰਘਬੀਰ ਸਿੰਘ ਹੱਸ ਪਿਆ ਤੇ ਆਖਣ ਲੱਗਾ, "ਮੈਂ ਰਾਵੀ ਦਾ ਰਹਿਣ ਵਾਲਾ ਆਂ-ਐਥੇ ਜੀਏ-ਬੱਗੇ ਸਾਕ ਅੰਗ ਨੇ। ਮਿਲਣ-ਗਿਲਣ ਗਿਆ ਸਾਂ। ਤੁਹਾਡੀ ਧੁੰਮ ਸੁਣੀ ਸੀ, ਆਖਿਆ ਵੇਖ ਈ ਆਵਾਂ, ਇਹੋ ਜਿਹੇ ਸਾਹਨ ਆਦਮੀ ਕਦੋਂ ਰੋਜ਼-ਰੋਜ਼ ਲੱਭਦੇ ਨੇ।"

"ਹੱਛਾ!" ਹਜ਼ਾਰਾ ਸਿੰਘ ਨੇ ਆਪਣੀਆਂ ਪਤਲੀਆਂ ਜਿਹੀਆਂ ਮੁੱਛਾਂ ਨੂੰ ਵੱਟ ਦੇ ਕੇ ਆਖਿਆ। ਫੇਰ ਜਿਵੇਂ ਉਹਨੂੰ ਕੋਈ ਗੱਲ ਚੇਤੇ ਆ ਗਈ ਹੋਵੇ। ਆਖਣ ਲੱਗਾ, "ਸੁਣਿਆ ਏ ਜੀਏ-ਬੱਗਾ ਵਾਲਾ ਰਘਬੀਰ ਬੜਾ ਜੀਅਦਾਰ ਚੋਰ ਏ!" ਰਘਬੀਰ ਪਹਿਲੋਂ 'ਤੇ ਕੁਝ ਝਕ ਗਿਆ, ਫੇਰ ਆਖਣ ਲੱਗਾ, "ਚੋਰ ਕੀ ਤੇ ਸਾਹਨ ਕੀ?"

ਹਜ਼ਾਰਾ ਸਿੰਘ ਹੱਸ ਕੇ ਆਖਣ ਲੱਗਾ, "ਕਿਧਰੇ ਕਤਾਰੂ-ਗਿੱਲ ਵਲ ਮੂੰਹ ਕਰੇ ਤੇ ਉਹਨੂੰ ਦੱਸਾਂ ਕਿੱਡਾ ਕੁ ਸਾਹਨ ਏ ਉਹ।"

ਰਘਬੀਰ ਸਿੰਘ ਨਿੰਮ੍ਹਾ ਜਿਹਾ ਹੱਸ ਕੇ ਚੁੱਪ ਕਰ ਗਿਆ। ਫੇਰ ਉਠਣ ਲੱਗਿਆ ਬੋਲਿਆ, "ਸਰਦਾਰ ਜੀ ਦੁਨੀਆਂ ਵਿਚ ਇਕ ਤੋਂ ਵੱਡੀ ਬਲਾ ਪਈ ਏ, ਪਰ ਜੇ ਉਹ ਬੜੀ ਬਲਾ ਏ ਤੇ ਸਾਨੂੰ ਕੀ?"

ਹਜ਼ਾਰਾ ਸਿੰਘ ਨੇ ਤਿੱਖੀ ਜਿਹੀ ਨਜ਼ਰ ਉਹਦੇ ਵੱਲ ਵੇਖਿਆ, ਫੇਰ ਪੁੱਛਣ ਲੱਗਾ, "ਉਹਨੂੰ ਵੇਖਿਆ ਈ?"

"ਆਹੋ, ਇਕ ਵਾਰੀ।"

"ਕਿਸ ਤਰ੍ਹਾਂ ਦਾ ਜਵਾਨ ਏ?"

"ਚੰਗਾ ਸੁਥਰਾ।"

"ਜੇ ਉਹ ਤੈਨੂੰ ਮਿਲੇ ਤੇ ਉਹਨੂੰ ਮੇਰਾ ਇਕ ਸੁਨੇਹਾ ਦੇ ਦੇਵੀਂ।" ਹਜ਼ਾਰਾ ਸਿੰਘ ਆਖਣ ਲੱਗਾ।

"ਤੁਸੀਂ ਉਹਨੂੰ ਜਾਣਦੇ ਓ ਸਰਦਾਰ ਜੀ?" ਰਘਬੀਰ ਨੇ ਪੁੱਛਿਆ।

"ਜਾਣਦਾ ਤੇ ਨਹੀਂ, ਨਾਂ ਈ ਸੁਣਿਆ ਏ।"

"ਕੀ ਆਖਾਂ ਸੂ?"

"ਉਹਨੂੰ ਆਖੀਂ-ਜੇ ਉਹ ਕਤਾਰੂ-ਗਿੱਲ 'ਚੋਂ ਭੇਡ ਦਾ ਲੇਲਾ ਵੀ ਚੁੱਕ ਕੇ ਲੈ ਜਾਵੇ, ਤੇ ਮੈਂ ਉਹਨੂੰ ਮੰਨ ਲਾਂਗਾ।" ਹਜ਼ਾਰਾ ਸਿੰਘ ਨੇ ਸੁਨੇਹਾ ਪੂਰਾ ਕਰ ਦਿੱਤਾ।

"ਚੰਗਾ! ਜੇ ਕਿਧਰੇ ਮਿਲਿਆ, ਤੇ ਆਖ ਦਿਆਂਗਾ ਉਹਨੂੰ।"

ਤੇ ਉਹ ਉਠਿਆ, ਹਜ਼ਾਰਾ ਸਿੰਘ ਨਾਲ ਸਾਹਬ-ਸਲਾਮਤ ਕੀਤੀ, ਘੋੜੀ 'ਤੇ ਚੜ੍ਹਿਆ ਤੇ ਜੀਏ-ਬੱਗੇ ਨੂੰ ਟੁਰ ਪਿਆ।

ਤੇ ਓਦਣ ਤੋਂ ਤੀਸਰੀ ਰਾਤ ਹਜ਼ਾਰਾ ਸਿੰਘ ਦਾ ਸਾਰਾ ਮਾਲ-ਡੰਗਰ ਚੋਰ ਲੈ ਗਏ। ਕਹਿਣ ਨੂੰ ਤੇ ਉਹ ਆਪਣੇ ਪਸਾਰ ਵਿਚ ਸੁੱਤੀ ਹੋਈ ਜਵਾਨ ਰਤਨੀ ਦੀਆਂ ਮੁਰਕੀਆਂ ਵੀ ਲੈ ਗਏ ਪਰ ਰਤਨੀ ਨੇ ਆਪਣੀਆਂ ਮੁਰਕੀਆਂ ਲੱਥ ਜਾਣ ਦਾ ਭੋਗ ਈ ਨਾ ਪਾਇਆ। 'ਕਿਉਂ?' ਐਸ ਗੱਲ ਦਾ ਰਤਨੀ ਕੋਲ ਵੀ ਕੋਈ ਜਵਾਬ ਨਹੀਂ ਸੀ। ਹਜ਼ਾਰਾ ਸਿੰਘ ਦਾ ਸਾਰਾ ਈ ਮਾਲ ਟੁਰ ਗਿਆ। ਚਾਰ ਢੱਗੇ, ਚਾਰ ਮੱਝਾਂ, ਦੋ ਘੋੜੀਆਂ ਤੇ ਇਕ ਡਾਚੀ ਪਰ ਖੁਰਾ ਇਕ ਬੰਦੇ ਤੋਂ ਵੱਧ ਕਿਸੇ ਦਾ ਵੀ ਨਾ ਲੱਭਾ, ਤੇ ਉਹ ਕਤਾਰੂ-ਗਿੱਲ ਦੀਆਂ ਗਲੀਆਂ ਦੇ ਬਾਹਰ ਨਾ ਗਿਆ। ਇਕ ਤੋਂ ਇਕ ਚੰਗਾ ਖੋਜੀ ਆਇਆ, ਤੇ ਸਿਰ ਮਾਰ ਗਿਆ ਪਰ ਦੂਜੇ ਦਾ ਖੁਰਾ ਈ ਨਾ ਲੱਭਾ, ਤੇ ਉਸ ਇਕ ਬੰਦੇ ਦਾ ਖੁਰਾ, ਜਿਹਾ ਲੱਭਾ-ਤਿਹਾ ਨਾ ਲੱਭਾ, ਤੇ ਇਹ ਗੱਲ ਨਾ ਹਜ਼ਾਰਾ ਸਿੰਘ ਮੰਨਦਾ ਸੀ, ਨਾ ਵੇਖਣ ਸੁਣਨ ਵਾਲਾ, ਪਈ ਅਹਿ ਕੰਮ ਇਕ ਬੰਦੇ ਦਾ ਏ। ਪੰਦਰਾਂ ਦਿਨ ਹਜ਼ਾਰਾ ਸਿੰਘ ਨੇ ਅੱਠਾਂ ਬੰਦਿਆਂ ਨਾਲ ਸਾਰਾ ਮਾਝਾ ਫਿਰਿਆ, ਪਰ ਨਾ ਉਸ ਚੋਰ ਦਾ ਪਤਾ ਲੱਗਾ, ਨਾ ਮਾਲ ਦਾ। ਕਿਸੇ ਆਖਿਆ, "ਥਾਣੇ ਪਰਚਾ ਦਿਓ।" ਹਜ਼ਾਰਾ ਸਿੰਘ ਗੁੱਸੇ ਨਾਲ ਆਖਣ ਲੱਗਾ, "ਇਹ ਕੰਮ ਨਹੀਂ ਕਰਨਾ। ਮਾਲ ਜਿਹੜਾ ਲੈ ਗਿਆ, ਲੈ ਗਿਆ ਪਰ ਬੰਦੇ ਦਾ ਤੇ ਪਤਾ ਲੱਗੇ। ਉਹ ਕਿਹੜਾ ਸਾਹਨ ਸੀ, ਜਿਨ੍ਹੇ ਮੇਰੇ ਘਰ ਵਿਚ ਚੋਰੀ ਕੀਤੀ।" ਪਰ ਚੋਰ ਨਾ ਲੱਭਣਾ ਸੀ, ਨਾ ਲੱਭਾ। ਸਾਰਾ ਮਾਝਾ ਉਸ ਚੋਰ ਦੀਆਂ ਗੱਲਾਂ ਕਰਦਾ ਸੀ, ਜਿਨ੍ਹੇ ਚੋਰਾਂ ਤੇ ਸਾਧਾਂ ਨੂੰ ਹੈਰਾਨ ਕਰ ਛੱਡਿਆ ਸੀ, ਤੇ ਐਸ ਤਰ੍ਹਾਂ ਈ ਵੀਹ ਦਿਨ ਲੰਘ ਗਏ ਤੇ ਹਜ਼ਾਰਾ ਸਿੰਘ ਵੀ ਥੱਕ-ਹਾਰ ਕੇ ਬਹਿ ਗਿਆ।

ਇੱਕੀਵੀਂ ਰਾਤ ਅਜੇ ਅੱਧੀ ਨਹੀਂ ਸੀ ਲੰਘੀ ਤੇ ਧੁੰਦ ਤੇ ਨਿੰਮ੍ਹੀ-ਨਿੰਮ੍ਹੀ ਚਾਨਣੀ ਵਿਚ ਲਪੇਟੇ ਹੋਏ ਕਤਾਰੂ-ਗਿੱਲ ਵਿਚ ਇਕ ਗੱਭਰੂ ਵੜਿਆ। ਚੰਦ ਦੀ ਲੋਅ ਵਿਚ ਉਹਦੀ ਛਵ੍ਹੀ ਦਾ ਫਲ ਲਿਸ਼ਕਦਾ ਪਿਆ ਸੀ। ਉਹਦਾ ਮੂੰਹ ਠਾਠੇ ਦੇ ਵਿਚ, ਤੇ ਉਹਦਾ ਪਿੰਡਾ ਗੂੜ੍ਹੇ ਰੰਗ ਦੇ ਕੰਬਲ ਵਿਚ ਲੁਕਿਆ ਹੋਇਆ ਸੀ। ਉਹ ਇਕ ਕਾਨੇ ਜਿਹੇ ਦੇ ਨਾਲ ਹਜ਼ਾਰਾ ਸਿੰਘ ਦੇ ਸਾਰੇ ਮਾਲ ਨੂੰ ਹਿੱਕੀ ਆਉਂਦਾ ਸੀ ਪਿਆ। ਡੰਗਰ ਹਵੇਲੀ ਪਛਾਣ ਕੇ ਬੂਹੇ ਅੱਗੇ ਖਲੋ ਗਏ, ਤੇ ਗੱਭਰੂ ਕਿਸੇ ਬਾਂਦਰ ਵਾਂਗਰ ਫੁਰਤੀ ਨਾਲ ਦੋ-ਦੋ ਬੰਦੇ ਉਚੀ ਕੰਧ 'ਤੇ ਚੜ੍ਹਿਆ ਤੇ ਬਿੱਲੀ ਵਾਂਗਰ ਹੌਲੀ-ਹੌਲੀ, ਖੜਾਕ ਦੇ ਬਗੈਰ ਉਸ ਫਾਟਕ ਖੋਲ੍ਹਿਆ, ਡੰਗਰ ਅੰਦਰ ਵਾੜੇ, ਫਾਟਕ ਦਾ ਕੁੰਡਾ ਮਾਰਿਆ ਤੇ ਫੇਰ ਕੰਧ 'ਤੇ ਚੜ੍ਹ ਕੇ ਉਸ ਹਵੇਲੀ ਦੇ ਬਰਾਂਡੇ ਵਿਚ ਸੁੱਤਿਆਂ ਹੋਇਆਂ ਤਿੰਨ ਬੰਦਿਆਂ ਵੱਲ ਵੇਖਿਆ ਜਿਹੜੇ ਐਡੀ ਗੂੜ੍ਹੀ ਨੀਂਦ ਸੁੱਤੇ ਹੋਏ ਸਨ ਜਿਵੇਂ ਮਰ ਗਏ ਹੋਣ। ਤੇ ਉਹ ਹੌਲੀ ਜਿਹੀ ਹੱਸਿਆ। ਫੇਰ ਕੰਧ ਤੋਂ ਛਾਲ ਮਾਰ ਕੇ ਟੁਰ ਪਿਆ ਤੇ ਜਦੋਂ ਉਸ ਪਿੰਡੋਂ ਬਾਹਰ ਟਾਹਲੀ ਨਾਲ ਬੱਧੀ ਆਪਣੀ ਮੁਸ਼ਕੀ ਘੋੜੀ ਖੋਲ੍ਹੀ, ਉਦੋਂ ਕਿਸੇ ਨੇ ਹੌਲੀ ਜਿਹੀ ਮਗਰੋਂ ਉਹਦੇ ਮੋਢੇ 'ਤੇ ਹੱਥ ਰੱਖ ਦਿੱਤਾ। ਗੱਭਰੂ ਬਿਜਲੀ ਵਾਂਗਰ ਤੜਫ ਕੇ ਦੂਰ ਜਾ ਖਲੋਤਾ, ਤੇ ਉਸ ਛਵ੍ਹੀ ਸਵਾਰੀ ਕਰਕੇ ਫੜ ਲਈ ਤੇ ਸਾਹਮਣੇ ਖਲੋਤੇ ਹੋਏ ਬੰਦੇ ਵਲ ਵੇਖਣ ਲੱਗ ਪਿਆ, ਜਿਨ੍ਹੇ ਉਹਦੇ ਮੋਢੇ 'ਤੇ ਹੱਥ ਰੱਖਿਆ ਸੀ। ਉਹ ਇਕ ਜਵਾਨ ਕੁੜੀ ਸੀ। ਹੱਦੋਂ ਸੋਹਣੀ, ਚੰਨ ਦੀ ਲੋਅ ਵਿਚ ਕੁੜੀ ਦਾ ਚਿਹਰਾ ਐਸ ਤਰ੍ਹਾਂ ਚਮਕਿਆ ਜਿਵੇਂ ਧੁੱਪ ਵਿਚ ਤਾਂਬੇ ਦਾ ਥਾਲ। ਗੱਭਰੂ ਦੇ ਪਿੰਡੇ ਵਿਚੋਂ ਖ਼ੌਫ਼ ਦੀ ਲਹਿਰ ਲੰਘ ਗਈ। ਕੁੜੀ ਹੱਸ ਪਈ, ਆਖਣ ਲੱਗੀ, "ਸਾਡਾ ਮਾਲ 'ਤੇ ਮੋੜ ਚੱਲਿਆ ਏਂ, ਪਰ ਆਪਣਾ ਨਾਂ ਨਹੀਂ ਦੱਸ ਕੇ ਚੱਲਿਆ।"

ਤੇ ਗੱਭਰੂ ਨੇ ਅੱਖਾਂ ਖੋਲ੍ਹ ਕੇ ਉਸ ਕੁੜੀ ਵੱਲ ਵੇਖਿਆ। ਫੇਰ ਆਪਣੇ ਬੋਝੇ ਵਿਚੋਂ ਕੁਝ ਕੱਢ ਕੇ ਕੁੜੀ ਨੂੰ ਆਖਣ ਲੱਗਾ, "ਐਹ ਲੈ ਰਤਨ ਕੁਰੇ, ਤੇਰੀਆਂ ਮੁਰਕੀਆਂ। ਮੈਂ ਸੌਂਹ ਖਾਧੀ ਸੀ, ਪਈ ਤੇਰੇ ਹੱਥ ਵਿਚ ਆਪ ਫੜਾਵਾਂਗਾ।"

ਤੇ ਗੱਭਰੂ ਨੇ ਕੁੜੀ ਦਾ ਹੱਥ ਫੜ ਕੇ ਉਹਦੇ ਤਲੀ 'ਤੇ ਮੁਰਕੀਆਂ ਰੱਖ ਦਿੱਤੀਆਂ। ਸੋਨੇ ਦੇ ਰੰਗ ਦੀ ਚਾਨਣੀ ਵਿਚ ਸੋਨਾ ਹੋਰ ਲਿਸ਼ਕਿਆ। ਗੱਭਰੂ ਛਾਲ ਮਾਰ ਕੇ ਘੋੜੀ 'ਤੇ ਚੜ੍ਹਿਆ, ਤੇ ਕੁੜੀ ਛੇਤੀ ਨਾਲ ਆਖਣ ਲੱਗੀ, "ਅੜਿਆ ਜੇ ਨਾਂ ਨਹੀਓਂ ਦੱਸਣਾ, ਤੇ ਮੁਰਕੀਆਂ ਵੀ ਲੈ ਜਾ। ਮੈਂ ਨਿਰੀਆਂ ਮੁਰਕੀਆਂ ਨੂੰ ਕੀ ਕਰਨਾ ਏ!"

ਤੇ ਰਘਬੀਰ ਸਿੰਘ ਨੂੰ ਇੰਜ ਲੱਗਾ, ਜਿਵੇਂ ਕਿਸੇ ਨੇ ਉਹਨੂੰ ਬੇੜੀਆਂ ਪਾ ਕੇ ਸਾਰੀ ਉਮਰ ਲਈ ਜੇਲ੍ਹ ਵਿਚ ਸੁੱਟ ਦਿੱਤਾ ਹੋਵੇ।



## ਸਿਧਾਂਤਕ ਪ੍ਰਤਿਕੂਲਤਾ-2

# ਗਿਆਨ ਪ੍ਰਬੋਧ, ਸ੍ਰੀ ਸ਼ਸ਼ਤ੍ਰ ਨਾਮ ਮਾਲਾ ਪੁਰਾਣ ਲਿਖਯਤੇ

**ਡਾ. ਗੁਰਨਾਮ ਕੌਰ**

ਪਿਛਲੇ ਲੇਖ 'ਚ ਅਸੀਂ 'ਚੰਡੀ ਚਰਿਤ੍ਰ' ਦੇ ਹਵਾਲੇ ਨਾਲ ਦੇਵੀ-ਦੇਵਤਿਆਂ ਦੀ ਪੂਜਾ ਦੀ ਗੱਲ ਕੀਤੀ ਸੀ। ਇਸ ਲੇਖ ਵਿਚ 'ਗਿਆਨ ਪ੍ਰਬੋਧ' ਅਤੇ 'ਸ੍ਰੀ ਸ਼ਸ਼ਤ੍ਰ ਨਾਮ ਮਾਲਾ ਪੁਰਾਣ ਲਿਖਯਤੇ' ਦੇ ਸਬੰਧ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਲੋਅ 'ਚ ਗੱਲ ਕਰਾਂਗੇ ਕਿਉਂਕਿ ਕਿਸੇ ਵੀ ਲਿਖਤ ਨੂੰ ਗੁਰਮਤਿ ਸਿਧਾਂਤਾਂ ਅਨੁਸਾਰ ਪਰਖਣ ਲਈ ਗੁਰੂ ਗ੍ਰੰਥ ਸਾਹਿਬ ਸਾਡੇ ਲਈ ਸ਼ਬਦ ਪ੍ਰਮਾਣ ਹੈ। ਸਤਹੀ ਤੌਰ 'ਤੇ ਦੇਖਿਆਂ ਇਉਂ ਜਾਪਦਾ ਹੈ ਜਿਵੇਂ 'ਗਿਆਨ ਪ੍ਰਬੋਧ' ਦੀ ਰਚਨਾ ਸਰਬ-ਸ਼ਕਤੀਮਾਨ, ਅਮੂਰਤ, ਪ੍ਰਭੂ ਦੀ ਵਡਿਆਈ ਵਿਚ ਕੀਤੀ ਗਈ ਹੋਵੇ। ਪ੍ਰੰਤੂ ਜੇ ਧਿਆਨ ਤੇ ਬਾਰੀਕੀ ਨਾਲ ਅਧਿਐਨ ਕਰੀਏ ਤਾਂ ਇਹ ਗੱਲ ਸਮਝ ਆ ਜਾਂਦੀ ਹੈ ਕਿ ਇਹ ਰਚਨਾ 'ਭਗਉਤੀ' ਦੇ ਕਿਸੇ ਭਗਤ ਵੱਲੋਂ ਰਚੀ ਗਈ ਹੈ ਕਿਉਂਕਿ ਮੁੱਢ ਵਿਚ ਹੀ ਭਗਉਤੀ ਨੂੰ ਸਹਾਈ ਹੋਣ ਲਈ ਬੇਨਤੀ ਕੀਤੀ ਗਈ ਹੈ। ਫਿਰ ਜਿਸ ਤਰੀਕੇ ਨਾਲ ਅਕਾਲ ਪੁਰਖ ਦੀ ਸਿਫਤ ਕੀਤੀ ਹੈ, ਇਹ ਸਭ 'ਮਹਾਂ ਕਾਲ' ਦੀ ਸਿਫਤ ਹੈ। ਸਿੱਖ ਧਰਮ ਚਿੰਤਨ ਵਿਚ ਪਰਮਾਤਮਾ 'ਅਕਾਲ ਪੁਰਖ' ਹੈ, 'ਮਹਾਂ ਕਾਲ' ਨਹੀਂ। ਉਸ ਦੀਆਂ ਖੂਬੀਆਂ ਕਿਸੇ ਮਨੁੱਖ ਦੀ ਤਰ੍ਹਾਂ ਬਿਆਨ ਕੀਤੀਆਂ ਗਈਆਂ ਹਨ ਜਿਵੇਂ ਉਹ ਕਿਸੇ ਖਾਸ ਰੂਪ ਵਾਲਾ ਹੋਵੇ। ਉਦਾਹਰਣ ਲਈ ਉਸ ਦੀ ਦ੍ਰਿਸ਼ਟੀ ਤਰਸ ਅਤੇ ਦਇਆ ਨਾਲ ਭਰੀ ਹੋਈ ਹੈ, ਉਹ ਕਾਮਦੇਵ ਦੇ ਤੀਰਾਂ ਨੂੰ ਨਸ਼ਟ ਕਰਨ ਵਾਲਾ ਹੈ, ਉਸ ਦੇ ਸਿਰ ਉਤੇ ਸੁੰਦਰ ਤਾਜ ਸ਼ੋਭਾ ਦੇ ਰਿਹਾ ਹੈ, ਉਸ ਦੇ ਕਾਰਨਾਮੇ ਸੂਰਜ ਨੂੰ ਵੀ ਮਾਤ ਪਾਉਂਦੇ ਹਨ:



ਡਾ. ਗੁਰਨਾਮ ਕੌਰ

ਕ੍ਰਿਪਾਲ ਦਿਆਲ ਲੋਚਨੰ।
ਮੰਚਕ ਬਾਣ ਮੋਚਨੰ।
ਸਿਰੰ ਕਰੀਟ ਧਾਰੀਯੰ।
ਦਿਨੇਸ ਕ੍ਰਿਤ ਹਾਰੀਯੰ। ੧੦-੧੮।

ਉਸਦੇ ਚੌੜੇ ਅਤੇ ਲਾਲ ਨੇਤ੍ਰ ਹਨ ਜਿਨ੍ਹਾਂ ਨਾਲ ਕਾਮਦੇਵ ਦਾ ਮਾਣ ਵੀ ਨਾਸ ਹੁੰਦਾ ਹੈ। ਉਸ ਦੇ ਸੀਸ ਦੁਆਲੇ ਪ੍ਰਕਾਸ਼-ਕੁੰਡਲ ਨੂੰ ਦੇਖ ਕੇ ਚੰਦ੍ਰਮਾ ਦੀ ਸੁੰਦਰ ਚਾਂਦਨੀ ਵੀ ਚਕ੍ਰਿਤ ਹੁੰਦੀ ਹੈ:

ਬਿਸਾਲ ਲਾਲ ਲੋਚਨੰ।
ਮਨੋਜ ਮਾਨ ਮੋਚਨੰ।
ਸੁਭੰਤ ਸੀਸ ਸੁ ਪ੍ਰਭਾ।
ਚਕ੍ਰਤ ਚਾਰੁ ਚੰਦ੍ਰਕਾ। ੧੧-੧੯।

ਉਪਰ ਦਿੱਤੀਆਂ ਪੰਕਤੀਆਂ ਨੂੰ ਪੜ੍ਹ ਕੇ ਇਉਂ ਜਾਪਦਾ ਹੈ ਜਿਵੇਂ ਇਹ ਕਿਸੇ ਤਾਂਤ੍ਰਿਕ ਦੀ ਮਨੋਬਿਰਤੀ ਨੂੰ ਦਰਸਾ ਰਹੀਆਂ ਹੋਣ ਜਿਸ ਨੇ ਤੰਤ੍ਰਾਂ ਨਾਲ ਕਿਸੇ ਦੇਵਤੇ ਨੂੰ ਸਿੱਧ ਕੀਤਾ ਹੋਵੇ। ਅੱਗੇ ਕਿਹਾ ਹੈ, ਤੇਰੇ (ਪਰਮਾਤਮਾ ਦੇ) ਦੰਦ ਅਤੇ ਪੈਰ ਬਹੁਤ ਸੁਹਣੇ ਹਨ। ਤੇਰੀ ਇੱਕ ਝਲਕ ਉਦਾਸੀ ਦੇ ਸੰਘਣੇ ਬੱਦਲਾਂ ਨੂੰ ਨਸ਼ਟ ਕਰ ਦਿੰਦੀ ਹੈ (ਇੱਕ ਥਾਂ ਇਸ ਦਾ ਅਰਥ ਇਹ ਵੀ ਕੀਤਾ ਹੈ ਕਿ ਕਾਲੀਆਂ ਘਟਾਵਾਂ ਵੀ ਜਲਦੀਆਂ ਹਨ)। ਛੋਟੇ ਘੁੰਗਰੂ (ਤੁਹਾਡੇ ਲੱਕ ਦੇ ਦੁਆਲੇ) ਬਹੁਤ ਸੁੰਦਰ ਲਗਦੇ ਹਨ। ਤੁਹਾਡੇ ਪ੍ਰਕਾਸ਼ ਤੋਂ ਸੂਰਜ ਦੀਆਂ ਕਿਰਨਾਂ ਵੀ ਸ਼ਰਮਾਉਂਦੀਆਂ ਹਨ:

ਸੁਭੰਤ ਦੰਤ ਪ੍ਰਦਕੰ।
ਜਲੰਤ ਸਾਮ ਸੁ ਘਟੰ।
ਸੁਭੰਤ ਛੁਦ੍ਰ ਘੰਟਕਾ।
ਜਲੰਤ ਭਾਰ ਕੱਛਟਾ। ੬-੯੪।

ਸਾਡੇ ਵਿਚੋਂ ਬਹੁਤਿਆਂ ਨੇ ਨੋਟ ਕੀਤਾ ਹੋਵੇਗਾ ਕਿ ਛੋਟੇ ਬੱਚੇ ਦੇ ਰੂਪ ਵਿਚ ਕ੍ਰਿਸ਼ਨ ਦੀਆਂ ਤਸਵੀਰਾਂ ਵਿਚ ਲੱਕ ਦੇ ਦੁਆਲੇ ਤੜਾਗੀ ਵਿਚ ਛੋਟੇ ਛੋਟੇ ਘੁੰਗਰੂ ਪਾਏ ਹੋਏ ਆਮ ਹੀ ਨਜ਼ਰ ਆਉਂਦੇ ਹਨ। ਇਸ ਤਰ੍ਹਾਂ ਇਨ੍ਹਾਂ ਉਪਰ ਦਿੱਤੀਆਂ ਪੰਕਤੀਆਂ ਵਿਚ ਪ੍ਰਾਪਤ ਪਰਮਾਤਮਾ ਦੀ ਵਿਆਖਿਆ ਸਿੱਖ ਧਰਮ-ਗ੍ਰੰਥ ਵਿਚ ਪ੍ਰਾਪਤ ਅਕਾਲ ਪੁਰਖ ਦੀ ਵਿਆਖਿਆ ਨਾਲ ਮੇਲ ਨਹੀਂ ਖਾਂਦੀ ਹੈ ਅਤੇ ਹਿੰਦੂ-ਧਰਮ ਸ਼ਾਸਤ੍ਰਾਂ ਵਿਚ ਪ੍ਰਾਪਤ ਕ੍ਰਿਸ਼ਨ ਦੀ ਸ਼ਵੀ ਨਾਲ ਵੱਧ ਮੇਲ ਖਾਂਦੀ ਹੈ। ਇਸੇ ਤਰ੍ਹਾਂ ਇਸ ਤੋਂ ਅਗਲੀਆਂ ਤੋਂ ਅਗਲੀਆਂ ਪੰਕਤੀਆਂ ਵਿਚ ਦੱਸਿਆ ਹੈ ਕਿ ਦੈਂਤਾਂ ਦੀਆਂ ਸੈਨਾਵਾਂ ਤੈਨੂੰ ਦੇਖਦੇ ਸਾਰ ਭੱਜ ਉਠਦੀਆਂ ਹਨ ਜਦੋਂ ਤੂੰ ਆਪਣੇ ਸ਼ਸਤ੍ਰ ਅਤੇ ਅਸਤ੍ਰ ਚਲਾਉਂਦਾ ਹੈਂ ਅਤੇ ਤੇਰਾ ਚੱਕ੍ਰ ਚਾਰੇ ਪਾਸੇ ਘੁੰਮਦਾ ਹੈ (ਆਮ ਤੌਰ 'ਤੇ ਕ੍ਰਿਸ਼ਨ ਵੱਲੋਂ ਸੁਦ੍ਰਸ਼ਨ ਚੱਕ੍ਰ ਚਲਾਉਣ ਦਾ ਜ਼ਿਕਰ ਹਿੰਦੂ ਸ਼ਾਸਤ੍ਰਾਂ ਵਿਚ ਆਉਂਦਾ ਹੈ):

ਚਲੰਤ ਦੰਤ ਪਤਕੰ।
ਭਜੰਤ ਦੇਖਿ ਦੁਦਲੰ।
ਤਜੰਤ ਸਸਤ੍ਰ ਅਸਤ੍ਰਕੰ।
ਚਲੰਤ ਚਕ੍ਰ ਚਉਦਿਸੰ। ੮-੯੬।

ਇਸ ਸੰਖੇਪ ਚਰਚਾ ਤੋਂ ਹੀ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਇਹ ਵਰਣਨ ਪਰਮਾਤਮਾ ਨਾਲੋਂ ਜ਼ਿਆਦਾ ਮਨੁੱਖੀ ਜਾਮੇ ਵਿਚ ਕਿਸੇ ਹਸਤੀ ਦਾ ਜਾਪਦਾ ਹੈ। ਜੇ ਅਸੀਂ ਇਸ ਦੀ ਤੁਲਨਾ 'ਜਾਪੁ ਸਾਹਿਬ' ਅਤੇ 'ਅਕਾਲ ਉਸਤਤਿ' ਨਾਲ ਕਰੀਏ ਤਾਂ ਇਹ ਫਰਕ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ। ਸਿੱਖ ਧਰਮ ਵਿਚ ਯੱਗ ਆਦਿ ਕਰਨ ਦੀ ਕੋਈ ਪਰੰਪਰਾ ਨਹੀਂ ਹੈ, ਇਹ ਵੈਦਿਕ ਪਰੰਪਰਾ ਹੈ ਪਰ ਗਿਆਨ ਪ੍ਰਬੋਧ ਵਿਚ ਹਰ ਤਰ੍ਹਾਂ ਦੇ ਯੱਗਾਂ ਜਿਵੇਂ ਹੋਮ-ਯੱਗ, ਅਸ਼ਵਮੇਧ ਯੱਗ ਅਤੇ ਰਾਜਸੂਈ ਯੱਗ ਆਦਿ ਦਾ ਜ਼ਿਕਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸਿਆ ਹੈ ਕਿ ਸ਼ਿਵ, ਬ੍ਰਹਮਾ ਅਤੇ ਹੋਰ ਦੇਵਤੇ ਵੀ ਉਸ ਪਰਮਾਤਮਾ ਦਾ ਭੇਤ ਨਹੀਂ ਪਾ ਸਕੇ ਪਰ ਗਿਆਨ ਪ੍ਰਬੋਧ ਵਿਚ ਇਨ੍ਹਾਂ ਸਾਰਿਆਂ ਨੂੰ ਸਮੇਤ ਸੁਰਸਤੀਆਂ ਅਤੇ ਪਾਰਬਤੀਆਂ ਦੇ, ਉਸ ਦਾ ਨਾਮ ਜਪਦੇ ਦੱਸਿਆ ਹੈ:

ਅਨੰਤ ਸੁਰਸਤੀ ਸਤੀ।
ਬਦੰਤ ਕ੍ਰਿਤ ਈਸੁਰੀ।
ਅਨੰਤ ਅਨੰਦ ਭਾਖੀਐ।
ਅਨੰਤ ਅੰਤ ਲਾਖੀਐ। ੨੫-੧੦੩।

ਸ਼ਸਤ੍ਰ ਬਤੌਰ ਪੀਰ: 'ਅਥ ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ ਲਿਖਯਤੇ' ਅਗਰੇਜ਼ੀ ਵਿਚ ਅਨੁਵਾਦਕ ਨੇ ਲਿਖਿਆ ਹੈ, 'ਦ ਰੋਜ਼ਰੀ ਆਫ ਦ ਨੇਮਜ ਆਫ ਦ ਵੈਪਨਜ' ਅਤੇ 'ਦਸਮ ਗ੍ਰੰਥ ਸ਼ਬਦਾਰਥ' ਵਿਚ ਇਸ ਦਾ ਅਰਥ ਕੀਤਾ ਹੈ, "ਇਤਿਹਾਸਕ ਘਟਨਾਵਾਂ ਦੇ ਅਧਾਰ ਉਤੇ ਲਿਖੀਆਂ ਗਈਆਂ ਬੁਝਾਰਤਾਂ; ਜੋ ਹਥਿਆਰਾਂ ਦੇ ਨਾਮ ਬਣਾਉਂਦੀਆਂ ਹਨ। ਕਿਉਂਕਿ ਸ਼ਸਤ੍ਰ-ਅਸਤ੍ਰ 'ਸਰਬਕਾਲ' ਦੇ ਪ੍ਰਤੱਖ ਸਰੂਪ ਮੰਨੇ ਗਏ ਹਨ; ਇਨ੍ਹਾਂ ਦਾ ਜਸ ਬੁਝਾਰਤਾਂ ਵਿਚ ਗਾਇਆ ਗਿਆ ਹੈ; ਇਸ ਲਈ ਇਸ ਕਾਵਿ ਰਚਨਾ ਦਾ ਨਾਮ 'ਪੁਰਾਣ' ਰੱਖਿਆ ਹੈ"। ਪਹਿਲੀ ਅਤੇ ਮਹੱਤਵ-ਪੂਰਨ ਗੱਲ ਇਹ ਹੈ ਕਿ ਪੁਰਾਣ ਲਿਖਣ ਦੀ ਪਰੰਪਰਾ ਹਿੰਦੂ ਧਰਮ ਵਿਚ ਪ੍ਰਾਪਤ ਹੈ। ਸਿੱਖ ਧਰਮ ਵਿਚ 'ਪੁਰਾਣ' ਲਿਖਣ ਦੀ ਪਰੰਪਰਾ ਪ੍ਰਾਪਤ ਨਹੀਂ ਬਲਕਿ 'ਸਾਖੀ' ਲਿਖਣ ਦੀ ਪਰੰਪਰਾ ਹੈ। ਇਸ ਲਈ ਇਸ ਦਾ ਸਿਰਲੇਖ ਹੀ ਸਿੱਖ ਪਰੰਪਰਾ ਅਨੁਸਾਰ ਨਹੀਂ ਹੈ। ਦੂਸਰਾ ਨੁਕਤਾ 'ਮੂਲ ਮੰਤ੍ਰ' ਦਾ ਹੈ। ਇਸ ਰਚਨਾ ਦੇ ਅਰੰਭ ਵਿਚ ਲਿਖਿਆ ਹੈ, "ੴ ਵਾਹਿਗੁਰੂ ਜੀ ਕੀ ਫਤਿਹ! ਸ੍ਰੀ ਭਗਉਤੀ ਜੀ ਸਹਾਇ॥" ਇਥੇ 'ਮੂਲ ਮੰਤ੍ਰ' ਦਾ ਸੰਖੇਪ ਰੂਪ ਵੀ ਪੂਰਾ ਨਹੀਂ ਲਿਖਿਆ ਹੋਇਆ ਜੋ 'ੴ ਸਤਿਗੁਰ ਪ੍ਰਸਾਦਿ' ਆਮ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਮਿਲਦਾ ਹੈ। 'ਜਾਪੁ ਸਾਹਿਬ' ਦੇ ਅਰੰਭ ਵਿਚ ਵੀ 'ੴ ਸਤਿਗੁਰ ਪ੍ਰਸਾਦਿ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਰਜ਼ 'ਤੇ ਹੀ ਲਿਖਿਆ ਹੈ ਅਤੇ ਬਾਣੀ ਦਾ ਸਿਰਲੇਖ 'ਜਾਪੁ' ਦੇਣ ਤੋਂ ਬਾਅਦ ਲਿਖਿਆ ਹੈ 'ਸ੍ਰੀ ਮੁਖਵਾਕ ਪਾਤਿਸਾਹੀ ਦਸਵੀਂ ੧੦'। ਸਸਤ੍ਰਨਾਮ ਮਾਲਾ ਵਿਚ ਪਾਤਿਸ਼ਾਹੀ ੧੦ ਲਿਖਿਆ ਹੈ। ਇਨ੍ਹਾਂ ਲੇਖਾਂ ਵਾਸਤੇ ਅਧਾਰ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ 'ਸ਼ਬਦਾਰਥ ਦਸਮ ਗ੍ਰੰਥ' ਨੂੰ ਬਣਾਇਆ ਹੈ, ਜਿਸ ਨੂੰ ਤਿਆਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ ਭਾਈ ਰਣਧੀਰ ਸਿੰਘ ਨੇ ਕੀਤਾ ਸੀ ਜੋ ਪੰਜਾਬੀ ਯੂਨੀਵਰਸਿਟੀ ਦੇ ਓਰੀਐਂਟਲ ਸਕਾਲਰ ਰਹੇ। ਭੂਮਿਕਾ ਵਿਚ ਲਿਖਿਆ ਹੈ, "ਭਾਈ ਸਾਹਿਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰਦੁਆਰਾ ਇੰਸਪੈਕਟਰ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਅਧਿਕਾਰੀ ਦੇ ਅਹੁਦੇ 'ਤੇ ਹੁੰਦਿਆਂ ਲੰਮਾ ਅਰਸਾ ਕਈ ਇਤਿਹਾਸਕ ਗੁਰਦੁਆਰਿਆਂ ਵਿਚ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀਆਂ ਪੁਰਾਤਨ ਹੱਥ-ਲਿਖਤ ਬੀੜਾਂ ਦੇਖਣ, ਘੋਖਣ ਅਤੇ ਖੋਜਣ ਦਾ ਮੌਕਾ ਮਿਲਿਆ ਸੀ। ਇਸ ਗੱਲ ਦਾ ਦਸਮ ਗ੍ਰੰਥ ਸ਼ਬਦਾਰਥ ਦਾ ਮੂਲ ਪਾਠ ਨਿਸ਼ਚਿਤ ਕਰਨ ਵਿਚ ਆਪ ਨੂੰ ਬੜਾ ਲਾਭ ਹੋਇਆ।" ਇਹ ਭੂਮਿਕਾ ਸਵਰਗਵਾਸੀ ਵਿਦਵਾਨ ਡਾ. ਤਾਰਨ ਸਿੰਘ ਦੀ ਲਿਖੀ ਹੋਈ ਹੈ। ਇਸ ਤੋਂ ਇਹ ਅੰਦਾਜ਼ਾ ਵੀ ਸਹਿਜੇ ਹੀ ਲਗਾਇਆ ਜਾ ਸਕਦਾ ਹੈ 'ਦਸਮ ਗ੍ਰੰਥ' ਦਾ ਸ਼ਬਦਾਰਥ ਤਿਆਰ ਕਰਨ ਲਈ 'ਦਸਮ ਗ੍ਰੰਥ' ਦਾ ਪਾਠ ਵੀ ਭਾਈ ਰਣਧੀਰ ਸਿੰਘ ਨੇ ਆਪ ਨਿਰਧਾਰਤ ਕੀਤਾ।

ਸਵਾਲ ਪੈਦਾ ਹੁੰਦਾ ਹੈ ਕਿ ਜੇ 'ਸ਼ਸਤ੍ਰ ਨਾਮ ਮਾਲਾ' ਦਸਮ ਪਾਤਿਸ਼ਾਹ ਦੀ ਆਪਣੀ ਰਚਨਾ ਹੈ ਤਾਂ ਫਿਰ 'ਮੂਲ ਮੰਤ੍ਰ' ਦਾ ਸੰਖੇਪ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਜਾਪੁ ਸਾਹਿਬ ਵਾਲਾ ਕਿਉਂ ਨਹੀਂ ਹੈ, ਅਧੂਰਾ ਕਿਉਂ ਹੈ? ਗੁਰੂ ਗੋਬਿੰਦ ਸਿੰਘ 'ਅਕਾਲ ਪੁਰਖ' ਦੀ ਕਿਰਪਾ ਲਈ ਅਰਦਾਸ ਕਰਦੇ ਜੋ 'ਗੁਰਮਤਿ ਜੁਗਤਿ' ਹੈ ਉਹ ਕਿਰਪਾ ਪ੍ਰਾਪਤ ਕਰਨ ਲਈ 'ਭਗਉਤੀ' ਨੂੰ ਕਿਉਂ ਅਰਦਾਸ ਕਰਦੇ? ਅਗਲਾ ਨੁਕਤਾ ਇਹ ਹੈ ਕਿ ਜਿਵੇਂ ਸ਼ਬਦਾਰਥ ਵਿਚ ਲਿਖਿਆ ਹੈ 'ਕਿਉਂਕਿ ਸ਼ਸਤ੍ਰ-ਅਸਤ੍ਰ ਸਰਬਕਾਲ ਦੇ ਪ੍ਰਤੱਖ ਸਰੂਪ ਮੰਨੇ ਗਏ ਹਨ', ਇਸ ਤਰ੍ਹਾਂ ਇਸ ਰਚਨਾ ਵਿਚ ਸ਼ਸਤ੍ਰਾਂ ਨੂੰ ਅਕਾਲ ਪੁਰਖ (ਸਰਬਕਾਲ) ਦਾ ਸਰੂਪ ਮੰਨਿਆ ਗਿਆ ਹੈ ਪਰ ਜਿਸ ਤਰ੍ਹਾਂ ਸਾਨੂੰ ਖਾਲਸਾ ਸਾਜਣ ਦਾ

## ਗੁਰਮਤਿ ਚਿੰਤਨ

ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਹੀ ਪ੍ਰਾਪਤ ਹੋ ਜਾਂਦਾ ਹੈ, ਉਸ ਤਰ੍ਹਾਂ 'ਸ਼ਸਤ੍ਰਾਂ' ਨੂੰ ਪਰਮਾਤਮਾ ਦਾ ਸਰੂਪ ਮੰਨਣ ਦਾ ਕੋਈ ਆਧਾਰ ਨਹੀਂ ਮਿਲਦਾ। ਗੁਰੂ ਨਾਨਕ ਦੇਵ ਫਰਮਾਉਂਦੇ ਹਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਅਤੇ ਭਗਤ ਕਬੀਰ ਕਹਿੰਦੇ ਹਨ:

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥

ਇਸ ਨਾਲ ਖਾਲਸਾ ਸਾਜਨਾ ਦਾ ਸਿਧਾਂਤਕ ਆਧਾਰ ਪ੍ਰਾਪਤ ਹੋ ਜਾਂਦਾ ਹੈ ਪਰ ਸ਼ਸਤ੍ਰਾਂ ਨੂੰ ਅਕਾਲ ਪੁਰਖ ਦਾ ਪ੍ਰਤੱਖ ਸਰੂਪ ਮੰਨਣ ਦਾ ਕੋਈ ਸਿਧਾਂਤਕ ਆਧਾਰ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਨਹੀਂ ਹੈ।

ਦੂਜਾ ਨੁਕਤਾ ਹੈ ਕਿ 'ਸ਼ਸਤ੍ਰ ਨਾਮ ਮਾਲਾ' ਕਿਸੇ ਪੁਰਾਣ ਦਾ ਅਨੁਵਾਦ ਵੀ ਨਹੀਂ ਹੈ ਕਿਉਂਕਿ ਇਸ ਨਾਂ ਦਾ ਕੋਈ ਪੁਰਾਣ ਪ੍ਰਾਪਤ ਨਹੀਂ ਹੈ। ਪੁਰਾਣ ਹਿੰਦੂਆਂ ਦੇ ਧਾਰਮਿਕ-ਇਤਿਹਾਸਕ ਗ੍ਰੰਥ ਹਨ। ਭਾਈ ਕਾਹਨ ਸਿੰਘ ਨਾਭਾ 'ਮਹਾਨ ਕੋਸ਼' ਵਿਚ ਪੁਰਾਣਾਂ ਦੀ ਵਿਆਖਿਆ ਕਰਦਿਆਂ ਲਿਖਦੇ ਹਨ ਕਿ ਉਹ ਪੁਰਾਣੀਆਂ ਕਥਾਵਾਂ ਅਤੇ ਇਤਿਹਾਸ ਹਨ। ਵਿਆਸ ਰਿਸ਼ੀ ਅਤੇ ਕੁੱਝ ਹੋਰ ਵਿਦਵਾਨਾਂ ਨੇ ਉਸ ਦੇ ਨਾਮ ਤੇ ਧਰਮ ਯੁਕਤ ਇਤਿਹਾਸਕ ਗ੍ਰੰਥ ਲਿਖੇ ਜੋ ਗਿਣਤੀ ਵਿਚ 18 ਹਨ ਜਿਨ੍ਹਾਂ ਵਿਚੋਂ ਵਿਸ਼ਨੂੰ ਪੁਰਾਣ ਅਤੇ ਬ੍ਰਹਮਾਂਡ ਪੁਰਾਣ ਦੇ 4 ਲੱਖ ਸ਼ਲੋਕ ਹਨ। ਭਾਈ ਕਾਹਨ ਸਿੰਘ ਅਨੁਸਾਰ ਪੁਰਾਣ ਉਸ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਇਹ 5 ਤੱਥ ਹੋਣ: ਸ੍ਰਿਸ਼ਟੀ ਦੀ ਰਚਨਾ, ਅੰਤਿਮ ਨਾਸ਼ ਭਾਵ ਸ੍ਰਿਸ਼ਟੀ ਦਾ ਅੰਤ, ਦੇਵਤਿਆਂ ਅਤੇ ਵਡੇਰਿਆਂ ਦੀ ਬੰਸਾਵਲੀ, ਮਨੂ ਦੇ ਰਾਜ ਦਾ ਸਮਾਂ ਤੇ ਉਸ ਦਾ ਬਿਰਤਾਂਤ, ਸੂਰਜ ਅਤੇ ਚੰਦ੍ਰਮਾ ਦੀ ਬੰਸਾਵਲੀ ਦਾ ਬਿਰਤਾਂਤ। ਇਸ ਵਿਆਖਿਆ ਦੇ ਨਾਲ ਹੀ ਭਾਈ ਸਾਹਿਬ ਨੇ 18 ਪ੍ਰਮੁਖ ਪੁਰਾਣਾਂ ਅਤੇ ਹੋਰ ਛੋਟੇ ਪੁਰਾਣਾਂ ਦੇ ਨਾਂ ਦੱਸੇ ਹਨ (ਮਹਾਨ ਕੋਸ਼, ਪੰਨਾ 778, ਭਾਸ਼ਾ ਵਿਭਾਗ ਪੰਜਾਬ)।

'ਸ਼ਸਤ੍ਰ ਨਾਮ ਮਾਲਾ' ਨਾਮੀ ਰਚਨਾ ਦੇ 5 ਪਾਠ ਹਨ। ਪ੍ਰਮੁਖ ਸ਼ਸਤ੍ਰ ਜਿਨ੍ਹਾਂ ਨੂੰ ਇਸ ਰਚਨਾ ਵਿਚ ਗਿਣਿਆ ਗਿਆ ਹੈ: ਖੜਗ (ਤਲਵਾਰ), ਚੱਕਰ (ਪਹੀਏ ਵਾਂਗ, ਕ੍ਰਿਸ਼ਨ ਦਾ ਸੁਦਰਸ਼ਨ ਚੱਕ੍ਰ ਮਸ਼ਹੂਰ ਹੈ), ਬਾਣ (ਤੀਰ), ਸਾਂਗ (ਬਰਛੀ), ਤਬਰ (ਕੁਹਾੜਾ ਜੋ ਪਰਸਰਾਮ ਦਾ ਵਿਸ਼ੇਸ਼ ਹਥਿਆਰ ਹੈ), ਬੰਦੂਕ ਆਦਿ। ਪਹਿਲੇ ਪਾਠ 'ਚ ਸ਼ਸਤ੍ਰਾਂ ਦੇ ਨਾਮ ਵਾਰ-ਵਾਰ ਲੈਂਦੇ ਹੋਏ ਦੇਵੀ 'ਭਗਉਤੀ' ਦੀ ਪ੍ਰਸ਼ੰਸਾ ਕੀਤੀ ਹੈ। ਭਾਵੇਂ ਉਪਰ ਦੱਸੇ ਹਥਿਆਰਾਂ ਦੇ ਨਾਮ ਦੁਹਰਾਏ ਗਏ ਹਨ ਪਰ ਉਨ੍ਹਾਂ ਦੀ ਵਰਤੋਂ ਦੀ ਵਿਧੀ ਕੀ ਹੈ, ਇਸ ਕਿਸਮ ਦਾ ਕੋਈ ਖੁਲਾਸਾ ਨਹੀਂ ਕੀਤਾ। ਸ਼ਸਤ੍ਰਾਂ ਨੂੰ ਪੀਰ ਕਿਹਾ ਹੈ, ਜਿਨ੍ਹਾਂ ਦੀ ਪੂਜਾ ਕਰਨੀ ਹੈ:

ਸਾਂਗ ਸਰੋਹੀ ਸੈਫ ਅਸਿ,
ਤੀਰ ਤੁਪਕ ਤਰਵਾਰਿ।
ਸੱਤ੍ਰਾਂਤਕਿ ਕਵਚਾਂਤਿ ਕਰ,
ਕਰੀਐ ਰੱਛ ਹਮਾਰ। ੧।
ਅਸਿ ਕ੍ਰਿਪਾਨ ਧਾਰਾਧਰੀ,
ਸੈਫ ਸੂਲ ਜਮਦਾਢ।
ਕਵਚਾਂਤਕਿ ਸਤ੍ਰਾਂਤਕਰ,
ਤੇਗ ਤੀਰ ਧਰਬਾਢ। ੨।
ਅਸਿ ਕ੍ਰਿਪਾਨ ਖੰਡੋ ਖੜਗ,
ਤੁਪਕ ਤਬਰ ਅਰੁ ਤੀਰ।
ਸੈਫ ਸਰੋਹੀ ਸੈਹਥੀ,
ਇਹੈ ਹਮਾਰੇ ਪੀਰ। ੩।

ਇਨ੍ਹਾਂ ਪੰਕਤੀਆਂ ਅਨੁਸਾਰ ਦੋ ਮੂੰਹੀਂ ਬਰਛੀ, ਸਰੋਹੀ (ਰਾਜਸਥਾਨ) ਵਿਚ ਬਣੀ ਤਲਵਾਰ, ਦੋ ਧਾਰੀ ਲੰਬੀ ਤਲਵਾਰ, ਤੀਰ, ਬੰਦੂਕ ਅਤੇ ਤਲਵਾਰ, ਸ਼ਤਰੂ ਦਾ ਖਾਤਮਾ ਕਰਨ ਵਾਲੀ, ਸੰਜੋਇ ਦਾ ਅੰਤ ਕਰਨ ਵਾਲੀ ਸਾਡੀ ਹਿਫ਼ਾਜ਼ਤ ਕਰਤਾ। ਕ੍ਰਿਪਾਨ, ਤਿੱਖੀ ਧਾਰ ਧਾਰਨ ਕਰਨ ਵਾਲੀ ਤਲਵਾਰ, ਤਿੰਨ ਮੂੰਹੀਂ ਬਰਛੀ (ਤ੍ਰਿਸ਼ੂਲ, ਜੋ ਸ਼ਿਵ ਜੀ, ਦੁਰਗਾ ਅਤੇ ਕਾਲੀ ਆਦਿ ਦਾ ਖਾਸ ਹਥਿਆਰ ਹੈ), ਜਮਰਾਜ ਦੀ ਦਾੜ੍ਹ ਵਰਗੀ ਕਰਦ ਆਦਿ ਫੌਲਾਦੀ ਤਾਰਾਂ ਦੇ ਕਵਚ ਨੂੰ ਤੋੜਨ ਵਾਲੀ, ਵੈਰੀਆਂ ਦਾ ਅੰਤ ਕਰਨਹਾਰੀ, ਵੱਢਣ ਵਾਲੀ ਧਾਰ ਤੇਗ ਅਤੇ ਸੈਫ, ਕ੍ਰਿਪਾਨ, ਖੰਡਾ, ਖੜਗ, ਤੁਪਕ, ਕੁਹਾੜਾ (ਪਰਸਰਾਮ ਦਾ), ਅਤੇ ਤੀਰ, ਸੈਫ, ਸਰੋਹੀ, ਸੈਹਥੀ ਇਹ ਸਾਡੇ ਪੀਰ ਹਨ। ਇਹੀ ਨਹੀਂ ਕਿ ਇਨ੍ਹਾਂ ਸ਼ਸਤ੍ਰਾਂ ਨੂੰ ਪੀਰ ਮੰਨਿਆ ਹੈ ਬਲਕਿ ਇਨ੍ਹਾਂ ਸ਼ਸਤ੍ਰਾਂ ਨੂੰ ਪ੍ਰਭੂ ਦਾ ਸਰੂਪ ਮੰਨ ਕੇ ਕਿਹਾ ਹੈ ਕਿ ਜੋ ਤੇਰਾ ਨਾਂ ਜਪਦੇ ਹਨ ਉਹ ਭਵ-ਸਾਗਰ ਭਾਵ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ:

ਤੀਰ ਤੁਹੀ ਸੈਥੀ ਤੁਹੀ,
ਤੁਹੀ ਤਬਰ ਤਰਵਾਰਿ।
ਨਾਮ ਤਿਹਾਰੋ ਜੋ ਜਪੈ,
ਭਏ ਸਿੰਧੁ ਭਵ ਪਾਰ। ੪।

ਗੁਰੂ ਗ੍ਰੰਥ ਸਾਹਿਬ ਵਿਚ ਹਥਿਆਰਾਂ ਨੂੰ ਕਰਤਾ ਪੁਰਖ ਦੇ ਸਰੂਪ ਮੰਨ ਕੇ ਉਨ੍ਹਾਂ ਦੀ ਪੂਜਾ ਕਰਨ ਜਾਂ ਉਨ੍ਹਾਂ ਦਾ ਨਾਮ ਜਪਣ ਦਾ ਅਦੇਸ਼ ਨਹੀਂ ਕੀਤਾ। ਇਸ ਦੇ ਨਾਲ ਹੀ ਦਸਵੇਂ ਗੁਰੂ ਜਿਨ੍ਹਾਂ ਨੇ ਕਿਹਾ ਹੈ:

ਨਾਮ ਠਾਮ ਨ ਜਾਤਿ ਜਾਕਰ
ਰੂਪ ਰੰਗ ਨ ਰੇਖ॥
ਆਦਿ ਪੁਰਖ ਉਦਾਰ ਮੂਰਤਿ
ਅਜੋਨਿ ਆਦਿ ਅਸੇਖ॥
ਦੇਸ ਅਉਰ ਨ ਭੇਸ ਜਾਕਰ
ਰੂਪ ਰੇਖ ਨ ਰਾਗ॥
ਜੱਤ੍ਰ ਤੱਤ੍ਰ ਦਿਸਾ ਵਿਸਾ
ਹੁਇ ਫੈਲਿਓ ਅਨੁਰਾਗ॥

ਉਸ ਬਾਰੇ ਜਿਹੜਾ, "ਸੰਸਾਰ ਦੇ ਸ਼ੁਰੂ ਵਿਚ ਹੈ, ਦਇਆ ਦਾ ਪੁੰਜ ਹੈ, ਕਿਸੇ ਜਾਤ ਜਾਂ ਜਨਮ ਵਿਚ ਨਹੀਂ ਆਉਂਦਾ, ਜਿਸ ਦਾ ਨਾ ਕੋਈ ਖਾਸ ਨਿਵਾਸ ਸਥਾਨ ਹੈ, ਨਾ ਕੋਈ ਖਾਸ ਪਹਿਰਾਵਾ ਹੈ, ਨਾ ਉਸ ਦਾ ਕੋਈ ਰੂਪ ਹੈ, ਨਾ ਕੋਈ ਆਕਾਰ ਹੈ, ਜਿਸ ਵਿਚ ਕੋਈ ਦਵੈਸ਼ ਨਹੀਂ ਹੈ। ਜੋ ਹਰ ਇੱਕ ਵਿਚ, ਹਰ ਦਿਸ਼ਾ ਵਿਚ, ਪ੍ਰੇਮ-ਪ੍ਰੀਤ ਹੋ ਕੇ ਫੈਲਿਆ ਹੋਇਆ ਹੈ" ਗੁਰੂ ਇਹ ਕਿਉਂ ਕਹਿਣਗੇ ਕਿ ਸ਼ਸਤ੍ਰ ਉਸ 'ਸਰਬਕਾਲ' ਦਾ ਪ੍ਰਤੱਖ ਸਰੂਪ ਹਨ ਅਤੇ ਸ਼ਸਤ੍ਰਾਂ ਨੂੰ ਪੀਰ ਮੰਨ ਕੇ ਪੂਜਾ ਕਰਨ ਲਈ ਕਿਉਂ ਕਹਿਣਗੇ? ਉਸ ਪਰਮਾਤਮਾ ਨੂੰ, ਜਿਸ ਨੂੰ ਪਾਉਣ ਦਾ ਰਸਤਾ ਉਨ੍ਹਾਂ ਨੇ, "ਜਿਨ ਪਰੇਮ ਕੀਓ ਤਿਨ ਹੀ ਪ੍ਰਭੁ ਪਾਇਓ" ਦੱਸਿਆ ਹੈ ਉਹ ਸ਼ਸਤ੍ਰਾਂ ਨੂੰ ਪੀਰ ਕਿਵੇਂ ਮੰਨਣਗੇ ਜਿਹੜੇ ਸਿਰਫ ਤਬਾਹੀ ਦਾ ਪ੍ਰਤੀਕ ਹਨ ਅਤੇ ਜਿਨ੍ਹਾਂ ਨੂੰ ਚੁੱਕਣ ਦੀ ਸਿਫਾਰਸ਼ ਵੀ ਉਨ੍ਹਾਂ ਨੇ ਉਦੋਂ ਕੀਤੀ ਹੈ ਜਦੋਂ ਸਾਰੇ ਹੀਲੇ ਮੁੱਕ ਜਾਣ। ਸਿੱਖ ਧਰਮ ਚਿੰਤਨ ਵਿਚ ਇੱਕੋ-ਇੱਕ ਪਰਮਾਤਮਾ ਦਾ ਨਾਮ ਸਿਮਰਨ ਦਾ ਆਦੇਸ਼ ਕੀਤਾ ਹੈ, ਹੋਰ ਕਿਸੇ ਸ਼ਸਤ੍ਰ, ਪੀਰ, ਅਵਤਾਰ, ਦੇਵੀ-ਦੇਵਤੇ ਨੂੰ ਧਿਆਉਣ ਦੀ ਆਗਿਆ ਨਹੀਂ ਦਿੱਤੀ। ਇਸ ਤਰ੍ਹਾਂ ਸ਼ਸਤ੍ਰਾਂ ਦੀ ਪੂਜਾ ਕਰਨਾ ਗੁਰਮਤਿ ਸਿਧਾਂਤਾਂ ਦੇ ਖਿਲਾਫ ਹੈ, ਉਸ ਪਰਮਾਤਮਾ ਦਾ ਨਾਮ ਜਪਣਾ ਹੀ ਉਸ ਦੀ ਭਗਤੀ ਹੈ। ਅਸੀਂ ਸਭ ਜਾਣਦੇ ਹਾਂ ਕਿ 'ਕ੍ਰਿਪਾਨ' ਪੰਜ ਕਕਾਰਾਂ ਵਿਚ ਸ਼ਾਮਲ ਹੈ ਜੋ ਇੱਕ ਅੰਮ੍ਰਿਤਧਾਰੀ ਸਿੱਖ ਦੀ ਰਹਿਤ ਦਾ ਜ਼ਰੂਰੀ ਹਿੱਸਾ ਹੈ ਪਰ ਇਸ ਨੂੰ 'ਤਲਵਾਰ' ਨਹੀਂ ਕਿਹਾ ਸਗੋਂ 'ਕ੍ਰਿਪਾਨ' ਕਿਹਾ ਹੈ ਕਿਉਂਕਿ ਇਹ ਸਧਾਰਨ ਹਥਿਆਰ ਨਹੀਂ ਹੈ, ਇਸ ਵਿਚ ਗੁਰੂ ਦੀ ਕ੍ਰਿਪਾ, ਉਸ ਦੀ ਬਖਸ਼ਿਸ਼ ਸ਼ਾਮਲ ਹੈ ਅਤੇ ਇਸ ਨੇ ਬਿਨਾ ਵਜ੍ਹਾ ਮਿਆਨ ਵਿਚੋਂ ਬਾਹਰ ਨਹੀਂ ਆਉਣਾ ਸਗੋਂ ਧਰਮ ਅਤੇ ਗਰੀਬ ਦੀ ਰੱਖਿਆ ਲਈ ਉਦੋਂ ਬਾਹਰ ਆਉਣਾ ਹੈ ਜਦੋਂ ਸਾਰੇ ਹੀਲੇ ਮੁੱਕ ਜਾਣ। ਇਹ ਸਾਖੀ ਪ੍ਰਚਲਿਤ ਹੈ ਕਿ ਖ਼ਾਲਸੇ ਨੂੰ ਸਿਰਫ ਪਰਖਣ ਲਈ ਗੁਰੂ ਸਾਹਿਬ ਨੇ ਦਾਦੂ ਦੀ ਸਮਾਧ ਨੂੰ ਸਤਿਕਾਰ ਦਰਸਾਉਣ ਲਈ ਤੀਰ ਛੱਡਿਆ ਸੀ, ਜੋ ਇੱਕ ਧਾਰਮਿਕ ਹਸਤੀ ਸੀ। ਇਸ 'ਤੇ ਖਾਲਸੇ ਨੇ ਗੁਰੂ ਸਾਹਿਬ ਨੂੰ ਯਾਦ ਕਰਾਇਆ ਸੀ ਕਿ ਉਨ੍ਹਾਂ ਨੇ ਸਿਰਫ ਅਕਾਲ ਪੁਰਖ ਅਤੇ ਗੁਰੂ ਨੂੰ ਨਮਸਕਾਰ ਕਰਨ ਦੀ ਆਗਿਆ ਦਿੱਤੀ ਹੈ, ਕਿਸੇ ਪੀਰ-ਫ਼ਕੀਰ ਨੂੰ ਨਮਸਕਾਰ ਕਰਨ ਦੀ ਨਹੀਂ।

(ਚਲਦਾ...)

## ਸਿਆਣਿਆਂ ਦਾ ਕਿਹਾ

(1) ਸਭੇ ਦੁਰਲਭ ਅਤੁੱਲੀਆਂ ਅਤੇ ਅਮੁੱਲੀਆਂ, ਵਸਤਾਂ ਤੇ ਦਾਤਾਂ ਕਈ ਪ੍ਰਕਾਰ ਦੇ ਰਿਸ਼ਤਿਆਂ ਦਾ ਰੂਪ ਧਾਰ ਕੇ ਜਾਂ ਫਿਰ ਪੂਰਾ ਪੂਰਾ ਮੁੱਲ ਤਾਰ ਕੇ ਔਖੇ ਸੁਖਾਲੇ ਆਖਰਕਾਰ ਪ੍ਰਾਪਤ ਹੋ ਹੀ ਜਾਂਦੀਆਂ ਹਨ।

(2) ਮਰਦ ਕਦੀ ਨਹੀਂ ਰੋਂਦੇ, ਰੋਣਾ ਤਾਂ ਮਰਦਾਂ ਲਈ ਮਿਹਣਾ ਹੈ ਅਤੇ ਸਿੱਖ ਮਰਦਾਂ ਦੀ ਮਰਦਾਨਗੀ ਦਾ ਕੀ ਕਹਿਣਾ ਹੈ।

(3) ਭਾਰਤੀ ਸਮਾਜ ਦੀਆਂ ਕਠੋਰ ਨੀਤੀਆਂ ਅਤੇ ਮਾਰੂ ਰੀਤੀਆਂ ਵਿਚ ਭਾਰਤੀ ਨਾਰੀਆਂ ਦੇ ਹਿੱਸੇ ਵਿਚ ਹਾਸਾ ਹੱਸਣਾ ਬੜਾ ਹੀ ਘੱਟ ਤੇ ਵਧੇਰੇ ਰੋਣਾ ਹੀ ਰੋਣਾ ਆਇਆ ਹੈ।

(4) ਦੁੱਖਾਂ ਅਤੇ ਕਲੇਸ਼ਾਂ ਦਾ ਪਹਾੜ ਹੀ ਟੁੱਟ ਪਵੇ, ਭਾਵੇਂ ਮੁਸ਼ਕਿਲਾਂ ਅਤੇ ਮੁਸੀਬਤਾਂ ਦਾ ਲਾਵਾ ਹੀ ਫੁੱਟ ਪਵੇ, ਭਾਵੇਂ ਪੈਰਾਂ ਦੀ ਧਰਤੀ ਨਿਘਰ ਕੇ ਰਹਿ ਜਾਵੇ ਤੇ ਭਾਵੇਂ ਆਕਾਸ਼ ਸਿਰਾਂ 'ਤੇ ਢਹਿ ਪਵੇ, ਫਿਰ ਵੀ ਮਰਦ ਨਹੀਂ ਰੋਂਦੇ, ਕਦਾਚਿਤ ਨਹੀਂ ਰੋਂਦੇ।

(5) ਤਿੰਨ ਚੀਜਾਂ ਭਰਾਵਾਂ ਨੂੰ ਵੈਰੀ ਬਣਾਉਂਦੀਆਂ ਹਨ, ਜ਼ਰ, ਜ਼ੋਰੂ, ਜ਼ਮੀਨ।

(6) ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੋਂ ਭਾਰਤ ਦੀ ਸੁਤੰਤਰਤਾ ਦਾ ਇਨਕਲਾਬੀ ਇਤਿਹਾਸਕ ਐਲਾਨ ਅਤੇ ਉਸ ਤੋਂ ਉਪਰੰਤ ਆਜ਼ਾਦੀ ਦਾ ਸੰਗਰਾਮ ਅਰੰਭ ਹੋਇਆ ਸੀ।

(7) ਦਸ਼ਮੇਸ਼ ਪਿਤਾ ਦਾ ਸਾਜਿਆ ਹੋਇਆ ਖਾਲਸਾ ਪੰਥ ਸਾਰੇ ਸੰਸਾਰ ਵਿਚ ਸ਼ੇਰਾਂ ਵਾਂਗ ਪਿਆ ਗੱਜਦਾ ਹੈ।

(8) ਵਿਦੇਸ਼ੀ ਹਾਕਮ ਗਏ ਅਤੇ ਸਵਦੇਸ਼ੀ ਨੇਤਾ ਆ ਗਏ। ਸਾਰੇ ਭਾਰਤ 'ਤੇ ਛਾ ਗਏ।

(9) ਸਿੱਖੀ ਦੇ 3 ਅਸੂਲ, ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਦਾ, ਓਟ ਅਕਾਲ ਪੁਰਖ ਦੀ।

(10) ਭਾਰਤੀ ਹਾਕਮ ਸਿੱਖਾਂ ਨਾਲ ਕੀਤੇ ਸਭੇ ਵਾਇਦੇ ਹੀ ਭੁੱਲ ਗਏ ਅਤੇ ਭਾਰਤ ਦੇ ਵਫਾਦਾਰ, ਆਜ਼ਾਦੀ ਦੇ ਅਲਮ-ਬਰਦਾਰ ਅਤੇ ਵਤਨਾਂ ਦੇ ਜਾਨ ਨਿਸਾਰ ਸਿੱਖਾਂ ਨੂੰ ਮੁਜ਼ਰਮ ਪੇਸ਼ਾ ਤੇ ਗਦਾਰ ਜਿਹੇ ਕਲੰਕਤ ਉਪਨਾਮ ਦੇਣ 'ਤੇ ਤੁਲ ਗਏ।

(11) ਤਿੰਨ ਚੀਜਾਂ ਮਨੁੱਖ ਨੂੰ ਇਕ ਵਾਰ ਮਿਲਦੀਆਂ ਹਨ, ਮਾਪੇ, ਹੁਸਨ, ਜਵਾਨੀ।

(12) ਤਿੰਨ ਗੱਲਾਂ ਅਸਲ ਉਦੇਸ਼ ਤੋਂ ਦੂਰ ਲੈ ਜਾਂਦੀਆਂ ਹਨ, ਲਾਲਚ, ਗੁੱਸਾ, ਬਦਚਲਨੀ।

(13) ਤਿੰਨ ਗੱਲਾਂ ਸਦਾ ਯਾਦ ਰੱਖੋ, ਸੱਚਾਈ, ਫਰਜ਼, ਮੌਤ।

(14) ਤਿੰਨਾਂ ਨੂੰ ਕੋਈ ਚੁਰਾ ਨਹੀਂ ਸਕਦਾ, ਚਰਿੱਤਰ, ਹੁਨਰ, ਅਕਲ।

(15) ਤਿੰਨ ਸਭ ਦੀਆਂ ਵੱਖ ਵੱਖ ਹੁੰਦੀਆਂ ਹਨ, ਸੋਚ, ਹੁਸਨ, ਸੁਭਾਅ।

(16) ਤਿੰਨ ਪਰਦੇ ਯੋਗ ਹਨ, ਭਗਤੀ, ਦੌਲਤ, ਭੋਜਨ।

(17) ਤਿੰਨ ਜ਼ਲੀਲ ਕਰਦੀਆਂ ਹਨ, ਚੁਗਲੀ, ਚੋਰੀ, ਝੂਠ।

(18) ਤਿੰਨਾਂ ਨੂੰ ਭੁੱਲਣਾ ਨਹੀਂ ਚਾਹੀਦਾ, ਫਰਜ਼, ਕਰਜ਼ਾ, ਭਗਤੀ ਕਰਨ ਦਾ ਸਮਾਂ।

(19) ਤਿੰਨ ਸਭ ਨੂੰ ਪਿਆਰੀਆਂ ਹਨ, ਦੌਲਤ, ਔਲਾਦ, ਇਸਤਰੀ।

(20) ਤਿੰਨਾਂ ਦਾ ਵੱਧ ਤੋਂ ਵੱਧ ਸਤਿਕਾਰ ਕਰੋ, ਮਾਤਾ, ਪਿਤਾ, ਗੁਰੂ।

(21) ਤਿੰਨਾਂ ਨੂੰ ਹਮੇਸ਼ਾ ਵੱਸ ਵਿਚ ਰੱਖੋ, ਲਾਲਚ, ਹੰਕਾਰ, ਕਾਮ।

(22) ਤਿੰਨ ਔਖੇ ਵੇਲੇ ਪਛਾਣੇ ਜਾਂਦੇ ਹਨ, ਇਸਤਰੀ, ਭਰਾ, ਦੋਸਤ।

(23) ਤਿੰਨਾਂ ਤੋਂ ਬੱਚ ਕੇ ਰਹੋ, ਪਰਾਈ ਇਸਤਰੀ, ਚੋਰੀ ਦਾ ਧੰਨ, ਅਮਲੀ ਦੋਸਤ।

(24) ਤਿੰਨਾਂ 'ਤੇ ਦਇਆ ਕਰੋ, ਬੱਚੇ, ਬੁੱਢੇ ਅਤੇ ਭੁੱਖੇ 'ਤੇ।

(25) ਮਰਦ ਅਗੰਮੜੇ ਦੇ ਸਿੰਘ ਤਾਂ ਪੂਰੇ ਜਵਾਨ ਮਰਦ ਹਨ ਅਤੇ ਮਰਦਿ ਮੈਦਾਨ ਹਨ। ਫਕਰਿ ਜ਼ਮਾਨ ਹਨ, ਸ਼ਾਹਾਂ ਦੇ ਸ਼ਾਹ ਅਤੇ ਸੁਲਤਾਨਾਂ ਦੇ ਸੁਲਤਾਨ ਹਨ। ਮਰਜੀਵੜੇ ਸਿੱਖ ਸੰਤ ਸਿਪਾਹੀ ਹਰ ਦੁੱਖ ਵਿਚ, ਭੁੱਖ ਵਿਚ, ਕਾਲ ਵਿਚ, ਸੁਖਾਲ ਵਿਚ, ਹਵਾਲਾਤ ਵਿਚ, ਜੇਲ੍ਹ ਵਿਚ, ਵਿਛੋੜੇ ਵਿਚ, ਮੇਲ ਵਿਚ, ਹਰ ਖੂਨੀ ਘਲੂਘਾਰੇ ਵਿਚ, ਨੀਲੇ ਜਾਂ ਕਾਲੇ ਤਾਰੇ ਦੇ ਭਿਆਨਕ ਕਾਰੇ ਵਿਚ, ਅਕਾਲ ਪੁਰਖ ਦੇ ਭਾਣੇ ਵਿਚ, ਸਦਾ ਹੀ ਅਡੋਲ ਰਹਿੰਦੇ ਹਨ।

(26) ਜੰਗ ਦੇ ਮੈਦਾਨ 'ਚੋਂ ਭੱਜ ਜਾਣਾ ਸਿੰਘਾਂ ਦੀ ਆਨ ਅਤੇ ਅਣਖ ਨੂੰ ਮਿਹਣਾ ਹੈ। ਇਹ ਟੁੱਟ ਤਾਂ ਸਕਦੇ ਹਨ, ਲਿਫ ਨਹੀਂ ਸਕਦੇ। ਇਹ ਮੁੱਕ ਤਾਂ ਸਕਦੇ ਹਨ, ਝੁੱਕ ਨਹੀਂ ਸਕਦੇ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

### ਗੱਲਾਂ ਸੱਚੀਆਂ ਲੱਗਦਾ .ਗਦਰ ਸਾਨੂੰ...

# ਜੌਨ ਰੈਡਮੰਡ:ਆਇਰਲੈਂਡ ਦੀ ਸੁਰਾਜ ਪਾਰਟੀ ਦਾ ਲੀਡਰ

**ਲਾਲਾ ਹਰਦਿਆਲ**

*.ਗਦਰ ਅਖ਼ਬਾਰ ਨੂੰ ਉਰਦੂ ਵਿਚ ਲਿਖਣ ਵਾਲੇ ਸਨ ਵਿਸਵੇਸ਼ਵਰ ਪ੍ਰਸ਼ਾਦ (ਯੂਪੀ) ਅਤੇ ਪੰਜਾਬੀ ਵਿਚ ਲਿਖਣ ਵਾਲੇ ਸਨ ਕਰਤਾਰ ਸਿੰਘ ਸਰਾਭਾ। ਹਿੰਦੋਸਤਾਨ ਜਾਣ ਤੱਕ ਲੇਖ, ਖ਼ਬਰਾਂ ਸਭ ਕਰਤਾਰ ਸਿੰਘ ਸਰਾਭਾ ਦੁਆਰਾ ਪੰਜਾਬੀ ਵਿਚ ਲਿਖੀਆਂ ਗਈਆਂ ਹਨ। ਉਨ੍ਹਾਂ ਦਾ ਹੱਥ ਕਾਫ਼ੀ ਹੱਦ ਤੱਕ ਬਾਬਾ ਕਰਤਾਰ ਸਿੰਘ ਦੁੱਕੀ ਵਟਾਉਂਦੇ ਰਹੇ; ਉਦੋਂ ਤਕ, ਜਦ ਉਨ੍ਹਾਂ ਨੂੰ ਹਿੰਦੋਸਤਾਨ ਵਿਚ ਕੋਈ ਐਸੀ ਜਗ੍ਹਾ ਤਲਾਸ਼ ਕਰ ਉਥੇ .ਗਦਰ ਪ੍ਰੈਸ ਲਾਉਣ ਲਈ ਨਹੀਂ ਭੇਜ ਦਿੱਤਾ ਗਿਆ। ਬਾਬਾ ਹਰਨਾਮ ਸਿੰਘ ਟੁੰਡੀ ਲਾਟ ਜਿਨ੍ਹਾਂ ਨੂੰ ਲਾਲਾ ਹਰਦਿਆਲ ਦਾ ਅੰਗ ਰੱਖਿਅਕ ਬਣਾਇਆ ਗਿਆ ਸੀ, ਉਨ੍ਹਾਂ ਵੀ ਲਿਖਤ-ਪੜ੍ਹਤ ਅਤੇ .ਗਦਰ ਦੀ ਛਪਾਈ ਵਿਚ ਬਹੁਤ ਹਿੱਸਾ ਪਾਇਆ। ਬੋਲੀ ਸਾਦ-ਮੁਰਾਦੀ, ਠੇਠ, ਦਿਲਾਂ ਨੂੰ ਟੁੰਬਣ ਵਾਲੀ ਹੁੰਦੀ ਸੀ। (ਪੇਸ਼ਕਸ਼: ਕਸ਼ਮੀਰ ਸਿੰਘ ਕਾਂਗਣਾ)*

ਇੰਗਲਿਸਤਾਨ ਵਿਚ ਸਭ ਤੋਂ ਜ਼ਰੂਰੀ ਸਵਾਲ ਜਿਹੜਾ ਹੈ ਉਹ ਆਇਰਲੈਂਡ ਦੀ ਬਾਬਤ ਹੈ। ਆਇਰਲੈਂਡ ਨੂੰ ਹੁਣ ਸੁਰਾਜ, ਜਿਸ ਨੂੰ ਅੰਗਰੇਜ਼ੀ ਵਿਚ ਹੋਮ ਰੂਲ ਕਹਿੰਦੇ ਹਨ, ਮਿਲਣ ਵਾਲਾ ਹੈ। ਇਹ ਪੂਰੀ ਆਜ਼ਾਦੀ ਦਾ ਪਹਿਲਾ, ਪਰ ਬੜਾ ਜ਼ਰੂਰੀ ਦਰਜਾ ਹੈ। ਇਸ ਦੀ ਖਾਤਰ ਆਇਰਲੈਂਡ ਵਾਲੇ ਸਦੀਆਂ ਤੋਂ ਕੋਸ਼ਿਸ਼ ਕਰਦੇ ਆ ਰਹੇ ਹਨ। ਹੁਣ ਉਨ੍ਹਾਂ ਦੀਆਂ ਮੁਰਾਦਾਂ ਪੂਰੀਆਂ ਹੋਣ ਵਾਲੀਆਂ ਹਨ। ਹੁਣ ਤਾਈਂ ਆਇਰਲੈਂਡ ਵਿਚ ਵੀ ਇਸੇ ਤਰ੍ਹਾਂ ਅੰਗਰੇਜ਼ਾਂ ਦਾ ਰਾਜ ਸੀ ਜਿਸ ਤਰ੍ਹਾਂ ਹਿੰਦੋਸਤਾਨ ਵਿਚ ਹੈ। ਇੰਗਲਿਸਤਾਨ ਤੋਂ ਕੁਝ ਅੰਗਰੇਜ਼ੀ ਹਾਕਮ ਬਣ ਕੇ ਆਉਂਦੇ ਹਨ ਅਤੇ ਬੇਲਗਾਮ ਰਾਜ ਕਰਦੇ ਸਨ। ਆਇਰਲੈਂਡ ਦੇ ਦੇਸ਼ ਭਗਤ ਦਿਨ-ਰਾਤ ਇਹੋ ਕੋਸ਼ਿਸ਼ ਕਰਦੇ ਰਹੇ ਹਨ ਕਿ ਉਨ੍ਹਾਂ ਨੂੰ ਪੂਰੀ ਆਜ਼ਾਦੀ ਮਿਲ ਜਾਵੇ, ਅਥਵਾ ਉਨ੍ਹਾਂ ਦੇ ਦੇਸ਼ ਵਿਚੋਂ ਅੰਗਰੇਜ਼ਾਂ ਦਾ ਰਾਜ ਹਟ ਜਾਵੇ।

ਕੋਈ 30 ਕੁ ਬਰਸ ਗੁਜ਼ਰ ਗਏ ਇੰਗਲੈਂਡ ਦੇ ਵਜ਼ੀਰ ਗਲੈਡ ਸਟੋਨ ਨੇ ਅੰਗਰੇਜ਼ੀ ਰਾਜ ਸਭਾ ਦੇ ਅੱਗੇ ਇਹ ਪੇਸ਼ ਕੀਤਾ ਸੀ ਕਿ ਆਇਰ ਦੇਸ਼ ਭਗਤਾਂ ਨੇ ਜਿਹੜਾ ਭੜਥੂ ਪਾ ਛੱਡਿਆ ਹੈ ਅਤੇ ਪੂਰੀ ਆਜ਼ਾਦੀ ਮੰਗਦੇ ਹਨ, ਇਸ ਦਾ ਆਗਾਜ਼ ਇਹ ਹੈ ਕਿ ਉਸ ਨੂੰ ਇਕ ਕੌਮੀ ਰਾਜ ਸਭਾ ਦਿੱਤੀ ਜਾਵੇ ਜਿਸ ਦੇ ਵਿਚ ਆਇਰਲੈਂਡ ਵਾਲੇ ਆਇਰਲੈਂਡ ਦੀ ਖਾਤਰ ਆਪ ਕਾਨੂੰਨ ਬਨਾਵਣ। ਜਾਣੀ ਏਨਾ ਨੂੰ ਅੱਧੀ ਆਜ਼ਾਦੀ ਜਾਂ ਸੁਰਾਜ ਦੇ ਦੇਵੋ।

ਅੰਗਰੇਜ਼ੀ ਕੌਮ ਨੇ ਗਲੈਡ ਸਟੋਨ ਦੀ ਸਲਾਹ ਨੂੰ ਨਾ-ਮੰਜ਼ੂਰ ਕੀਤਾ। ਖੈਰ, ਬੀਸ ਬਰਸ ਗੁਜ਼ਰ ਗਏ ਅਤੇ ਇਤਨਾ ਚਿਰ ਆਇਰਲੈਂਡ ਵਾਲੇ ਸੁਰਾਜ ਦੀ ਖਾਤਰ ਬੜੀ ਕੋਸ਼ਿਸ਼ ਕਰਦੇ ਰਹੇ ਜਿਸ ਤਰ੍ਹਾਂ ਪਹਿਲਾਂ ਕਰਦੇ ਆਏ ਸਨ। ਸੁਰਾਜ ਦੀ ਜਿੱਤ ਵਿਚ ਆਇਰਲੈਂਡ ਨੂੰ ਇਸ ਬਾਤ ਦੀ ਬੜੀ ਮਦਦ ਮਿਲੀ ਕਿ ਉਨ੍ਹਾਂ ਦੇ ਸੌ ਮੈਂਬਰ ਅੰਗਰੇਜ਼ੀ ਰਾਜ ਸਭਾ ਵਿਚ ਸਨ। ਅੰਗਰੇਜ਼ੀ ਰਾਜ ਸਭਾ ਵਿਚ ਕੁਲ ਛੇ ਸੌ ਮੈਂਬਰ ਸਨ। ਉਨ੍ਹਾਂ ਵਿਚੋਂ ਇਕ ਸੌ ਮੈਂਬਰ ਆਇਰਸ਼ ਹਨ। ਅੰਗਰੇਜ਼ੀ ਰਾਜ ਸਭਾ ਵਿਚ ਸੌ ਆਇਰਸ਼ ਮੈਂਬਰ ਭੇਜਣ ਦਾ ਹੱਕ ਸੌ ਸਾਲਾਂ ਦੀ ਕੋਸ਼ਿਸ਼ ਮਗਰੋਂ ਆਇਰਲੈਂਡ ਦੇ ਦੇਸ਼ ਭਗਤਾਂ ਨੇ ਬੜੀ ਮੁਸ਼ਕਲ ਨਾਲ ਅੰਗਰੇਜ਼ਾਂ ਤੋਂ ਲਿਆ ਸੀ ਪਰ ਅੰਗਰੇਜ਼ਾਂ ਨੇ ਸਮਾਂ ਦੇਖ ਕੇ ਇਸ ਨੂੰ ਛੇਤੀ ਹੀ ਤੋੜ ਦਿੱਤਾ ਅਤੇ ਇਸ ਦੇ ਬਦਲੇ ਇਹ ਫੈਸਲਾ ਕੀਤਾ ਕਿ ਅੰਗਰੇਜ਼ੀ ਪਾਰਲੀਮੈਂਟ ਵਿਚ ਆਇਰਲੈਂਡ ਦੇ ਸੌ ਮੈਂਬਰ ਹੋਇਆ ਕਰਨ। ਪਹਿਲਾਂ ਜਿਹੜੇ ਮੈਂਬਰ ਬਣਾਏ ਗਏ, ਉਨ੍ਹਾਂ ਵਿਚ ਬਹੁਤੇ ਤਾਂ ਆਪ ਅੰਗਰੇਜ਼ੀ ਨਸਲ ਦੇ ਹੀ ਸਨ। ਬਾਕੀ ਬਹੁਤੇ ਅੰਗਰੇਜ਼ਾਂ ਦੇ ਖ਼ੁਸ਼ਾਮਦੀ ਸਨ ਜਿਸ ਤਰ੍ਹਾਂ ਹਿੰਦੋਸਤਾਨ ਦੇ ਲਾਟ ਦੀ ਕੌਂਸਲ ਵਿਚ ਬਹੁਤ ਸਾਰੇ ਹਿੰਦੋਸਤਾਨੀ ਹਨ। ਇਹ ਸਤਬਚਨ ਹਜ਼ੂਰ ਕਹਿ ਕੇ ਚੁੱਪ ਰਹਿੰਦੇ ਹਨ ਪਰ ਥੋੜ੍ਹੇ ਮੈਂਬਰ ਅਜਿਹੇ ਵੀ ਸਨ ਜਿਹੜੇ ਦੇਸ਼ ਭਗਤ ਸਨ।

ਇਹ ਲੋਕ ਪਹਿਲਾਂ ਬਹੁਤ ਥੋੜ੍ਹੇ ਸਨ। ਇਨ੍ਹਾਂ ਦਾ ਕੋਈ ਜ਼ੋਰ ਨਹੀਂ ਸੀ ਪਰ ਕਦੇ-ਕਦੇ ਖੜ੍ਹੇ ਹੋ ਕੇ ਕਹਿ ਦਿੰਦੇ ਸਨ ਕਿ ਅਸੀਂ ਅਲੱਗ ਪਾਰਲੀਮੈਂਟ ਚਾਹੁੰਦੇ ਹਾਂ। ਇਨ੍ਹਾਂ ਦੀ ਕੌਣ ਸੁਣਦਾ ਸੀ?

ਇਨ੍ਹਾਂ ਦਾ ਇਕ ਲੀਡਰ ਮਿਸਟਰ ਬੱਟ ਸੀ ਜਿਸ ਦੀ ਤਬੀਅਤ ਬਿਲਕੁਲ ਗੋਖਲੇ ਵਰਗੀ ਸੀ। ਇਹ ਆਇਰਲੈਂਡ ਵਿਚ ਜਿਹੜੇ ਜ਼ੁਲਮ ਹੁੰਦੇ ਸਨ। ਉਨ੍ਹਾਂ ਦੀ ਬਾਬਤ ਪਾਰਲੀਮੈਂਟ ਵਿਚ ਖੜ੍ਹਾ ਹੋ ਕੇ ਲੰਬੇ ਲੈਕਚਰ ਦੇ ਦਿੰਦਾ ਸੀ ਜਿਨ੍ਹਾਂ ਨੂੰ ਕੋਈ ਨਹੀਂ ਸੁਣਦਾ ਸੀ। ਉਹ ਅੰਗਰੇਜ਼ਾਂ ਨੂੰ ਨਾਰਾਜ਼ ਕਰਨ ਤੋਂ ਡਰਦਾ ਸੀ। ਇਤਨੇ ਚਿਰ ਨੂੰ ਇਕ ਬੜੇ ਘਰਾਣੇ ਦਾ ਆਇਰਸ਼ ਨੌਜਵਾਨ ਪਾਰਲੀਮੈਂਟ ਦਾ ਮੈਂਬਰ ਬਣ ਕੇ ਆਇਆ। ਇਹ ਮਸ਼ਹੂਰ ਵਿਦਵਾਨ ਚਾਰਲਸ ਸਟੂਅਰਟ ਪਾਰਲਲ ਸੀ। ਇਹ ਬਹੁਤ ਘੱਟ ਬੋਲਦਾ ਸੀ ਪਰ ਤਬੀਅਤ ਦਾ ਲੜਾਕਾ। ਇਰਾਦੇ ਦਾ ਪੱਕਾ ਤੇ ਹਠੀਅਲ ਸੀ। ਜਿਸ ਬਾਤ ਪੁਰ ਅੜ ਗਿਆ, ਦੁਨੀਆਂ ਹਿੱਲੇ ਤਾਂ ਹਿੱਲੇ ਪਰ ਉਹ ਨਾ ਹਿੱਲੇ। ਨਾਲ ਹੀ ਦਿਲ ਵਿਚ ਅੰਗਰੇਜ਼ਾਂ ਤੋਂ ਘਿਣ ਅਤੇ ਦੇਸ਼ ਭਗਤੀ ਵੀ ਸੀ। ਜੇ ਬੱਟ ਨੂੰ ਗੋਖਲੇ ਕਹੀਏ ਤਾਂ ਪਾਰਲਲ ਨੂੰ ਤਿਲਕ ਕਹਿਣਾ ਠੀਕ ਹੈ। ਪਾਰਲਲ ਨੇ ਅੰਗਰੇਜ਼ਾਂ ਨੂੰ ਦੁੱਖ ਦੇਣਾ ਸ਼ੁਰੂ ਕਰ ਦਿੱਤਾ। ਪਾਰਲੀਮੈਂਟ ਦੀ ਹਰ ਬਾਤ ਵਿਚ ਦਖ਼ਲ ਦੇਣਾ। ਅੰਗਰੇਜ਼ਾਂ ਦੇ ਸਾਰੇ ਕੰਮ ਦਾ ਨਾਸ ਕਰ ਦੇਣਾ। ਇਕ ਵਾਰ ਉਸ ਨੇ ਪਾਰਲੀਮੈਂਟ ਅੱਠ ਘੰਟੇ ਰੋਕੀ ਰੱਖਿਆ। ਕੋਈ ਕੰਮ ਨਾ ਹੋਣ ਦਿੱਤਾ। ਪਾਰਲਲ ਦੀ ਪਾਰਟੀ ਨੇ ਅੰਗਰੇਜ਼ਾਂ ਨੂੰ ਅਜਿਹਾ ਦੁੱਖ ਦਿੱਤਾ ਕਿ ਵਜ਼ੀਰ ਗਲੈਡ ਸਟੋਨ ਨੂੰ ਬਚਨ ਕਰਨਾ ਪਿਆ ਕਿ ਆਇਰਲੈਂਡ ਨੂੰ ਹੋਮ ਰੂਲ (ਸੁਰਾਜ) ਮਿਲ ਜਾਵੇਗਾ। ਪਾਰਲਲ ਦੀ ਉਮਰ ਨੇ ਧੋਖਾ ਦਿੱਤਾ, ਉਹ 47 ਸਾਲ ਦੀ ਉਮਰ ਵਿਚ ਮਰ ਗਿਆ।

ਮਿਸਟਰ ਜੌਨ ਰੈਡਮੰਡ, ਪਾਰਲਲ ਦਾ ਸ਼ਾਗਿਰਦ ਹੈ। ਇਸ ਨੇ ਆਪਣੇ ਗੁਰੂ ਦਾ ਕੰਮ ਖ਼ੂਬ ਸੰਭਾਲਿਆ। ਰੈਡਮੰਡ 1857 ਵਿਚ ਪੈਦਾ ਹੋਇਆ ਸੀ। ਉਹ ਸਕੂਲ ਅਤੇ ਕਾਲਜ ਵਿਚ ਝਗੜਨ ਕਾਰਨ ਬਹੁਤ ਮਸ਼ਹੂਰ ਸੀ। ਪਹਿਲਾਂ ਬੈਰਿਸਟਰ ਹੋ ਗਿਆ। ਜਦ 30 ਸਾਲ ਦੀ ਉਮਰ ਹੋਈ ਤਾਂ ਅੰਗਰੇਜ਼ੀ ਰਾਜ ਸਭਾ ਦਾ ਮੈਂਬਰ ਬਣ ਗਿਆ ਅਤੇ ਬਰਾਬਰ ਸੁਰਾਜ ਖਾਤਰ ਝਗੜਦਾ ਰਿਹਾ ਹੈ। ਅੰਗਰੇਜ਼ਾਂ ਦੇ ਬੜਾ ਵਿਰੁਧ ਹੈ। ਬੋਰਾਂ ਦੀ ਲੜਾਈ ਵੇਲੇ ਇਸ ਨੇ ਬੋਰਾਂ ਨਾਲ ਖੁੱਲ੍ਹੇ ਤੌਰ

**ਇਤਿਹਾਸ ਦੇ ਪੰਨੇ**

ਪੁਰ ਹਮਦਰਦੀ ਕੀਤੀ। ਇਸ ਬਾਤ ਤੋਂ ਅੰਗਰੇਜ਼ਾਂ ਬੜੇ ਜਲ ਗਏ। ਇਸ ਦੇ ਕੌਮੀ ਘੁਮੰਡ ਦਾ ਸਬੂਤ ਵੀ ਕਈ ਬਾਤਾਂ ਤੋਂ ਮਿਲਦਾ ਹੈ। ਮਲਕਾ ਵਿਕਟੋਰੀਆ ਜਦ ਆਇਰਲੈਂਡ ਦਾ ਦੌਰਾ ਕਰਨ ਗਈ ਤਾਂ ਇਨ੍ਹਾਂ ਉਸ ਦਾ ਮੂੰਹ ਨਹੀਂ ਦੇਖਿਆ। ਬਾਦਸ਼ਾਹ ਐਡਵਰਡ ਦੀ ਤਾਜਪੋਸ਼ੀ ਵਿਚ ਜਾਣ ਤੋਂ ਨਾਂਹ ਕਰ ਦਿੱਤੀ ਪਰ ਸਾਡੇ ਕੌਂਸਲ ਦੇ ਮੈਂਬਰ ਗੋਖਲੇ ਵਰਗੇ ਦਰਬਾਰ ਵਿਚ ਸੱਦੇ ਜਾਣਾ ਬੜੀ ਇੱਜ਼ਤ ਸਮਝਦੇ ਸਨ।

1906 ਵਿਚ ਅੰਗਰੇਜ਼ਾਂ ਦੇ ਵਜ਼ੀਰ ਬੈਨਰ ਮੈਨ ਨੇ ਕਿਹਾ ਕਿ ਆਇਰਲੈਂਡ ਨੂੰ ਕੌਂਸਲਾਂ ਦੇ ਦਿਉ, ਸੁਰਾਜ ਨਹੀਂ ਪਰ ਹਿੰਦੋਸਤਾਨੀ ਰੈਡਮੰਡ ਨਹੀਂ ਸੀ ਜਿਹੜਾ ਕੌਂਸਲਾਂ ਤੋਂ ਖ਼ੁਸ਼ ਹੋ ਜਾਂਦਾ। ਉਸ ਨੇ ਝੱਟ ਕਹਿ ਦਿੱਤਾ ਕਿ ਆਇਰਲੈਂਡ ਨੂੰ ਕੌਂਸਲਾਂ ਦੀ ਲੋੜ ਨਹੀਂ ਪਰ ਇਸ ਅਕਲਮੰਦੀ ਦਾ ਇਹ ਫਾਇਦਾ ਹੋਇਆ ਕਿ ਅੱਜ ਅੰਗਰੇਜ਼ ਆਪਣੇ ਆਪ 'ਤੇ ਪਛਤਾਉਂਦੇ ਹਨ। ਹਿੰਦੋਸਤਾਨ ਦੇ ਲੀਡਰਾਂ ਨੂੰ ਦੇਖੋ, ਮਾਮੂਲੀ ਕੌਂਸਲਾਂ ਮਿਲਣ ਪੁਰ ਡੂਮਾਂ ਵਾਂਗ ਉਸਤਤ ਕਰਦੇ ਨਹੀਂ ਥੱਕਦੇ। ਸਾਡੇ ਤਾਂ ਜੋ ਕੁਝ ਕੌਮੀ ਪਾਰਟੀ ਦੀ ਮਦਦ ਨਾਲ ਮਿਲਦਾ ਹੈ ਉਹ ਭੀ ਖੋ ਦਿੰਦੇ ਹਨ। ਹਿੰਦੋਸਤਾਨ ਦੇ ਲੋਕਾਂ ਨੂੰ ਆਇਰਲੈਂਡ ਤੋਂ ਸ਼ਿਖ਼ਸ਼ਾ ਲੈਣੀ ਚਾਹੀਦੀ ਹੈ।

ਇਸ ਲੇਖ ਵਿਚ ਅਸੀਂ ਇਹ ਦਿਖਾਇਆ ਹੈ ਕਿ ਆਇਰਲੈਂਡ ਦੇ ਲੋਕ ਨਰਮ ਦਿਲ ਵੀ ਅਜਿਹੇ ਜੋਸ਼ੀਲੇ ਹਨ; ਤੁਸੀਂ ਸੋਚ ਸਕਦੇ ਹੋ ਕਿ ਗਰਮ ਕਿਤਨੇ ਬਹਾਦਰ ਹੋਣਗੇ। ਇਸ ਗਰਮ ਪਾਰਟੀ ਦੇ ਜਥੇ ਨੇ ਇਕ (ਯੰਗ ਰੀਪਬਲਕਨ) ਪੰਚੈਤੀ ਪਾਰਟੀ ਬਣਾਈ ਹੈ ਜਿਸ ਦਾ ਅਸੂਲ ਹੈ ਕਿ ਆਇਰਲੈਂਡ ਨੂੰ ਪੂਰੀ ਆਜ਼ਾਦੀ ਦਿਲਵਾਵਾਂਗੇ। ਇਹ ਲੋਕ ਅੱਛੀ ਤਰ੍ਹਾਂ ਜਾਣਦੇ ਹਨ ਕਿ ਪਾਰਲੀਮੈਂਟ ਨਾਲ ਕੁਝ ਨਹੀਂ ਬਣਦਾ। ਇਸ ਵਿਚ ਅੰਗਰੇਜ਼ਾਂ ਦਾ ਬੜਾ ਜ਼ੋਰ ਹੋਊਗਾ। ਸਾਰਾ ਵਪਾਰ ਅੰਗਰੇਜ਼ਾਂ ਦੇ ਹੱਥ ਰਹੂਗਾ। ਅਸਲੀ ਆਜ਼ਾਦੀ ਇਹੀ ਹੈ ਕਿ ਅੰਗਰੇਜ਼ਾਂ ਨੂੰ ਆਇਰਲੈਂਡ ਤੋਂ ਬਾਹਰ ਕੱਢ ਦੇਈਏ ਪਰ ਆਇਰਲੈਂਡ ਦੀ ਕਿਸਮਤ ਸਾਡੇ ਨਾਲ ਹੈ। ਜਦ ਤਕ ਅੰਗਰੇਜ਼ ਹਿੰਦੋਸਤਾਨ ਪੁਰ ਕਬਜ਼ਾ ਰੱਖਦੇ ਹਨ, ਤਦ ਤਕ ਮਿਸਰ ਅਤੇ ਆਇਰਲੈਂਡ ਪੁਰ ਵੀ ਜ਼ੁਲਮ ਕਰ ਸਕਦੇ ਹਨ। ਆਇਰਲੈਂਡ ਦੇ ਬਹਾਦਰਾਂ ਨੇ ਸਾਨੂੰ ਰਾਹ ਦਿਖਾਇਆ ਹੈ। ਹੁਣ ਸਾਡਾ ਫਰਜ਼ ਹੈ ਕਿ ਆਪਣੀ ਆਜ਼ਾਦੀ ਲਈਏ। ਸਾਡੀ ਆਜ਼ਾਦੀ ਨਾਲ ਸਾਰੇ ਜਗਤ ਦਾ ਉਪਕਾਰ ਹੈ। ਅੰਗਰੇਜ਼ ਹਿੰਦੋਸਤਾਨ ਦੇ ਸਿਰ ਪੁਰ ਸਾਰੇ ਸੰਸਾਰ ਨੂੰ ਦੁੱਖ ਦੇ ਰਹੇ ਹਨ। ਹਿੰਦੋਸਤਾਨ ਦੇ ਬਹਾਦਰੋ! ਤੁਹਾਡੀ ਆਜ਼ਾਦੀ ਨਾਲ ਸਾਰੇ ਜਗਤ ਦੀ ਆਜ਼ਾਦੀ ਹੈ। ਅੰਗਰੇਜ਼ਾਂ ਦੇ ਜ਼ੁਲਮ ਦੀ ਹੱਦ ਹੋ ਗਈ ਹੈ। ਦੇਰੀ ਦਾ ਵੇਲਾ ਨਹੀਂ, ਹਿੰਦੋਸਤਾਨ ਦੇ ਗਰੀਬ ਔਰਤਾਂ, ਬੱਚੇ ਅਤੇ ਮਜ਼ਦੂਰ ਤੁਹਾਡੀ ਸ਼ਰਨ ਆਏ ਹਨ। ਤੁਸੀਂ ਇਨ੍ਹਾਂ ਦਾ ਜ਼ੁਲਮ ਤੋਂ ਛੁਟਕਾਰਾ ਨਹੀਂ ਕਰੋਗੇ ਤਾਂ ਕੌਣ ਕਰੇਗਾ?

ਅੰਗਾਂ ਦੀ ਗਵਾਹੀ (ਅੰਕੜਿਆਂ ਦਾ ਸਾਰ)

ਹਿੰਦੋਸਤਾਨੀਆਂ ਦੀ ਆਮਦਨੀ: ਇਸ ਅਖ਼ਬਾਰ ਦੇ ਪਹਿਲੇ ਪੱਤਰੇ ਪੁਰ ਲਿਖਿਆ ਹੋਇਆ ਹੈ ਕਿ ਹਿੰਦੋਸਤਾਨੀਆਂ ਦੀ ਪੰਜ ਪੈਸੇ ਦਿਹਾੜੀ ਆਮਦਨੀ ਹੈ; ਜਾਣੀ 30 ਰੁਪਏ ਸਾਲ ਹੈ। ਇਹ ਹਿਸਾਬ ਅੰਗਰੇਜ਼ਾਂ ਦੇ ਜੁਆਈ ਕਰਜ਼ਨ ਨੇ ਆਪ ਲਾਇਆ ਸੀ ਅਤੇ ਇਕ ਮਸ਼ਹੂਰ ਅੰਗਰੇਜ਼ ਵਿਲਿਅਮ ਡਿਗਬੀ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਹਿੰਦੋਸਤਾਨੀਆਂ ਦੀ ਆਮਦਨੀ 30 ਰੁਪਏ ਸਾਲ ਦੀ ਥਾਂ 15 ਰੁਪਏ ਸਾਲ ਹੈ। ਅੱਛਾ, ਅਸੀਂ ਇਕ ਵਾਰ ਬੇਈਮਾਨ ਦੀ ਮੰਨ ਲਈਏ ਤਾਂ ਵੀ ਹਿੰਦੋਸਤਾਨੀਆਂ ਦੀ ਆਮਦਨੀ ਸਿਰਫ਼ 30 ਰੁਪਏ ਯਾਨਿ 10 ਡਾਲੇ ਸਾਲ ਹੈ। ਇਹ ਇਨੀ ਥੋੜ੍ਹੀ ਹੈ ਕਿ ਅੰਗਰੇਜ਼ਾਂ ਨੂੰ ਕਹਿੰਦੇ ਸ਼ਰਮ ਨਹੀਂ ਆਉਂਦੀ ਕਿ ਦੂਜੀਆਂ ਕੌਮਾਂ ਕੀ ਕਹਿਣਗੀਆਂ ਕਿ ਹਿੰਦੋਸਤਾਨ ਲੁੱਟ ਕੇ ਇੰਨਾ ਗਰੀਬ ਕਰ ਦਿੱਤਾ ਕਿ ਉਹਦੇ ਬਰਾਬਰ ਦੁਨੀਆਂ ਵਿਚ ਕੋਈ ਗਰੀਬ ਨਹੀਂ।

ਥੋੜ੍ਹਾ ਚਿਰ ਹੋਇਆ ਦਿੱਲੀ ਵਿਚ ਇਕ ਹਿੰਦੋਸਤਾਨੀ ਕੌਂਸਲ ਦੇ ਮੈਂਬਰ ਨੇ ਬੜੇ ਡਾਕੂ ਦੇ ਵਜ਼ੀਰ ਤੋਂ ਪੁੱਛਿਆ ਕਿ ਲਾਟ ਕਰਜ਼ਨ ਨੇ ਜਿਹੜਾ ਹਿਸਾਬ ਲਾਇਆ ਹੈ, ਕਿਥੇ ਤਾਈਂ ਠੀਕ ਹੈ?

ਅੰਗਰੇਜ਼ੀ ਵਜ਼ੀਰ ਨੇ ਜਵਾਬ ਦਿੱਤਾ ਕਿ ਅਸੀਂ ਇਸ ਵਾਧੂ ਸਵਾਲ ਦਾ ਜਵਾਬ ਨਹੀਂ ਦਿੰਦੇ। ਕਰਜ਼ਨ ਨੇ ਜਿਹੜਾ ਠੀਕ ਸਮਝਿਆ, ਸੋ ਕੀਤਾ। ਅਜਿਹੇ ਸਵਾਲ ਕਰਨ ਤੋਂ ਕੁਝ ਫਾਇਦਾ ਨਹੀਂ। ਲਓ! ਇਹ ਬੇਈਮਾਨ ਦਾ ਬੱਚਾ ਕਹਿੰਦਾ ਹੈ ਕਿ ਮੱਤ ਪੁੱਛੋ ਕਿ ਹਿੰਦੋਸਤਾਨੀ ਭੁੱਖੇ ਮਰਦੇ ਹਨ ਤਾਂ ਕਿਉਂ ਹਿੰਦੋਸਤਾਨ ਦੀ ਗਰੀਬੀ ਦਾ ਅੰਦਾਜ਼ਾ ਦੋ ਚਾਰ ਅੰਗਾਂ (ਅੰਕੜਿਆਂ) ਨਾਲ ਹੋ ਸਕਦਾ ਹੈ?

ਅਮਰੀਕਾ ਵਿਚ ਘੱਟੋ-ਘੱਟ ਹਰ ਇਕ ਮਜ਼ਦੂਰ ਨੂੰ 900 ਡਾਲੇ ਸਾਲ ਦੇ ਮਿਲਦੇ ਹਨ ਕਿਉਂਕਿ ਉਸ ਦੇ ਬਾਲ ਬੱਚੇ ਦਾ ਗੁਜ਼ਾਰਾ ਨਹੀਂ ਹੋ ਸਕਦਾ। ਹੁਣ ਹਿੰਦੋਸਤਾਨੀ ਮਜ਼ਦੂਰ ਦਾ ਕੀ ਹਾਲ ਹੈ?

ਉਨ੍ਹਾਂ ਦੀ ਬਾਬਤ ਅੰਗਰੇਜ਼ ਕੋਈ ਮੰਗ ਤਿਆਰ ਨਹੀਂ ਕਰਦੇ ਕਿਉਂਕਿ ਕਿਤੇ ਗਵਾਹੀ ਨਾ ਦੇ ਦੇਣ। ਖੈਰ, ਇਕ ਸਰਕਾਰੀ ਰਿਪੋਰਟ ਵਿਚੋਂ ਅਸੀਂ ਇਹ ਅੰਗ ਲਿਖਦੇ ਹਾਂ ਕਿ ਹਿੰਦੋਸਤਾਨ ਵਿਚ ਜਿਹੜੇ ਮਜ਼ਦੂਰ ਮਿੱਲਾਂ ਵਿਚ ਕੰਮ ਕਰਦੇ ਹਨ, ਉਨ੍ਹਾਂ ਦੀ 7 ਰੁਪਏ ਮਹੀਨਾ ਤਨਖ਼ਾਹ ਹੈ ਯਾਨਿ 28 ਡਾਲੇ ਸਾਲ ਦੇ।

ਕਿਥੇ ਅਮਰੀਕਨਾਂ ਦੇ 900 ਡਾਲੇ ਸਾਲ ਦੇ, ਕਿੱਥੇ ਹਿੰਦੋਸਤਾਨੀਆਂ ਦੇ 28 ਡਾਲੇ ਸਾਲ। ਦੁਨੀਆਂ ਦਾ ਕਿਤਨਾ ਫਰਕ ਹੈ। ਅਮਰੀਕਾ ਵਿਚ ਇਕ ਮਾਮੂਲੀ ਝਾੜੂ ਦੇਣ ਵਾਲਾ ਢਾਈ ਤਿੰਨ ਸੌ ਰੁਪਏ ਮਹੀਨਾ ਕਮਾਉਂਦਾ ਹੈ। ਹਿੰਦੋਸਤਾਨ ਵਿਚ ਇੰਨੀ ਤਨਖ਼ਾਹ ਹਿੰਦੋਸਤਾਨੀ ਡਿਪਟੀ ਕੁਲੈਕਟਰ ਨੂੰ ਵੀ ਨਹੀਂ ਮਿਲਦੀ।

ਦੁਨੀਆਂ ਵਿਚ ਹਿੰਦੋਸਤਾਨ ਵਰਗਾ ਕੋਈ ਦੇਸ਼ ਨਹੀਂ। ਜੇ ਤੁਸੀਂ ਆਪਣੀਆਂ ਭੈਣਾਂ, ਬਹੂ-ਬੇਟੀਆਂ ਨੂੰ, ਬੱਚਿਆਂ ਨੂੰ ਗਰੀਬੀ, ਬਿਮਾਰੀ ਅਤੇ ਦੁਨੀਆਂ ਭਰ ਦੀਆਂ ਮੁਸੀਬਤਾਂ ਤੋਂ ਬਚਾਉਣਾ ਹੈ ਤਾਂ ਉਠੋ! ਤਲਵਾਰ ਫੜੋ। ਗ਼ਾਜ਼ੀਆਂ ਦਾ ਸਰੂਪ ਧਾਰ, ਪਾਜੀਆਂ ਨੂੰ ਦੂਰ ਕਰੋ! ਅਤੇ ਭਾਰਤ ਦਾ ਝੰਡਾ ਫੜੋ!

# ਗੀਤਕਾਰੀ ਅਤੇ ਗਾਇਕੀ ਦਾ ਦੋਹਰਾ ਸ਼ੌਂਕ ਪਾਲਦਾ ਨਿੰਮਾ ਡੱਲੇਵਾਲਾ

ਨਿੰਮਾ ਡੱਲੇਵਾਲਾ (ਅਸਲ ਨਾਂ ਨਿਰਮਲ ਸਿੰਘ) ਪੰਜਾਬੀ ਦੇ ਉਨ੍ਹਾਂ ਗਾਇਕਾਂ ਵਿਚੋਂ ਹੈ ਜਿਨ੍ਹਾਂ ਨੇ ਗੀਤਕਾਰੀ ਅਤੇ ਗਾਇਕੀ ਦਾ ਸ਼ੌਕ ਬਰਾਬਰ ਜਾਰੀ ਰੱਖਿਆ ਹੋਇਆ ਹੈ। ਉਹ ਦਸਵੀਂ ਜਮਾਤ ਵਿਚ ਪੜ੍ਹਦਾ ਸੀ ਜਦੋਂ ਉਸ ਗੀਤਕਾਰੀ ਦੇ ਪਿੜ ਵਿਚ ਪਹਿਲੀ ਵਾਰ ਪੈਰ ਰੱਖਿਆ। ਉਹ ਕਹਿੰਦਾ ਹੈ, ਜਦੋਂ ਕਦੀ ਉਸ ਨੇ ਕੋਈ ਗੀਤ ਸੁਣਦਿਆਂ ਉਸ ਦੇ ਅਖੀਰ ਵਿਚ ਗੀਤਕਾਰ ਦਾ ਨਾਂ ਸੁਣਨਾ ਤਾਂ ਉਸ ਨੂੰ ਵੀ ਇਕ ਹੌਲ ਜਿਹਾ ਉਠਣਾ ਗੀਤ ਲਿਖਣ ਦਾ। ਉਹ ਮੰਨਦਾ ਹੈ ਕਿ ਪਹਿਲੇ ਛੇ ਗੀਤ ਉਸ ਇਕ ਤਰ੍ਹਾਂ ਪੁਰਾਣੇ ਗੀਤਾਂ ਦੀ ਨਕਲ ਕਰਕੇ ਹੀ ਲਿਖੇ ਪਰ ਸੱਤਵਾਂ ਗੀਤ ਨਕਲ ਤੋਂ ਬਿਲਕੁਲ ਅਲੱਗ ਹੋ ਗਿਆ। ਇਥੋਂ ਹੀ ਉਸ ਦਾ ਗੀਤਕਾਰ ਵਜੋਂ ਸਫ਼ਰ ਸ਼ੁਰੂ ਹੋਇਆ।

ਜ਼ਿਲਾ ਰੋਪੜ ਵਿਚ ਚਮਕੌਰ ਸਾਹਿਬ ਨੇੜੇ ਪਿੰਡ ਡੱਲੇ ਵਿਚ ਮਾਤਾ ਚਰਨ ਕੌਰ ਅਤੇ ਪਿਤਾ ਸਵਰਨ ਸਿੰਘ ਦੇ ਘਰ ਉਸ ਦਾ ਜਨਮ 1977 ਵਿਚ ਹੋਇਆ। ਮੁਢਲੀ ਪੜ੍ਹਾਈ ਪਿੰਡੋਂ ਹੀ ਕਰਨ ਉਪਰੰਤ ਉਹ ਰੋਪੜ ਸਰਕਾਰੀ ਕਾਲਜ ਜਾ ਦਾਖਲ ਹੋਇਆ। ਫਿਰ ਹਾਲਾਤ ਦੇ ਥਪੇੜੇ ਖਾਂਦਾ ਨਿੰਮਾ ਅਖੀਰ 1997 ਵਿਚ ਅਮਰੀਕਾ ਆ ਗਿਆ ਅਤੇ ਅੱਜ ਕੱਲ ਓਹਾਇਓ ਸਟੇਟ ਵਿਚ ਸਿਨਸਿਨੈਟੀ ਵਸਦਾ ਹੈ।

ਨਿੰਮੇ ਦਾ ਪਹਿਲਾ ਗੀਤ ਸੀ "ਕੁੜੀਏ ਕਲਿਪ ਵਾਲੀਏ ਤੇਰੇ ਝੁਕਦੇ ਨੈਣ ਕੁਆਰੇ" ਅਤੇ ਇਹ ਗੀਤ ਭੁਪਿੰਦਰ ਗਿੱਲ ਦੀ ਆਵਾਜ਼ ਵਿਚ ਰਿਕਾਰਡ ਹੋਇਆ। ਇਸ ਗੀਤ ਦੇ ਲੋਕ ਜ਼ੁਬਾਨ 'ਤੇ ਚੜ੍ਹਨ ਕਰਕੇ ਨਿੰਮੇ ਦਾ ਗੀਤ ਗਾਉਣ ਅਤੇ ਗੀਤ ਲਿਖਣ ਦਾ ਸ਼ੌਕ ਹੋਰ ਵੀ ਪੱਕੇ ਪੈਰੀਂ ਹੋ ਗਿਆ। ਇਸੇ ਸੁਦਾਅ ਹੇਠ ਉਹ ਸੁਰਜੀਤ ਬਿੰਦਰਖੀਏ ਦੀ ਸ਼ਾਗਿਰਦੀ ਵਿਚ ਚਲਾ ਗਿਆ ਅਤੇ ਉਸ ਨਾਲ ਪੂਰੇ ਤਿੰਨ ਸਾਲ ਬਿਤਾਏ। ਸੁਰਜੀਤ ਦੇ ਨਾਲ ਰਹਿੰਦਿਆਂ ਵੀ ਉਸ ਗੀਤਕਾਰੀ ਦਾ ਸ਼ੌਕ ਜਾਰੀ ਰੱਖਿਆ। ਉਸ ਦੇ ਕਈ ਗੀਤ ਭੁਪਿੰਦਰ ਗਿੱਲ ਨੇ ਗਾਏ ਜਿਨ੍ਹਾਂ ਵਿਚੋਂ ਇਕ ਸੀ "ਸਹੁੰ ਰੱਬ ਦੀ ਫਿਰੋਜ਼ੀ ਪੱਗ ਵਾਲਿਆ, ਤੇਰੇ ਨਾਲ ਪਿਆਰ ਹੋ ਗਿਆ।" ਇਹ ਗੀਤ ਮਗਰੋਂ ਭੁਪਿੰਦਰ ਗਿੱਲ ਦੀ ਪਛਾਣ ਹੀ ਬਣ ਗਿਆ। ਦੁਰਗੇ ਰੰਗੀਲੇ ਨੇ ਉਸ ਦੇ ਗੀਤ ਗਾਏ ਜਿਨ੍ਹਾਂ ਵਿਚੋਂ "ਤੇਰਾ ਇਸ਼ਕ ਸੋਹਣਿਆ" ਦੁਰਗੇ ਦੀ ਕੈਸਿਟ ਦਾ ਟਾਈਟਲ ਗੀਤ ਵੀ ਬਣਿਆ। ਜਗਤਾਰ ਜੱਗੇ, ਅਮਰੀਕ ਪੱਪੂ, ਬਲਜੀਤ ਮਾਲਵਾ, ਧਰਮਪ੍ਰੀਤ, ਮਿਸ ਨੀਲਮ ਅਤੇ ਮਿਸ ਪੂਜਾ ਸਮੇਤ ਬਹੁਤ ਸਾਰੇ ਨਵੇਂ ਪੁਰਾਣੇ ਗਾਇਕਾਂ ਨੇ ਉਸ ਦੇ ਗੀਤ ਗਾਏ। ਨਿੰਮੇ ਦਾ ਦੋਗਾਣਾ "ਆਹ ਲੈ ਤੇਰਿਆਂ ਵੇ ਲਾਰਿਆਂ 'ਚ ਸੋਹਣਿਆ ਦੀਵਾਲੀ ਇਕ ਹੋਰ ਲੰਘਗੀ" ਮਿਸ ਪੂਜਾ ਨੇ ਆਪਣੇ ਸਾਥੀ ਨਾਲ ਗਾਇਆ।



ਹਾਲਾਤ ਦਾ ਗੇੜ ਜਦੋਂ ਉਸ ਨੂੰ ਅਮਰੀਕਾ ਲੈ ਆਇਆ ਤਾਂ ਕਈ ਚਿਰ ਗੀਤਕਾਰੀ ਅਤੇ ਗਾਇਕੀ ਦੋਵੇਂ ਹੀ ਉਸ ਨੂੰ ਭੁੱਲੇ ਰਹੇ। ਉਹ ਮੰਨਦਾ ਹੈ ਕਿ ਹਾਲਾਤ ਹੀ ਕੁਝ ਅਜਿਹੇ ਸਨ ਕਿ ਪਹਿਲਾਂ ਆਪਣੇ ਪੈਰ ਜਮਾਏ ਜਾਣ ਜਾਂ ਫਿਰ ਸ਼ੌਕ ਪਾਲੇ ਜਾਣ। ਕੁਦਰਤੀ ਹੈ ਕਿ ਪਹਿਲ ਪੈਰ ਜਮਾਉਣ ਨੇ ਲੈ ਲਈ। ਨਿਊ ਯਾਰਕ ਰਹਿੰਦਿਆਂ ਸੁਰਿੰਦਰ ਛਿੰਦਾ ਅਤੇ ਪੂਰਨ ਦਿੱਲੋਂ ਪ੍ਰੋਗਰਾਮ ਕਰਨ ਆਏ ਤਾਂ ਉਸ ਨੂੰ ਵੀ ਸਟੇਜ 'ਤੇ ਗਾਉਣ ਦਾ ਮੌਕਾ ਮਿਲਿਆ। ਇਸ ਪਿਛੋਂ ਮਿੱਤਰਾਂ-ਦੋਸਤਾਂ ਦੇ ਇਸਰਾਰ 'ਤੇ ਉਸ ਮੁੜ ਗਾਇਕੀ ਤੇ ਗੀਤਕਾਰੀ ਵੱਲ ਮੁਹਾਣ ਕੀਤਾ। ਨਿਊ ਯਾਰਕ, ਨਿਊ ਜਰਸੀ, ਮਿਲਵਾਕੀ, ਸਿਨਸਿਨੈਟੀ, ਕੋਲੰਬਸ, ਡੇਅਟਨ, ਇੰਡੀਆਨਾ ਅਤੇ ਸ਼ਿਕਾਗੋ ਵਿਚ ਉਸ ਨੂੰ ਬਥੇਰੀ ਵਾਰ ਗਾਉਣ ਦਾ ਮੌਕਾ ਮਿਲਿਆ ਤੇ ਉਸ ਆਪਣੀ ਆਵਾਜ਼ ਦਾ ਸਿੱਕਾ ਮੰਨਵਾਇਆ। ਜੱਸ ਪੰਜਾਬੀ ਟੀ ਵੀ ਉਸ ਨੂੰ ਪਿਛਲੇ ਸਾਲ ਵਿਚ ਪੰਜ ਵਾਰ ਦਰਸ਼ਕਾਂ ਦੇ ਰੂਬਰੂ ਕਰ ਚੁਕਾ ਹੈ। ਪੰਜਾਬ ਟਾਈਮਜ਼ ਦੇ ਸਾਲਾਨਾ ਪ੍ਰੋਗਰਾਮ ਪੰਜਾਬ ਟਾਈਮਜ਼ ਨਾਈਟ 'ਤੇ ਵੀ ਉਹ ਦੋ ਵਾਰ ਸਰੋਤਿਆਂ ਦੇ ਰੂਬਰੂ ਹੋ ਚੁਕਾ ਹੈ।

ਨਿੰਮਾ ਸਾਫ ਸੁਥਰੀ ਪਰਿਵਾਰਕ ਗਾਇਕੀ ਤੇ ਗੀਤਕਾਰੀ ਦਾ ਮੁੱਦਈ ਹੈ। ਉਹ ਕਹਿੰਦਾ ਹੈ, ਗੀਤ ਲਿਖਣਾ ਅਤੇ ਗਾਉਣਾ ਮੇਰਾ ਸ਼ੌਕ ਹੈ, ਮੇਰੀ ਰੂਹ ਦੀ ਖ਼ੁਰਾਕ ਹੈ, ਮੈਂ ਆਪਣਾ ਇਹ ਸ਼ੌਕ ਜਾਰੀ ਰੱਖਾਂਗਾ। ਉਸ ਦੀ ਇਕ ਕੈਸਿਟ 'ਪੱਗ' ਨਾਂ ਹੇਠ ਬਹੁਤ ਜਲਦ ਹੀ ਮਾਰਕਿਟ ਵਿਚ ਆ ਰਹੀ ਹੈ। ਆਪਣੇ ਪਸੰਦੀਦਾ ਗਾਇਕਾਂ ਬਾਰੇ ਉਹ ਕਹਿੰਦਾ ਹੈ, ਗੁਰਦਾਸ ਮਾਨ ਮੇਰਾ ਆਦਰਸ਼ ਹੈ ਅਤੇ ਹੰਸ ਰਾਜ ਹੰਸ, ਪੁਰਾਣੇ ਗਾਇਕਾਂ ਵਿਚੋਂ ਯਮਲਾ ਜੱਟ, ਦੀਦਾਰ ਸੰਧੂ, ਹਰਚਰਨ ਗਰੇਵਾਲ ਉਸ ਦੇ ਮਨਪਸੰਦ ਗਾਇਕ ਹਨ।

ਨਿੰਮੇ ਨਾਲ ਸੰਪਰਕ ਫੋਨ 513-432-9754 ਰਾਹੀਂ ਕੀਤਾ ਜਾ ਸਕਦਾ ਹੈ।

#


# ਚੰਗੀ ਗਾਇਕੀ ਦੇ ਮੁੱਦਈ ਗਾਇਕ ਵੀ ਅੱਗੇ ਆਉਣ ਲੱਗੇ



ਕੀ ਮੈਂ ਝੂਠ ਬੋਲਿਐ...
ਸਵਰਨ ਸਿੰਘ ਟਹਿਣਾ*
*ਫੋਨ:91-98141-78883

ਜਦੋਂ ਜਵਾਨੀ ਆਪਣੇ ਫ਼ਰਜ਼ਾਂ ਤੋਂ ਮੁਨਕਰ ਹੋ ਕੇ ਪਰਿਵਾਰ ਤੇ ਸਮਾਜ ਦੇ ਸਨਮਾਨ ਨੂੰ ਸੱਟ ਮਾਰਨ ਲੱਗੇ ਤਾਂ ਸਿਆਣਿਆਂ ਦੇ ਚਿਹਰਿਆਂ 'ਤੇ ਚਿੰਤਾ ਦੀਆਂ ਲਕੀਰਾਂ ਵਧਣ ਲੱਗਦੀਆਂ ਨੇ। ਇਨ੍ਹਾਂ ਹਾਲਤਾਂ ਵਿਚ ਸਿਆਣਿਆਂ ਦੀ ਸਿਆਣਪ ਹੀ ਕੰਮ ਆਉਂਦੀ ਹੈ, ਪਹਿਲਾਂ ਉਹ ਔਲਾਦ ਨੂੰ ਘੂਰਦੇ ਨੇ ਤੇ ਜੇ ਉਨ੍ਹਾਂ 'ਤੇ ਘੂਰਕੀ ਦਾ ਅਸਰ ਨਾ ਹੋਵੇ ਤਾਂ ਚਾੜ੍ਹੇ ਚੰਦਾਂ ਦੀ ਪਰਦੇਦਾਰੀ ਲਈ ਉਨ੍ਹਾਂ ਨੂੰ ਸੌ ਉਦਮ ਕਰਨੇ ਪੈਂਦੇ ਹਨ।

ਬਿਲਕੁਲ ਇਹੀ ਹਾਲਾਤ ਪਿਛਲੇ ਕੁੱਝ ਸਮੇਂ ਤੋਂ ਪੰਜਾਬੀ ਗਾਇਕੀ ਦੇ ਘਰ ਦੇ ਬਣੇ ਹੋਏ ਨੇ। ਜਿਨ੍ਹਾਂ 'ਤੇ ਇਹ ਘਰ ਸੰਵਾਰ ਕੇ ਰੱਖਣ ਦੀ ਜ਼ਿੰਮੇਵਾਰੀ ਸੀ, ਉਨ੍ਹਾਂ ਘਰ ਦੇ ਬਨੇਰੇ ਢਾਹੁਣੇ ਸ਼ੁਰੂ ਕਰ ਦਿੱਤੇ, ਘਰ ਦੀ ਮਾਣ-ਮਰਿਆਦਾ ਨੂੰ ਤਾਰ-ਤਾਰ ਕਰ ਦਿੱਤਾ ਤਾਂ ਫ਼ਿਕਰਾਂ 'ਚ ਡੁੱਬੇ ਸਿਆਣਿਆਂ ਨੂੰ ਮੂਹਰੇ ਆ ਉਨ੍ਹਾਂ ਨੂੰ ਸ਼ੀਸ਼ਾ





ਦਿਖਾਉਣ ਦੀ ਲੋੜ ਮਹਿਸੂਸ ਹੋਣ ਲੱਗੀ।

ਸਾਡੇ ਗਾਇਕ ਨਸ਼ਿਆਂ 'ਚ ਟੁੰਨ ਰਹਿਣ, ਵੱਢ-ਟੁੱਕ ਦਾ ਪਾਠ ਪੜ੍ਹਾਉਣ, ਕਾਲਜਾਂ ਨੂੰ ਅੱਗਾਂ ਲਾਉਣ, ਇਸ਼ਕ ਦੇ ਨਾਂ 'ਤੇ ਅੱਯਾਸ਼ੀਆਂ ਕਰਨ ਅਤੇ ਗ਼ੈਰਤ ਦੇ ਨਾਂ 'ਤੇ ਅਣਮਨੁੱਖੀ ਕਾਰਿਆਂ ਦੀ ਵਕਾਲਤ ਕਰ ਰਹੇ ਨੇ, ਪਰ ਸਿਆਣੀ ਉਮਰ ਦੇ ਉਹ ਲੋਕ, ਜਿਨ੍ਹਾਂ ਦੀ ਗਾਇਕੀ ਨਾ ਪੈਸੇ ਲਈ ਹੈ ਤੇ ਨਾ ਹੀ ਸਸਤੀ ਸ਼ੋਹਰਤ ਲਈ, ਦੇ ਬੋਲ ਪੰਜਾਬ ਦੀ ਅਸਲ ਤਸਵੀਰ ਪੇਸ਼ ਕਰਨ, ਧੀਆਂ ਨੂੰ ਬਣਦਾ ਸਨਮਾਨ ਦੇਣ, ਨਸ਼ਿਆਂ 'ਤੇ ਚਿੰਤਾ ਪ੍ਰਗਟਾਉਣ ਅਤੇ ਸਹੀ ਅਰਥਾਂ ਵਿਚ ਗ਼ੈਰਤਮੰਦ ਬਣਨ ਦੀ ਪ੍ਰੇਰਨਾ ਦੇ ਰਹੇ ਹਨ। ਭਾਵੇਂ ਵਕਤ ਦੀ ਬਦਲੀ ਚਾਲ ਕਾਰਨ ਉਨ੍ਹਾਂ ਦੇ ਕਹੇ 'ਤੇ ਫੁੱਲ ਚੜ੍ਹਾਉਣ ਵਾਲੇ ਬਹੁਤੇ ਲੋਕ ਨਹੀਂ ਦਿਸਦੇ ਪਰ ਹਨੇਰੇ 'ਚ ਦੀਵਾ ਜਗਾਉਣ ਵਾਲੇ ਉਨ੍ਹਾਂ ਦੇ ਯਤਨ ਸਲਾਮ ਕਰਨਯੋਗ ਹਨ।

ਅੱਜ ਇਕ ਪਾਸੇ ਜਦੋਂ 'ਤੈਨੂੰ ਚੁੱਕ ਕੇ ਮੋਟਰ 'ਤੇ ਲੈ ਜਾਣਾ', 'ਯਾਰੋ ਆਉਂਦੀਆਂ ਰਹਿੰਦੀਆਂ ਕੁੜੀਆਂ ਤੇ ਬੱਸਾਂ', 'ਜਿਹੜੀ ਕੁੜੀ ਕੋਲ ਨੈਟ ਆ, ਉਹ ਪੱਕੀ ਕਿਸੇ ਨਾਲ ਸੈਟ ਆ' ਅਤੇ 'ਜਿੰਨੀਆਂ ਜੀਅ ਕਰਦਾ ਫਸਾਓ ਕੁੜੀਆਂ' ਵਰਗੇ ਸਿਰੇ ਦੇ ਘਟੀਆ ਬੋਲ ਗੀਤਾਂ ਜ਼ਰੀਏ ਪਰੋਸੇ ਜਾ ਰਹੇ ਹਨ ਤਾਂ ਮਾਹਲਪੁਰ ਦੇ ਪ੍ਰੋਫ਼ੈਸਰ ਅਜੀਤ ਵਰਗਿਆਂ ਵਲੋਂ ਆਪਣੀ ਗਾਇਕੀ ਜ਼ਰੀਏ ਵਲੂੰਧਰੇ ਹਿਰਦਿਆਂ 'ਤੇ ਮੱਲ੍ਹਮ ਲਾਉਣ ਲਈ 'ਸਰਘੀ ਦਾ ਤਾਰਾ' ਕੈਸਿਟ ਵਿਚ ਆਖੇ ਬੋਲ, 'ਕਿੱਥੇ ਗਈਆਂ ਕੁੜੀਆਂ ਜੀ, ਕਿੱਥੇ ਗਈਆਂ ਚਿੜੀਆਂ, ਕਿੱਥੇ ਗਈ ਬੋਹੜਾਂ ਵਾਲੀ ਛਾਂ' ਸਾਨੂੰ ਆਪਣੀ ਬੁੱਕਲ 'ਚ ਝਾਤ ਮਾਰਨ ਲਈ ਆਖਦੇ ਹਨ। ਤਸੱਲੀ ਦੀ ਗੱਲ ਹੈ ਕਿ 68 ਸਾਲ ਦੀ ਉਮਰ ਵਿਚ ਪ੍ਰੋਫ਼ੈਸਰ ਅਜੀਤ ਹੁਰਾਂ ਮਿਆਰੀ ਗਾਇਕੀ ਪ੍ਰਤੀ ਜਨੂਨ ਦਿਖਾਇਆ ਹੈ ਜਿਸ ਦੀ ਸੰਵੇਦਨਸ਼ੀਲ ਸਰੋਤਿਆਂ ਨੂੰ ਚਿਰਾਂ ਤੋਂ ਉਡੀਕ ਸੀ।

ਜਦੋਂ ਮੈਂ ਪੁੱਛਿਆ, "ਸ਼ੌਕੀਆ ਗਾਉਂਦਿਆਂ ਤੁਹਾਨੂੰ ਕੈਸਿਟ ਦਾ ਚੇਤਾ ਕਿਵੇਂ ਆ ਗਿਆ?" ਜਵਾਬ ਵਿਚ ਪ੍ਰੋਫ਼ੈਸਰ ਸਾਹਿਬ ਨੇ ਕਿਹਾ ਕਿ ਜਦੋਂ ਭਟਕੇ ਰੋਲ ਮਾਡਲ ਬਾਕੀਆਂ ਨੂੰ ਵੀ ਭਟਕਾਉਣ ਲਈ ਤਰਲੋਮੱਛੀ ਹੋਣ ਲੱਗਣ ਤਾਂ ਸਮੇਂ ਦੀ ਹਕੀਕਤ ਬਿਆਨਣ ਵਾਲੀਆਂ ਗੱਲਾਂ ਜ਼ਰੂਰੀ ਹੋ ਜਾਂਦੀਆਂ ਨੇ ਤੇ ਇਨ੍ਹਾਂ ਦਾ ਪ੍ਰਗਟਾਵਾ ਕਵਿਤਾ, ਵਾਰਤਕ, ਗਾਇਕੀ ਜਾਂ ਕਿਸੇ ਵੀ ਹੋਰ ਕਲਾ ਰੂਪ 'ਚ ਹੋ ਸਕਦਾ ਹੈ। ਉਨ੍ਹਾਂ ਦੇ ਗਾਏ ਗੀਤ 'ਨੀਂ ਸੋਨ ਚਿੜੀਏ ਸੂਲਾਂ ਵਰਗੇ ਬੋਲਾਂ ਦੇ ਵਿਚ ਚਾਰੋਂ ਪਾਸੀਂ ਘਿਰੀਏ' ਦੇ ਬੋਲ ਧੀ ਦੇ ਹੱਕ ਵਿਚ ਹਾਅ ਦਾ ਨਾਅਰਾ ਤਾਂ ਮਾਰਦੇ ਹੀ ਹਨ, ਉਨ੍ਹਾਂ ਗਾਇਕਾਂ ਨੂੰ ਸ਼ਰਮ ਦੇਣ ਲਈ ਵੀ ਕਾਫ਼ੀ ਹਨ, ਜਿਹੜੇ ਨਾ ਧੀਆਂ ਦੀ ਇੱਜ਼ਤ ਦਾ ਖਿਆਲ ਰੱਖਦੇ ਨੇ ਤੇ ਨਾ ਹੀ ਆਪਣੀ ਦਾ।

ਪ੍ਰੋਫ਼ੈਸਰ ਹੁਰਾਂ ਦੀ ਗਾਇਕੀ ਦਾ ਖ਼ੂਬਸੂਰਤ ਪੱਖ ਇਹ ਵੀ ਹੈ ਕਿ ਰੋਮਾਂਟਿਕ ਗੱਲ ਕਰਦਿਆਂ ਉਹ ਜ਼ਾਬਤੇ ਦਾ ਪਾਲਣ ਕਰਦੇ ਹਨ। ਇਸ ਲਈ ਭਾਵੇਂ ਉਨ੍ਹਾਂ ਦੀ ਉਮਰ ਨੂੰ ਜ਼ਿੰਮੇਵਾਰ ਮੰਨਿਆ ਜਾਵੇ, ਪਰ ਇਹ ਸੱਚ ਹੈ ਕਿ ਮੁਹੱਬਤ ਅਤੇ ਵਿਛੋੜੇ




ਦੀ ਗੱਲ ਕਰਦਿਆਂ ਅਕਲ ਤੋਂ ਕੰਮ ਲੈਣਾ ਹਾਰੀ-ਸਾਰੀ ਦੇ ਵੱਸ ਨਹੀਂ ਹੁੰਦਾ।

ਹਰ ਖੇਤਰ ਵਿਚ ਪ੍ਰੋਫ਼ੈਸਰ ਅਜੀਤ ਵਰਗੇ ਸ਼ਖ਼ਸ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਚਾਨਣ ਦਾ ਛਿੱਟਾ ਦੇਣ ਲਈ ਅੱਗੇ ਆਉਂਦੇ ਰਹਿੰਦੇ ਹਨ ਪਰ ਉਨ੍ਹਾਂ ਵੱਲ ਲੋਕਾਂ ਦਾ ਧਿਆਨ ਇਸ ਕਰਕੇ ਨਹੀਂ ਜਾਂਦਾ ਕਿਉਂਕਿ ਮੰਡੀ ਦੀ ਬਾਂਹ ਫੜ ਤੁਰਦੀ ਲੋਕਾਈ ਨੂੰ ਨਾ ਉਹ ਚੈਨਲਾਂ 'ਤੇ ਦਿਸਦੇ ਨੇ ਤੇ ਨਾ ਹੀ ਪ੍ਰਚਾਰ ਦੇ ਹੋਰ ਸਾਧਨਾਂ ਨਾਲ ਕਰਿੰਗੜੀ ਪਾਈ ਲੱਭਦੇ ਹਨ। ਕੁੱਝ ਸਮਾਂ ਪਹਿਲਾਂ ਉਨ੍ਹਾਂ ਵਾਂਗ ਹੀ ਕਨੇਡਾ ਦੇ ਸੁਖਵਿੰਦਰ ਘੁਮਾਣ ਨਾਂ ਦੇ 62 ਸਾਲਾ ਸ਼ਖ਼ਸ ਨੇ ਪੰਜਾਬੀ ਗਾਇਕੀ ਨੂੰ ਦਰਪੇਸ਼ ਚੁਣੌਤੀਆਂ ਦੀ 'ਹਲੂਣਾ' ਕੈਸਿਟ ਕੱਢੀ ਸੀ, ਜਿਸ ਨੂੰ ਸੁਣਿਆ ਭਾਵੇਂ ਘੱਟ ਲੋਕਾਂ ਨੇ, ਪਰ ਜਿਨ੍ਹਾਂ-ਜਿਨ੍ਹਾਂ ਸੁਣਿਆ ਉਹ ਇੱਕ ਵਾਰ ਜ਼ਰੂਰ ਹਲੂਣੇ ਗਏ।

ਹਰ ਕਲਾਕਾਰ ਇੰਟਰਵਿਊ ਮੌਕੇ ਇਹ ਸ਼ਬਦ ਦੁਹਰਾਉਣੇ ਨਹੀਂ ਭੁੱਲਦਾ ਕਿ ਉਹ ਮਾਂ ਬੋਲੀ ਦੀ ਸੇਵਾ ਲਈ ਇਸ ਖੇਤਰ ਵਿਚ ਨਿੱਤਰਿਆ ਹੈ...ਸੱਭਿਆਚਾਰ ਦੀ ਸੇਵਾ ਉਸਦਾ ਪਹਿਲਾ ਮਨੋਰਥ ਹੈ, ਪਰ ਜਦੋਂ ਉਸ ਦੇ ਗੀਤ ਦੇ ਬੋਲ ਸੁਣੀਦੇ ਨੇ ਜਾਂ ਫ਼ਿਲਮਾਂਕਣ ਦਿਸਦਾ ਹੈ ਤਾਂ ਕਹਿਣੀ-ਕਥਨੀ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਨਜ਼ਰ ਆਉਂਦਾ ਹੈ। ਛੇ ਦਹਾਕਿਆਂ ਤੋਂ ਵੱਧ ਉਮਰ ਵਿਚ ਸਮੇਂ ਦੀਆਂ ਸੱਚਾਈਆਂ ਬਿਆਨਣ ਵਾਲੇ ਘੁਮਾਣ ਹੁਰਾਂ ਕਲਾਕਾਰਾਂ ਨੂੰ ਆਪਣੇ ਅੰਦਰ ਝਾਤ ਮਾਰਨ ਲਈ ਆਖਿਆ ਹੈ। ਉਨ੍ਹਾਂ ਨੂੰ ਦੁੱਖ ਹੈ ਕਿ ਅਜੋਕੇ ਕਲਾਕਾਰਾਂ ਨੂੰ ਮਾਈ ਭਾਗੋ, ਮਾਤਾ ਗੁਜਰੀ, ਮਾਈ ਜੀਤੋ ਅਤੇ ਇਤਿਹਾਸ ਦੇ ਪੰਨਿਆਂ ਨਾਲ ਜੁੜੀਆਂ ਹੋਰ ਮਹਾਨ ਔਰਤਾਂ ਦੀ ਇਸ ਧਰਤੀ 'ਤੇ ਵਸਦੀਆਂ ਕੁੜੀਆਂ-ਚਿੜੀਆਂ ਸਿਰਫ਼ 'ਮਨੋਰੰਜਨ' ਵਾਲੀਆਂ ਸ਼ੈਆਂ ਜਾਪਦੀਆਂ ਹਨ। ਇਸੇ ਕਰਕੇ ਉਨ੍ਹਾਂ ਗਾਇਆ:

ਕੁੱਝ ਭਟਕੇ ਕਲਾਕਾਰੋ,
ਮਾਂ ਬੋਲੀ ਦੇ ਸੇਵਾਦਾਰੋ,
ਜ਼ਰਾ ਸੋਚੋ ਤੇ ਵਿਚਾਰੋ,
ਲੱਚਰ ਗੀਤ ਜੋ ਗਾਉਂਦੇ ਓ,
ਔਰਤ ਬਾਰੇ ਲੱਚਰ ਗਾ ਕੇ
ਕਿਹੜੀ ਸੇਵ ਕਮਾਉਂਦੇ ਓ।

ਪੰਜਾਬੀ ਗਾਇਕੀ ਦਾ ਜਿਹੜਾ ਹਾਲ ਅੱਜ ਦੀ ਘੜੀ ਹੋ ਚੁੱਕਾ ਹੈ, ਉਦੋਂ ਨਾ ਇੱਕ ਪ੍ਰੋ. ਅਜੀਤ ਨਾਲ ਸਰਨਾ ਹੈ ਤੇ ਨਾ ਹੀ ਇੱਕ ਘੁਮਾਣ ਨਾਲ, ਕਿਉਂਕਿ ਨਿਵਾਣਾਂ ਦੀਆਂ ਹੱਦਾਂ ਟੱਪਣ ਵਾਲਿਆਂ ਦੀ ਗਿਣਤੀ ਕੌੜੀ ਵੇਲ ਵਾਂਗ ਵਧ ਚੁੱਕੀ ਹੈ ਤੇ ਇਨ੍ਹਾਂ ਦੇ ਟਾਕਰੇ ਵਿਚ ਗਾਉਣ ਵਾਲੇ ਬਹੁਤ ਘੱਟ ਹਨ। ਉਮਰ ਦੇ ਇਸ ਪੜਾਅ 'ਚ ਭਾਵੇਂ ਸਿਆਣਿਆਂ ਵੱਲੋਂ ਜਵਾਨਾਂ ਵਾਂਗ ਉਚਾ ਨਹੀਂ ਗਾਇਆ ਜਾ ਸਕਦਾ ਪਰ ਉਨ੍ਹਾਂ ਦਾ ਗਾਇਆ ਉਨ੍ਹਾਂ ਦੀ ਸੁੱਚੀ ਸੋਚ ਦੀ ਸ਼ਾਹਦੀ ਜ਼ਰੂਰ ਭਰਦਾ ਹੈ। ਉਨ੍ਹਾਂ ਕਿਸੇ ਕੋਲੋਂ ਨਹੀਂ ਸਿੱਖਿਆ, ਕਦੇ ਇਸ ਜ਼ਰੀਏ ਪੈਸੇ ਕਮਾਉਣ ਬਾਰੇ ਨਹੀਂ ਸੋਚਿਆ, ਕਦੇ ਸੱਚ ਦੇ ਸ਼ੀਸ਼ੇ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ, ਇਹੀ ਕਾਰਨ ਹੈ ਕਿ ਉਨ੍ਹਾਂ ਦੇ ਵਿਰਲੇ-ਟਾਂਵੇਂ ਯਤਨ ਮੌਜੂਦਾ ਦੌਰ ਦੇ 'ਨੇਰੀਨੁਮਾ ਗਵੱਈਆਂ ਨਾਲੋਂ ਵੱਧ ਸੋਚਣ ਲਈ ਮਜਬੂਰ ਕਰ ਜਾਂਦੇ ਨੇ।

ਇੱਕ ਵਾਰ ਆਪਣੇ ਗਾਉਣ ਬਾਰੇ ਸੁਖਵਿੰਦਰ ਘੁਮਾਣ ਨੇ ਆਖਿਆ ਸੀ, 'ਲਾਲ ਚੰਦ ਯਮਲਾ ਜੱਟ ਤੋਂ ਮੈਂ ਬਹੁਤ ਪ੍ਰਭਾਵਤ ਰਿਹਾ ਹਾਂ...ਪਰ ਕਦੇ ਕੈਸਿਟ ਬਾਰੇ ਨਹੀਂ ਸੀ ਸੋਚਿਆ...ਹੁਣ ਜਦੋਂ ਸੱਚ ਤੋਂ ਭਟਕੀ ਗਾਇਕੀ ਲੋਕਾਂ ਦੀ ਪਸੰਦ ਬਣਨ ਲੱਗੀ ਹੈ ਤਾਂ ਕੈਸਿਟ ਦਾ ਹੀਲਾ ਕਰਨਾ ਪਿਆ...ਜਦੋਂ ਔਲਾਦ ਵਿਗੜ ਜਾਵੇ, ਉਦੋਂ ਸਿਆਣਿਆਂ ਨੂੰ ਉਨ੍ਹਾਂ ਦੇ ਕੰਨ ਖਿਚਣ ਲਈ ਅੱਗੇ ਹੋਣਾ ਪੈਂਦੈ।'

ਏਸੇ ਤਰ੍ਹਾਂ ਥੋੜ੍ਹਾ ਚਿਰ ਪਹਿਲਾਂ ਸੁਖਬੀਰ ਸਿੰਘ ਖਟਕੜ ਨਾਂ ਦੇ ਇੱਕ ਗੁਰਸਿੱਖ ਨੌਜਵਾਨ ਨੇ 'ਇਹ ਸਾਡਾ ਪੰਜਾਬ ਨਹੀਂ ਜੋ ਗੀਤਾਂ ਵਿਚ ਦਿਖਾਉਂਦੇ ਓ' ਸੀ.ਡੀ. ਰਿਕਾਰਡ ਕਰਵਾਉਣ ਦਾ




ਯਤਨ ਕੀਤਾ, ਜਿਸ ਵਿਚ ਸਮੇਂ ਦੀਆਂ ਤਲਖ਼ ਹਕੀਕਤਾਂ ਬਿਆਨ ਕੀਤੀਆਂ ਗਈਆਂ। ਸੀ.ਡੀ. ਵਿਚ ਜਿੱਥੇ ਨਸ਼ਿਆਂ ਦੀ ਖਿਲਾਫ਼ਤ, ਧੀਆਂ ਦੀ ਇੱਜ਼ਤ ਕਰਨ, ਵਿਗੜੇ ਸੱਭਿਆਚਾਰ ਨੂੰ ਬਚਾਉਣ, ਕਰਜ਼ੇ ਦੇ ਪਹਾੜ ਅਤੇ ਤਿੜਕਦੇ ਇਨਸਾਨੀ ਰਿਸ਼ਤਿਆਂ ਦੀ ਬਾਤ ਪਾਈ ਗਈ, ਉਥੇ ਗਾਇਕੀ ਦੇ ਨਾਂ 'ਤੇ ਉਜੱਡਪੁਣਾ ਕਰਨ ਵਾਲਿਆਂ ਨੂੰ ਵੀ ਬਾਜ਼ ਆਉਣ ਲਈ ਆਖਿਆ ਗਿਆ।

ਮਾੜੀ ਗਾਇਕੀ ਦੇ ਵਿਰੋਧ ਵਿਚ ਇੱਕੜ-ਦੁੱਕੜ ਗੀਤ ਰਿਲੀਜ਼ ਹੁੰਦੇ ਰਹਿੰਦੇ ਨੇ, ਜਿਨ੍ਹਾਂ 'ਚੋਂ ਜ਼ਿਆਦਾਤਰ 'ਯੂ ਟਿਊਬ' ਜਾਂ 'ਫੇਸ ਬੁੱਕ' ਦਾ ਸ਼ਿੰਗਾਰ ਬਣ ਕੇ ਰਹਿ ਜਾਂਦੇ ਹਨ। ਸੱਚ ਦਾ ਸ਼ੀਸ਼ਾ ਦਿਖਾਉਣ ਵਾਲੀਆਂ ਕੈਸਿਟਾਂ ਦੀ ਮੌਜੂਦਾ ਸਮੇਂ ਭਾਵੇਂ ਬਹੁਤ ਲੋੜ ਹੈ ਪਰ ਮਹਿੰਗੇ ਪ੍ਰਚਾਰ ਸਾਧਨਾਂ ਕਾਰਨ ਇਹ ਹੀਲੇ ਬਹੁਤ ਘੱਟ ਹੁੰਦੇ ਹਨ। ਚੰਗੀ ਗਾਇਕੀ ਦੀ ਹਾਮੀ ਭਰਨ ਅਤੇ ਭੁੱਲਿਆਂ ਨੂੰ ਲੀਹ 'ਤੇ ਆਉਣ ਲਈ ਜਿੰਨੀਆਂ ਕੁ ਕੈਸਿਟਾਂ ਆ ਰਹੀਆਂ ਹਨ, ਉਨ੍ਹਾਂ ਦਾ ਸਵਾਗਤ ਕਰਨਾ ਬਣਦਾ ਹੈ।

## ਚੱਲਦੇ ਚੱਲਦੇ

ਪਿਛਲੇ ਦਿਨੀਂ ਰੇਲ 'ਚ ਸਫ਼ਰ ਕਰ ਰਿਹਾ ਸਾਂ। ਅਗਲੇ ਸਟੇਸ਼ਨ 'ਤੇ ਬਾਰਾਂ-ਤੇਰਾਂ ਸਾਲਾ ਮੁੰਡਾ ਡੱਬੇ 'ਚ ਆਣ ਵੜਿਆ। ਉਹਦੇ ਹੱਥਾਂ 'ਚ ਦੋ ਵੱਟੇ ਜਿਹੇ ਫੜੇ ਸਨ। ਮੈਲੇ-ਕੁਚੈਲੇ ਕੱਪੜੇ ਤੇ ਪਿੰਡੇ 'ਤੇ ਜੰਮੀ ਮਣ-ਮਣ ਮੈਲ ਕਾਰਨ ਹਰ ਕੋਈ ਉਹਦੇ ਵੱਲ ਦੇਖ ਮੂੰਹ ਪਰ੍ਹਾਂ ਨੂੰ ਕਰ ਲੈਂਦਾ।

ਏਨੇ ਨੂੰ ਉਹਨੇ ਵੱਟੇ ਨਾਲ ਵੱਟਾ ਖੜਕਾ ਸੰਗੀਤ ਪੈਦਾ ਕਰਨਾ ਸ਼ੁਰੂ ਕੀਤਾ। ਹੌਲੀ-ਹੌਲੀ ਵੱਟਿਆਂ ਦੀ ਸੱਟ ਜਾਣੇ-ਪਛਾਣੇ ਗੀਤ ਦੀ ਤਰਜ਼ ਬਣਨ ਲੱਗੀ। ਉਹਨੇ ਗਾਉਣਾ ਸ਼ੁਰੂ ਕੀਤਾ, 'ਸੋਹਣੀਏ ਜੇ ਤੇਰੇ ਨਾਲ ਦਗ਼ਾ ਮੈਂ ਕਮਾਵਾਂ, ਨੀਂ ਅੱਲਾ ਕਰੇ ਮੈਂ ਮਰ ਜਾਵਾਂ।'

ਉਹ ਪੰਜਾਬ ਦੇ ਅੱਧਿਓਂ ਵੱਧ ਕਲਾਕਾਰਾਂ ਨਾਲੋਂ ਸੁਰੀਲਾ ਗਾ ਰਿਹਾ ਸੀ, ਨਾਲ-ਨਾਲ ਸੰਗੀਤ ਪੈਦਾ ਕਰਨ ਦੀ ਕਲਾਕਾਰੀ ਜਾਰੀ ਸੀ। ਲੋਕ ਉਸ ਵੱਲ ਦੇਖਦੇ ਤੇ ਘੁਸਰ-ਮੁਸਰ ਕਰਕੇ ਨੀਂਵੀਂ ਜਿਹੀ ਪਾ ਛੱਡਦੇ। ਮੁੰਡੇ ਨੇ ਅਗਲਾ ਗਾਣਾ ਸ਼ੁਰੂ ਕੀਤਾ, 'ਦੁੱਖ ਦੇਣੀਏ ਨੀਂ ਕਿਹੜਾ ਦੁੱਖ ਦੇਣ ਆਈਂ ਏਂ' ਤੇ ਫਿਰ ਕਮਾਲ ਕਰ ਦਿੱਤੀ।

ਫੇਰ ਉਹ ਸਭਨਾਂ ਮੂਹਰੇ ਹੱਥ ਫੈਲਾ ਮੰਗਣ ਲੱਗਾ। ਕੋਈ ਇੱਕ-ਦੋ ਰੁਪਏ ਦੇ ਛੱਡਦਾ ਤੇ ਕੋਈ 'ਅੱਗੇ ਜਾਹ' ਕਹਿ ਦਿੰਦਾ। ਮੈਂ ਉਹਨੂੰ ਪੁੱਛਿਆ, 'ਗਾਉਣ ਦਾ ਸ਼ੌਕ ਕਦੋਂ ਤੋਂ ਆ?'

ਉਹ ਬੋਲਿਆ, 'ਬਾਬਾ ਭੀ ਗਾਤਾ ਹੈ।'

'ਦਿਹਾੜੀ ਠੀਕ ਬਣ ਜਾਂਦੀ ਏ?'

'ਕਭੀ-ਕਭੀ...ਸਾਲੇ ਲੋਗ ਦਸ-ਦਸ ਗਾਨੇ ਸੁਨ ਕੇ ਪਾਂਚ ਰੁਪਏ ਬੀ ਨਹੀਂ ਦੇਤੇ...ਏਕ ਗਾਡੀ ਸੇ ਉਤਰ ਕਰ ਦੂਸਰੀ ਮੇਂ ਚੜ੍ਹਨਾ ਹੀ ਹਮਾਰਾ ਕਾਮ ਹੈ।'

ਮੁੰਡਾ ਚਲਾ ਗਿਆ, ਪਰ ਮੇਰੇ ਜ਼ਿਹਨ 'ਚ ਆਉਣ ਲੱਗਾ ਕਿ ਕਿੰਨੇ ਸੁਰੀਲੇ ਨੇ ਇਹ ਲੋਕ ਤੇ ਕਿੱਥੇ ਫਿਰਦੇ ਨੇ ਪਰ ਜਿਨ੍ਹਾਂ ਪੱਲੇ ਨਾ ਗਾਉਣ ਹੈ ਤੇ ਨਾ ਵਜਾਉਣ, ਉਹ ਲੱਖਾਂ ਵਾਲੀਆਂ ਗੱਡੀਆਂ ਝੂਟਦੇ ਨੇ। ਕੁਦਰਤ ਦਾ ਕੇਹਾ ਵਰਤਾਰਾ ਹੈ ਕਿ ਕਈਆਂ ਨੂੰ ਬਿਨਾਂ ਮੰਗਿਓਂ ਮੋਤੀ ਮਿਲ ਜਾਂਦੇ ਨੇ ਤੇ ਕਈ ਹੀਰਿਆਂ ਵਰਗੇ ਕੋਲਿਆਂ ਦੀਆਂ ਖਾਣਾਂ 'ਚ ਰੁਲਣ ਲਈ ਮਜਬੂਰ ਨੇ।

# ਦੇਹਧਾਰੀਆਂ 'ਤੇ ਵਿਅੰਗ ਨਾਟਕ 'ਬੇਬੇ ਜੀ ਮੈਂ ਸੰਤ ਬਣ ਗਿਆ'

ਅਜੋਕੇ ਦੌਰ 'ਚ ਵੱਖ-ਵੱਖ ਥਾਂਵਾਂ 'ਤੇ ਡੇਰੇ ਬਣਾ ਕੇ ਗੁਰੂ ਅਖਵਾਉਣ ਵਾਲੇ ਬਾਬਿਆਂ ਦੀਆਂ ਕਾਲੀਆਂ ਕਰਤੂਤਾਂ ਦਾ ਪਰਦਾਫ਼ਾਸ਼ ਕਰਨ ਤੇ ਗੁਰੂ ਦੇ ਭੋਲੇ ਸੇਵਕਾਂ ਨੂੰ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਸਰਬੋਤਮ ਤੇ ਪਾਕਿ-ਪਵਿੱਤਰ ਗੁਰੂ ਮੰਨਣ ਦਾ ਸੰਦੇਸ਼ ਦਿੰਦਾ ਹੈ, ਨਾਮਵਰ ਫਿਲਮਸਾਜ਼ ਤੇ ਲੇਖਕ ਗੁਰਚੇਤ ਚਿੱਤਰਕਾਰ ਦਾ ਨਵਾਂ ਨਾਟਕ 'ਬੇਬੇ ਜੀ ਮੈਂ ਸੰਤ ਬਣ ਗਿਆ'। ਚਿੱਤਰਕਾਰੀ ਤੇ ਨਾਟਕਾਂ ਰਾਹੀਂ ਕਲਾ ਦੇ ਖੇਤਰ 'ਚ ਪੈਰ ਰੱਖਣ ਵਾਲੇ ਗੁਰਚੇਤ ਚਿੱਤਰਕਾਰ ਨੇ ਇਸ ਤੋਂ ਪਹਿਲਾਂ ਆਪਣੀਆਂ ਪੰਜਾਬੀ ਟੈਲੀ ਫ਼ਿਲਮਾਂ 'ਨਾਨਕ ਨਾਮ ਚੜ੍ਹਦੀ ਕਲਾ' ਤੇ 'ਸਰਬੱਤ ਦਾ ਭਲਾ' ਰਾਹੀਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਨੂੰ ਦਰਸਾਇਆ ਸੀ। ਆਪਣੇ ਸਾਥੀ ਗੁਰਦੀਪ ਕਕਰਾਲਾ ਨਾਲ ਮਿਲ ਕੇ ਲੰਬੇ ਅਰਸੇ ਤੋਂ ਰੰਗਮੰਚ 'ਤੇ ਕਾਮੇਡੀ ਸਕਿੱਟਾਂ ਦੀ ਪੇਸ਼ਕਾਰੀ ਰਾਹੀਂ ਦਰਸ਼ਕਾਂ ਦੇ ਦਿਲਾਂ 'ਚ ਡੂੰਘੀ ਥਾਂ ਬਣਾ ਚੁੱਕੇ ਗੁਰਚੇਤ ਨੇ ਇੱਕ ਬਹੁਪਰਤੀ ਵਿਸ਼ੇ ਵਾਲੇ ਨਾਟਕ 'ਬੇਬੇ ਜੀ ਮੈਂ ਸੰਤ ਬਣ ਗਿਆ' ਰਾਹੀਂ ਜਿੱਥੇ ਅਖੌਤੀ ਬਾਬਿਆਂ ਦੇ ਅਸਲੀ ਰੰਗਾਂ ਨੂੰ ਨਾਟਕੀ ਰੂਪ 'ਚ ਪੇਸ਼ ਕੀਤਾ ਹੈ,



'ਬੇਬੇ ਨੀ ਮੈਂ ਸੰਤ ਬਣ ਗਿਆ' ਨਾਟਕ ਦੀ ਟੀਮ

ਉਥੇ ਹੋਰ ਵੀ ਬਹੁਤ ਸਾਰੇ ਭਖਦੇ ਮਸਲਿਆਂ ਦੀ ਬੇਬਾਕੀ ਨਾਲ ਪੇਸ਼ਕਾਰੀ ਕਰਨ ਦਾ ਯਤਨ ਵੀ ਕੀਤਾ ਹੈ।

ਟੈਲੀ ਫ਼ਿਲਮਾਂ ਵਾਂਗ ਗੁਰਚੇਤ ਚਿੱਤਰਕਾਰ ਨੇ ਇਸ ਨਾਟਕ ਰਾਹੀਂ ਅਜੋਕੇ ਦੌਰ 'ਚ ਸਰਗਰਮ ਅਖੌਤੀ ਤੇ ਭੇਖੀ ਸਾਧੂ, ਸੰਤਾਂ ਤੇ ਬਾਬਿਆਂ ਦੇ ਪਾਜ ਉਘੇੜਦਿਆਂ ਇੱਕ ਅਜੋਕੇ ਬਾਬੇ ਨੂੰ ਮੁੱਖ ਧੁਰਾ ਬਣਾ ਕੇ ਉਸ ਦੁਆਰਾ ਅਸਲੀ ਜ਼ਿੰਦਗੀ ਤੋਂ ਭੱਜ ਕੇ, ਭੋਲੇ-ਭਾਲੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਕੀਤੀ ਜਾਣ ਵਾਲੀ ਐਸ਼ਪ੍ਰਸਤੀ ਦੀ ਵਿਅੰਗਆਤਮਕ ਪੇਸ਼ਕਾਰੀ ਕੀਤੀ ਹੈ। ਬਬਲੀ ਸਿੰਘ ਦੀ ਪੇਸ਼ਕਸ਼ ਇਸ ਨਾਟਕ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਆਪ ਹੀ ਸਹੇੜਨ ਵਾਲੇ ਅਤੇ ਹੱਥੀ ਕਿਰਤ ਕਰਨ ਦੀ ਬਜਾਏ ਵਹਿਮਾਂ-ਭਰਮਾਂ 'ਚ ਉਲਝੇ ਲੋਕਾਂ 'ਤੇ ਵੀ ਗੰਭੀਰ ਚੋਟਾਂ ਕੀਤੀਆਂ ਹਨ। ਕਾਮੇਡੀ ਅਤੇ ਗੰਭੀਰਤਾ ਦੇ ਸੁਮੇਲ ਇਸ ਨਾਟਕ ਰਾਹੀਂ ਗੁਰਚੇਤ ਨੇ ਬਹੁਤ ਹੀ ਬੇਬਾਕੀ ਨਾਲ ਡੇਰਾਵਾਦ, ਵਹਿਮ-ਭਰਮ, ਭਰੂਣ ਹੱਤਿਆ, ਬੇਰੁਜ਼ਗਾਰੀ, ਨੈਤਿਕ ਕਦਰਾਂ-ਕੀਮਤਾਂ ਤਿਆਗ ਰਹੀ ਨਵੀਂ ਪੀੜ੍ਹੀ, ਰਾਜਨੀਤਕ ਪ੍ਰਣਾਲੀ, ਭ੍ਰਿਸ਼ਟ ਅਫ਼ਸਰਸ਼ਾਹੀ ਤੇ ਪਰਿਵਾਰਕ ਪਰੰਪਰਾਵਾਂ ਦੇ ਪਤਨ ਦੀ ਤਸਵੀਰ ਪੇਸ਼ ਕੀਤੀ ਹੈ। ਨਾਟਕ ਦੇਖਦੇ ਹੋਏ ਦਰਸ਼ਕ ਜਿੱਥੇ ਤਕਰੀਬਨ ਦੋ ਘੰਟੇ ਹਾਸੇ ਨਾਲ ਲੋਟ-ਪੋਟ ਹੁੰਦੇ ਰਹਿੰਦੇ ਹਨ, ਉਥੇ ਸੇਧ ਦੇਣ ਵਾਲੇ ਦ੍ਰਿਸ਼ਾਂ ਨੂੰ ਤਾੜੀਆਂ ਨਾਲ ਸਲਾਹੁੰਦੇ ਵੀ ਨਹੀਂ ਥਕਦੇ। ਮਿਆਰੀ ਗੀਤ-ਸੰਗੀਤ ਅਤੇ ਕਾਵਿਕ ਰੰਗਤ ਵਾਲੇ ਸੰਵਾਦ ਨਾਟਕ ਦੇ ਪੱਧਰ ਨੂੰ ਉਪਰ ਚੁੱਕਦੇ ਹਨ।

ਜਗਦੀਪ ਸਿੰਘ ਜੱਗੀ ਧੂਰੀ ਦੇ ਨਿਰਦੇਸ਼ਨ ਹੇਠ ਵੱਖ ਵੱਖ ਕਿਰਦਾਰ ਨਿਭਾਉਣ ਵਾਲੇ ਕਲਾਕਾਰਾਂ ਦੀ ਅਦਾਕਾਰੀ ਇਸ ਨਾਟਕ ਦਾ ਇੱਕ ਹੋਰ ਵੱਡਾ ਹਾਸਿਲ ਹੈ। ਇਸ ਨਾਟਕ 'ਚ ਤਿੰਨ ਦਰਜਨ ਤੋਂ ਵਧੇਰੇ ਕਿਰਦਾਰ ਹਨ, ਜਿਨ੍ਹਾਂ ਨੂੰ ਫਿਲਮਾਂ ਤੇ ਰੰਗਮੰਚ ਦੇ ਸਥਾਪਤ ਸਿਰਫ਼ ਦਸ ਅਦਾਕਾਰ ਵਾਰ-ਵਾਰ ਸਰੂਪ ਬਦਲ ਕੇ ਨਿਭਾਉਂਦੇ ਹਨ। ਦੋ ਬਾਲ ਕਲਾਕਾਰਾਂ ਤੋਂ ਇਲਾਵਾ ਹਰੇਕ ਅਦਾਕਾਰ ਨੇ ਤਕਰੀਬਨ 3 ਤੋਂ 5 ਕਿਰਦਾਰ ਨਿਭਾਏ ਹਨ। ਗੁਰਚੇਤ ਚਿੱਤਰਕਾਰ, ਰਾਣਾ ਰਾਜ ਵਿਰਕ, ਗੁਰਦੀਪ ਕਕਰਾਲਾ, ਜਗਦੀਪ ਸਿੰਘ ਜੱਗੀ ਧੂਰੀ, ਹਰਪ੍ਰੀਤ ਸਿੰਘ ਗਿੱਲ, ਡਾ. ਵੰਦਨਾ ਕਪੂਰ, ਪ੍ਰਕਾਸ਼ ਗਾਧੂ, ਸਤਿੰਦਰ ਕੌਰ, ਦਿਲਾਵਰ ਸਿੱਧੂ, ਹੈਪੀ ਈਲਵਾਲ, ਬੇਅੰਤ ਕੌਰ, ਬਾਲ ਕਲਾਕਾਰ ਦਮਨਦੀਪ ਸੰਧੂ ਤੇ ਅਮਿਤੋਜ ਚਹਿਲ ਨੇ ਵੱਖ-ਵੱਖ ਕਿਰਦਾਰਾਂ ਨੂੰ ਨਿਭਾਇਆ ਹੈ। ਗੁਰਚੇਤ ਦੀ ਅਗਵਾਈ 'ਚ ਪੂਰੀ ਟੀਮ ਪੂਰਨ ਤਿਆਰੀ ਨਾਲ ਪੰਜਾਬ ਦੇ ਕੋਨੇ-ਕੋਨੇ 'ਚ ਇਸ ਨਾਟਕ ਦੀਆਂ ਪੇਸ਼ਕਾਰੀਆਂ ਕਰਨ ਲਈ ਤਿਆਰ ਹੋ ਚੁੱਕੀ ਹੈ।

-ਸੁਖਬੀਰ ਗਰੇਵਾਲ

# ਡਾਕਟਰ ਬਣਦੀ ਅਦਾਕਾਰ ਬਣੀ ਵਹੀਦਾ ਰਹਿਮਾਨ



ਬਚਪਨ 'ਚ ਡਾਕਟਰ ਬਣਨ ਦਾ ਸੁਪਨਾ ਦੇਖਣ ਵਾਲੀ ਵਹੀਦਾ ਰਹਿਮਾਨ ਦੀ ਕਿਸਮਤ 'ਚ ਹਿੰਦੀ ਸਿਨੇਮਾ ਦੇ ਸੁਨਹਿਰੇ ਦੌਰ ਦੀ ਮੁੱਖ ਹੀਰੋਇਨ ਬਣਨਾ ਹੀ ਲਿਖਿਆ ਸੀ। 'ਸੀ.ਆਈ.ਡੀ.', 'ਪਿਆਸਾ', 'ਕਾਗਜ਼ ਕੇ ਫੂਲ', 'ਬੀਸ ਸਾਲ ਬਾਦ' ਤੇ 'ਸਾਹਿਬ, ਬੀਵੀ ਔਰ ਗੁਲਾਮ' ਵਰਗੀਆਂ ਫ਼ਿਲਮਾਂ ਦੀ ਚਰਚਾ ਵਹੀਦਾ ਰਹਿਮਾਨ ਦੀ ਲਾਜਵਾਬ ਅਦਾਕਾਰੀ ਤੇ ਸੁੰਦਰਤਾ ਦੀ ਗੱਲ ਕੀਤੇ ਬਿਨਾ ਅਧੂਰੀ ਹੈ। ਬਾਲੀਵੁੱਡ ਦੇ ਸੁਨਹਿਰੇ ਦੌਰ ਦੀਆਂ ਮੁੱਖ ਨਾਇਕਾਵਾਂ 'ਚੋਂ ਇਕ ਵਹੀਦਾ ਰਹਿਮਾਨ ਦਾ ਜਨਮ ਤਾਮਿਲਨਾਡੂ ਦੇ ਚੇਂਗਲਪੱਟੂ 'ਚ 14 ਮਈ 1936 ਨੂੰ ਹੋਇਆ ਸੀ। ਵਹੀਦਾ ਦੇ ਪਿਤਾ ਡਿਸਟ੍ਰਿਕਟ ਕੁਲੈਕਟਰ ਸਨ ਜਿਨ੍ਹਾਂ ਦੀ ਮੌਤ ਉਦੋਂ ਹੋ ਗਈ ਜਦੋਂ ਵਹੀਦਾ ਅੱਲ੍ਹੜ ਉਮਰ 'ਚ ਹੀ ਸੀ। ਉਨ੍ਹਾਂ ਨੇ ਆਪਣੀ ਭੈਣ ਨਾਲ ਮੁੰਬਈ ਦੇ ਰਾਜੇਸ਼ਵਰੀ ਭਰਤਨਾਟਯ ਕਲਾ ਮੰਦਰ 'ਚ ਭਰਤਨਾਟਯਮ ਸਿੱਖਿਆ ਜਿਸ ਪਿੱਛੋਂ ਦੋਹਾਂ ਨੇ ਸਟੇਜ 'ਤੇ ਭਰਤਨਾਟਯਮ ਦੇ ਪ੍ਰੋਗਰਾਮ ਵੀ ਪੇਸ਼ ਕੀਤੇ। ਵਹੀਦਾ ਬਚਪਨ ਤੋਂ ਹੀ ਡਾਕਟਰ ਬਣਨ ਦਾ ਸੁਪਨਾ ਦੇਖਦੀ ਸੀ ਪਰ ਬੀਮਾਰੀ ਤੇ ਘਰੇਲੂ ਸਥਿਤੀਆਂ ਕਾਰਨ ਉਨ੍ਹਾਂ ਦਾ ਇਹ ਸੁਪਨਾ ਪੂਰਾ ਨਹੀਂ ਹੋ ਸਕਿਆ। ਪਿਤਾ ਦੀ ਮੌਤ ਤੋਂ ਇਕ ਸਾਲ ਪਿੱਛੋਂ ਹੀ ਵਹੀਦਾ ਨੇ ਤੇਲਗੂ ਤੇ ਤਾਮਿਲ ਫ਼ਿਲਮਾਂ ਨਾਲ ਸੁਨਹਿਰੀ ਪਰਦੇ 'ਤੇ ਆਪਣੇ ਫ਼ਿਲਮੀ ਸਫਰ ਦੀ ਸ਼ੁਰੂਆਤ ਕਰ ਦਿੱਤੀ। ਹਿੰਦੀ ਫ਼ਿਲਮਾਂ 'ਚ ਵਹੀਦਾ ਰਹਿਮਾਨ ਨੂੰ ਪ੍ਰਸਿੱਧ ਨਿਰਮਾਤਾ-ਨਿਰਦੇਸ਼ਕ ਗੁਰੂਦੱਤ ਦੀ ਖੋਜ ਮੰਨਿਆ ਜਾਂਦਾ ਹੈ। ਉਸ ਵੇਲੇ ਗੁਰੂਦੱਤ ਕਿਸੇ ਨਵੇਂ ਚਿਹਰੇ ਦੀ ਭਾਲ 'ਚ ਸਨ। ਹਿੰਦੀ ਫ਼ਿਲਮਾਂ 'ਚ ਆਪਣੀ ਸ਼ੁਰੂਆਤ ਵਹੀਦਾ ਨੇ ਗੁਰੂਦੱਤ ਦੀ ਫ਼ਿਲਮ 'ਸੀ.ਆਈ.ਡੀ.' 'ਚ ਖਲਨਾਇਕਾ ਦੇ ਰੋਲ ਨਾਲ ਕੀਤੀ ਜੋ ਸੁਪਰਹਿੱਟ ਰਹੀ। ਇਸ ਪਿੱਛੋਂ ਗੁਰੂਦੱਤ ਨੇ ਫ਼ਿਲਮ 'ਪਿਆਸਾ' 'ਚ ਉਨ੍ਹਾਂ ਨੂੰ ਲੀਡ ਰੋਲ ਦਿੱਤਾ। ਪਿੱਛੋਂ ਵਹੀਦਾ ਰਹਿਮਾਨ ਤੇ ਗੁਰੂਦੱਤ ਨੇ ਇਕੱਠਿਆਂ 'ਕਾਗਜ਼ ਕੇ ਫੂਲ' 'ਚ ਅਦਾਕਾਰੀ ਕੀਤੀ। ਵਹੀਦਾ ਰਹਿਮਾਨ ਦੇ ਕੈਰੀਅਰ ਤੇ ਨਿੱਜੀ ਜ਼ਿੰਦਗੀ 'ਤੇ ਗੁਰੂਦੱਤ ਦਾ ਡੂੰਘਾ ਪ੍ਰਭਾਵ ਸੀ ਪਰ ਹਾਲਾਤ ਨੇ ਅਜਿਹਾ ਮੋੜ ਲਿਆ ਕਿ ਉਨ੍ਹਾਂ ਦੋਹਾਂ ਦੇ ਰਸਤੇ ਹਮੇਸ਼ਾ ਲਈ ਵੱਖ ਹੋ ਗਏ। ਉਂਜ ਦੋਹਾਂ ਨੇ 60 ਦੇ ਦਹਾਕੇ 'ਚ ਵੀ ਫ਼ਿਲਮਾਂ 'ਚ ਇਕੱਠਿਆਂ ਕੰਮ ਕਰਨਾ ਜਾਰੀ ਰੱਖਿਆ। ਇਸ ਦੌਰ 'ਚ ਉਨ੍ਹਾਂ ਦੀਆਂ ਫ਼ਿਲਮਾਂ 'ਚੌਦ੍ਹਵੀਂ ਕਾ ਚਾਂਦ' ਤੇ 'ਸਾਹਿਬ, ਬੀਵੀ ਔਰ ਗੁਲਾਮ' ਆਈਆਂ।

ਇਸ ਪਿੱਛੋਂ ਉਨ੍ਹਾਂ ਦੀਆਂ ਕੁਝ ਫ਼ਿਲਮਾਂ ਫਲਾਪ ਰਹੀਆਂ ਤੇ ਉਨ੍ਹਾਂ ਨੇ ਅਦਾਕਾਰ ਕਮਲਜੀਤ ਸਿੰਘ ('ਸ਼ਗੁਨ' ਦਾ ਹੀਰੋ) ਨਾਲ 1974 'ਚ ਵਿਆਹ ਕਰ ਲਿਆ। ਵਿਆਹ ਪਿੱਛੋਂ ਉਨ੍ਹਾਂ ਨੇ ਫ਼ਿਲਮਾਂ ਤੋਂ ਕਿਨਾਰਾ ਕਰ ਲਿਆ ਤੇ ਬੰਗਲੌਰ 'ਚ ਰਹਿਣ ਲੱਗੀ। ਉਨ੍ਹਾਂ ਦੇ ਇਕ ਬੇਟਾ ਸੋਹੇਲ ਤੇ ਬੇਟੀ ਕਸ਼ਵੀ ਹਨ। ਇਸ ਪਿੱਛੋਂ ਉਨ੍ਹਾਂ ਨੇ 1991 'ਚ 'ਲਮਹੇ' 'ਚ ਅਦਾਕਾਰੀ ਕੀਤੀ ਤੇ 12 ਸਾਲਾਂ ਤਕ ਫਿਰ ਫ਼ਿਲਮਾਂ ਤੋਂ ਗਾਇਬ ਰਹੀ। ਸਾਲ 2000 'ਚ ਲੰਬੀ ਬੀਮਾਰੀ ਪਿੱਛੋਂ ਉਨ੍ਹਾਂ ਦੇ ਪਤੀ ਦੀ ਮੌਤ ਹੋ ਗਈ ਤੇ ਉਹ ਮੁੰਬਈ 'ਚ ਆਪਣੇ ਬੰਗਲੇ 'ਚ ਆ ਕੇ ਰਹਿਣ ਲੱਗੀ। ਪਿਛਲੇ ਕੁਝ ਸਮੇਂ ਤੋਂ ਵਹੀਦਾ ਰਹਿਮਾਨ ਮਾਂ ਤੇ ਦਾਦੀ ਦੇ ਕਿਰਦਾਰਾਂ 'ਚ ਦਰਸ਼ਕਾਂ ਨੂੰ ਪਰਦੇ 'ਤੇ ਨਜ਼ਰ ਆਉਂਦੀ ਰਹੀ ਹੈ। 'ਓਮ ਜਯ ਜਗਦੀਸ਼' (2002), 'ਵਾਟਰ' (2005), 'ਰੰਗ ਦੇ ਬਸੰਤੀ' (2006), 'ਦਿੱਲੀ-6' (2009) ਵਰਗੀਆਂ ਫ਼ਿਲਮਾਂ 'ਚ ਉਨ੍ਹਾਂ ਦੀ ਮੌਜੂਦਗੀ ਖਾਸ ਰਹੀ। ਵਹੀਦਾ ਰਹਿਮਾਨ ਨੂੰ ਸਿਨੇਮਾ 'ਚ ਉਨ੍ਹਾਂ ਦੇ ਵਿਲੱਖਣ ਯੋਗਦਾਨ ਲਈ ਪਦਮਸ਼੍ਰੀ (1972) ਤੇ ਪਦਮ ਭੂਸ਼ਨ (2011) ਵਰਗੇ ਨਾਗਰਿਕ ਐਵਾਰਡਾਂ ਨਾਲ ਨਿਵਾਜਿਆ ਜਾ ਚੁੱਕਾ ਹੈ।



ਇਕ ਪਾਰਟੀ ਦੌਰਾਨ ਰਿਸ਼ੀ ਕਪੂਰ ਨੂੰ ਲਾਡ ਕਰ ਰਹੀ ਵਹੀਦਾ ਰਹਿਮਾਨ

# ਬੁਲੰਦ ਹੌਂਸਲੇ ਵਾਲੀ ਸੁਸ਼ਮਿਤਾ ਸੇਨ



ਐਸ਼ਵਰਿਆ ਰਾਏ ਕਿਤੇ ਦੀ ਕਿਤੇ ਪਹੁੰਚ ਗਈ ਪਰ ਸੁਸ਼ਮਿਤਾ ਸੇਨ ਹੋਰ ਪਛੜ ਗਈ। ਹਾਲਾਂਕਿ ਦੋਵੇਂ ਹੀ ਵਿਸ਼ਵ ਸੁੰਦਰੀਆਂ ਬਣ ਚੁੱਕੀਆਂ ਹਨ। ਕੈਰੀਅਰ ਇਕੱਠਿਆਂ ਸ਼ੁਰੂ ਕੀਤਾ ਜਦਕਿ ਸੁਸ਼ ਦੇ ਪੱਲੇ ਸੰਘਰਸ਼ ਤੇ ਐਸ਼ ਦੇ ਪੱਲੇ ਚੰਗੇ ਨਿਰਦੇਸ਼ਕ ਤੇ ਚੰਗੀਆਂ ਫ਼ਿਲਮਾਂ ਪਈਆਂ। ਹਾਲ ਦੀ ਘੜੀ ਸੁਸ਼ਮਿਤਾ ਇਕ ਤਰ੍ਹਾਂ ਨਾਲ ਆਰਾਮ ਫਰਮਾ ਰਹੀ ਹੈ। ਅੱਗੇ ਵਧਣ ਦੀ ਅਜੇ ਕੋਈ ਸੰਭਾਵਨਾ ਨਜ਼ਰ ਨਹੀਂ ਰਹੀ। ਫਿਰ ਵੀ ਸੁਸ਼ ਨੇ ਹਿੰਮਤ ਨਹੀਂ ਹਾਰੀ। ਉਹ ਚੱਲ ਸੋ ਚੱਲ ਹੈ। 'ਦੁਲਹਾ ਮਿਲ ਗਿਆ', 'ਡੂ ਨਾਟ ਡਿਸਟਰਬ' ਤੇ 'ਨੋ ਪ੍ਰਾਬਲਮ' ਸੁਸ਼ਮਿਤਾ ਦੀਆਂ ਇਹ ਫ਼ਿਲਮਾਂ ਨਹੀਂ ਚੱਲੀਆਂ। ਜ਼ਾਹਰ ਹੈ ਕਿ ਉਸ ਦੇ ਦਿਲ ਨੂੰ ਠੇਸ ਪਹੁੰਚਦੀ ਹੈ। ਵੈਸੇ ਉਹ ਆਪਣੀਆਂ ਇਨ੍ਹਾਂ ਫ਼ਿਲਮਾਂ ਨੂੰ ਪੂਰੀ ਤਰ੍ਹਾਂ ਫੇਲ੍ਹ ਨਹੀਂ ਸਮਝਦੀ। ਹਕੀਕਤ ਇਹ ਹੈ ਕਿ ਖੁਦ ਵੀ ਸੁਸ਼ਮਿਤਾ ਲਾਪ੍ਰਵਾਹ ਹੈ। ਕੈਰੀਅਰ ਲਈ ਗੰਭੀਰ ਨਹੀਂ ਹੈ ਤੇ ਕਦੀ-ਕਦੀ ਫ਼ਿਲਮਾਂ ਦੀ ਚੋਣ ਵੀ ਗ਼ਲਤ ਕਰਦੀ ਹੈ। ਫ਼ਿਲਮ ਚਿੰਗਾਰੀ ਇਸ ਦੀ ਮਿਸਾਲ ਹੈ।

ਆਪਣੇ ਪੈਰੀਂ ਆਪ ਕੁਹਾੜਾ ਉਸ ਨੇ ਮਾਰਿਆ ਹੈ। ਉਹ ਬਾਲੀਵੁੱਡ 'ਚ ਸਟਾਰ ਬਣਨਾ ਹੀ ਨਹੀਂ ਚਾਹੁੰਦੀ ਕਿਉਂਕਿ ਉਸ ਦੇ ਜੀਵਨ ਦਾ ਮੰਤਵ ਕੁਝ ਹੋਰ ਹੈ। ਜਿਹੜਾ ਹਿੱਟ ਉਸ ਦੀ ਪੂਜਾ, ਉਹ ਇਹ ਜਾਣਦੀ ਹੈ। ਉਸ ਉਪਰ ਵਾਲੇ ਦੀ ਮਿਹਰ ਨਾਲ ਸੁਸ਼ ਦੇ ਪ੍ਰਸ਼ੰਸਕ ਕਾਫ਼ੀ ਹਨ। ਹੁਣ ਜੈਕੀ ਭਗਨਾਨੀ ਨਾਲ ਉਸ ਦੀ ਨਵੀਂ ਫ਼ਿਲਮ ਜ਼ਰੂਰ ਚਰਚਾ 'ਚ ਹੈ। ਸੁਸ਼ਮਿਤਾ ਆਪਣੀਆਂ ਸ਼ਰਤਾਂ 'ਤੇ ਜਿਊਣ ਵਾਲੀ ਅਭਿਨੇਤਰੀ ਹੈ ਤੇ ਦੁਨੀਆਂ ਦੀ ਉਸ ਨੂੰ ਕੋਈ ਪ੍ਰਵਾਹ ਨਹੀਂ ਹੈ।

# ਹੁਣ ਆਸ਼ਾ ਭੌਂਸਲੇ ਦੀ ਅਦਾਕਾਰੀ ਦਾ ਜਲਵਾ



ਫਿਲਮ ਉਦੋਯਗ ਵਿਚ ਜਦੋਂ ਇਹ ਖ਼ਬਰ ਫੈਲੀ ਕਿ ਗਾਇਕਾ ਆਸ਼ਾ ਭੌਂਸਲੇ ਹੁਣ ਫ਼ਿਲਮ 'ਮਾਈ' ਰਾਹੀਂ ਅਭਿਨੈ ਜਗਤ ਵਿਚ ਆਪਣਾ ਆਗਮਨ ਕਰ ਰਹੀ ਹੈ, ਉਦੋਂ ਇਹ ਕਿਹਾ ਜਾਣ ਲੱਗਿਆ ਕਿ ਇਹ ਮਰਾਠੀ ਫ਼ਿਲਮ ਹੋਵੇਗੀ ਪਰ ਅਸਲ ਵਿਚ 'ਮਾਈ' ਹਿੰਦੀ ਫ਼ਿਲਮ ਹੈ ਤੇ ਇਹ ਫ਼ਿਲਮ ਮਹੇਸ਼ ਕੋਡੀਆਲ ਵੱਲੋਂ ਨਿਰਦੇਸ਼ਿਤ ਕੀਤੀ ਜਾ ਰਹੀ ਹੈ। ਆਸ਼ਾ ਭੌਂਸਲੇ ਨਾਲ ਇਸ ਫ਼ਿਲਮ ਵਿਚ ਪਦਮਿਨੀ ਕੋਲਹਾਪੁਰੀ ਹੈ ਜੋ ਇਸ ਵਿਚ ਉਨ੍ਹਾਂ ਦੀ ਬੇਟੀ ਬਣੀ ਹੈ ਤੇ ਪਦਮਿਨੀ ਦੇ ਪਤੀ ਦੀ ਭੂਮਿਕਾ ਵਿਚ ਰਾਮ ਕਪੂਰ ਹਨ ਤੇ ਇਨ੍ਹਾਂ ਦੀ ਬੇਟੀ ਦੀ ਭੂਮਿਕਾ ਸ਼ਿਵਾਨੀ ਵੱਲੋਂ ਨਿਭਾਈ ਜਾ ਰਹੀ ਹੈ।

ਫਿਲਮ 'ਮਾਈ' ਵਿਚ ਆਪਣੇ ਆਗਮਨ ਬਾਰੇ ਆਸ਼ਾ ਨੇ ਕਿਹਾ ਕਿ ਉਹ ਜਦੋਂ ਪੂਨਾ ਵਿਚ ਇਕ ਸ਼ੋਅ ਕਰਨ ਗਈ ਸੀ ਤਾਂ ਉਥੇ ਇਸ ਫ਼ਿਲਮ ਦੇ ਨਿਰਮਾਤਾ ਨਿਤਿਨ ਸ਼ੰਕਰ ਨੇ ਫ਼ਿਲਮ ਦੀ ਕਹਾਣੀ ਸੁਣਾਈ ਸੀ। ਜਦੋਂ ਉਨ੍ਹਾਂ ਨੇ ਕਿਹਾ ਕਿ ਫ਼ਿਲਮ ਦਾ ਨਾਂ 'ਮਾਈ' ਹੈ ਤਾਂ ਮੈਨੂੰ ਇਹ ਟਾਈਟਲ ਉਸੇ ਵੇਲੇ ਅਪੀਲ ਕਰ ਗਿਆ ਕਿਉਂਕਿ ਅਸੀਂ ਆਪਣੀ ਮਾਂ ਨੂੰ ਮਾਈ ਕਿਹਾ ਕਰਦੇ ਸੀ। ਮੇਰੇ ਬੇਟੇ ਆਨੰਦ ਨੇ ਵੀ ਇਹ ਫ਼ਿਲਮ ਕਰਨ ਦੀ ਗੁਜ਼ਾਰਿਸ਼ ਕੀਤੀ ਤੇ ਕਿਉਂਕਿ ਮੈਂ ਆਪਣੇ ਬੇਟੇ ਨੂੰ ਨਾਂਹ ਨਹੀਂ ਕਹਿ ਸਕਦੀ ਸੀ। ਸੋ, ਮੈਂ ਹਾਂ ਕਹਿ ਦਿੱਤੀ। ਹੁਣ ਹਾਂ ਤਾਂ ਕਹਿ ਦਿੱਤੀ ਪਰ ਬਾਅਦ ਵਿਚ ਮੈਨੂੰ ਲੱਗਿਆ ਕਿ ਮੇਰੇ ਤੋਂ ਐਕਟਿੰਗ ਨਹੀਂ ਹੋ ਪਾਏਗੀ। ਫਿਰ ਲਤਾ ਦੀਦੀ ਨੇ ਮੇਰਾ ਉਤਸ਼ਾਹ ਵਧਾਇਆ। ਉਨ੍ਹਾਂ ਨੇ ਮੈਨੂੰ ਯਾਦ ਦਿਵਾਇਆ ਕਿ ਜਦੋਂ ਮੈਂ ਨੌਂ ਸਾਲ ਦੀ ਸੀ ਤਾਂ ਉਦੋਂ ਮੈਂ ਫ਼ਿਲਮ 'ਬੜੀ ਮਾਂ' ਵਿਚ ਐਕਟਿੰਗ ਕੀਤੀ ਸੀ। ਉਸ ਫ਼ਿਲਮ ਲਈ ਦੀਦੀ ਨੇ ਗੀਤ ਗਾਇਆ ਸੀ ਤੇ ਉਹ ਗੀਤ ਮੇਰੇ 'ਤੇ ਫ਼ਿਲਮਾਇਆ ਗਿਆ ਸੀ। ਮੈਨੂੰ ਹੌਸਲਾ ਦੇਣ ਲਈ ਦੀਦੀ ਨੇ ਉਹ ਗੀਤ 'ਮਾਂ ਮੇਰੀ ਮਾਂ...' ਫਿਰ ਇਕ ਵਾਰ ਗਾ ਕੇ ਸੁਣਾਇਆ ਤੇ ਉਸ ਤੋਂ ਬਾਅਦ ਆਸ਼ੀਰਵਾਦ ਦਿੱਤਾ। ਹੁਣ ਮੈਂ ਸੋਚਦੀ ਹਾਂ ਕਿ ਅਸੀਂ ਗਾਇਕ ਲੋਕ ਸਟੇਜ ਸ਼ੋਅ ਦੌਰਾਨ ਮੰਚ 'ਤੇ ਥੋੜ੍ਹੀ ਬਹੁਤ ਐਕਟਿੰਗ ਹੀ ਕਰਦੇ ਹੁੰਦੇ ਹਾਂ। ਐਕਟਿੰਗ ਦਾ ਉਹ ਤਜਰਬਾ ਤੇ ਕੁਝ ਵੀਡੀਓ ਐਲਬਮ ਦਾ ਤਜਰਬਾ ਹੁਣ ਮੇਰੇ ਇਸ ਫ਼ਿਲਮ ਵਿਚ ਕੰਮ ਆਵੇਗਾ।'

ਆਸ਼ਾ ਭੌਂਸਲੇ ਅਨੁਸਾਰ ਉਸ ਦੌਰ ਵਿਚ ਜਦੋਂ ਲਾਈਵ ਰਿਕਾਰਡਿੰਗ ਹੋਇਆ ਕਰਦੀ ਸੀ, ਉਦੋਂ ਰਿਹਰਸਲ ਜਾਂ ਰਿਕਾਰਡਿੰਗ ਦੌਰਾਨ ਮਧੂਬਾਲਾ, ਨਰਗਿਸ, ਆਸ਼ਾ ਪਾਰਿਖ ਆਦਿ ਹੀਰੋਇਨਾਂ ਰਿਕਾਰਡਿੰਗ ਰੂਮ ਵਿਚ ਆਇਆ ਕਰਦੀਆਂ ਸਨ ਤੇ ਉਨ੍ਹਾਂ ਦਾ ਚਿਹਰਾ ਦੇਖ ਕੇ ਉਹ ਇਹ ਜਾਣ ਲੈਂਦੀਆਂ ਸਨ ਕਿ ਕਿਸ ਮੂਡ ਵਿਚ ਉਨ੍ਹਾਂ ਗਾਉਣਾ ਹੈ। ਉਦੋਂ ਉਨ੍ਹਾਂ ਨੇ ਕਈ ਹੀਰੋਇਨਾਂ ਨੂੰ ਅਭਿਨੈ ਕਰਦੇ ਨੇੜੇ ਤੋਂ ਦੇਖਿਆ ਸੀ ਤੇ ਅਭਿਨੈ ਬਾਰੇ ਮੈਂ ਜਾਣਕਾਰੀ ਹਾਸਲ ਕਰਦੀ ਸੀ। ਇਸ ਤਰ੍ਹਾਂ ਦੀ ਗੱਲ ਨਹੀਂ ਹੈ ਕਿ ਉਹ ਇਸ ਫ਼ਿਲਮ ਵਿਚ ਕੇਵਲ ਅਭਿਨੈ ਹੀ ਕਰੇਗੀ। ਫ਼ਿਲਮ ਦੇ ਇਕ ਗੀਤ ਵਿਚ ਉਨ੍ਹਾਂ ਦੀ ਆਵਾਜ਼ ਵੀ ਸੁਣਨ ਨੂੰ ਮਿਲੇਗੀ। ਉਨ੍ਹਾਂ ਨੇ ਫ਼ਿਲਮ ਲਈ ਇਕ ਲੋਰੀ ਗਾਈ ਹੈ ਤੇ ਇਹ ਲੋਰੀ ਯਸ਼ ਰਾਜ ਰਿਕਾਰਡਿੰਗ ਸਟੂਡੀਓ ਵਿਚ ਰਿਕਾਰਡ ਕੀਤੀ ਗਈ ਹੈ।


Vista
CCTV TECHNOLOGY
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
$599
$1199
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV
on your iPhone!
3G
Mobile
Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# Pacific Coast Law Firm P.C.

Lance V Friel, Attorney at Law    Kirandeep K Sihota, Attorney at Law

## Over 10 Years of experience

### ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

> Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
> Bankruptcy (Ch 7) ਬੈਂਕਰਪਸੀ (ਚੈਪਟਰ 7)
> Family Law (Divorce, Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)

Unlawful Detainer/Eviction ਕਿਰਾਏਦਾਰ ਦਾ ਕਬਜ਼ਾ/ਬੇਦਖਲੀ
Probate (Wills & Trusts) ਪਰੋਬੇਟ (ਵਸੀਅਤਾਂ ਅਤੇ ਟਰੱਸਟ)




*Kirandeep K Sihota and Lance V Friel*

**Business Formation and Tax** (installment agreement)
ਬਿਜਨਸ ਦੀ ਸਥਾਪਨਾ ਅਤੇ ਟੈਕਸ (ਕਿਸ਼ਤਨਾਮਾ)

*Free Consultation ਮੁਫਤ ਸਲਾਹ-ਮਸ਼ਵਰਾ*

**Ph.209-475-6001**
2351 W. March Lane Suite A,
Stockton, CA 95207







# ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਕਮਰ, ਡਿਸਕ ਅਤੇ ਰੀਹ ਦੀ ਦਰਦ ਦੇ ਮਰੀਜ ਸਾਵਧਾਨ

**ਸਟਾਕਟਨ, ਕੈਲੀਫੋਰਨੀਆ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਹੜੇ ਲੋਕਾਂ ਨੂੰ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਲਈ ਜਿਊਣਾ ਮੁਹਾਲ ਹੋ ਜਾਂਦਾ ਹੈ। ਬੈਠਿਆਂ ਦਰਦ ਹੁੰਦੀ ਹੈ, ਖੜੋਤਿਆਂ, ਦੌੜਦਿਆਂ, ਤੁਰਦਿਆਂ, ਉਠਦਿਆਂ, ਗੱਡੀ ਚਲਾਉਂਦਿਆਂ ਅਤੇ ਕਈਆਂ ਨੂੰ ਤਾਂ ਲੇਟਿਆਂ ਵੀ ਦਰਦ ਹੁੰਦੀ ਹੈ। ਬੰਦਾ ਫਿਕਰਾਂ 'ਚ ਪੈ ਜਾਂਦਾ ਹੈ, ਇਸ ਦਰਦ ਤੋਂ ਕਦੀ ਛੁਟਕਾਰਾ ਵੀ ਮਿਲੇਗਾ? ਭਾਂਤ-ਭਾਂਤ ਦੇ ਇਲਾਜ ਅਜ਼ਮਾ ਚੁਕੇ ਲੋਕਾਂ ਨੂੰ ਜਾਪਣ ਲੱਗਦਾ ਹੈ ਕਿ ਜਿੰਨੇ ਮਰਜੀ ਇਲਾਜ ਕਰਵਾ ਲਵੋ, ਦਰਦ ਤੋਂ ਛੁਟਕਾਰਾ ਹੁਣ ਨਹੀਂ ਮਿਲਣਾ।


ਸਭ ਕੁਝ ਅਜ਼ਮਾ ਚੁਕੇ ਹੋ ਤੇ ਕਾਸੇ ਨਾਲ ਵੀ ਫਰਕ ਨਹੀਂ ਪਿਆ!



ਮੈਨੂੰ 2007 ਤੋਂ ਜਾਨ ਕੱਢਦੀ ਕਮਰ ਦਰਦ ਰਹਿੰਦੀ ਸੀ। ਕਾਇਜ਼ਰ ਹਸਪਤਾਲ ਵਿਚ ਇਲਾਜ ਦੌਰਾਨ ਬਹੁਤ ਸਾਰੀਆਂ ਦਵਾਈਆਂ ਦਿੱਤੀਆਂ ਗਈਆਂ, ਐਪੀਡਿਊਰਲ ਟੀਕੇ ਲਾਏ ਗਏ, ਕੋਈ ਆਰਾਮ ਨਾਂ ਆਇਆ। ਫਿਰ ਮੈਂ ਅਖਬਾਰ ਵਿਚ ਇਸ ਕਲੀਨਿਕ ਬਾਰੇ ਪੜ੍ਹਿਆ। ਮੈਂ ਕਾਇਜ਼ਰ ਵਾਲੇ ਡਾਕਟਰ ਨਾਲ ਰੀੜ ਦੀ ਹੱਡੀ ਦੇ ਇਲਾਜ ਬਾਰੇ ਗੱਲ ਕੀਤੀ ਤਾਂ ਉਸ ਦਾ ਕਹਿਣਾ ਸੀ, ਮੇਰੇ ਲਈ ਇਹ ਢੁਕਵੀਂ ਨਹੀਂ। ਮੈਂ ਆਪਣੀ ਸਿਹਤ ਦੀ ਆਪ ਵਕੀਲ ਬਣਨ ਦਾ ਫੈਸਲਾ ਕੀਤਾ, ਡਾ. ਸਿਹੋਤਾ ਡੀ. ਸੀ. ਨੂੰ ਮਿਲੀ। ਜਦੋਂ ਮੈਂ ਇਸ ਕਲੀਨਿਕ 'ਚ ਆਈ ਤਾਂ ਖੂੰਡੀ ਫੜ ਕੇ ਚਲਦੀ ਸੀ, ਦਰਦ ਦਾ ਪੱਧਰ 10/10 ਸੀ।

ਦੋ ਹਫਤਿਆਂ ਦੇ ਇਲਾਜ ਉਪਰੰਤ ਮੇਰੇ ਲਈ ਆਪਣੀ ਖੂੰਡੀ ਦੀ ਕੋਈ ਲੋੜ ਨਹੀਂ ਸੀ ਰਹਿ ਗਈ। ਹੁਣ ਤਕ ਮੇਰੀ 70% ਦਰਦ ਜਾਂਦੀ ਰਹੀ ਹੈ ਅਤੇ ਮੇਰੀ ਹਿਲਜੁਲ ਕਾਫੀ ਹੱਦ ਤਕ ਪਰਤ ਆਈ ਹੈ। ਕਮਰ ਦਰਦ ਸਹਿ ਰਹੇ ਸਭ ਮਰੀਜ਼ਾਂ ਨੂੰ ਮੇਰੀ ਸਲਾਹ ਹੈ ਕਿ ਢੇਰੀ ਨਾ ਢਾਓ ਅਤੇ ਹਿੰਮਤ ਰਖੋ। ਬਿਨਾ ਦਵਾਈਆਂ ਅਤੇ ਸਰਜਰੀ ਦੇ ਕਮਰ ਦਰਦ ਤੋਂ ਛੁਟਕਾਰਾ ਪਾ ਕੇ ਆਪਣੀ ਜਿੰਦਗੀ ਨੂੰ ਬਿਹਤਰ ਬਣਾਉਣ ਲਈ ਡਾ. ਸਿਹੋਤਾ ਨਾਲ ਸਲਾਹ ਕਰੋ। ਮੈਂ ਮਹਿਸੂਸ ਕਰਦਾ ਹਾਂ ਕਿ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਦੀ ਪੇਸ਼ੇਵਾਰਾਨਾ ਪਹੁੰਚ ਅਤੇ ਵਿਹਾਰ ਉਨ੍ਹਾਂ ਦੀ ਕਲੀਨਿਕ ਦੇ ਇਲਾਜ ਦਾ ਹੀ ਇਕ ਹਿੱਸਾ ਹੈ। ***-ਈਸਾ ਐਸ. ਡਿਟੈਨਸ਼ਨ ਅਫਸਰ, ਉਮਰ 61 ਸਾਲ***

---



ਮੈਨੂੰ ਪਿਛਲੇ ਕਈ ਸਾਲਾਂ ਤੋਂ ਕਮਰ ਦਰਦ ਸੀ। ਮੈਂ ਐਕਿਊਪੰਕਚਰ ਅਜਮਾਇਆ, ਤਿੰਨ ਵਾਰ ਐਪੀਡਿਊਰਲ ਟੀਕੇ ਲਵਾਏ ਪਰ ਕੋਈ ਲਾਭ ਨਾ ਹੋਇਆ। ਮੈਨੂੰ ਕੋਈ ਨਵਾਂ ਇਲਾਜ ਅਜਮਾਉਣ ਤੋਂ ਝਿਜਕ ਹੁੰਦੀ ਸੀ ਪਰ ਮੈਂ ਖੁਸ਼ ਹਾਂ ਕਿ ਮੈਂ ਅਜਮਾਇਆ। ਮੈਂ 50 ਗਜ ਵੀ ਨਹੀਂ ਚਲ ਸਕਦਾ ਸਾਂ ਕਿਉਂਕਿ ਕਮਰ ਦਰਦ ਹੀ ਇਨੀ ਹੁੰਦੀ ਸੀ। ਮੈਨੂੰ ਸਾਹ ਲੈਣ ਲਈ ਬਹਿਣਾ ਪੈਂਦਾ। ਜਦੋਂ ਦਾ ਮੈਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਹੈ, ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਤੁਰ ਸਕਦਾ ਹਾਂ ਅਤੇ ਕੋਈ ਦਰਦ ਵੀ ਨਹੀਂ ਹੁੰਦੀ। ਆਪਣੇ-ਆਪ ਵਿਚ ਇਹ ਵੀ ਕੋਈ ਘੱਟ ਆਰਾਮ ਨਹੀਂ। ਜਦੋਂ ਕਦੀ ਮੈਨੂੰ ਲੰਬਾ ਸਮਾਂ ਖੜੇ ਹੋਣਾ ਪੈਂਦਾ ਹੈ ਤਾਂ ਅਜੇ ਵੀ ਦਰਦ ਹੁੰਦੀ ਹੈ ਪਰ ਬਿਸਤਰੇ ਵਿਚੋਂ ਮੈਂ ਬਿਨਾ ਮੁਸ਼ਕਿਲ ਉਠ ਸਕਦਾ ਹਾਂ। ਸਮੁਚੇ ਤੌਰ 'ਤੇ ਇਸ ਇਲਾਜ ਦਾ ਮੈਨੂੰ ਕਾਫੀ ਲਾਭ ਹੋਇਆ ਹੈ ਅਤੇ ਮੈਂ ਪਹਿਲਾਂ ਦੇ ਮੁਕਾਬਲੇ ਕਾਫੀ ਚੜ੍ਹਦੀ ਕਲਾ ਵਿਚ ਹਾਂ, ਢੇਰੀ ਢਾਊ ਨਹੀਂ ਰਿਹਾ। ***-ਗੈਰਾਲਡ ਪੀ., ਰਿਟਾਇਰਡ, ਉਮਰ 70 ਸਾਲ।***

ਸੋਜ ਘਟਾਉਣ ਵਾਲੀਆਂ ਦਵਾਈਆਂ, ਕਾਇਰੋਪ੍ਰੈਕਟਿਸ, ਯੋਗਾ, ਕਸਰਤ, ਫਿਜ਼ੀਲਕ ਥੈਰਪੀ, ਸਟ੍ਰੈਚਿੰਗ, ਦਵਾਈਆਂ, ਸਰਜ਼ਰੀ, ਲੱਕ ਦੀਆਂ ਪੇਟੀਆਂ, ਨੈਚੁਰਲ ਸਪਲੀਮੈਂਟ, ਕਿਤਾਬਾਂ, ਦੇਸੀ ਨੁਸਖੇ, ਸੇਕ, ਰੀੜ ਦੀ ਹੱਡੀ 'ਚ ਇੰਜੈਕਸ਼ਨ, ਬਰਫ, ਗੱਲ ਕੀ ਹਰ ਸ਼ੈਅ ਅਜ਼ਮਾ ਚੁਕੇ ਹੋ ਪਰ ਕੋਈ ਫਰਕ ਨਹੀਂ ਪਿਆ ਤਾਂ ਇਕ ਵਾਰੀ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਨੂੰ ਕਾਲ ਜ਼ਰੂਰ ਕਰੋ ਉਹ ਅਗਲੇ 72 ਘੰਟੇ ਲਈ ਆਪਣਾ ਮਾਹਿਰਾਨਾ ਮਸ਼ਵਰਾ ਬਿਲਕੁਲ ਮੁਫਤ ਦੇਣਗੇ। ਬਸ, ਸਾਰੀਆਂ ਅਪੁਆਇੰਟਮੈਂਟਾਂ ਬੁੱਕ ਹੋ ਜਾਣ ਤੋਂ ਪਹਿਲਾਂ ਪਹਿਲਾਂ ਕਾਲ ਕਰ ਲਓ। ਡਾ. ਜਗਜੀਤ ਸਿੰਘ ਸਿਹੋਤਾ, ਡੀ.ਸੀ. ਨੇ ਆਪਣਾ ਮਾਹਿਰਾਨਾ ਮਸ਼ਵਰਾ ਬਿਨਾ ਕਿਸੇ ਫੀਸ ਅਤੇ ਬਿਨਾ ਕਿਸੇ ਬੰਦਿਸ਼ ਦੇ ਦੇਣ ਦਾ ਫੈਸਲਾ ਸਟਾਕਟਨ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੀ ਕਮਰ ਦਰਦ, ਡਿਸਕ ਅਤੇ ਗਰਦਨ ਦੀ ਦਰਦ ਨੂੰ ਮੁੱਖ ਰੱਖਦਿਆਂ ਕੀਤਾ ਹੈ।

ਇਸ ਡਾਕਟਰ ਵਲੋਂ ਕਮਰ, ਡਿਸਕ ਅਤੇ ਗਰਦਨ ਦੇ ਦਰਦ ਦੇ ਕੀਤੇ ਜਾਂਦੇ ਇਲਾਜ ਦਾ ਮਰੀਜਾਂ ਨੂੰ ਏਨਾ ਫਾਇਦਾ ਹੋਇਆ ਹੈ ਕਿ ਇਨ੍ਹਾਂ ਦਰਦਾਂ ਤੋਂ ਪ੍ਰੇਸ਼ਾਨ ਲੋਕ ਉਸ ਦੀ ਕਲੀਨਿਕ ਵੱਲ ਵਹੀਰਾਂ ਘੱਤ ਕੇ ਤੁਰੇ ਆ ਰਹੇ ਹਨ। ਉਸ ਨੇ ਉਨ੍ਹਾਂ ਲੋਕਾਂ ਨੂੰ ਆਸ ਦੀ ਇਕ ਸੱਚੀ ਕਿਰਨ ਦਿਖਾਈ ਹੈ ਜੋ ਜੋੜਾਂ ਦੇ ਦਰਦ ਲਈ ਸਭੋ ਕੁਝ ਅਜ਼ਮਾ ਚੁਕੇ ਹਨ ਪਰ ਕੋਈ ਫਾਇਦਾ ਨਹੀਂ ਹੋਇਆ। ਉਸ ਦੀ ਇਲਾਜ ਪ੍ਰਣਾਲੀ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਕੋਈ ਦਵਾਈ ਨਹੀਂ ਦਿੱਤੀ ਜਾਂਦੀ, ਕੋਈ ਸਰਜ਼ਰੀ ਨਹੀਂ ਕੀਤੀ ਜਾਂਦੀ ਅਤੇ ਕੋਈ ਇੰਜੈਕਸ਼ਨ ਨਹੀਂ ਦਿੱਤੇ ਜਾਂਦੇ। ਇਸ ਤੋਂ ਉਪਰ ਇਹ ਵੀ ਕਿ ਇਹ ਇਲਾਜ ਪ੍ਰਣਾਲੀ ਉਚ ਤਕਨੀਕ 'ਤੇ ਆਧਾਰਤ ਹੈ ਅਤੇ ਬਹੁਤ ਹੀ ਸੁਖਾਵੀਂ ਵੀ ਹੈ।

ਡਾ. ਸਿਹੋਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਦਰਦ ਦਾ ਇਲਾਜ ਉਨ੍ਹਾਂ ਦੀ ਇਲਾਜ ਪ੍ਰਣਾਲੀ ਨਾਲ ਹੀ ਸੌਖਿਆਂ ਹੋ ਸਕਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਕਿੰਨੇ ਲੋਕਾਂ ਨੂੰ ਉਨ੍ਹਾਂ ਦੇ ਮਸ਼ਵਰੇ ਅਤੇ ਧਿਆਨ ਦੀ ਲੋੜ ਹੈ, ਇਸੇ ਕਰਕੇ ਉਹ ਦਿੱਤੇ ਜਾਣ ਵਾਲੇ ਮਸ਼ਵਰਿਆਂ ਦੀ ਗਿਣਤੀ ਸੀਮਤ ਕਰਨ ਲਈ ਮਜ਼ਬੂਰ ਹਨ ਤਾਂ ਕਿ ਹਰ ਮਰੀਜ਼ ਨੂੰ ਨਿੱਜੀ ਤੌਰ 'ਤੇ ਧਿਆਨ ਦਿਤਾ ਜਾ ਸਕੇ। ਜੇ ਤੁਸੀਂ ਇਹ ਲੇਖ ਛਪਣ ਦੇ 72 ਘੰਟੇ ਦੇ ਅੰਦਰ ਅੰਦਰ ਕਾਲ ਕਰੋ ਤਾਂ ਡਾ. ਸਿਹੋਤਾ ਦੀ ਗਾਰੰਟੀ ਹੈ ਕਿ ਉਹ ਆਪਣੀ ਕਲੀਨਿਕ ਲਈ ਅਪੁਆਇੰਟਮੈਂਟ ਜ਼ਰੂਰ ਦੇਣਗੇ। ਸੋ ਅੱਜ ਹੀ ਸਟਾਕਟਨ ਸਵੀਅਰ ਬੈਕ ਐਂਡ ਨੈਕ ਪੇਨ ਹਾਟਲਾਈਨ 'ਤੇ ਕਾਲ ਕਰੋ: 209 464 7738

ਇਸ ਸਲਾਹ-ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਗੱਲ ਨਿਰੀ ਪੈਸੇ ਦੀ ਵੀ ਨਹੀਂ, ਤੁਹਾਨੂੰ ਇਸ ਗੱਲ ਦਾ ਭਰੋਸਾ ਮਿਲਦਾ ਹੈ ਕਿ ਤੁਹਾਡੀ ਕਮਰ, ਡਿਸਕ ਜਾਂ ਗਰਦਨ ਦੀ ਦਰਦ ਦਾ ਕੋਈ ਇਲਾਜ ਸੰਭਵ ਹੈ। **ਸੋ, ਕਮਰ, ਹਰਨੀਆ, ਸਲਿਪ ਡਿਸਕ, ਰੀਹ, ਅਰਥਰਾਈਟਸ, ਚੂਲੇ ਦੀ ਜਾਂ ਲੱਤ ਦੀ-ਕੋਈ ਵੀ ਦਰਦ** ਹੈ ਤਾਂ ਇਲਾਜ ਦਾ ਇਹ ਮੌਕਾ ਹੱਥੋਂ ਜਾਣ ਨਾ ਦਿਓ। ਫੌਰੀ ਕਾਲ ਕਰੋ

**209 464 7738**

ਸਾਡੀ ਕਲੀਨਿਕ **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ।

**ਨੋਟ (1):**ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 4 ਜੂਨ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright © 2009 CMC, LLC